# ਸਿਰਜਣਾ

ਅਕਤੂਬਰ-ਦਸੰਬਰ 2019 (ਅੰਕ 194)

**October- December 2019**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43-B,
Chandigarh - 160022
India

ਤਾਰੀਕ –Date: 25-10-2014

# ਸਿਰਜਣਾ



ਅਕਤੂਬਰ-ਦਸੰਬਰ 2019 **194** 50 ਰੁਪਏ

# ਸਿਰਜਣਾ

**194**

**ਅਕਤੂਬਰ-ਦਸੰਬਰ 2019**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**



**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਦੇਸ਼ ਨੂੰ ਦਰਪੇਸ਼ ਸੰਕਟ ਦੇ ਸਨਮੁਖ/1
ਰਵਿੰਦਰ ਰਵੀ/ਨਵੀਆਂ ਕਵਿਤਾਵਾਂ/3
ਗੁਰਨਾਮ ਢਿੱਲੋਂ/ਦੋ ਕਵਿਤਾਵਾਂ/7
ਜੋਗੇ ਭੰਗਲ/ਕਵਿਤਾ/9
ਕੁਲਵਿੰਦਰ ਬੱਛੋਆਣਾ/ਗ਼ਜ਼ਲ/10
ਹਰਪ੍ਰੀਤ ਸੇਖਾ/ਕਹਾਣੀ/ਵੀਡਜ਼/11
ਭਗਵੰਤ ਰਸੂਲਪੁਰੀ/ਕਹਾਣੀ/ਰਵੀ ਡਿਫੈਂਡਰ/21
ਸਿਮਰਨ ਧਾਲੀਵਾਲ/ਕਹਾਣੀ/ਸੋਹਣੀ ਪਹਿਲਵਾਨ/33
ਅਵਤਾਰ ਸਿੰਘ ਓਠੀ/ਕਹਾਣੀ/ਪੱਲਾ/40
ਤੇਜਵੰਤ ਸਿੰਘ ਗਿੱਲ/ਲੇਖ/ਗੁਰੂ ਨਾਨਕ ਦਾ ਜੀਵਨ-ਅਨੁਭਵ/47
ਯੋਗ ਰਾਜ/ਲੇਖ/ਦੇਵ ਦੀ ਕਵਿਤਾ ਦਾ ਨਿਵੇਕਲਾਪਨ/57
ਕੁਲਦੀਪ ਸਿੰਘ ਧੀਰ/ਲੇਖ/ਆਰਸੀ ਤੇ ਸੁਖਬੀਰ/68
ਗੁਲਜ਼ਾਰ ਸਿੰਘ ਸੰਧੂ/ਰਿਵਿਊ/ਗੁਲਬੀਨ/77
ਜਸਬੀਰ/ਰਿਵਿਊ/ਅਜੇ ਵਕਤ ਨਹੀਂ ਆਇਆ/79
ਜੇ.ਬੀ. ਸੇਖੋਂ/ਰਿਵਿਊ/ਪੇਜ ਨੰਬਰ ਦੋ ਸੌ ਛਪੰਜਾ/81
ਹਰਵਿੰਦਰ ਸਿੰਘ/ਰਿਵਿਊ/ਰੰਗ ਦੀ ਬਾਜ਼ੀ/83
ਹਰਵਿੰਦਰ ਸਿੰਘ/ਰਿਵਿਊ/ਸੁਪਨਿਆਂ ਦਾ ਪਿੱਛਾ ਕਰਦਿਆਂ/85
ਚੰਦਰ ਮੋਹਨ/ਰਿਵਿਊ/ਅਰਥ ਬਦਲਦੇ ਰਿਸ਼ਤੇ/88
ਗੁਰਦੀਪ ਕੌਰ/ਰਿਵਿਊ/ਯੁਗੇ ਯੁਗੇ ਨਾਰੀ/90
ਲਾਲ ਸਿੰਘ/ਰਿਵਿਊ/ਮਾਨਸ ਕੀ ਜਾਤਿ/93
ਲਾਲ ਸਿੰਘ/ਰਿਵਿਊ/ਬਲ਼ਦੀ ਰੁੱਤ/94



**ਟਾਈਟਲ ਚਿੱਤਰ : ਦੇਵ**

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲ**


**ਸੰਪਾਦਕੀ**

## ਦੇਸ਼ ਨੂੰ ਦਰਪੇਸ਼ ਸੰਕਟ ਦੇ ਸਨਮੁਖ

ਲੋਕਤੰਤਰੀ ਵਿਵਸਥਾ ਵਿਚ ਵੋਟਾਂ ਨਾਲ ਸਰਕਾਰਾਂ ਦਾ ਬਦਲਨਾ ਕੋਈ ਅਲੋਕਾਰ ਵਰਤਾਰਾ ਨਹੀਂ। ਪਰ ਇਤਿਹਾਸ ਇਹ ਵੀ ਗਵਾਹੀ ਦਿੰਦਾ ਹੈ ਕਿ, ਖਾਸ ਕਿਸਮ ਦੇ ਸਿਰਜੇ ਗਏ ਮਾਹੌਲ ਅਧੀਨ, ਕਈ ਵਾਰ ਇਉਂ ਵੀ ਹੋਇਆ ਹੈ ਕਿ ਲੋਕ ਰਾਇ ਦੇ ਭੁਲਾਂਦਰਮਈ ਨਿਰਣੇ ਵਜੋਂ, ਖੁਦ ਲੋਕਤੰਤਰੀ ਵਿਵਸਥਾ ਸਮੇਤ, ਸਮੁੱਚੇ ਦੇਸ਼ ਨੂੰ ਹੀ ਵੱਡੀ ਚੁਣੌਤੀ ਖੜ੍ਹੀ ਹੋ ਜਾਂਦੀ ਹੈ। ਪੰਜ ਵਰ੍ਹੇ ਪਹਿਲਾਂ 2014 ਵਿਚ ਜਦੋਂ ਵੋਟਾਂ ਨਾਲ ਭਾਰਤ ਨਵੀਂ ਸਰਕਾਰ ਬਣੀ ਤਾਂ ਇਸ ਕਿਸਮ ਦਾ ਤੌਖਲਾ ਚੁਫੇਰੇ ਮੰਡਲਾ ਰਿਹਾ ਸੀ, ਕਿਉਂਕਿ ਸਰਕਾਰ ਦੀ ਵਾਗਡੋਰ ਇਕ ਪ੍ਰਾਂਤ ਦੀ ਸਰਕਾਰ ਦੇ ਮੁਖੀ ਦੇ ਹਵਾਲੇ ਹੋਣ ਜਾ ਰਹੀ ਸੀ, ਜਿਸਦੇ ਅੰਤਰਗਤ ਉਸ ਸੂਬਾਈ ਸਰਕਾਰ ਦੀ ਨੰਗੀ ਚਿੱਟੀ ਮਿਲੀਭੁਗਤ ਨਾਲ ਇਕ ਫਿਰਕੇ ਦੇ ਲੋਕਾਂ ਦਾ ਵਿਆਪਕ ਕਤਲੇ ਆਮ ਹੋਇਆ ਸੀ, ਤੇ ਜਿਸ ਸਰਕਾਰ ਬਾਰੇ ਆਮ ਧਾਰਨਾ ਸੀ ਕਿ ਉੱਥੋਂ ਦੀ ਸਮੁੱਚੀ ਸਰਕਾਰੀ ਮਸ਼ੀਨੀ, ਹਿੰਦੂ ਗੌਰਵ ਦੀ ਵਿਚਾਰਧਾਰਾ ਤਹਿਤ, ਮਨੁੱਖੀ ਅਧਿਕਾਰਾਂ ਨੂੰ ਮਿੱਟੀ ਵਿਚ ਮਿਲਾਉਣ ਦੀ ਕਸੂਵਾਰ ਸੀ। ਪਿੱਛਿਉਂ ਖਿੱਚੀ ਜਾਂਦੀ ਆਰ.ਐੱਸ.ਐੱਸ. ਦੀ ਡੋਰ ਨਾਲ ਗੁਜਰਾਤ ਵਿਚ ਹੋਈ-ਵਰਤੀ ਦੇ, ਚੋਣਾਂ ਦੇ ਨਤੀਜਿਆਂ ਮਗਰੋਂ, ਸਮੁੱਚੇ ਦੇਸ਼ ਵਿਚ ਵਰਤਾਏ ਜਾਣ ਦਾ ਗੰਭੀਰ ਖ਼ਤਰਾ ਸੀ। ਕੁਝ ਬਚਾਅ ਦੀ ਜੇ ਸੰਭਾਵਨਾ ਸੀ ਤਾਂ ਇਸ ਉਮੀਦ ਵਿਚ ਕਿ ਸਰਕਾਰ ਬਣਾਉਣ ਵਾਲੀ ਵੱਡੀ ਪਾਰਟੀ ਬੇ.ਜੀ.ਪੀ. ਪੂਰਨ ਆਪਣੇ ਤੌਰ 'ਤੇ ਬਹੁਮਤ ਨਹੀਂ ਸੀ ਹਾਸਲ ਕਰ ਸਕੀ ਅਤੇ ਸਰਕਾਰ ਵਿਚ ਉਸਦੇ ਭਾਈਵਾਲ ਸ਼ਾਇਦ, ਪ੍ਰਤੱਖ ਜਾਂ ਲੁਕਵੇਂ ਉਸ ਪਾਰਟੀ ਦੇ ਸੰਕੀਰਨ ਸੰਪਰਦਾਇਕ ਏਜੰਡੇ ਨੂੰ ਲਾਗੂ ਨਾ ਹੋਣ ਦੇਣ, ਇਉਂ ਫਿਰਕੂ ਹਨੇਰੀ ਦੀ ਚੁਣੌਤੀ ਵਾਲਾ ਖਤਰਾ ਕੁਝ ਮੱਠਾ ਪੈ ਜਾਵੇ। ਇੰਝ ਦਾ ਕੁਝ ਅਸਰ ਦੇਖਣ ਵਿਚ ਆਇਆ ਵੀ, ਤਦ ਵੀ ਚੋਣਾਂ ਤੋਂ ਛੇਤੀ ਮਗਰੋਂ ਹਿੰਦੂ ਗੌਰਵ ਦੀ ਚੜ੍ਹਤ ਅਤੇ ਉਸਦੀ ਆੜ ਵਿਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਪ੍ਰਕਿਰਿਆ ਆਪਣਾ ਸਪਸ਼ਟ ਵਿਖਾਲਾ ਕਰਨ ਲੱਗੀ। ਰਾਜਕੀ ਤੇ ਸਰਕਾਰੀ ਸੰਸਥਾਵਾਂ ਦੇ ਸੈਕੂਲਰ ਤੇ ਜਮਹੂਰੀ ਢਾਂਚੇ ਨੂੰ ਢਾਹ ਲੱਗਣ ਲੱਗੀ, ਵਿਗਿਆਨਕ ਤਰਕਸ਼ੀਲ ਪਹੁੰਚ ਦਾ ਤਿਸ੍ਰਕਾਰ ਕਰਕੇ ਅਖੌਤੀ ਅਧਿਆਤਮਕ ਪਹੁੰਚ ਤੇ ਹਨੇਰ-ਬਿਰਤੀ ਦੇ ਪਰਚਾਰ ਦਾ ਰਾਹ ਖੁਲ੍ਹ ਗਿਆ। ਅਤੇ ਇਸੇ ਮੰਤਵ ਲਈ ਆਰਥਿਕ ਸਮਾਜਕ ਸਭਿਆਚਾਰ ਨੌਈਅਤ ਦੀਆਂ ਸਰਕਾਰੀ, ਅਰਧ ਸਰਕਾਰੀ ਸੰਸਥਾਵਾ ਦੇ ਲੋਕਤੰਤਰੀ ਢਾਂਚੇ ਨੂੰ ਢਾਹ ਲਾ ਕੇ ਉਨ੍ਹਾਂ ਦੇ ਮਿਥੇ ਉਦੇਸ਼ਾਂ ਦੇ ਐਨ ਉਲਟ ਚੱਲਣ ਲਈ ਮਜਬੂਰ ਕੀਤਾ ਗਿਆ। ਅਖੌਤੀ ਹਿੰਦੂ ਗੌਰਵ ਨੂੰ ਚੁਣੌਤੀ ਦੇਣ ਵਾਲੇ ਐਕਟਿਵਿਸਟਾਂ, ਬੁੱਧੀਜੀਵੀਆਂ, ਸਾਹਿਤਕਾਰਾਂ ਨੂੰ ਕਤਲ ਤਕ ਕੀਤਾ ਜਾਣ ਲੱਗਾ ਅਤੇ ਗਊ ਰੱਖਿਆ ਵਰਗੇ ਮੁੱਦਿਆਂ ਦੇ ਬਹਾਨੇ ਘੱਟ ਗਿਣਤੀਆਂ ਨਾਲ ਸੰਬੰਧਤ ਆਮ ਲੋਕਾਂ ਨੂੰ ਘੇਰਿਆ, ਮਾਰਿਆ-ਕੁੱਟਿਆ ਤੇ ਦਹਿਸ਼ਤ ਦਾ ਸ਼ਿਕਾਰ ਬਣਾਇਆ ਜਾਂਦਾ ਰਿਹਾ। ਇਸ ਸਭ ਕੁਝ ਦਾ ਵਿਸਥਾਰ ਬਹੁਤ ਲੰਬਾ ਹੈ, ਜੋ ਸੰਚਾਰ ਮੀਡੀਆ ਦੇ ਬਹੁਤ ਵੱਡੇ ਭਾਗ ਨੂੰ ਜ਼ਰ ਖਰੀਦ ਬਣਾ ਕੇ ਪੂਰੀ ਤਰ੍ਹਾਂ ਸ਼ਿਕੰਜੇ ਵਿਚ ਜਕੜ ਲੈਣ ਦੇ ਬਾਵਜੂਦ, ਸਾਹਵੇਂ ਆ ਜਾਂਦਾ ਰਿਹਾ। ਪ੍ਰਤੀਤ ਹੁੰਦਾ ਸੀ ਕਿ ਲੋਕਤੰਤਰ, ਧਰਮ-ਨਿਰਪੇਖਤਾ ਅਤੇ ਸਮੁੱਚੇ ਦੇਸ਼ ਨੂੰ ਚੁਣੌਤੀ ਦਾ ਸਾਹਮਣਾ ਤਾਂ ਅਵੱਸ਼ ਹੈ, ਪਰ ਇਸ ਮਾੜੀ ਹੋਣੀ ਨੂੰ ਟਾਲਣਾ ਸ਼ਾਇਦ ਹਾਲੇ ਵੀ ਮੁਮਕਿਨ ਹੋਵੇ।

ਆਸ ਨਿਰਾਸ ਦੇ ਇਹਨਾਂ ਰਲ਼ੇ ਮਿਲੇ ਭਾਵਾਂ ਦੀ ਪਿੱਠਭੂਮੀ ਵਿਚ ਵਿਚ ਏਸ ਵਰ੍ਹੇ ਦੀਆਂ ਆਮ ਚੋਣਾਂ ਹੋਈਆਂ। ਭਾਵੇਂ ਹਾਲਾਤ ਦੇ ਸੁਖਾਵੇਂ ਪਾਸੇ ਮੋੜ ਕੱਟਣ ਦੀ ਬਹੁਤ ਸੰਭਾਵਨਾ ਨਜ਼ਰ ਤਾਂ

ਬਹਤ ਘੱਟ ਆਉਂਦੀ ਸੀ, ਤਦ ਵੀ ਇਹ ਉਮੀਦ ਜਿਉਂਦੀ ਸੀ ਕਿ ਸ਼ਾਇਦ ਬਹੁ-ਕੌਮੀ, ਬਹੁ-ਵਿਸ਼ਵਾਸੀ ਅਤੇ ਸਭਿਆਚਾਰਕ ਵਿਭਿੰਨਤਾਵਾਂ ਵਾਲੀ ਵਸੋਂ ਵਾਲੇ ਦੇਸ਼, ਭਾਰਤ ਵਿਚ ਸਿਰਫ ਹਿੰਦੂ ਗੌਰਵ ਨਾਲ ਜੁੜੀ ਸਿਆਸੀ ਪਾਰਟੀ ਦਾ ਗ਼ਲਬਾ ਖਤਮ ਹੋ ਜਾਵੇ ਜਾਂ ਘਟ ਜਾਵੇ, ਅਤੇ ਲੋਕ ਰਾਏ ਦੀ ਇਕ ਵਾਰ ਦੀ ਗ਼ਲਤੀ ਨਾਲ ਬਣੇ ਵੱਡੇ ਨੇਤਾ ਦਾ ਤਲਿਸਮ ਭੰਗ ਹੋ ਜਾਵੇ।

ਪਰ ਹੋਇਆ ਇਸਦੇ ਐਨ ਉਲਟ ਹੈ। ਆਮ ਚੋਣਾਂ ਦੇ ਸਿੱਟੇ ਵਜੋਂ ਭਗਵਾਂ ਬ੍ਰਿਗੇਡ ਪਹਿਲਾਂ ਨਾਲੋਂ ਵੀ ਕਿਤੇ ਭਰਵੇਂ ਤੇ ਸ਼ਕਤੀਵਰ ਰੂਪ ਵਿਚ ਸਾਹਮਣੇ ਆਈ ਹੈ। ਹਿੰਦੂ ਗ਼ੌਰਵ ਦੀ ਅਲਮਬਰਦਾਰ ਪਾਰਟੀ ਬੀ.ਜੇ.ਪੀ. ਨੂੰ ਸੰਸਦ ਵਿਚ ਪੂਰਨ ਹੀ ਨਹੀਂ, ਬਹੁਤ ਵੱਡਾ ਬਹੁਮੱਤ ਹਾਸਲ ਹੋਇਆ ਹੈ। ਹੁਣ ਉਹ ਭਾਈਵਾਲਾਂ ਦਾ ਆਸਰੇ ਉੱਤੇ ਵੀ ਟਿਕੀ ਹੋਈ ਨਹੀਂ। ਇਸ ਹਾਲਤ ਵਿਚ ਇਸ ਦੀ ਅਗਵਾਈ ਵਾਲੀ ਸਰਕਾਰ ਦੇ ਪੂਰੀ ਤਰ੍ਹਾਂ ਖੁਲ੍ਹ ਖੇਡਣ ਦੇ ਰਾਹ ਵਿਚ ਕੋਈ ਵੱਡੀ ਰੁਕਾਵਟ ਨਹੀਂ ਰਹੀ। ਜਿਸ ਕਿਸਮ ਦਾ, ਅਸਹਿਣਸ਼ੀਲਤਾ, ਸੰਕੀਰਣਤਾ ਫੈਲਾਉਣ ਤੇ ਲੋਕਾਂ ਨੂੰ ਦਹਿਸ਼ਤਜ਼ਦਾ ਕਰਨ ਦਾ ਮਾਹੌਲ ਪਿਛਲੇ ਪੰਜਾਂ ਵਰ੍ਹਿਆਂ ਵਿਚ ਸਿਰਜਿਆ ਜਾ ਰਿਹਾ ਸੀ, ਉਸਨੂੰ ਪ੍ਰਤੱਖ ਸਰਪ੍ਰਸਤੀ ਦੇਣ ਅਤੇ ਉਸ ਉੱਤੇ ਸਰਕਾਰੀ ਮੁਹਰ ਲਾਉਣ ਦਾ ਮੌਕਾ ਬਣ ਗਿਆ ਹੈ। ਜੋ ਨੇਤਾ ਕਿਸੇ ਸਮੇਂ ਇਕ ਫਿਰਕੇ ਦੇ ਕਤਲੇਆਮ ਨੂੰ ਪ੍ਰੋਤਸਾਹਨ ਦੇਣ ਦੇ ਦੋਸ਼ ਵਿਚ ਸੰਸਾਰ ਰਾਏ ਦੀਆਂ ਨਜ਼ਰਾਂ ਵਿਚ ਦੋਸ਼ੀ ਸਮਝੇ ਜਾਣ ਕਾਰਨ ਤ੍ਰਿਸਕਾਰ ਦਾ ਭਾਗੀ ਸੀ, ਹੁਣ 'ਵੱਡੇ ਲੋਕਤੰਤਰੀ' ਦੇਸ਼ ਦੀ ਸਰਕਾਰ ਦੇ ਮੁਖੀ ਵਜੋਂ ਫਖਰ ਨਾਲ ਸੰਸਾਰ ਵਿਚ ਇਕ ਤੋਂ ਪਿੱਛੋਂ ਦੂਜੇ ਦੇਸ਼ ਦੇ ਚੱਕਰ ਲਾਉਂਦਾ ਹੈ। ਨਵੀਂ ਸਰਕਾਰ ਨੇ ਹੁਣ ਕੀ ਕੀ ਰੰਗ ਦਿਖਾਉਣੇ ਹਨ, ਇਸ ਬਾਰੇ ਇਸ ਨੇ ਕਿਸੇ ਕਿਸਮ ਦਾ ਭੁਲੇਖਾ ਨਹੀਂ ਰਹਿਣ ਦਿੱਤਾ। ਜੰਮੂ ਕਸ਼ਮੀਰ ਦੇ ਲੋਕਾਂ ਦੀ ਰਾਇ ਪੁੱਛਣ ਤੋਂ ਬਗ਼ੈਰ, ਇਕ ਝਟਕੇ ਨਾਲ, ਉਸ ਰਿਆਸਤ ਨੂੰ ਖਤਮ ਕਰਕੇ ਦੋ ਕੇਂਦਰੀ ਸ਼ਾਸਤ ਖੇਤਰ ਬਣਾਉਣ ਦਾ ਫਰਮਾਨ ਇਸਦਾ ਸੰਕੇਤ ਮਾਤਰ ਹੈ। ਸਰਕਾਰੀ ਤੰਤਰ ਦਾ ਵਿਰੋਧ ਕਰ ਸਕਣ ਦੀ ਸੰਭਾਵਨਾ ਵਾਲੇ ਅਦਾਰਿਆਂ, ਸ਼ਖਸੀਅਤਾਂ ਨੂੰ ਰਾਜਕੀ ਦਮਨ, ਦਹਿਸ਼ਤ ਤੇ ਲਾਲਚ ਵਰਗੇ ਸਭਨਾਂ ਹੱਥਕੰਡਿਆਂ ਰਾਹੀਂ ਮੇਟਣ ਤੇ ਕਮਜ਼ੋਰ ਕਰਨ ਦਾ ਅਮਲ ਵੀ ਜ਼ੋਰ ਸ਼ੋਰ ਨਾਲ ਸ਼ੁਰੂ ਹੋ ਚੁੱਕਿਆ ਹੈ, ਅਤੇ ਲੋਕਤੰਤਰੀ ਅਦਾਰਿਆਂ ਦਾ ਗਲ਼ਾ ਘੁੱਟਿਆ ਜਾ ਰਿਹਾ ਹੈ। ਲੋਕਾਂ ਨੂੰ ਦੁਫਾੜ ਕਰ ਕੇ, ਰਾਸ਼ਟਰੀ ਗੌਰਵ ਦਾ ਭਰਮ ਸਿਰਜ ਕੇ, ਗੁਆਂਢੀ ਦੇਸ਼ਾਂ ਬਾਰੇ ਝੂਠਾ ਸੱਚਾ ਹਊਆ ਖੜ੍ਹਾ ਕਰਕੇ ਵੱਖ ਵੱਖ ਤਰੀਕਿਆਂ ਰਾਹੀਂ ਸਰਕਾਰ ਵੱਲੋਂ ਆਪਣੀ ਤਾਕਤ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਅਤੇ ਇਸ ਮੰਤਵ ਲਈ ਸੰਵਿਧਾਨ ਨੂੰ ਮਧੋਲਣ ਤਕ ਦਾ ਅਮਲ ਸ਼ੁਰੂ ਹੋ ਚੁੱਕਾ ਹੈ। ਮੁਸਲਿਮ ਤੇ ਈਸਾਈ ਭਾਈਚਾਰੇ ਖੁਲ੍ਹੇ ਆਮ ਨਿਸ਼ਾਨੇ ਉੱਤੇ ਹਨ ਜਦਕਿ ਦੇਸ਼ ਦੇ ਤੀਜੇ ਵੱਡੇ ਘੱਟ ਗਿਣਤੀ ਭਾਈਚਾਰੇ, ਸਿੱਖਾਂ, ਨੂੰ ਵਰਗਲਾਉਣ ਦੀ ਨੀਤੀ ਕਾਰਜਸ਼ੀਲ ਹੈ। ਇੰਝ ਸੈਕੂਲਰ ਆਧਾਰ ਵਾਲਾ ਦੇਸ਼ ਦਾ ਸੰਵਿਧਾਨ ਅਤੇ ਲੋਕਤੰਤਰੀ ਢਾਂਚਾ ਵੱਡੇ ਸੰਕਟ ਵਿਚ ਹਨ। ਭਾਰਤ ਦੇ ਭਵਿੱਖ ਲਈ ਇਹ ਵੱਡੀ ਚਿੰਤਾ ਦੀ ਘੜੀ ਹੈ।

ਦੁੱਖ ਵਾਲੀ ਗੱਲ ਇਹ ਹੈ ਕਿ ਦੇਸ਼ ਦੀ ਸਮੁੱਚੀ ਸਿਆਸੀ ਜਮਾਤ, ਭਾਵੇਂ ਉਹ ਸੱਤਾ ਧਿਰ ਦੇ ਨਾਲ ਹੈ ਜਾਂ ਇਸਦੇ ਵਿਰੋਧ ਵਿਚ, ਬੇਅਸੂਲੀ ਤੇ ਮੂਲੋਂ ਹੀ ਭ੍ਰਿਸ਼ਟ ਹੈ। ਖੱਬੀਆਂ ਸ਼ਕਤੀਆਂ, ਜੋ ਆਸ ਦੀ ਕਿਰਨ ਹੋ ਸਕਦੀਆਂ ਹਨ, ਵੀ ਸਿਆਸੀ ਜਮਾਤ ਦੇ ਉਪਰਲੇ ਸਾਂਝੇ ਲੱਛਣ ਦੀਆਂ ਭਾਈਵਾਲ ਹੋਣ ਕਰਕੇ ਲਗਪਗ ਨਾਕਾਰਾ ਹਨ। ਇਸ ਹਾਲਤ ਵਿਚ ਜੇ ਕੁਝ ਹੋ ਸਕਦਾ ਹੋਵੇ, ਤਾਂ ਕਿਵੇਂ ਹੋਵੇ, ਇਹ ਬੜਾ ਵੱਡਾ ਸਵਾਲ ਹੈ। ਪਰ ਇਸ ਬਾਰੇ ਕੋਈ ਭੁਲੇਖਾ ਨਹੀਂ ਕਿ ਦੇਸ਼ ਨੂੰ ਸੰਭਾਵੀ ਤਬਾਹੀ ਤੋਂ ਬਚਾਉਣ ਲਈ ਫਿਕਰਮੰਦ ਧਿਰਾਂ ਨੂੰ ਵਿਸ਼ਾਲ ਲਾਮਬੰਦੀ ਕਰਨੀ ਪਏਗੀ। ਬੁੱਧੀਜੀਵੀ, ਦਾਨਸ਼ਵਰ, ਸਾਹਿਤਕਾਰ, ਕਲਾਕਾਰ ਲੋਕ ਆਤਮਾ ਦੀ ਆਵਾਜ਼ ਮੰਨੇ ਜਾਂਦੇ ਹਨ, ਅਤੇ ਉਹ ਅਜਿਹੇ ਮਾੜੇ ਸਮਿਆਂ ਵਿਚ, ਹਰ ਤਰ੍ਹਾਂ ਦੀਆਂ ਵਲਗਣਾਂ ਤੋਂ ਪਾਰ ਜਾ ਕੇ, ਕੋਈ ਵੱਡੀ ਲਹਿਰ ਦਾ ਬਾਨ੍ਹਣੂੰ ਬੰਨ੍ਹ ਸਕਦੇ ਹਨ, ਜਿਸ ਵਿਚ ਫੈਸਲਾਕੁਨ ਕਿਰਦਾਰ,ਅਵੱਸ਼ ਮਾੜੀ ਜਾਂ ਚੰਗੀ ਸਿਆਸੀ ਜਮਾਤ ਨੂੰ ਹੀ ਨਿਭਾਉਣਾ ਪਏਗਾ।000



# ਰਵਿੰਦਰ ਰਵੀ ਦੀਆਂ ਨਵੀਆਂ ਕਵਿਤਾਵਾਂ

## ਆਦਮ ਹੱਵਾ ਦਾ ਤਰਕ-ਸ਼ਾਸਤਰ

ਬਰਫ ਦੇ ਵਿਚ ਦਰਿਆ ਵਗਦਾ ਹੈ!
ਕਤਰੇ ਵਿਚ ਸਾਗਰ ਦਿਸਦਾ ਹੈ!

ਮੇਰੇ ਖ਼ੂਨ 'ਚ ਜੱਦੀ ਪੁਸ਼ਤੀ,
ਪੁਰਖਿਆਂ ਦੇ ਇਤਿਹਾਸ ਦੀ ਵਿਥਿਆ।
ਮੇਰੇ ਸੁਫਨੇ ਭਵਿੱਖ ਉਸਾਰਨ,
ਪੁੱਤਰ, ਪੋਤੀਆਂ ਦਾ ਨਾਂ ਲਿਖਿਆ।
ਪੀੜ੍ਹੀ-ਦਰ-ਪੀੜ੍ਹੀ ਮੇਰੇ ਵਿਚ,
ਮੁੱਢ ਤੋਂ ਹੀ ਆਦਮ ਵਸਦਾ ਹੈ।

ਮਾਈ ਹੱਵਾ ਹੈ: ਮਾਂ, ਧੀ, ਦੋਹਤੀ,
ਇਕ ਬੀਜ ਤੋਂ ਤੁਰੀ ਕਹਾਣੀ।
ਸੋਮੇਂ ਤੋਂ ਸਾਗਰ ਤਕ ਵਗਦਾ,
ਬੋਲ ਰਿਹਾ ਥਾਂ ਥਾਂ ਦਾ ਪਾਣੀ।
ਪਾਣੀ ਵਿਚ ਫਲਸਫਾ ਵੱਸੇ,
ਪਾਣੀ, ਦ੍ਰਿਸ਼, ਦ੍ਰਿਸ਼ਟੀ ਲੱਗਦਾ ਹੈ।

ਰੁੱਖ, ਰੁੱਖ ਕਰ ਕੇ ਤੁਰਦੀ ਰਹੀ ਹੈ,
ਵਣ ਵਿਚ ਬੀਜ ਦੀ ਇਹ ਕਹਾਣੀ।
ਸ਼ਬਦਾਂ ਵਿਚ ਅਰਥਾਂ ਦੀ ਵਿਥਿਆ,
ਵਿਕਸਤ ਹੋਈ ਗਿਆਨ-ਕਹਾਣੀ।
ਆਦਿ-ਕਾਲ ਤੋਂ ਚਿੰਤਨ ਦੇ ਵਿਚ,
ਇਹ ਕੈਸਾ ਦੀਪਕ ਜਗਦਾ ਹੈ!!!

ਵਿਕਾਸ ਵਿਚ ਵਿਸ਼ਵਾਸ ਬਿਠਾਇਆ,
ਕਤਰੇ ਵਿਚ ਅਸਮਾਨ ਵਿਖਾਇਆ।
ਤਰਕਸ਼ੀਲ ਜੋਤੀ ਅੱਖਾਂ ਵਿਚ,
ਅੰਦਰ, ਬਾਹਰ ਹੈ ਰੁਸ਼ਨਾਇਆ।
ਪਿੰਡ ਬ੍ਰਹਮੰਡ ਦਾ ਸਗਲ ਪਾਸਾਰਾ,
ਮੇਰਾ ਹੀ ਫੈਲਾਅ ਲੱਗਦਾ ਹੈ!!!

## ਇਸ਼ਕ, ਖੁਦਾ ਤੇ ਬੰਦਾ

ਸੁਹਣੀਏਂ ਨੀਂ ਸੱਸੀਏ ਨੀਂ ਹੀਰੇ,
ਕਿਸ ਮਿੱਟੀ ਦੀਆਂ ਬਣੀਆਂ ਸਓ, ਤੁਸੀਂ???

ਤੂਫਾਨ ਵਿਚ ਦੀਵਾ ਜਗਾ ਦਿੱਤਾ!!!

ਬੰਦਾ, ਖੁਦਾ ਦੀ ਖੋਜ ਵਿਚ ਸੀ,
ਤੁਸੀਂ ਖੁਦਾ ਨੂੰ,
ਬੰਦਾ ਬਣਾ ਦਿੱਤਾ!!!

## ਮੇਰਾ ਘਰ

ਖਿੜਕੀ ਦੇ ਨਾਲ ਸੜਕ ਹੈ ਵਗਦੀ, ਸੱਜੇ, ਖੱਬੇ ਜਾਵੇ।
ਨਜ਼ਰਾਂ ਵਿਚ ਪਰਬਤ ਦੀ ਚੋਟੀ, ਸੂਰਜ ਨਾਲ ਸੁਹਾਵੇ।

ਖਿੜਕੀ ਵਿਚੋਂ ਵਣ ਵੀ ਦਿਸਦਾ, ਕੱਲੇ, ਕੱਲੇ ਰੁੱਖ ਅਨੇਕ।
ਇਕ ਇਕ ਦੇ ਵਿਚ ਇਕ ਇਕ ਕੁਦਰਤ, ਬ੍ਰਹਮੰਡ-ਗੀਤ ਸੁਣਾਵੇ!

ਮੇਰੇ ਘਰ ਦੇ ਨਾਲ ਵਿਛੇ ਪਏ, ਰੰਗ ਬਿਰੰਗੇ ਘਰ ਅਨੇਕ।
ਘਰ ਘਰ ਰਲ਼ ਕੇ ਬਣੇ ਸਿੰਫਨੀ, ਸੁਰ ਵਿਚ ਗੁਰ ਬਹੁ ਭਾਵੇ।

ਮੈਂ ਤੁਰਾਂ, ਤਾਂ ਘਰ ਮੇਰਾ ਵੀ, ਨਾਲ ਮੇਰੇ ਤੁਰ ਪੈਂਦਾ -
ਆਪਣਿਆਂ ਦੇ ਇਸ ਸੰਘਣੇ ਵਣ ਵਿਚ, ਆਪਣਾ ਆਪਾ ਭਾਵੇ।

ਸੂਰਜ ਚੜ੍ਹਦਾ, ਸੂਰਜ ਡੁੱਬਦਾ, ਅੰਬਰ ਉੱਤੇ ਉੱਡਣ ਪੰਛੀ।
ਬੱਦਲ, ਮੀਂਹ ਤੇ ਸੱਤਰੰਗੀ ਵੀ, ਮੇਰੇ ਘਰ ਵਿਚ ਸਹਿਜ ਸਮਾਵੇ!!!

ਮੇਰਾ ਘਰ ਦਰਸ਼ਨ ਤੇ ਦ੍ਰਿਸ਼ਟੀ, ਮੇਰੇ ਰੰਗ ਵਿਚ ਸਗਲ ਸ੍ਰਿਸ਼ਟੀ!
ਰੌਸ਼ਨ ਕਾਵਿ 'ਚ ਹੋਂਦ ਮੇਰੀ ਹੀ, ਖੁਦ ਰੌਸ਼ਨ, ਸਭ ਨੂੰ ਰੁਸ਼ਨਾਵੇ!!!

ਟੀ.ਵੀ., ਰੇਡੀਓ, ਇੰਟਰਨੈੱਟ ਤੇ, ਫੇਸਬੁੱਕ ਵੀ ਟੱਬਰ ਮੇਰਾ।
ਆਪਣੇ ਆਪ 'ਚ ਪ੍ਰਗਟ ਹੋਵੇ, ਆਪੇ ਵਿਚ ਛੁਪ ਜਾਵੇ।

'ਲੁਕਣ-ਮੀਟੀ' ਖੇਡ ਰਹੇ ਹਾਂ, ਤੱਥ ਤੇ ਸੱਚ ਸੰਗ ਸਾਰੇ।
ਬੇਵਿਸ਼ਵਾਸੀ ਵਿਚ ਗੁਆਚੇ,ਰੰਗ ਉਨਾਭੀ, ਪੀਲੇ, ਸਾਵੇ!!!

ਗੁੰਮਣਾ ਲੱਭਣਾ, ਲੱਭਣਾ ਗੁੰਮਣਾ, ਤੋਰ ਇਹ ਆਦਿ ਜੁਗਾਦੀ।
ਯੁੱਗ ਵੀ ਮੈਂ, ਯੁੱਗਹੀਣ ਵੀ ਮੈਂ ਹਾਂ, ਮੇਰਾ ਘਰ ਹੀ ਮੈਨੂੰ ਭਾਵੇ!!!



## ਹੁਣਵਾਦ

ਮੁਰਦਾ ਭੂਤ, ਅਜੰਮਿਆਂ ਭਵਿੱਖ ਹੈ,
ਅਸੀਂ ਤਾਂ 'ਹੁਣ' ਵਿਚ ਰਹਿਣਾ।
ਦਿਨ ਤੇ ਰਾਤ ਨੇ ਖੇਡ ਓਸਦੀ,
ਸੂਰਜ ਦਾ ਕਯਾ ਕਹਿਣਾ!!!

ਰਾਤਾਂ ਲੰਘਣ, ਆਉਣ ਸਵੇਰੇ,
ਆਦਿ-ਕਾਲ ਤੋਂ, ਕਾਲ ਦੇ ਗੇੜੇ।
'ਹੁਣ-ਇਤਿਹਾਸ' ਨੇ ਚੱਲਦੇ ਰਹਿਣਾ।

ਸੂਰਜ, ਭੂਤ, ਭਵਿੱਖ ਨਾ ਬਣਦਾ,
'ਹੁਣ' ਵਿਚ ਜਿਊਂਦਾ, 'ਹੁਣ' ਨੂੰ ਜਣਦਾ।
'ਸਦ-ਹੁਣ' ਉਸਦਾ ਗਹਿਣਾ!

ਕੱਲ੍ਹ, ਭਲ਼ਕ ਨਾ ਲੱਗਦੇ ਚੰਗੇ।
'ਹੁਣ' ਦੀ ਇੱਛਾ 'ਹੁਣ' ਹੀ ਮੰਗੇ।
'ਹੁਣ' ਹੀ ਸੁਣਨਾ, 'ਹੁਣ' ਹੀ ਕਹਿਣਾ।

'ਹੁਣ' ਦੀਆਂ ਲਹਿਰਾਂ, ਦਰਿਆ, ਸਾਗਰ,
'ਹੁਣ' ਦਾ ਛਿਣ ਗਾਗਰ ਵਿਚ ਸਾਗਰ:
ਕਤਰੇ ਵਿਚ ਸਾਗਰ ਦਾ ਪੈਣਾ।

'ਹੁਣ' ਹੀ ਮੀਤ ਤੇ ਗੀਤ ਵੀ 'ਹੁਣ' ਹੈ।
ਆਦਿ, ਅੰਤ ਦੀ ਰੀਤ ਵੀ 'ਹੁਣ' ਹੈ।
'ਹੁਣ' ਦਾ 'ਹੁਣ' ਨਾਲ ਉੱਠਣਾ, ਬਹਿਣਾ।

'ਹੁਣ ਵਿਚ ਇਸ਼ਕ ਤੇ 'ਹੁਣ' ਵਿਚ ਮੇਲੇ।
'ਹੁਣ' ਦਾ ਹਾਣੀ, 'ਹੁਣ' ਨਾਲ ਖੇਲ੍ਹੇ।
'ਹੁਣ' ਹੀ ਹੈ 'ਹੁਣ', 'ਹੁਣ' ਦਾ ਗਹਿਣਾ।

'ਹੁਣ' ਦਾ ਸੰਕਟ 'ਹੁਣ' ਦਾ ਯੁੱਗ ਹੈ।
'ਹੁਣ' ਹੀ ਯੋਧਾ, 'ਹੁਣ' ਹੀ ਯੁੱਧ ਹੈ।
'ਹੁਣ' ਹੀ ਸ਼ਸਤਰ, 'ਹੁਣ' ਹੀ ਸੈਨਾ।

'ਹੁਣ' ਹੀ ਸ਼ਬਦ ਤੇ ਅਰਥ, ਦਿਸ਼ਾ ਹੈ।
'ਹੁਣ' ਹੀ ਧੜਕਨ, ਸੁਆਸ, ਵਿਸ਼ਾ ਹੈ।
'ਹੁਣ'-ਪੰਖਾਂ ਵਿਚ ਉੱਡਦੇ ਰਹਿਣਾ।

ਕੰਧ 'ਤੇ ਅਣਦਿਸ ਇਕ ਇਬਾਰਤ,
'ਹੁਣ' ਅਣਸੁਲਝੀ ਇਕ ਬੁਝਾਰਤ।
ਕਾਦਰ, ਕੁਦਰਤ, 'ਹੁਣ' ਵਿਚ ਰਹਿਣਾ!!!

'ਹੁਣ' ਦੇ ਵਾਸੀ ਯੁੱਗ, ਜਹਾਨ।
'ਹੁਣ' 'ਚੋਂ ਨਿਕਲੇ ਭੂਤ, ਭਵਾਨ।
'ਹੁਣ' ਦੀ ਰਾਤ 'ਚ 'ਹੁਣ' ਟਟਹਿਣਾ।

ਵਾਦਾਂ ਦਾ ਯੁੱਗ, ਵਾਦ: ਆਬਾਦੀ।
ਅਸੀਂ ਵੀ ਬਣ ਗਏ ਹਾਂ 'ਹੁਣਵਾਦੀ'।
'ਹੁਣ' ਦ੍ਰਿਸ਼ਟੀ, ਦਰਸ਼ਨ 'ਹੁਣ' ਰਹਿਣਾ।

ਮੁਰਦਾ ਭੂਤ, ਅਜੰਮਿਆਂ ਭਵਿੱਖ ਹੈ,
ਅਸੀਂ ਤਾਂ 'ਹੁਣ' ਵਿਚ ਰਹਿਣਾ।
ਦਿਨ ਤੇ ਰਾਤ ਨੇ ਖੇਡ ਓਸਦੀ,
ਸੂਰਜ ਦਾ ਕਯਾ ਕਹਿਣਾ!!!

## ਖਾਮੋਸ਼ ਸੂਰਜ ਦੀ ਦਾਸਤਾਨ

ਮੈਂ ਹੁਣ,
ਬੋਲਾਂ ਵਿਚ ਨਹੀਂ
ਬਿੰਬਾਂ ਤੇ ਪ੍ਰਤੀਕਾਂ ਵਿਚ ਰਹਿੰਦਾ ਹਾਂ!

ਖਾਮੋਸ਼ੀ ਮੇਰੀ ਭਾਸ਼ਾ ਹੈ -
ਸੈਨਤਾਂ, ਇਸ਼ਾਰਿਆਂ ਦੇ ਨਾਲ
ਪਰਤ ਦਰ ਪਰਤ, ਖੁੱਲ੍ਹਦੀ ਹੈ!!!

ਮੇਰੀ ਨਦੀ, ਮੇਰੇ 'ਚੋਂ ਹੀ ਨਿਕਲਦੀ
ਮੇਰੇ 'ਚ ਹੀ ਡੁੱਲ੍ਹਦੀ ਹੈ!!!
ਸਮੁੰਦਰ ਵੀ ਮੈਂ ਹੀ ਹਾਂ
ਤੇ ਆਕਾਸ਼ ਵੀ!!!

ਸੂਰਜ ਵੀ ਏਥੇ ਕਿਤੇ ਹੀ ਰਹਿੰਦਾ ਹੈ,
ਆਦਿ-ਕਾਲ ਤੋਂ
ਦ੍ਰਿਸ਼, ਦ੍ਰਿਸ਼ਟੀ ਤੇ ਦਰਸ਼ਨ ਬਣ ਰਿਹਾ
ਮੇਰੇ ਵਾਂਗ ਹੀ, ਖਾਮੋਸ਼ ਰਹਿੰਦਾ ਹੈ!!!

***(116-3530, Kalum Street, Terrace, B.C. CANADA V8G 2P2)***



# ਮਿਲਣ: ਦੋ ਕਵਿਤਾਵਾਂ: ਗੁਰਨਾਮ ਢਿੱਲੋਂ

## ਆ ਮਿਲ!

ਆ ਮਿਲ!
ਕਿ ਕਿਤੇ ਇਕ ਦਿਨ ਮਿਲਣ ਦੀ ਤਮੰਨਾ
ਅਧੂਰੀ ਨਾ ਰਹਿ ਜਾਵੇ
ਇਸ ਤੋਂ ਪਹਿਲਾਂ
ਕਿ ਸਾਹਾਂ ਦੀ ਤੇਜ਼ ਰਫਤਾਰ ਰੇਲ-ਗੱਡੀ
ਵਿਸਲ ਵਜਾਵੇ, ਅਲਵਿਦਾ ਕਹਿ ਜਾਵੇ, ਤੂੰ ਆ ਮਿਲ!

ਆ ਮਿਲ! ਕਿ ਕਮਬਖਤ ਦਿਲ
ਹਰ ਵੇਲ਼ੇ ਤੇਰੀ ਯਾਦ ਦੀ ਆਰਤੀ, ਉਤਾਰਦਾ ਰਹਿੰਦਾ ਹੈ
ਖਿਆਲਾਂ ਦੀ ਬਸਤੀ 'ਚ
ਤੇਰੀ ਸੂਰਤ ਦਾ ਵਜੂਦ, ਨਿਹਾਰਦਾ ਰਹਿੰਦਾ ਹੈ ...

ਹਾਇ! ਹਾਇ!
ਅੱਜ ਕਲ੍ਹ ਵਿਛੋੜੇ ਦੇ ਦੁੱਖ ਦੀ ਰੁੱਤ ਹੀ ਦਰਪੇਸ਼ ਸਹੀ
ਐਪਰ ਇਹ ਮੌਸਮ ਵੀ ਬੜਾ ਪਿਆਰਾ ਹੋ ਸਕਦਾ ਹੈ
ਖੁਰ ਰਹੀ ਜ਼ਿੰਦਗੀ ਦਾ ਸਹਾਰਾ ਹੋ ਸਕਦਾ ਹੈ
ਭੰਵਰ ਵਿਚ ਕਿਸ਼ਤੀ ਲਈ ਸਹਾਰਾ ਹੋ ਸਕਦਾ ਹੈ
ਚਿਤਵਿਆਂ, ਵਸਲ ਦਾ ਨਜ਼ਾਰਾ ਹੋ ਸਕਦਾ ਹੈ...

ਕਸੂਰ ਕਿਸ ਦਾ ਸੀ, ਕਿਸਦਾ ਨਹੀਂ ਸੀ
ਆ ਇਸ ਇਲਜ਼ਾਮ ਤਰਾਸ਼ੀ ਨੂੰ
ਡੂੰਘੇ ਪਾਣੀਆਂ ਵਿਚ ਰੋੜ੍ਹ ਦੇਈਏ
ਮਜਬੂਰੀਆਂ ਦੀ ਨਬਜ਼ ਟੋਹ ਕੇ
ਹਕੀਕਤ ਨੂੰ ਪਹਿਚਾਣ ਲਈਏ...

ਆ ਮਿਲ!
ਕਿ ਜ਼ਿੰਦਗੀ ਦਾ ਸਿਲਸਿਲਾ ਚਲਦਾ ਰਹੇ
ਮਿਲਾਪ, ਵਿਛੋੜੇ ਦੀ ਲੀਲ੍ਹਾ ਦਾ ਇਹ ਬਾਗ਼
ਫੁਲਦਾ ਰਹੇ, ਫ਼ਲਦਾ ਰਹੇ
ਸੰਭਾਵਨਾਵਾਂ ਦੀਆਂ ਸੁਗਾਤਾਂ ਦਾ ਭਰਮ ਕਾਇਮ ਰਹੇ
ਆਸਾਂ-ਉਮੀਦਾਂ ਦਾ ਦੀਵਾ ਜਲਦਾ ਰਹੇ
ਤੂੰ ਆ ਮਿਲ! ਤੂੰ ਆ ਮਿਲ!

## ਤੂੰ ਇਸ ਤਰ੍ਹਾਂ ਮਿਲ

ਮਿਲਣ ਦਾ ਕੋਈ ਮੌਸਮ ਨਹੀਂ ਹੁੰਦਾ
ਮਿਲਣ ਦਾ ਸਮਾਂ ਨਿਸਚਤ ਨਹੀਂ ਹੁੰਦਾ
ਨਿਸਚਤ ਸਮੇਂ, ਕਾਰ-ਵਿਹਾਰ ਤਾਂ ਹੋ ਸਕਦਾ ਹੈ
ਉਹ ਮਿਲਣ ਨਹੀਂ ਹੁੰਦਾ
ਮਿਲਣ ਕੋਈ ਰਸਮ ਰਿਵਾਜ ਨਹੀਂ ਹੁੰਦਾ
ਮਿਲਣ ਦੇ ਸਿਰ ਉੱਤੇ ਮਜਬੂਰੀ ਦਾ ਤਾਜ ਨਹੀਂ ਹੁੰਦਾ

ਮਿਲਣ ਕੋਈ ਝੱਲ, ਕੋਈ ਜਾਦੂ, ਕੋਈ ਕ੍ਰਿਸ਼ਮਾ
ਕੋਈ ਵਗਾਰ ਨਹੀਂ ਹੁੰਦੀ
ਮਿਲਣ ਦੇ ਸਿਰ ਉੱਤੇ
ਲਟਕਦੀ ਤਲਵਾਰ ਨਹੀਂ ਹੁੰਦੀ

ਮਿਲਣ ਕੋਈ ਅੰਬਰ 'ਚ ਉਡਦਾ ਬਾਜ਼ ਨਹੀਂ ਹੁੰਦਾ
ਮਿਲਣ ਨਿੱਤਰੇ ਨੀਰ ਦਾ ਦਰਪਨ ਹੁੰਦਾ ਹੈ
ਮਿਲਣ ਵਿਚ ਛੁਪਿਆ ਕੋਈ ਭੇਦ
ਕੋਈ ਰਾਜ਼ ਨਹੀਂ ਹੁੰਦਾ
ਮਿਲਣ ਵਿਚ ਨਿਰਛਲ ਤਾਂਘ
ਕੋਈ ਪਿਆਸ ਤਾਂ ਹੋ ਸਕਦੀ ਹੈ
ਮਿਲਣ ਵਿਚ ਕੋਈ ਰੁਤਬਾ, ਨਖਰਾ-ਨਾਜ਼ ਨਹੀਂ ਹੁੰਦਾ

ਤੂੰ ਮੈਨੂੰ ਇਸ ਤਰ੍ਹਾਂ ਮਿਲ
ਜਿਸ ਤਰ੍ਹਾਂ ਧਰਤੀ ਦੀ ਪਿਆਸ ਨੂੰ
ਮੇਘਲਾ ਮਿਲਦਾ ਹੈ
ਸਮੁੰਦਰ ਨੂੰ ਨੀਰ ਮਿਲਦਾ ਹੈ
ਪਰਬਤ ਨੂੰ ਉਚਾਈ ਮਿਲਦੀ ਹੈ
ਆਕਾਸ਼ ਨੂੰ ਨੀਲੱਤਣ ਮਿਲਦੀ ਹੈ
ਪੰਖੇਰੂਆਂ ਨੂੰ ਉਡਾਣ ਮਿਲਦੀ ਹੈ
ਦਰਖਤਾਂ ਨੂੰ ਮੇਦਨੀ ਦਾ ਜਿਗਰਾ ਮਿਲਦਾ ਹੈ
ਪਉਣ ਨੂੰ ਦਿਸ਼ਾ ਮਿਲਦੀ ਹੈ
ਅਗਨ ਨੂੰ ਸੇਕ ਮਿਲਦਾ ਹੈ
ਸੰਗੀਤ ਨੂੰ ਸੁਰ ਮਿਲਦੀ ਹੈ
ਗ਼ਜ਼ਲ ਨੂੰ ਹੁਸਨ ਮਿਲਦਾ ਹੈ
ਯੋਧੇ ਨੂੰ ਸ਼ਕਤੀ ਮਿਲਦੀ ਹੈ
ਕ੍ਰਾਂਤੀਕਾਰੀ ਨੂੰ ਉਤਸ਼ਾਹ ਮਿਲਦਾ ਹੈ...

ਤੂੰ ਮੈਨੂੰ ਇਸ ਤਰ੍ਹਾਂ ਮਿਲ
ਕਿ ਵਿਛੜ ਕੇ ਵੀ ਵਿਛੜ ਨਾ ਸਕੇਂ



ਹੱਥਾਂ ਵਿਚੋਂ ਹੱਥ ਜੇਕਰ ਛੁੱਟ ਵੀ ਜਾਣ
ਚੂੜੀਆਂ ਦੀ ਖਣਕ ਦਾ ਸੰਗੀਤ ਅਮਰ ਰਹੇ
ਤੇਰੀ ਛੋਹ ਦਾ ਅਹਿਸਾਸ ਜਗਦਾ ਰਹੇ
ਤੇਰੇ ਸਾਹਾਂ ਦੀ ਆਵਾਜ਼ ਸੁਣਦੀ ਰਹੇ
ਤੇਰੇ ਬੋਲ ਧੁਰ ਅੰਦਰ ਤਕ ਹਿਲੂਣਦੇ ਰਹਿਣ
ਤੇਰੇ ਰੰਗ, ਜ਼ਿੰਦਗੀ ਨੂੰ ਸ਼ੋਖੀ ਬਖਸ਼ਦੇ ਰਹਿਣ
ਸੁੰਨਸਾਨ ਹਨੇਰੀਆਂ ਰਾਹਾਂ ਵਿਚ ਇਕ ਲਾਟ ਜਗਦੀ ਰਹੇ
ਰਿਸ਼ਮਾਂ ਦੀ ਮਹਿਫਲ ਸਜਦੀ ਰਹੇ
ਰੋਸ਼ਨੀ ਦੀ ਨਦੀ ਨਿਰੰਤਰ ਵਗਦੀ ਰਹੇ
ਵਗਦੀ ਰਹੇ, ਵਗਦੀ ਰਹੇ
ਤੂੰ ਮੈਨੂੰ ਇਸ ਤਰ੍ਹਾਂ ਮਿਲ। 000

***(White Lodge, 39 Bullscopse Lane,***
***Horndean Waterlooville, Hants U.K. O8 9RA)***

## ਭੀੜ: ਕਵਿਤਾ: ਜੋਗੇ ਭੰਗਲ

ਭੀੜ ਖ਼ਲਨਾਇਕ ਹੁੰਦੀ ਹੈ
ਖ਼ਲਨਾਇਕੀ ਦਾ ਇਤਿਹਾਸ 'ਚ ਆਪਣਾ ਰੋਲ ਹੁੰਦਾ
ਅੱਜ ਹਲ਼ਕੀ ਭੀੜ ਨੇ ਨਾਇਕ ਕੋਨੇ 'ਚ ਧੱਕ ਦਿੱਤਾ
ਭੀੜ ਮਿਥਿਹਾਸ ਅੱਗੇ ਝੁਕਦੀ
ਮਿਥਿਹਾਸ ਉਹਨੂੰ ਤਾਕਤ ਦਿੰਦਾ
ਅਫ਼ਵਾਹਾਂ ਤੋਂ ਪ੍ਰੋਟੀਨ ਮਿਲਦੀ।

ਭੀੜ ਦਾ ਸਿਰ ਪੁੱਠਾ ਹੁੰਦਾ
ਸਿੱਧੇ ਨੂੰ ਆਪਣੇ ਅਨੁਸਾਰ ਢਾਲਦੀ
ਧ੍ਰਿਤਰਾਸ਼ਟਰ ਜਿਹਾ ਅੰਨ੍ਹਾ ਜ਼ੋਰ ਰੱਖਦੀ
ਜਿਹਦੇ ਘਸੁੰਨ ਅੱਗੇ ਹਰ ਕੋਈ ਚਲਦਾ
ਆਮ ਬੰਦਾ ਇਹਦੇ ਚਿੱਕੜ ਤੋਂ ਬਚਦਾ
ਰੱਬ ਵੀ ਉਹਦੇ ਮੋਰ੍ਹੇ ਕਦ ਖੜ੍ਹਦਾ।

ਭੀੜ ਨਿਆਂ ਨੂੰ ਠੋਕਰ ਮਾਰਦੀ
ਵਿਕਰਮਾਦਿੱਤਿਆ ਦਾ ਸਿਰ ਝੁਕਾਉਂਦੀ
ਉਲਟ ਉਹਨੂੰ ਪੁੱਛਦੀ
ਤੂੰ ਕੌਣ ਬਈ, ਸਾਥੋਂ ਪੁੱਛੇ ਬਿਨਾਂ ਨਿਆਂ ਕਰਨ ਵਾਲਾ?
ਕਾਨੂੰਨ 'ਬਾਪੂ ਕੇ ਤੀਨ ਬੰਦਰ' ਜਿਹਾ ਮੂੰਹ ਬਣਾ ਲੈਂਦਾ।

ਭੀੜ ਜੰਗਲ਼ੀ ਬਣੀ ਨਿਕਲਦੀ
ਬਾਘ-ਬਿੱਲੇ ਇਹਦੀ ਨਸਾਂ 'ਚ ਦੌੜਦੇ

ਟਿੱਡੀਦਲ ਵਾਂਗ ਹੱਲਾ ਬੋਲਦੀ, ਅੱਗੇ ਵਧਦੀ
ਇਹ ਹੜ੍ਹਿਆ-ਹੜ੍ਹਿਆ ਕਰਦੀ
ਜੋ ਸਾਹਮਣੇ ਆਇਆ-ਡਕਾਰ ਲਿਆ।

ਭੀੜ ਖ਼ੂੰਨੀ ਅੱਖਾਂ ਲਈ
ਨੱਕ 'ਚੋਂ ਨੂੰਹੇ ਸੁੱਟਦੀ,ਮੂੰਹ ਚੋਂ ਅੱਗ ਵਰ੍ਹਾਉਂਦੀ
ਵਹਿਸ਼ੀ ਹਾਸਾ, ਤਾਂਡਵ ਦਿਖਾਉਂਦੀ
'ਸੁਵਾਹਾ-ਸੁਵਾਹਾ' ਕਰਦੀ ਚੁਫ਼ੇਰੇ।
ਟਿੱਡੀਦਲੀ ਭੀੜ ਲੰਘ ਜਾਂਦੀ
ਜਮਾ ਜਾਂਦੀ ਕਈ ਲੀਡਰ
ਜੋ ਇਕ ਦਿਨ ਸਾਡੇ ਸਿਰਾਂ 'ਤੇ ਆ ਬਹਿੰਦੇ।
ਤੁਹਾਡੇ ਗੁੱਟ ਦੀ ਘੜੀ ਨਹੀਂ ਰੁਕਣੀ
ਨਬਜ਼ ਰੁਕ ਜਾਣੀ
ਉੱਠੋ ਫਿਰ
ਆਉ ਨਾਇਕ-ਖ਼ਲਨਾਇਕ ਦੀ ਵਿੱਥ ਨੂੰ ਪਛਾਣੀਏ
ਅਤੇ ਉਹਨੂੰ ਮਿਟਣ ਤੋਂ ਰੋਕੀਏ। 000

*(ਈਮੇਲ: bhangalys@gmail.com ਫੋਨ: 94659-529380)*

## .ਗ਼ਜ਼ਲ: ਕੁਲਵਿੰਦਰ ਬੱਛੋਆਣਾ

ਸਿਸਕਦੇ ਨੇ ਰੁੱਖ, ਤੇ ਮੂੰਹ ਕਲੀਆਂ ਦੇ ਵੀ ਖੁਲ੍ਹਦੇ ਨਹੀਂ।
ਇਸ ਚਮਨ ਵਿਚ ਪੂਰੇ ਹੋਣੇ ਖਾਬ ਬੁਲਬੁਲ ਦੇ ਨਹੀਂ।

ਆਖਦੇ ਉਹ "ਡਰ ਨਹੀਂ ਬਰਸਾਤ ਦਾ ਸਾਨੂੰ ਕੋਈ"
ਪਰ ਘਰੋਂ ਨਿਕਲਣ 'ਤੇ ਛਤਰੀ ਤਾਣਨੀ ਭੁੱਲਦੇ ਨਹੀਂ।

ਹੰਝੂਆਂ ਵਾਂਗੂੰ ਕਈ ਰਿਸ਼ਤੇ ਨੇ ਪਲਕੀਂ ਲਟਕਦੇ
ਬਣ ਸਕੇ ਮੋਤੀ ਵੀ ਨਾ, ਮਿੱਟੀ 'ਚ ਵੀ ਡੁਲ੍ਹਦੇ ਨਹੀਂ।

ਪੁੱਛਦਾ ਰੰਗਾਂ ਨੂੰ ਹੈ ਨਿੱਤ ਹੀ ਲਲਾਰੀ ਅੱਕਿਆ
ਜ਼ਿੰਦਗੀ ਮੇਰੀ 'ਚ ਬੇਰਹਿਮੋ ਕਿਉਂ ਘੁਲ਼ਦੇ ਨਹੀਂ।

ਵਕਤ ਦੇ ਨਾਲ ਜ਼ਖਮ ਵੀ ਭਰਦੇ ਨੇ, ਘਟਦੇ ਦਰਦ ਵੀ
ਉਮਰ ਲੰਘ ਜਾਂਦੀ ਹੈ ਪਰ ਕੁਝ ਹਾਦਸੇ ਭੁੱਲਦੇ ਨਹੀਂ।

ਰੜਕਦੇ ਮੰਡੀ ਦੀ ਅੱਖ ਅੰਦਰ ਉਹ ਸਾਰੇ ਲੋਕ ਹੀ
ਵਸਤੂਆਂ ਵਾਂਗੂੰ ਕਿਸੇ ਕੀਮਤ 'ਤੇ ਜੋ ਤੁਲਦੇ ਨਹੀਂ। 000

*(ਫੋਨ: 84277-17867)*



## ਵੀਡਜ਼: ਕਹਾਣੀ: ਹਰਪ੍ਰੀਤ ਸੇਖਾ

"ਹਰਦੀਪ, ਅੱਜ ਤੇਰੇ ਪ੍ਰੋਗਰਾਮ 'ਚ ਇਸ਼ਤਿਹਾਰੀ ਮਹਿਮਾਨ ਆ ਰਿਹੈ।" ਰੇਡੀਓ ਦੇ ਮਨੇਜਰ ਗਿਰੀਸ਼ ਨੇ ਮੇਰੇ ਦਫ਼ਤਰ ਦੇ ਦਰਵਾਜ਼ੇ 'ਚ ਆ ਕੇ ਖੜੋਂਦਿਆਂ ਕਿਹਾ।

ਮੇਰੇ ਪ੍ਰੋਗਰਾਮ 'ਛੱਟਾ ਚਾਨਣਾਂ ਦਾ' ਦੇ ਸ਼ੁਰੂ ਹੋਣ ਵਿਚ ਸਿਰਫ ਦੋ ਘੰਟੇ ਰਹਿੰਦੇ ਸਨ। ਉਸ ਵਾਸਤੇ ਮੈਂ ਘਾਹ ਦੀ ਦੇਖ-ਭਾਲ਼ ਦੇ ਮਾਹਰ ਨੂੰ ਸੱਦਿਆ ਹੋਇਆ ਸੀ। ਮੈਂ ਉਸ ਨੂੰ ਪੁੱਛਣ ਲਈ ਸਵਾਲਾਂ ਦੀ ਲਿਸਟ ਤਿਆਰ ਕਰ ਰਿਹਾ ਸੀ। ਤਿਆਰੀ ਵੀ ਤਕਰੀਬਨ ਹੋ ਹੀ ਗਈ ਸੀ। ਮੈਂ ਵਾਧੂ ਜਾਣਕਾਰੀ ਇਕੱਠੀ ਕਰ ਰਿਹਾ ਸੀ। ਇਸ ਮਾਹਰ ਨੇ ਮੇਰੇ ਪ੍ਰੋਗਰਾਮ ਵਿਚ ਪਹਿਲੀ ਵਾਰ ਆਉਣਾ ਸੀ। ਮੈਨੂੰ ਇਹ ਪਤਾ ਨਹੀਂ ਸੀ ਕਿ ਉਹ ਕਿੰਨੀ ਕੁ ਖੁੱਲ੍ਹ ਕੇ ਗੱਲ ਕਰਦਾ ਸੀ। ਮੇਰੇ ਅੰਦਰ ਧੁੜਕੂ ਸੀ ਕਿ ਉਹ ਸੰਕੋਚਵਾਂ ਬੋਲਣ ਵਾਲਾ ਨਾ ਹੋਵੇ। ਉਸ ਹਾਲਤ ਵਿਚ ਮੈਨੂੰ ਆਪ ਜ਼ਿਆਦਾ ਬੋਲਣਾ ਪੈ ਸਕਦਾ ਸੀ। ਇਸ ਵਿਸ਼ੇ 'ਤੇ ਮੇਰੀ ਆਪਣੀ ਜਾਣਕਾਰੀ ਵੀ ਸੀਮਤ ਹੀ ਸੀ। ਅਸਲ ਵਿਚ ਮੇਰੇ ਦਿਮਾਗ਼ ਅੰਦਰ ਇਸ ਵਿਸ਼ੇ 'ਤੇ ਪ੍ਰੋਗਰਾਮ ਕਰਨ ਦਾ ਵਿਚਾਰ ਵੀ ਮੇਰੀ ਸੀਮਤ ਜਾਣਕਾਰੀ ਕਰਕੇ ਹੀ ਆਇਆ ਸੀ। ਮੇਰੇ ਘਰ ਦੇ ਲਾਅਨ ਵਿਚ ਬਹੁਤ ਸਾਰੇ ਵੀਡਜ਼ ਉੱਗ ਖਲੋਤੇ ਸਨ। ਪਿਛਲੀਆਂ ਸਾਰੀਆਂ ਗਰਮੀਆਂ, ਜਦੋਂ ਵੀ ਮੈਨੂੰ ਸਮਾਂ ਮਿਲਦਾ, ਉਨ੍ਹਾਂ ਨੂੰ ਜੜ੍ਹੋਂ ਕੱਢਣ ਲੱਗ ਜਾਂਦਾ। ਫਿਰ ਹੋਰ ਮਿੱਟੀ ਸੁਟਵਾ ਕੇ ਘਾਹ ਦਾ ਛੱਟਾ ਦੇ ਦਿੱਤਾ ਸੀ। ਮੈਨੂੰ ਉਮੀਦ ਸੀ ਕਿ ਇਸ ਸਾਲ ਮੇਰਾ ਘਾਹ ਹਰਾ ਕਚੂਰ ਹੋਵੇਗਾ ਪਰ ਘਾਹ ਨਾਲੋਂ ਜ਼ਿਆਦਾ ਭਾਂਤ-ਸੁਭਾਂਤੇ ਨਦੀਨ ਉੱਗ ਖਲੋਤੇ ਸਨ। 'ਐਨੇ ਵੀਡਜ਼ ਤੋਂ ਕਿਵੇਂ ਛੁਟਕਾਰਾ ਪਾਵਾਂਗਾ?' ਮੇਰੇ ਇਸ ਫਿਕਰ ਵਿਚੋਂ ਹੀ ਖਿਆਲ ਆਇਆ ਸੀ ਕਿ ਆਪਣੇ ਪ੍ਰੋਗਰਾਮ ਵਿਚ ਇਸ ਖੇਤਰ ਦੇ ਮਾਹਰ ਨੂੰ ਸੱਦਾਂ । ਇਸ ਬਹਾਨੇ ਮੇਰੇ ਆਪਣੇ ਲਾਅਨ ਵਿਚ ਉੱਗੇ ਵੀਡਜ਼ ਦੇ ਖਾਤਮੇ ਲਈ ਵੀ ਸਲਾਹ ਮਿਲ ਜਾਵੇਗੀ। ਉਸ ਨੇ ਅੱਜ ਮੇਰੇ ਪ੍ਰੋਗਰਾਮ ਵਿਚ ਆਉਣਾ ਸੀ ਕਿ ਗਿਰੀਸ਼ ਨੇ ਅਚਾਨਕ ਹੀ ਇਸ਼ਤਿਹਾਰੀ ਮਹਿਮਾਨ ਨੂੰ ਸਮਾਂ ਦੇ ਦਿੱਤਾ ਸੀ। ਗਿਰੀਸ਼ ਨੇ ਸ਼ਾਇਦ ਮੇਰੀ ਮਾਯੂਸੀ ਨੂੰ ਮੇਰੇ ਚਿਹਰੇ ਤੋਂ ਪੜ੍ਹ ਲਿਆ ਸੀ। ਉਹ ਬੋਲਿਆ, "ਅੱਜ ਤੇਰੇ ਕਿਸੇ ਮਾਲੀ ਨੇ ਆਉਣੈ ਨਾ? ਉਸ ਨੂੰ ਕਿਸੇ ਹੋਰ ਦਿਨ ਬੁਲਾ ਲਵੀਂ। ਤੇ ਹਾਂ, ਤੂੰ ਪ੍ਰੋਗਰਾਮ ਦੀ ਤਿਆਰੀ ਦਾ ਬੋਝ ਨਾ ਲੈ ਲਈਂ। ਬੱਸ ਕੁਝ ਦੇਰ ਤਕ ਉਨ੍ਹਾਂ ਨੇ ਪ੍ਰੋਗਰਾਮ ਵਿਚ ਪੁੱਛਣ ਵਾਲੇ ਸਵਾਲ ਮੈਨੂੰ ਈ ਮੇਲ ਰਾਹੀਂ ਭੇਜ ਦੇਣੇ ਐ। ਆਪਾਂ ਉਹੀ ਪੁੱਛਣੇ ਆ।"

"ਗਿਰੀਸ਼ ਜੀ, ਬਹੁਤ ਮੁਸ਼ਕਲ ਨਾਲ ਲੱਭਿਐ ਪੰਜਾਬੀ ਬੋਲਣ ਵਾਲਾ ਬਾਗ਼ਬਾਨ। ਉਹ ਕਿਸੇ ਬਾਗੀਚੇ 'ਚ ਕੰਮ ਕਰਦੈ। ਉਸ ਨੇ ਉੱਥੋਂ ਛੁੱਟੀ ਲੈ ਕੇ ਆਉਣੈ। ਉਸ ਨੂੰ ਇਸ ਤਰ੍ਹਾਂ ਬਿਲਕੁਲ ਮੌਕੇ 'ਤੇ ਜਵਾਬ ਦੇਣਾ ਚੰਗਾ ਨਹੀਂ ਲੱਗੇਗਾ?"

ਗਿਰੀਸ਼ ਨੇ ਇਕ ਪਲ ਮੇਰੇ ਚਿਹਰੇ ਵੱਲ ਦੇਖਿਆ, ਫਿਰ ਬੋਲਿਆ, "ਚੱਲ ਉਸ ਨੂੰ ਜਵਾਬ ਨਾ ਦੇ। ਆ ਲੈਣ ਦੇ। ਪ੍ਰੋਗਰਾਮ ਤੋਂ ਬਾਅਦ ਉਸ ਨਾਲ ਇੰਟਰਵਿਊ ਰਿਕਾਰਡ ਕਰ ਲਵੀਂ। ਉਹ ਕੱਲ੍ਹ ਦੇ ਪ੍ਰੋਗਰਾਮ 'ਚ ਦੇ ਦੇਵਾਂਗੇ।"

"ਮਾਹਰ ਨੂੰ ਬੁਲਾਉਣ ਦਾ ਤਾਂ ਹੀ ਫਾਇਦਾ ਹੁੰਦੈ ਜੇ ਪ੍ਰੋਗਰਾਮ ਸਿੱਧਾ ਚੱਲੇ। ਸਰੋਤੇ ਆਪਣੀਆਂ ਸਮੱਸਿਆਵਾਂ ਦੱਸਣ। ਮਾਹਰ ਜਵਾਬ ਦੇਵੇ।"

"ਇਹ ਐਡਾ ਕਿੱਡਾ ਕੁ ਮਸਲੈ? ਨਾਲੇ ਇਹ ਫੈਸਲਾ ਕਰਨ ਵਾਲਾ ਹੈ ਕੌਣ ਕਿ ਕਿਹੜਾ ਬੂਟਾ ਕਿੱਥੇ ਨਦੀਨ ਹੈ?" ਇਹ ਆਖ ਕੇ ਗਿਰੀਸ਼ ਚਲਿਆ ਗਿਆ।

ਗਿਰੀਸ਼ ਦੇ ਮੇਰੇ ਦਫ਼ਤਰ ਦੇ ਦਰਵਾਜ਼ੇ ਤਕ ਆਉਣ ਤੋਂ ਪਹਿਲਾਂ ਮੈਂ ਯੂ ਟਿਊਬ 'ਤੇ ਘਾਹ

ਵਿਚ ਉੱਗੇ ਵੀਡਜ਼ 'ਡੈਂਡੀਲਾਇਨ' ਬਾਰੇ ਦੇਖ ਰਿਹਾ ਸੀ। ਮਾਹਰ ਦੱਸ ਰਿਹਾ ਸੀ ਕਿ ਦਿਨੋ ਦਿਨ ਇਸਦੀ ਜੜ੍ਹ ਹੋਰ ਡੂੰਘੀ ਤੇ ਮੋਟੀ ਹੋਈ ਜਾਂਦੀ ਹੈ। ਇਸਦੇ ਫੁੱਲਾਂ ਵਿਚੋਂ ਬੀਅ ਡਿੱਗ ਕੇ ਇਸਦੇ ਹੋਰ ਬੂਟੇ ਉੱਗ ਖਲੋਂਦੇ ਹਨ। ਜਦੋਂ ਗਿਰੀਸ਼ ਆਇਆ, ਇਸ ਵੀਡ ਦਾ ਪੀਲ਼ਾ ਫੁੱਲ ਲਹਿਰਾ ਰਿਹਾ ਸੀ। ਮੈਨੂੰ ਸਗੋਂ ਇਸਦਾ ਫੁੱਲ ਸੋਹਣਾ ਲੱਗਾ ਸੀ। ਪਰ ਲਾਅਨ ਵਿਚ ਇਸਦੀ ਥਾਂ ਨਹੀਂ ਹੁੰਦੀ, ਜਿਵੇਂ ਕਣਕ ਦੇ ਖੇਤ ਵਿਚ ਘਾਹ ਦੀ ਨਹੀਂ ਹੁੰਦੀ । ਗਿਰੀਸ਼ ਦੀ ਗੱਲ ਸੁਣਨ ਲਈ ਮੈਂ ਵੀਡੀਓ ਬੰਦ ਕਰ ਦਿੱਤੀ ਸੀ। ਉਸਦੇ ਜਾਣ ਤੋਂ ਬਾਅਦ ਮੈਂ ਮੁੜ ਵੀਡੀਓ ਚਲਾ ਲਈ। ਮਾਹਰ ਨੇ ਇਸ ਬੂਟੀ ਨੂੰ ਖਤਮ ਕਰਨ ਦਾ ਤਰੀਕਾ ਦੱਸਣ ਲਈ ਚੁੰਝ-ਮੂੰਹੇਂ ਰੰਬੇ ਨਾਲ ਉਸ ਨੂੰ ਜੜ੍ਹੋਂ ਪੁੱਟ ਕੇ ਵਗਾਹ ਮਾਰਿਆ। ਗਿਰੀਸ਼ ਦੇ ਬੋਲ ਮੇਰੇ ਅੰਦਰ ਅਟਕ ਗਏ। ਗਿਰੀਸ਼ ਦੇ ਬੋਲਾਂ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰਦਿਆਂ ਮੇਰੇ ਅੱਗੋਂ ਦਰਸ਼ਨ ਦਾ ਚਿਹਰਾ ਲੰਘ ਗਿਆ, ਇਸ ਨਾਲ ਮੇਰੇ ਅੰਦਰ ਡਰ ਦੀ ਝਰਨਾਹਟ ਫਿਰ ਗਈ।

ਦਰਸ਼ਨ ਨੂੰ ਗਿਰੀਸ਼ ਨੇ ਨੌਕਰੀਓਂ ਕੱਢਣ ਲੱਗੇ ਨੇ ਮਿੰਟ ਨਹੀਂ ਸੀ ਲਾਇਆ। ਮੇਰੇ ਤੋਂ ਪਹਿਲਾਂ ਰੇਡੀਓ ਦੀਆਂ ਖ਼ਬਰਾਂ ਦੇ ਮੁਖੀ ਦਾ ਅਹੁਦਾ ਦਰਸ਼ਨ ਕੋਲ ਸੀ। ਅਸੀਂ ਇਸੇ ਦਫ਼ਤਰ ਵਿਚ ਬੈਠੇ ਸੀ। ਉਦੋਂ ਇਹ ਦਰਸ਼ਨ ਦਾ ਦਫ਼ਤਰ ਹੁੰਦਾ ਸੀ। ਉਹ ਬਹੁਤ ਉਤਸ਼ਾਹ ਨਾਲ ਬੋਲਿਆ ਸੀ, "ਗਿਰੀਸ਼, ਮੈਂ ਪੰਜਾਬ ਤੋਂ ਆਏ ਇੰਟਰਨੈਸ਼ਨਲ ਸਟੂਡੈਂਟਾਂ 'ਤੇ ਸਟੋਰੀ ਕਰਨੀ ਚਾਹੁੰਨੈ। ਮੈਨੂੰ ਰੋਜ਼ ਸਟੂਡੈਂਟਾਂ ਦੇ ਫੋਨ ਆਉਂਦੇ ਨੇ। ਇਸ ਤੋਂ ਪਹਿਲਾਂ ਕਿ ਮੁੱਖਧਾਰਾ ਦਾ ਕੋਈ ਅਖ਼ਬਾਰ ਜਾਂ ਟੀ ਵੀ ਇਸ ਬਾਰੇ ਕੋਈ ਰਿਪੋਰਟ ਦੇਵੇ, ਆਪਾਂ ਨੂੰ ਦੇਣੀ ਚਾਹੀਦੀ ਆ। ਆਪਣੇ ਕੋਲ ਪੂਰੀ ਸਮਰੱਥਾ ਵੀ ਆ। ਜਿਸ ਤਰ੍ਹਾਂ ਦੇ ਹਾਲਾਤ ਹਨ, ਮੁੱਖਧਾਰਾ ਮੀਡੀਆ ਇਸ ਮਸਲੇ ਨੂੰ ਛੇਤੀ ਹੀ ਚੁੱਕੇਗਾ।"

ਗਿਰੀਸ਼ ਉਤਸੁਕਤਾ ਨਾਲ ਦਰਸ਼ਨ ਵੱਲ ਦੇਖ ਰਿਹਾ ਸੀ। ਉਹ ਪੂਰੇ ਉਤਸ਼ਾਹ ਨਾਲ ਬੋਲ ਰਿਹਾ ਸੀ, "ਮੈਂ ਇਸ ਉੱਪਰ ਖੁੱਲ੍ਹ ਕੇ ਕੰਮ ਕਰਨਾ ਚਾਹੁੰਨੈ। ਬੱਚਿਆਂ ਦਾ ਕੁਝ ਕਾਲਿਜ, ਇਮੀਗਰੇਸ਼ਨ ਏਜੰਟ ਤੇ ਕੰਮ-ਮਾਲਕ ਸ਼ੋਸ਼ਣ ਕਰ ਰਹੇ ਨੇ। ਮੇਰਾ ਵਿਚਾਰ ਆ ਕਿ ਆਪਾਂ ਲੜੀਵਾਰ ਇਸ ਬਾਰੇ ਆਪਣੇ ਰੇਡੀਓ 'ਤੇ ਰਿਪੋਰਟ ਦੇਈਏ। ਮੈਂ ਆਪ ਜਾ ਕੇ ਪਾੜ੍ਹਿਆਂ ਨੂੰ ਮਿਲਿਆਂ। ਬਹੁਤ ਸਾਰੀ ਜਾਣਕਾਰੀ ਇਕੱਠੀ ਕੀਤੀ ਆ।"

"ਕਿਨ੍ਹਾਂ ਨੂੰ ਨਿਸ਼ਾਨਾ ਬਣਾ ਰਿਹੈਂ?" ਗਿਰੀਸ਼ ਬੋਲਿਆ।

"ਸਭ ਤੋਂ ਪਹਿਲਾਂ ਇਕ ਤਿੰਨ ਸੰਸਥਾਵਾਂ ਦੇ ਗ੍ਰੋਹ ਨੂੰ ਨਿਸ਼ਾਨਾ ਬਣਾਵਾਂਗੇ। ਇਹ ਤਿੰਨੇ ਸੰਸਥਾਵਾਂ ਇਕ ਬੰਦਾ ਈ ਆਪਣੇ ਭਾਈਵਾਲ਼ਾਂ ਨਾਲ ਰਲ਼ ਕੇ ਚਲਾ ਰਿਹਾ। ਇਸ ਵਿਚ ਇਕ ਗ਼ੈਰਮਾਨਤਾ ਪ੍ਰਾਪਤ ਕਾਲਿਜ ਆ , ਬਰਾਈਟ ਸਟਾਰ ਕਾਲਿਜ। ਇਕ ਮਠਿਆਈਆਂ ਦੀ ਦੁਕਾਨ ਆ, 'ਪੰਜਾਬੀ ਮੱਠੀ' ਤੇ ਇਕ ਇਮੀਗਰੇਸ਼ਨ ਏਜੰਟ। ਉਹ ਆ 'ਸ਼ਰਤੀਆ ਇਮੀਗਰੇਸ਼ਨ' ਵਾਲਾ ਹਰਨੇਕ। ਉਹ ਪਹਿਲਾਂ ਉਨ੍ਹਾਂ ਬੱਚਿਆਂ ਨੂੰ ਉਸ ਕਾਲਿਜ---।"

ਗਿਰੀਸ਼ ਦੀਆਂ ਅੱਖਾਂ ਸੁੰਗੜ ਗਈਆਂ। ਉਹ ਵਿਚੋਂ ਹੀ ਬੋਲਿਆ, "ਤੈਨੂੰ ਪਤੈ, ਜਿਹੜੀ ਆਪਾਂ ਨੂੰ ਤਨਖਾਹ ਮਿਲਦੀ ਐ, ਉਹ ਕਿੱਥੋਂ ਆਉਂਦੀ ਆ?"

ਦਰਸ਼ਨ ਅਵਾਕ ਗਿਰੀਸ਼ ਵੱਲ ਦੇਖਣ ਲੱਗਾ। ਗਿਰੀਸ਼ ਮੁੜ ਬੋਲਿਆ, "ਜਿਨ੍ਹਾਂ ਦੀ ਸਟੋਰੀ ਤੂੰ ਕਰਨੀ ਚਾਹੁੰਨੈ, ਉਹ ਤਿੰਨੇ ਹੀ ਸਾਡੇ ਰੇਡੀਓ ਨੂੰ ਇਸ਼ਤਿਹਾਰ ਦਿੰਦੇ ਆ। ਜੇ ਅਸੀਂ ਉਨ੍ਹਾਂ ਨੂੰ ਹੀ ਨਿਸ਼ਾਨਾ ਬਣਾ ਲਿਆ, ਫਿਰ ਰੇਡੀਓ ਸਟੇਸ਼ਨ ਦੇ ਖਰਚ ਕਿੱਥੋਂ ਪੂਰੇ ਹੋਣਗੇ?"

"ਲੋਕਾਂ ਦੇ ਮਸਲਿਆਂ ਦੀ ਗੱਲ ਕੌਣ ਕਰੂ ਫਿਰ? ਭਾਈਚਾਰੇ ਪ੍ਰਤੀ ਸਾਡਾ ਕੋਈ ਫਰਜ਼ ਨਹੀਂ ਬਣਦਾ?" ਦਰਸ਼ਨ ਦੀ ਆਵਾਜ਼ ਕੁਝ ਉੱਚੀ ਹੋ ਗਈ।

"ਰਨਿੰਗ ਏ ਰੇਡੀਓ ਸਟੇਸ਼ਨ ਇਜ਼ ਏ ਬਿਜ਼ਨਸ ਐਂਡ ਆਈ ਹੈਵ ਟੂ ਰਨ ਇਟ ਏਜ਼ ਏ ਬਿਜ਼ਨਸ। ਪੀਰੀਅਡ", ਆਖ ਕੇ ਗਿਰੀਸ਼ ਉੱਠ ਖਲੋਤਾ।



"ਹਜ਼ਾਰਾਂ ਲੋਕਾਂ ਤੋਂ ਦਰਖ਼ਾਸਤਾਂ 'ਤੇ ਦਸਤਖ਼ਤ ਕਰਵਾ ਕੇ ਸਰਕਾਰ ਤੋਂ ਭਾਈਚਾਰੇ ਲਈ ਰੇਡੀਓ ਸਟੇਸ਼ਨ ਮਨਜ਼ੂਰ ਕਰਵਾਇਆ ਸੀ। ਲੋਕਾਂ ਨੇ ਰੇਡੀਓ 'ਤੇ ਗੀਤ ਸੁਣਨ ਖਾਤਰ ਦਸਤਖ਼ਤ ਨਹੀਂ ਸੀ ਕੀਤੇ।" ਦਰਸ਼ਨ ਦੀ ਇਸ ਗੱਲ ਦਾ ਕੋਈ ਜਵਾਬ ਦਿੱਤੇ ਬਗ਼ੈਰ ਗਿਰੀਸ਼ ਦਫ਼ਤਰ ਤੋਂ ਬਾਹਰ ਹੋ ਗਿਆ।

ਤੇ ਅਗਲੇ ਦਿਨ ਗਿਰੀਸ਼ ਨੇ ਮੈਨੂੰ ਆਪਣੇ ਦਫ਼ਤਰ ਵਿਚ ਸੱਦ ਕੇ ਮੇਰੀ ਤਰੱਕੀ ਦੀ ਖ਼ਬਰ ਸੁਣਾਉਂਦਿਆ ਕਿਹਾ ਸੀ, "ਹਰਦੀਪ, ਅੱਜ ਤੋਂ ਰੇਡੀਓ ਸਟੇਸ਼ਨ ਦਾ ਤੂੰ ਨਿਊਜ਼ ਇੰਚਾਰਜ ਹੈਂ। ਦਰਸ਼ਨ ਹੁਣ ਇੱਥੇ ਕੰਮ ਨਹੀਂ ਕਰਦਾ।" ਫਿਰ ਉਸ ਨੇ ਮੈਨੂੰ ਸਮਝਾਉਂਦਿਆਂ ਹੋਇਆ ਕਿਹਾ, "ਆਪਾਂ ਬਹੁਤੀਆਂ ਖ਼ਬਰਾਂ ਇੰਡੀਆ ਦੀਆਂ ਹੀ ਦੇਣੀਆਂ ਹੁੰਦੀਆਂ। ਸਥਾਨਕ ਖ਼ਬਰਾਂ ਬਸ ਐਕਸੀਡੈਂਟ ਵਿਚ ਫੱਟੜ ਹੋਣ ਜਾਂ ਮਰਨ ਵਗ਼ੈਰਾ ਦੀਆਂ ਹੀ ਦੇਣੀਆਂ। ਸਾਰੀਆਂ ਰਾਜਸੀ ਪਾਰਟੀਆਂ ਨਾਲ ਬਣਾ ਕੇ ਰੱਖਣੀ ਆ। ਜੇ ਸਾਡੇ ਰੇਡੀਓ ਨੂੰ ਇਸ਼ਤਿਹਾਰ ਦੇਣ ਵਾਲਿਆਂ ਦੇ ਉਲਟ ਕੋਈ ਖ਼ਬਰ ਆਉਂਦੀ ਆ ਤਾਂ ਪਹਿਲਾਂ ਮੇਰੇ ਨਾਲ ਸਲਾਹ ਕਰਨੀ ਆ, ਫੇਰ ਦੇਣੀ ਆ ਖ਼ਬਰ। ਇਸ ਪੱਖੋਂ ਪੂਰੀ ਸਾਵਧਾਨੀ ਵਰਤਣੀ ਹੈ---।"

ਇਸ ਪੱਖੋਂ ਮੈਂ ਸਾਵਧਾਨ ਹੀ ਰਿਹਾ ਸੀ। ਮੇਰੀ ਰੇਡੀਓ ਲਈ ਮਸ਼ਹੂਰੀਆਂ ਤਿਆਰ ਕਰਨ ਤੋਂ ਸਿੱਧੀ ਖ਼ਬਰਾਂ ਦੇ ਮੁਖੀ ਵਜੋਂ ਤਰੱਕੀ ਹੋਈ ਸੀ। 'ਛੱਟਾ ਚਾਨਣਾਂ ਦਾ' ਪ੍ਰੋਗਰਾਮ ਮੈਂ ਪਹਿਲਾਂ ਵੀ ਕਰਦਾ ਸੀ ਤੇ ਹੁਣ ਵੀ ਕਰਦੇ ਰਹਿਣਾ ਸੀ।

ਅੱਜ ਦੇ 'ਛੱਟਾ ਚਾਨਣਾਂ ਦਾ' ਪ੍ਰੋਗਰਾਮ ਵਿਚ ਆਉਣ ਵਾਲੇ ਬਾਗ਼ਬਾਨ ਹਰਜਿੰਦ ਨਾਲ ਮੈਂ ਰੇਡੀਓ 'ਤੇ ਸਿੱਧੀ ਗੱਲ ਬਾਤ ਕਰਨੀ ਚਾਹੁੰਦਾ ਸੀ। ਉਸ ਨੂੰ ਮੈਂ ਦੱਸਿਆ ਵੀ ਇਸੇ ਤਰ੍ਹਾਂ ਹੀ ਸੀ ਕਿ ਸਰੋਤੇ ਸਵਾਲ ਕਰਨਗੇ ਅਤੇ ਉਹ ਮੌਕੇ 'ਤੇ ਹੀ ਜਵਾਬ ਦੇਵੇਗਾ। 'ਪ੍ਰੋਗਰਾਮ ਦੀ ਰੂਪ ਰੇਖਾ ਬਦਲ ਜਾਣ ਬਾਰੇ ਉਸ ਕੋਲ ਕੀ ਬਹਾਨਾ ਬਣਾਵਾਂਗਾ? ਜਾਂ ਉਸ ਨੂੰ ਕਿਸੇ ਹੋਰ ਦਿਨ ਸੱਦ ਲਵਾਂ?' ਇਸ ਬਾਰੇ ਮੈਂ ਦੋਚਿੱਤੀ ਵਿਚ ਸੀ। ਫਿਰ ਮੈਨੂੰ ਗਿਰੀਸ਼ ਵਾਲੀ ਗੱਲ ਹੀ ਠੀਕ ਲੱਗੀ ਕਿ ਹਰਜਿੰਦ ਨਾਲ ਅੱਜ ਦੇ 'ਛੱਟਾ ਚਾਨਣਾਂ ਦਾ' ਤੋਂ ਬਾਅਦ ਮੁਲਾਕਾਤ ਰਿਕਾਰਡ ਕਰ ਲਵਾਂ ਅਤੇ ਕੱਲ੍ਹ ਨੂੰ ਰੇਡੀਓ 'ਤੇ ਚਲਾ ਦੇਵਾਂ। ਇਸ ਹਾਲਤ ਵਿਚ ਮੈਨੂੰ ਹੋਰ ਪ੍ਰਸ਼ਨ ਤਿਆਰ ਕਰਨੇ ਪੈਣੇ ਸਨ। ਮੈਂ ਉਨ੍ਹਾਂ ਦੀ ਤਿਆਰੀ ਕਰਨ ਲੱਗ ਪਿਆ। ਇਕ ਹੋਰ ਵੀਡ, ਕਰੀਪ ਚਾਰਲੀ ਤੋਂ ਰਾਹਤ ਪਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਡੈਂਡੀਲਾਇਨ ਤੋਂ ਉਲਟ ਇਸਦੀ ਜੜ੍ਹ ਲੱਭਣਾ ਮੁਸ਼ਕਲ ਹੁੰਦਾ ਹੈ। ਇਹ ਵੇਲ ਵਾਂਗ ਚਾਰੇ ਪਾਸੇ ਫੈਲ ਜਾਂਦੀ ਹੈ। ਇਸ ਵੀਡ ਤੋਂ ਛੁਟਕਾਰਾ ਪਾਉਣ ਦਾ ਤਰੀਕਾ ਹਰਜਿੰਦ ਤੋਂ ਪੁੱਛਣ ਲਈ ਮੈਂ ਨੋਟ ਕਰ ਹੀ ਰਿਹਾ ਸੀ ਕਿ ਗਿਰੀਸ਼ ਆ ਗਿਆ। ਮੈਨੂੰ ਪੇਪਰ ਫੜਾਉਂਦਾ ਬੋਲਿਆ, "ਸ਼ਰਤੀਆ ਇਮੀਗਰੇਸ਼ਨ ਵਾਲਾ ਹਰਨੇਕ ਆ ਰਿਹੈ। ਸਿਰਫ ਇਹੀ ਸਵਾਲ ਪੁੱਛਣੇ ਆ। ਇਸ ਗੱਲ ਦਾ ਪੂਰਾ ਖਿਆਲ ਰੱਖਣਾ ਕਿ 'ਕਨੇਡਾ ਹੈਰਲਡ' ਵਿਚ ਛਪੀ ਰੀਪੋਰਟ ਦਾ ਬਿਲਕੁਲ ਕੋਈ ਜ਼ਿਕਰ ਨਹੀਂ ਹੋਣਾ ਚਾਹੀਦਾ। ਧਿਆਨ ਰੱਖਣਾ, ਓ ਕੇ?" ਆਖ ਕੇ ਗਿਰੀਸ਼ ਚਲਿਆ ਗਿਆ।

ਕੁਝ ਮਹੀਨੇ ਪਹਿਲਾਂ ਕਨੇਡਾ ਦੇ ਮੁਖ ਅਖ਼ਬਾਰ 'ਕਨੇਡਾ ਹੈਰਲਡ' ਵਿਚ 'ਆਰਜ਼ੀ ਕਾਮਿਆਂ ਦੀ ਏਜੰਟਾਂ ਹੱਥੋਂ ਲੁੱਟ' ਨਾਂ ਦੇ ਸਿਰਲੇਖ ਹੇਠ ਇਕ ਰਿਪੋਰਟ ਛਪੀ ਸੀ, ਜਿਸ ਵਿਚ 'ਸ਼ਰਤੀਆ ਇਮੀਗਰੇਸ਼ਨ' ਵਾਲੇ ਹਰਨੇਕ ਦਾ ਨਾਂ ਬੋਲਦਾ ਸੀ। ਰਿਪੋਰਟ ਵਿਚ ਦਰਜ ਸੀ ਕਿ ਉਸ ਨੇ ਪਿਛਲੇ ਇਕ ਦਹਾਕੇ ਦੌਰਾਨ ਇਸ ਕਿੱਤੇ ਵਿਚੋਂ ਲੱਖਾਂ ਡਾਲਰਾਂ ਦੀ ਦੌਲਤ ਇਕੱਠੀ ਕੀਤੀ ਸੀ। ਉਸ ਉੱਪਰ ਦੋਸ਼ ਸਨ ਕਿ ਉਸ ਨੇ ਬਹੁਤ ਲੋਕਾਂ ਨੂੰ ਕਨੇਡਾ ਵਿਚ ਪੱਕੇ ਕਰਵਾਉਣ ਲਈ ਝੂਠੀਆਂ ਨੌਕਰੀਆਂ ਅਤੇ ਕਾਲਿਜਾਂ ਵਿਚ ਦਾਖਲਾ ਦਿਵਾਉਣ ਦੇ ਝਾਂਸੇ ਦੇ ਕੇ ਡਾਲਰ ਬਟੋਰੇ ਸਨ। ਕਨੇਡਾ ਵਿਚ ਪੈਸੇ ਲੈ ਕੇ ਨੌਕਰੀਆਂ ਦੇਣੀਆਂ ਗ਼ੈਰ ਕਨੂੰਨੀ ਹਨ ਪਰ ਉਸਦੀ ਕੰਪਨੀ ਇਹ ਸ਼ਰੇਆਮ ਕਰ

ਰਹੀ ਸੀ। ਇਹ ਰਿਪੋਰਟ ਐਤਵਾਰ ਦੇ ਅੰਕ ਵਿਚ ਛਪੀ ਸੀ। ਰਿਪੋਰਟ ਪੜ੍ਹਦਿਆਂ ਹੀ ਮੇਰੇ ਅੰਦਰ ਦੋਨਾਂ ਕੁੜੀਆਂ ਦਾ ਖਿਆਲ ਆ ਗਿਆ ਸੀ। ਮੈਂ ਉਨ੍ਹਾਂ ਲਈ ਕੁਝ ਵੀ ਨਹੀਂ ਸੀ ਕਰ ਸਕਿਆ। ਪਰ ਉਹ ਬਹੁਤ ਵਾਰੀ ਯਾਦ ਆ ਕੇ ਮੈਨੂੰ ਬੇਚੈਨ ਜ਼ਰੂਰ ਕਰ ਦਿੰਦੀਆਂ। ਮੈਨੂੰ ਜਿਵੇਂ ਭਾਰ ਮੁਕਤ ਹੋਣ ਦਾ ਮੌਕਾ ਆਪਣੇ ਆਪ ਹੀ ਮਿਲ ਗਿਆ ਸੀ। 'ਇਸ ਖਬਰ ਵਿਚ ਉਨ੍ਹਾਂ ਕੁੜੀਆਂ ਦਾ ਬਿਲਕੁਲ ਵੀ ਜ਼ਿਕਰ ਨਹੀਂ ਹੋਵੇਗਾ ਤੇ ਕਸੂਰਵਾਰਾਂ ਦਾ ਭਾਂਡਾ ਵੀ ਭੰਨਿਆ ਜਾਵੇਗਾ', ਇਹ ਸੋਚ ਕੇ ਮੈਂ ਇਸ ਰਿਪੋਰਟ ਬਾਰੇ ਵਿਸਥਾਰ ਨਾਲ ਰੇਡੀਓ 'ਤੇ ਖ਼ਬਰ ਦੇਣ ਲਈ ਸੋਮਵਾਰ ਦੀ ਸਵੇਰੇ ਇਸਦਾ ਪੰਜਾਬੀ ਵਿਚ ਅਨੁਵਾਦ ਕਰਨ ਲੱਗ ਪਿਆ। ਰਿਪੋਰਟਰ ਨੇ ਲਿਖਿਆ ਸੀ ਕਿ ਜਿਨ੍ਹਾਂ ਲੋਕਾਂ ਨੂੰ ਏਜੰਟ ਗ਼ਲਤ ਸਲਾਹ ਦੇ ਕੇ ਆਪਣੇ ਚੁੰਗਲ ਵਿਚ ਫਸਾਉਂਦੇ ਹਨ, ਉਹ ਆਪਣੇ ਕੇਸ ਵਿਚ ਵਿਘਨ ਪੈਣ ਦੇ ਡਰੋਂ ਆਪਣਾ ਨਾਂ ਪਤਾ ਨਹੀਂ ਦੱਸਦੇ, ਇਸੇ ਕਮਜ਼ੋਰੀ ਦਾ ਫਾਇਦਾ ਉਠਾ ਕੇ ਏਜੰਟ ਮਨ-ਮਾਨੀਆਂ ਕਰ ਲੈਂਦੇ ਹਨ। ਇਹ ਹਿੱਸਾ ਅਨੁਵਾਦ ਕਰਦਿਆਂ ਮੇਰੇ ਦਿਮਾਗ਼ ਵਿਚ ਫਿਰ ਕੁੜੀਆਂ ਆ ਗਈਆਂ ਸਨ। ਇਹ ਤਾਂ ਪੱਕੀ ਗੱਲ ਸੀ ਕਿ ਅਜਿਹੇ ਕੇਸਾਂ ਵਾਲੇ ਸਾਨੂੰ ਰੇਡੀਓ 'ਤੇ ਗੱਲਾਂ ਦੱਸਣ ਵੇਲ਼ੇ ਵੀ ਪਹਿਲੀ ਸ਼ਰਤ ਇਹੀ ਰੱਖਦੇ ਸਨ ਕਿ ਉਨ੍ਹਾਂ ਦਾ ਨਾਂ ਪਤਾ ਗੁਪਤ ਰੱਖਿਆ ਜਾਵੇ। ਪਰ ਜਦੋਂ ਦੀ ਮੈਨੂੰ ਕਿਸੇ ਅਗਿਆਤ ਨੇ ਦੋ ਕੁੜੀਆਂ ਦੀ ਹਿਰਦੇਵੇਧਕ ਕਹਾਣੀ ਦੱਸੀ ਸੀ, ਕਿਸੇ ਵੀ ਏਜੰਟ ਵੱਲੋਂ ਕੀਤੀ ਠੱਗੀ-ਠੋਰੀ ਦੀ ਗੱਲ ਸੁਣਦਾ ਸੀ ਤਾਂ ਉਨ੍ਹਾਂ ਕੁੜੀਆਂ ਦਾ ਖਿਆਲ ਆ ਜਾਂਦਾ। ਅਗਿਆਤ ਨੇ ਕੁੜੀਆਂ ਦਾ ਨਾਂ ਵੀ ਨਹੀਂ ਸੀ ਦੱਸਿਆ। ਉਸ ਨੇ ਤਰਲਾ ਕੀਤਾ ਸੀ ਕਿ ਕਿਸੇ ਤਰ੍ਹਾਂ ਵੀ ਉਨ੍ਹਾਂ ਕੁੜੀਆਂ ਦਾ ਜ਼ਿਕਰ ਕੀਤੇ ਬਗ਼ੈਰ, ਰੇਡੀਓ ਰਾਹੀਂ ਹੋਰ ਕੁੜੀਆਂ ਨੂੰ ਉਨ੍ਹਾਂ ਦੇ ਚੁੰਗਲ ਵਿਚ ਫਸਣ ਤੋਂ ਬਚਾਵਾਂ। ਮੈਂ ਉਨ੍ਹਾਂ ਬਾਰੇ ਸੋਚ ਹੀ ਰਿਹਾ ਸੀ ਕਿ ਗਿਰੀਸ਼ ਦਾ ਫੋਨ ਆ ਗਿਆ। ਉਸ ਨੇ ਨੌਂ ਵਜੇ ਦਫ਼ਤਰ ਆਉਣਾ ਸੀ। ਉਹ ਬੋਲਿਆ, "ਹਰਦੀਪ, 'ਕਨੇਡਾ ਹੈਰਲਡ' ਵਾਲੀ ਰੀਪੋਰਟ ਬਾਰੇ ਹਾਲੇ ਕਿਸੇ ਖ਼ਬਰ ਵਿਚ ਜ਼ਿਕਰ ਨਹੀਂ ਕਰਨਾ। ਬਾਕੀ ਮੈਂ ਦਫਤਰ ਆ ਕੇ ਗੱਲ ਕਰਦੈਂ।" ਇਹ ਸੁਣ ਕੇ ਮੇਰਾ ਇਕ ਵਾਰ ਤਾਂ ਮਨ ਬੁਝ ਗਿਆ ਪਰ ਇਹ ਸੋਚ ਕੇ ਕਿ ਇਸ ਵੱਡੀ ਖਬਰ ਨੂੰ ਰੇਡੀਓ 'ਤੇ ਦੇਣ ਤੋਂ ਕਿਸੇ ਵੀ ਤਰ੍ਹਾਂ ਬਚਿਆ ਨਹੀਂ ਜਾ ਸਕੇਗਾ, ਮੈਂ ਅਨੁਵਾਦ ਕਰਦਾ ਰਿਹਾ। ਨੌਂ ਵਜੇ ਗਿਰੀਸ਼ ਆ ਗਿਆ। ਉਸ ਨੇ ਕੁਝ ਦੇਰ ਰੇਡੀਓ ਲਈ ਇਸ਼ਤਿਹਾਰ ਲਿਆਉਣ ਵਾਲੇ ਕਰਮਚਾਰੀਆਂ ਨਾਲ ਬੰਦ ਦਰਵਾਜ਼ਾ ਬੈਠਕ ਕੀਤੀ। ਫਿਰ ਗਿਰੀਸ਼ ਮੇਰੇ ਦਫ਼ਤਰ ਆ ਗਿਆ। ਬੋਲਿਆ, "ਹਰਦੀਪ, 'ਕਨੇਡਾ ਹੈਰਲਡ' ਵਾਲੀ ਖਬਰ ਸਵੇਰ ਵਾਲੀਆਂ ਖਬਰਾਂ ਵਿਚ ਨਹੀਂ ਦੇਣੀ। ਓ ਕੇ?"

"ਗਿਰੀਸ਼ ਜੀ, ਇਹ ਵੱਡੀ ਖਬਰ ਹੈ। ਬਹੁਤ ਸਾਰੇ ਲੋਕਾਂ ਨੇ ਫੇਸਬੁੱਕ 'ਤੇ ਵੀ ਸ਼ੇਅਰ ਕਰ ਦਿੱਤੀ ਹੈ। ਹੁਣੇ ਹੀ ਲੋਕਾਂ ਦੇ ਸਾਨੂੰ ਫੋਨ ਆਉਣੇ ਸ਼ੁਰੂ ਹੋ ਜਾਣੇ ਨੇ ਕਿ ਅਸੀਂ ਇਹ ਖਬਰ ਕਿਉਂ ਨਹੀਂ ਦਿੱਤੀ," ਮੈਂ ਆਪਣਾ ਖਦਸ਼ਾ ਜ਼ਾਹਿਰ ਕੀਤਾ।

"ਹਰਦੀਪ, ਗੱਲ ਇਸ ਤਰ੍ਹਾਂ ਆ ਕਿ ਜਦੋਂ ਤੋਂ ਸਾਡਾ ਰੇਡੀਓ ਸਟੇਸ਼ਨ ਸ਼ੁਰੂ ਹੋਇਐ, ਹਰਨੇਕ ਉਦੋਂ ਤੋਂ ਹੀ ਸਾਡੇ ਰੇਡੀਓ ਨੂੰ ਇਸ਼ਤਿਹਾਰ ਦੇ ਰਿਹੈ। ਸਾਨੂੰ ਉਸਦਾ ਖਿਆਲ ਰੱਖਣਾ ਪਵੇਗਾ। ਆਪਾਂ ਉਸਦਾ ਪੱਖ ਲੈ ਕੇ ਦੁਪਿਹਰ ਦੀਆਂ ਖਬਰਾਂ ਵਿਚ ਇਸ ਦਾ ਜ਼ਿਕਰ ਕਰ ਦੇਵਾਂਗੇ। ਅਸੀਂ ਉਸਦੇ ਫੋਨ ਦੀ ਉਡੀਕ ਕਰ ਰਹੇ ਆਂ।" ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਿੰਦਾ, ਗਿਰੀਸ਼ ਫਿਰ ਬੋਲਿਆ, "ਲੋਕਾਂ ਦੀ ਯਾਦਸ਼ਕਤੀ ਬਹੁਤ ਛੋਟੀ ਹੁੰਦੀ ਐ। ਇਹ ਖਬਰ ਇਕ ਦੋ ਦਿਨ ਚੱਲੇਗੀ। ਜੇ ਆਪਾਂ ਇਸ ਨੂੰ ਤੂਲ ਨਾ ਦੇਵਾਂਗੇ ਤਾਂ ਇਹ ਛੇਤੀ ਮਰ ਜਾਵੇਗੀ, ਫਿਰ ਕੋਈ ਹੋਰ ਖਬਰ ਆ ਜਾਵੇਗੀ। ਲੋਕ ਉਸ ਦੇ ਮਗਰ ਪੈ ਜਾਣਗੇ। ਦੇਖ ਲਵੀਂ ਕਿਸੇ ਵੀ ਦੇਸੀ ਰੇਡੀਓ, ਟੀ ਵੀ ਜਾਂ ਅਖਬਾਰ ਨੇ ਇਸ ਖਬਰ ਨੂੰ ਕੋਈ ਥਾਂ ਨਹੀਂ ਦੇਣੀ। ਫਿਰ ਆਪਾਂ ਕਿਉਂ ਇਸ ਚੱਕਰ ਵਿਚ ਲਗਾਤਾਰ ਇਸ਼ਤਿਹਾਰ ਦੇਣ ਵਾਲਾ ਗਾਹਕ ਨਰਾਜ਼ ਕਰੀਏ? ਸੋਚ ਇਸ ਬਾਰੇ।"



ਮੇਰੇ ਚੇਤੇ ਵਿਚ ਮਾਸੂਮ ਕੁੜੀਆਂ ਫਿਰ ਉੱਭਰ ਆਈਆਂ । 'ਸਮਾਜ ਅਤੇ ਆਪਣੇ ਕਿੱਤੇ ਪ੍ਰਤੀ ਵੀ ਤਾਂ ਸਾਡੇ ਕੁਝ ਫਰਜ਼ ਹਨ,' ਮੇਰੇ ਅੰਦਰ ਦਰਸ਼ਨ ਬੋਲਿਆ ਪਰ ਮੇਰੇ ਬੁੱਲ੍ਹਾਂ ਨੇ ਉਸਦਾ ਸਾਥ ਨਾ ਦਿੱਤਾ। ਮੇਰੇ ਅੰਦਰ ਤਰਥੱਲੀ ਮੱਚ ਗਈ। ਮੈਂ ਉਨ੍ਹਾਂ ਕੁੜੀਆਂ ਲਈ ਕੁਝ ਵੀ ਨਹੀਂ ਸੀ ਕਰ ਸਕਿਆ। ਜਿਸ ਦਿਨ ਮੈਨੂੰ ਉਨ੍ਹਾਂ ਕੁੜੀਆਂ ਬਾਰੇ ਫੋਨ ਆਇਆ ਸੀ, ਮੇਰੇ ਚਿੱਤ ਵਿਚ ਆਈ ਸੀ ਕਿ ਦਰਸ਼ਨ ਨੂੰ ਮਿਲਾਂ ਤੇ ਉਸਦੀ ਸਹਾਇਤਾ ਨਾਲ ਲੁਕ ਛਿਪ ਕੇ ਰਿਪੋਰਟ ਤਿਆਰ ਕਰਾਂ ਅਤੇ ਬਿਨਾਂ ਕਿਸੇ ਤੋਂ ਆਗਿਆ ਲਏ ਰੇਡੀਓ 'ਤੇ ਪੇਸ਼ ਕਰ ਦਿਆਂ। ਫਿਰ ਜੋ ਕੁਝ ਹੋਵੇਗਾ, ਦੇਖੀ ਜਾਵੇਗੀ। ਪਰ ਅਗਲੀ ਸਵੇਰ ਤਕ ਮੈਂ ਗਿਣਤੀਆਂ-ਮਿਣਤੀਆਂ ਵਿਚ ਪੈ ਗਿਆ ਸੀ। ਮੇਰੇ ਅੱਗੇ ਨੌਕਰੀ ਤੋਂ ਕੱਢਿਆ ਦਰਸ਼ਨ ਆ ਗਿਆ ਸੀ। ਇਸ ਨੌਕਰੀ ਨਾਲ ਮਿਲਦਾ ਮਾਣ ਮੂਹਰੇ ਆ ਗਿਆ ਸੀ। ਭਾਈਚਾਰੇ ਵਿਚ ਵਿਚਰਦਿਆਂ ਰੇਡੀਓ ਵਾਲੇ ਹਰਦੀਪ ਜੀ ਹਰਦੀਪ ਜੀ ਹੁੰਦੀ ਸੀ। ਲੇਖਕ ਸਭਾਵਾਂ 'ਚ ਜਾਣ ਨਾਲ ਲੇਖਕ ਕੁਰਸੀਆਂ ਤੋਂ ਉੱਠ ਉੱਠ ਕੇ ਮੈਨੂੰ ਮਿਲਦੇ ਸਨ। 'ਛੱਟਾ ਚਾਨਣਾਂ ਦਾ' ਪ੍ਰੋਗਰਾਮ ਵਿਚ ਆਉਣ ਲਈ ਮੇਰੇ ਅੱਗੜ-ਪਿੱਛੜ ਫਿਰਦੇ ਸਨ। ਇਸ ਨੌਕਰੀ 'ਚੋਂ ਕੱਢੇ ਜਾਣ ਤੋਂ ਬਾਅਦ ਇਹ ਸਭ ਨਹੀਂ ਸੀ ਰਹਿਣਾ। ਅਤੇ ਨਾ ਹੀ ਮੇਰੇ ਅਤੇ ਮੇਰੇ ਪਰਿਵਾਰ ਲਈ ਇਸ ਨੌਕਰੀ ਨਾਲ ਮਿਲਦੀ ਦੰਦਾਂ ਦੀ ਸੰਭਾਲ ਅਤੇ ਦਵਾਈਆਂ ਲਈ ਬੀਮਾ ਰਹਿਣਾ ਸੀ। ਮੇਰੇ ਸਾਹਮਣੇ ਮੁਟਿਆਰਾਂ ਹੋ ਰਹੀਆਂ ਮੇਰੀਆਂ ਦੋਨਾਂ ਬੇਟੀਆਂ ਦੇ ਚਿਹਰੇ ਆ ਗਏ ਸਨ, ਜਿਨ੍ਹਾਂ ਦੇ ਦੰਦਾਂ 'ਤੇ ਤਾਰਾਂ ਪੈਣੀਆਂ ਸਨ। ਜਿਸਦਾ ਖਰਚ ਦਸ-ਦਸ ਹਜ਼ਾਰ ਡਾਲਰ ਸੀ। ਕੁਝ ਸਾਲਾਂ ਨੂੰ ਉਨ੍ਹਾਂ ਨੇ ਵਿਸ਼ਵਵਿਦਿਆਲਿਆਂ 'ਚ ਪੜ੍ਹਨ ਜਾਣਾ ਸੀ। ਸੰਭਾਵੀ ਖਰਚਿਆਂ ਬਾਰੇ ਸੋਚ ਕੇ ਮੈਂ ਰਿਪੋਰਟ ਬਾਰੇ ਚੁੱਪ ਵੱਟ ਲਈ ਸੀ। ਆਪਣੇ ਆਪ ਨੂੰ ਤਸੱਲੀ ਦੇਣ ਲਈ ਮੈਂ ਸੋਚ ਲਿਆ ਸੀ ਕਿ ਮੈਂ ਕਿਹੜਾ ਉਨ੍ਹਾਂ ਕੁੜੀਆਂ ਨੂੰ ਦੇਖਿਆ ਸੀ। ਹੋ ਸਕਦਾ ਹੈ ਕਿ ਕਿਸੇ ਨੇ ਗ਼ਲਤ ਹੀ ਫੋਨ ਕਰ ਦਿੱਤਾ ਹੋਵੇ। ਪਰ ਮੇਰਾ ਮਨ ਨਹੀਂ ਸੀ ਮੰਨਦਾ ਕਿ ਇਹ ਝੂਠੀ ਖਬਰ ਸੀ। ਦੱਸਣ ਵਾਲੀ ਨੇ ਦੱਸਿਆ ਸੀ ਕਿ ਦੋਨੋਂ ਕੁੜੀਆਂ ਇਕ ਬੇਸਮੈਂਟ ਵਿਚ ਰਹਿੰਦੀਆਂ ਸਨ। 'ਸ਼ਰਤੀਆ ਇਮੀਗਰੇਸ਼ਨ' ਰਾਹੀਂ ਵਾਇਆ 'ਬਰਾਈਟ ਸਟਾਰ ਕਾਲਿਜ' 'ਪੰਜਾਬੀ ਮੱਠੀ' ਦੁਕਾਨ 'ਤੇ ਕੰਮ ਕਰਦੀਆਂ ਸਨ। ਚਾਲ਼ੀ ਚਾਲ਼ੀ ਹਜ਼ਾਰ ਵਿਚ ਉੱਥੋਂ ਉਨ੍ਹਾਂ ਨੂੰ ਵਰਕ ਪਰਮਿਟ ਮਿਲਣਾ ਸੀ। ਤੀਹ ਹਜ਼ਾਰ ਪਹਿਲਾਂ। ਦਸ ਹਜ਼ਾਰ ਤਨਖਾਹ ਵਿਚੋਂ। ਦੋਨਾਂ ਵਿਚੋਂ ਇਕ ਕੁੜੀ ਦੀ ਘਰੋਂ ਮਾੜੀ ਹਾਲਤ ਸੀ। ਤੀਹ ਹਜ਼ਾਰ ਨਹੀਂ ਸੀ ਮੰਗਵਾ ਸਕਦੀ। ਉਹ ਤਿਲਕ ਗਈ। 'ਪੰਜਾਬੀ ਮੱਠੀ' ਦੇ ਮਾਲਕ ਨਾਲ ਉਸਦੇ ਸਰੀਰਕ ਸੰਬੰਧ ਬਣ ਗਏ। ਉਹ ਗਰਭਵਤੀ ਹੋ ਗਈ। ਡਰੀ ਹੋਈ ਕੁੜੀ ਦੇਸੀ ਨੁਖਸੇ ਵਰਤ ਕੇ ਗਰਭ ਗਿਰਾਉਣ ਦੇ ਆਹਰ ਵਿਚ ਲੱਗੀ ਰਹੀ। ਜਦੋਂ 'ਪੰਜਾਬੀ ਮੱਠੀ' ਦੇ ਮਾਲਕ ਨੇ ਉਸ ਨੂੰ ਜ਼ੋਰ ਪਾ ਕੇ ਗਰਭਪਾਤ ਕਰਵਾਉਣ ਲਈ ਭੇਜਿਆ, ਉਦੋਂ ਤਕ ਸਮਾਂ ਲੰਘ ਚੁੱਕਾ ਸੀ। ਕੁੜੀ ਕੋਲ ਹਸਪਤਾਲ ਜਾਣ ਜੋਗਾ ਬੀਮਾ ਵੀ ਨਹੀਂ ਸੀ ਤੇ ਬਦਨਾਮੀ ਦੇ ਡਰੋਂ ਉਸ ਨੇ ਬੇਸਮੈਂਟ ਵਿਚ ਹੀ ਬੱਚੇ ਨੂੰ ਜਨਮ ਦੇਣ ਬਾਰੇ ਸੋਚ ਲਿਆ। ਉਸ ਦਾ ਵਿਚਾਰ ਸੀ, ਜਨਮ ਦੇ ਕੇ ਬੱਚੇ ਨੂੰ ਕਿਸੇ ਹਸਪਤਾਲ ਮੂਹਰੇ ਰੱਖ ਆਵੇਗੀ। ਦੂਜੀ ਕੁੜੀ ਜਣੇਪੇ ਵਿਚ ਸਹਾਇਤਾ ਕਰ ਰਹੀ ਸੀ। ਬੱਚੇ ਦੀ ਜਨਮ ਦੌਰਾਨ ਮੌਤ ਹੋ ਗਈ। ਉਨ੍ਹਾਂ ਨੇ ਕਾਲ਼ੇ ਮੋਮਜਾਮੇ ਦੇ ਬੈਗ ਵਿਚ ਲਪੇਟ ਕੇ ਬੱਚਾ ਕੂੜੇ ਵਿਚ ਸੁੱਟ ਦਿੱਤਾ। ਅਪਰਾਧ ਬੋਧ ਨਾਲ ਗ੍ਰੱਸੀ ਸਹਾਇਤਾ ਕਰਨ ਵਾਲੀ ਕੁੜੀ ਹਮੇਸ਼ਾ ਡਰ ਵਿਚ ਰਹਿੰਦੀ ਸੀ ਕਿ ਪੁਲੀਸ ਉਸ ਨੂੰ ਇਕ ਦਿਨ ਫੜ ਲਵੇਗੀ ਤੇ ਜੇਲ੍ਹ ਵਿਚ ਬੰਦ ਕਰ ਦੇਵੇਗੀ। ਉਸ ਕੁੜੀ ਦੀ ਨਜ਼ਦੀਕੀ ਰਿਸ਼ਤੇਦਾਰ ਨੇ ਹੀ ਮੈਨੂੰ ਫੋਨ ਕਰ ਕੇ ਦੱਸਿਆ ਸੀ।

ਤੇ 'ਕਨੇਡਾ ਹੈਰਲਡ' ਵਿਚ ਰਿਪੋਰਟ ਪੜ੍ਹ ਕੇ ਮੈਨੂੰ ਲੱਗਾ ਕਿ ਕੁਦਰਤ ਨੇ ਆਪ ਹੀ ਮੌਕਾ ਬਣਾ ਦਿੱਤਾ ਸੀ ਕਿ ਲੋਕਾਂ ਨੂੰ ਉਸ ਗ੍ਰੋਹ ਬਾਰੇ ਪਤਾ ਲੱਗ ਜਾਵੇ। ਪਰ ਗਿਰੀਸ਼ ਨੇ ਉਸ ਖਬਰ ਨੂੰ ਪ੍ਰਸਾਰਤ ਕਰਨ ਤੋਂ ਰੋਕ ਦਿੱਤਾ ਸੀ। ਦੁਪਹਿਰ ਦੀਆਂ ਖਬਰਾਂ ਤੋਂ ਕੁਝ ਮਿੰਟ ਪਹਿਲਾਂ ਗਿਰੀਸ਼ ਆਪ ਖਬਰ

ਲਿਖ ਕੇ ਲਿਆਇਆ ਤੇ ਬੋਲਿਆ, "ਬਾਰਾਂ ਵਾਲੀਆਂ ਖਬਰਾਂ ਵਿਚ ਇਹ ਖਬਰ ਵਿਚਕਾਰ ਜਿਹੇ ਦੇ ਦੇਣੀ।" ਮੈਂ ਖਬਰ ਨੂੰ ਪੜ੍ਹਿਆ। ਲਿਖਿਆ ਸੀ: 'ਕਨੇਡਾ ਹੈਰਲਡ' ਅਖ਼ਬਾਰ ਦੇ ਐਤਵਾਰੀ ਅੰਕ ਵਿਚ ਆਰਜ਼ੀ ਕਾਮਿਆਂ ਦੀ ਏਜੰਟਾਂ ਹੱਥੋਂ ਲੁੱਟ ਬਾਰੇ ਇਕ ਰੀਪੋਰਟ ਛਪੀ ਹੈ, ਜਿਸ ਵਿਚ ਹਰਨੇਕ ਸਿੰਘ 'ਤੇ ਕਿਸੇ ਨੇ ਦੋਸ਼ ਲਾਏ ਹਨ। ਅਸੀਂ ਹਰਨੇਕ ਸਿੰਘ ਦਾ ਪੱਖ ਜਾਨਣ ਲਈ ਉਨ੍ਹਾਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਅਤੇ ਇਸ ਰਿਪੋਰਟ ਨੂੰ ਝੂਠਾਂ ਦਾ ਪੁਲੰਦਾ ਕਿਹਾ। ਉਨ੍ਹਾਂ ਕਿਹਾ ਕਿ ਉਹ ਰਿਪੋਰਟਰ ਅਤੇ ਉਸ ਨੂੰ ਝੂਠਾ ਫਸਾਉਣ ਵਾਲੇ ਗਵਾਹਾਂ ਉੱਤੇ ਮਾਣਹਾਨੀ ਦਾ ਮੁਕੱਦਮਾ ਕਰਨ ਬਾਰੇ ਸੋਚ ਰਹੇ ਹਨ। ਇਸ ਨੋਟ ਵਿਚ 'ਸ਼ਰਤੀਆ ਇਮੀਗਰੇਸ਼ਨ' ਦਾ ਨਾਂ ਬਿਲਕੁਲ ਵੀ ਨਹੀਂ ਸੀ ਲਿਆ ਗਿਆ। ਮੇਰੇ ਅੰਦਰ ਉਬਾਲ ਉੱਠਿਆ ਸੀ ਪਰ ਮੈਂ ਉਸ ਨੂੰ ਕਿਨਾਰੇ ਤਕ ਨਹੀਂ ਸੀ ਆਉਣ ਦਿੱਤਾ ਅਤੇ ਮੈਂ ਉਹ ਖਬਰ ਉਸੇ ਤਰ੍ਹਾਂ ਹੀ, ਜਿਵੇਂ ਗਿਰੀਸ਼ ਨੇ ਲਿਖ ਕੇ ਦਿੱਤੀ ਸੀ, ਖਬਰਾਂ ਵਿਚ ਦੇ ਦਿੱਤੀ। ਪਰ ਮੈਨੂੰ ਆਪਣਾ ਆਪ ਝੂਠਾ ਝੂਠਾ ਲਗਦਾ ਰਿਹਾ।

ਝੂਠਾ ਝੂਠਾ ਮੈਨੂੰ ਉਸ ਦਿਨ ਵੀ ਲਗਦਾ ਰਿਹਾ ਸੀ, ਜਿਸ ਦਿਨ ਮੈਂ 'ਅੰਤਰਰਾਸ਼ਟਰੀ ਪਾੜ੍ਹਿਆਂ ਦਾ ਕੰਮ ਵਾਲੇ ਥਾਵਾਂ 'ਤੇ ਹੁੰਦਾ ਜਿਨਸੀ ਸੋਸ਼ਣ' ਬਾਰੇ ਪ੍ਰੋਗਰਾਮ ਕਰਨ ਲਈ ਗਿਰੀਸ਼ ਨਾਲ ਗੱਲ ਕੀਤੀ ਸੀ। ਉਨ੍ਹਾਂ ਕੁੜੀਆਂ ਦੀ ਗੱਲ ਮੇਰੇ ਦਿਮਾਗ਼ ਵਿਚੋਂ ਨਿਕਲ ਨਹੀਂ ਸੀ ਰਹੀ ਕਿ ਇਕ ਦਿਨ ਮੇਰਾ ਅਜਿਹੀ ਹੀ ਇਕ ਹੋਰ ਪੀੜਤ ਕੁੜੀ ਨਾਲ ਮੇਲ ਹੋ ਗਿਆ ਸੀ। ਉਹ ਮੇਰੇ ਭਰਾ ਦੀ ਬੇਸਮੈਂਟ ਵਿਚ ਰਹਿੰਦੀਆਂ ਕੁੜੀਆਂ ਵਿਚੋਂ ਇਕ ਸੀ। ਕੁੜੀ ਗਰਭਪਾਤ ਕਰਵਾ ਕੇ ਆਈ ਸੀ ਤੇ ਉਸਦੇ ਖੂਨ ਦਾ ਵਹਾਅ ਨਹੀਂ ਸੀ ਰੁਕ ਰਿਹਾ। ਡਰੀ-ਸਹਿਮੀ ਕੁੜੀ ਨੇ ਘਰ ਦੀ ਉਪਰਲੀ ਮੰਜ਼ਲ 'ਤੇ ਰਹਿੰਦੀ ਮੇਰੀ ਭਰਜਾਈ ਨਾਲ ਸੰਪਰਕ ਕੀਤਾ ਸੀ। ਮੇਰੀ ਭਰਜਾਈ ਨਰਸ ਹੈ। ਉਸ ਨੇ ਹੀ ਮੈਨੂੰ ਕੁੜੀ ਨਾਲ ਮਿਲਾਇਆ ਸੀ ਤੇ ਤਾਕੀਦ ਕੀਤੀ ਸੀ ਕਿ 'ਛੱਟਾ ਚਾਨਣਾਂ ਦਾ' ਪ੍ਰੋਗਰਾਮ ਵਿਚ ਮੈਂ ਇਸ ਵਿਸ਼ੇ 'ਤੇ ਜ਼ਰੂਰ ਹੀ ਗੱਲਬਾਤ ਕਰਾਂ। ਕੁੜੀ ਨੇ ਮੈਨੂੰ ਦੱਸਿਆ ਸੀ ਕਿ 'ਸ਼ਰਤੀਆ ਇਮੀਗਰੇਸ਼ਨ' ਵਾਲਾ ਹਰਨੇਕ ਉਸ ਨੂੰ ਆਪਣੇ ਨਾਲ ਕਈ ਵਾਰ ਆਪਣੀ ਬੈਂਟਲੀ ਕਾਰ ਵਿਚ ਨੇੜਲੇ ਸ਼ਹਿਰਾਂ ਵਿਚ ਘੁਮਾਉਣ ਲਈ ਲੈ ਕੇ ਗਿਆ ਸੀ। ਮੈਨੂੰ ਮਿਲਣ ਸਾਰ ਕੁੜੀ ਨੇ ਹੱਥ ਬੰਨ੍ਹ ਕੇ ਪਹਿਲੀ ਤਾਕੀਦ ਇਹੀ ਕੀਤੀ ਸੀ ਕਿ ਉਸਦਾ ਨਾਂ ਪਤਾ ਕਿਸੇ ਨਾਲ ਸਾਂਝਾ ਨਾ ਕੀਤਾ ਜਾਵੇ। ਭਾਵੇਂ ਇਸ ਬਾਰੇ ਉਸ ਨੂੰ ਮੇਰੀ ਭਰਜਾਈ ਨੇ ਪਹਿਲਾਂ ਹੀ ਭਰੋਸਾ ਦਿਵਾ ਦਿੱਤਾ ਸੀ। ਅਠਾਰਾਂ-ਉਨ੍ਹੀ ਸਾਲ ਦੀ ਕੁੜੀ, ਜਿਹੜੀ ਦੇਖਣ ਵਿਚ ਮਸਾਂ ਪੰਦਰਾਂ-ਸੋਲ਼ਾਂ ਦੀ ਲਗਦੀ ਸੀ। ਮਾਸੂਮ ਚਿਹਰਾ ਮੇਰੇ ਦਿਮਾਗ਼ ਵਿਚ ਅੜ ਗਿਆ। ਇਸ ਵਿਸ਼ੇ 'ਤੇ ਪ੍ਰੋਗਰਾਮ ਕਰਨ ਲਈ ਮੈਂ ਗਿਰੀਸ਼ ਨਾਲ ਗੱਲ ਤੋਰੀ। ਉਹ ਇਕ ਦਮ ਚੁੱਪ ਕਰ ਗਿਆ। ਮੈਂ ਆਪਣੀ ਗੱਲ ਮਨਾਉਣ ਲਈ ਦਲੀਲ ਦਿੱਤੀ, "ਗਿਰੀਸ਼ ਜੀ, ਆਪਾਂ ਕਿਸੇ ਦਾ ਵੀ ਨਾਂ ਨਹੀਂ ਲੈਣਾ। ਇਸ ਵਿਸ਼ੇ 'ਤੇ ਆਮ ਗੱਲ ਕਰਾਂਗੇ।"

"ਹਰਦੀਪ, ਸਾਰੇ ਸਿਸਟਮ ਨੂੰ ਸਮਝਣ ਦੀ ਲੋੜ ਆ। ਕਨੇਡਾ ਦੇ ਛੋਟੇ ਸ਼ਹਿਰਾਂ ਵਿਚ ਬਹੁਤ ਸਾਰੇ ਕਾਲਿਜਾਂ ਨੇ, ਇਨ੍ਹਾਂ ਇੰਟਰਨੈਸ਼ਨਲ ਸਟੂਡੈਂਟਾਂ ਲਈ ਦਰਵਾਜ਼ੇ ਖੋਲ੍ਹੇ ਹੋਏ ਆ ਪਰ ਇਹ ਉੱਥੇ ਨਹੀਂ ਜਾਂਦੇ। ਪਤੈ ਕਿਉਂ ਉਹ ਟਰਾਂਟੋ, ਵੈਨਕੂਵਰ ਜਾਂ ਕੈਲਗਿਰੀ ਵਰਗੇ ਸ਼ਹਿਰਾਂ ਨੂੰ ਭੱਜਦੇ ਆ? ਸੋਚਣ ਵਾਲੀ ਗੱਲ ਐ।" ਉਹ ਰੁਕ ਕੇ ਆਪ ਹੀ ਬੋਲਿਆ, "ਕਿਉਂਕਿ ਵੱਡੇ ਸ਼ਹਿਰਾਂ ਵਿਚ ਸਾਡੇ ਪੰਜਾਬੀਆਂ ਦੇ ਬਿਜ਼ਨਸ ਹਨ, ਜਿਹੜੇ ਏਨ੍ਹਾਂ ਨੂੰ ਪੀ ਆਰ ਦਿਵਾਉਣ ਲਈ ਸਹਾਈ ਹੁੰਦੇ ਹਨ।"

"ਪਰ ਇਹ ਬਿਜ਼ਨਸ ਸਟੂਡੈਂਟਾਂ ਦੇ ਹਾਲਾਤ ਦਾ ਨਾਜਾਇਜ਼ ਫਾਇਦਾ ਉਠਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ।"

"ਕੌਣ ਕਿਸ ਦੀ ਲੁੱਟ ਕਰਦੈ, ਇਹ ਆਪਾਂ ਨੂੰ ਕੀ ਪਤੈ? ਹੋ ਸਕਦਾ ਐ ਕਿ ਇਹ ਸਟੂਡੈਂਟ ਆਪਣੇ ਕੰਮ-ਮਾਲਕਾਂ ਨਾਲ ਛਲ ਕਰਦੇ ਹੋਣ ਫਾਇਦਾ ਲੈਣ ਲਈ। ਆਪਾਂ ਇਸ ਝੰਜਟ ਵਿਚ



ਕਿਉਂ ਪੈਣਾ। ਕੀ ਹਾਸਿਲ ਕਰਾਂਗੇ ਇਸ ਬਾਰੇ ਰੇਡੀਓ 'ਤੇ ਗੱਲਬਾਤ ਕਰ ਕੇ? ਸੋਚਣ ਵਾਲੀ ਗੱਲ ਐ। ਕਿਸੇ ਸਟੂਡੈਂਟ ਨੇ ਆਪਣਾ ਅਸਲੀ ਨਾਂ-ਪਤਾ ਨਹੀਂ ਦੱਸਣਾ। ਇਨ੍ਹਾਂ ਪਿੱਛੇ ਅਸੀਂ ਇਸ਼ਤਿਹਾਰ ਦੇਣ ਵਾਲਿਆਂ ਨੂੰ ਨਰਾਜ਼ ਕਰ ਲੈਣਾ।"

ਗਿਰੀਸ਼ ਦੀ ਆਵਾਜ਼ ਦੀ ਟੋਨ ਤੋਂ ਮੈਂ ਸਮਝ ਗਿਆ ਕਿ ਇਸ ਬਾਰੇ ਹੋਰ ਗੱਲ ਕਰਨ ਦਾ ਕੋਈ ਫਾਇਦਾ ਨਹੀਂ ਹੋਣਾ। ਮੈਂ ਚੁੱਪ ਕਰ ਗਿਆ। ਉਹ ਫਿਰ ਬੋਲਿਆ, "ਰੇਡੀਓ ਸਟੇਸ਼ਨ ਦਿਲਾਂ ਨਾਲ ਨਹੀਂ, ਦਿਮਾਗ਼ ਨਾਲ ਚੱਲਦੇ ਆ।"

ਉਸ ਦਿਨ ਤਾਂ ਮੈਂ ਆਪਣੇ ਆਪ ਨੂੰ ਸਮਝਾ ਲਿਆ ਸੀ ਪਰ ਅੱਜ ਫਿਰ ਜਦੋਂ ਦਾ ਗਿਰੀਸ਼ ਮੈਨੂੰ ਦੱਸ ਕੇ ਗਿਆ ਸੀ ਕਿ ਮੇਰੇ ਪ੍ਰੋਗਰਾਮ ਵਿਚ 'ਸ਼ਰਤੀਆ ਇਮੀਗ੍ਰੇਸ਼ਨ' ਵਾਲਾ ਹਰਨੇਕ ਆ ਰਿਹਾ ਸੀ ਤਾਂ ਮੇਰੇ ਦਿਮਾਗ਼ ਵਿਚ ਮੇਰੇ ਭਰਾ ਦੇ ਘਰ ਦੀ ਬੇਸਮੈਂਟ ਵਿਚ ਰਹਿੰਦੀ ਕੁੜੀ ਦਾ ਚਿਹਰਾ ਘੁੰਮਣ ਲੱਗਿਆ ਸੀ, ਜਿਸ ਦੇ ਗਰਭਪਾਤ ਤੋਂ ਬਾਅਦ ਉਸ ਨੂੰ ਮੇਰੀ ਭਰਜਾਈ ਨੇ ਸੰਭਾਲਿਆ ਸੀ। ਮੇਰੇ ਅੰਦਰ ਉਹ ਰਾਤਾਂ ਘੁੰਮਣ ਲੱਗੀਆਂ, ਜਿਹੜੀਆਂ ਮੈਂ ਬੇਚੈਨੀ ਵਿਚ ਉੱਸਲਵੱਟੇ ਲੈਂਦਿਆਂ ਕੱਟੀਆਂ ਸਨ, ਜਦੋਂ ਮੈਨੂੰ ਪ੍ਰਸੂਤੀ ਪੀੜਾਂ ਵਿਚੋਂ ਗੁਜ਼ਰਦੀ ਬਾਲੜੀ ਦਿਸਦੀ ਸੀ। ਉਸ ਅਣਦੇਖੀ ਕੁੜੀ ਦੇ ਥਾਂ ਮੈਨੂੰ ਗਰਭਪਾਤ ਕਰਵਾਉਣ ਵਾਲੀ ਕੁੜੀ ਦਾ ਚਿਹਰਾ ਦਿਸਦਾ। ਦਰਦ ਨਾਲ ਕਰਾਹੁੰਦੀ ਪਰ ਇਸ ਗੱਲੋਂ ਸੁਚੇਤ ਕਿ ਉਸਦੀ ਕੁਰਲਾਹਟ ਕੰਧਾਂ ਤੋਂ ਪਾਰ ਉੱਪਰ ਮਕਾਨ ਮਾਲਕਾਂ ਨੂੰ ਨਾ ਸੁਣੇ। ਅੱਖਾਂ ਵਿਚੋਂ ਹੰਝੂਆਂ ਦੀਆਂ ਧਰਾਲਾਂ, ਬੁੱਲ੍ਹ ਦੰਦਾਂ ਵਿਚ ਨਪੀੜੇ ਹੋਏ। ਮੁੱਠੀਆਂ ਘੁੱਟੀਆਂ ਹੋਈਆਂ। ਪੀੜ ਨਾਲ ਵਿਆਕੁਲ ਸਿਰ ਨੂੰ ਐਧਰ ਓਧਰ ਮਾਰਦੀ। ਮੇਰੇ ਅੱਗੋਂ ਮੇਰੀ ਪਲੇਠੀ ਧੀ ਦੇ ਜਨਮ ਵੇਲੇ ਦਰਦ ਨਾਲ ਕਰਾਹੁੰਦੀ ਮੇਰੀ ਪਤਨੀ ਦੀ ਹਾਲਤ ਲੰਘ ਜਾਂਦੀ। ਮੇਰੀ ਪਤਨੀ ਦੇ ਦੁਆਲੇ ਡਾਕਟਰ ਸੀ, ਨਰਸ ਸੀ, ਮੈਂ ਸੀ। ਉਸ ਨੂੰ ਹੌਂਸਲਾ ਦਿੰਦੇ। ਪਤਨੀ ਅੰਦਰ ਮਾਂ ਬਣਨ ਦੀ ਖੁਸ਼ੀ ਸੀ ਤੇ ਉਹ ਬਾਲੜੀ, ਜਿਸ ਨੂੰ ਪ੍ਰਸੂਤ ਬਾਰੇ ਕੋਈ ਜਾਣਕਾਰੀ ਨਹੀਂ ਹੋਵੇਗੀ। ਉਸ ਉੱਪਰ ਅਪਰਾਧ ਬੋਧ ਹੋਵੇਗਾ, ਫੜੀ ਜਾਣ ਦਾ ਡਰ, ਮਾਪਿਆਂ ਨੂੰ ਪਤਾ ਲੱਗਣ ਦਾ ਡਰ, ਕਨੇਡਾ ਵਿਚੋਂ ਦੇਸ਼ ਨਿਕਾਲੇ ਦਾ ਡਰ, ਧੁੰਦਲੇ ਭਵਿੱਖ ਦਾ ਡਰ ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਡਰਾਂ ਨਾਲ ਗ੍ਰਸਤ ਉਹ ਅਣਚਾਹੇ ਬੱਚੇ ਨੂੰ ਜਨਮ ਦੇਣ ਲਈ ਜੂਝੀ ਹੋਵੇਗੀ। ਇਹ ਸਭ ਸੋਚ ਕੇ ਮੈਂ ਡਰ ਨਾਲ ਕੰਬ ਜਾਂਦਾ। ਮੈਂ ਸੋਚਣ ਲੱਗਦਾ ਕਿ ਕੌਣ ਸੀ ਦੋਸ਼ੀ ਕੁੜੀ ਨੂੰ ਇਸ ਦਲਦਲ ਵਿਚ ਧੱਕਣ ਲਈ। ਤੇ ਜਿਸ ਬੰਦੇ ਨੂੰ ਮੈਂ ਹੋਰਾਂ ਦੇ ਨਾਲ ਨਾਲ ਇਸ ਲਈ ਜ਼ਿੰਮੇਵਾਰ ਸਮਝਦਾ ਸੀ, ਉਹ ਮੇਰੇ ਪ੍ਰੋਗਰਾਮ 'ਛੱਟਾ ਚਾਨਣਾਂ ਦਾ' ਵਿਚ ਆ ਰਿਹਾ ਸੀ। ਮੇਰੇ ਬੌਸ ਨੇ ਉਸ ਦੇ ਜਾਲ਼ ਦੀਆਂ ਤੰਦਾਂ ਨੂੰ ਹੋਰ ਵਿਛਾਉਣ ਲਈ ਮੇਰੀ ਜ਼ਿੰਮੇਵਾਰੀ ਲਾਈ ਸੀ। ਮੈਂ ਉਸ ਵੱਲੋਂ ਆਏ ਪ੍ਰਸ਼ਨਾਂ ਨੂੰ ਪੜ੍ਹ ਰਿਹਾ ਸੀ। ਉਨ੍ਹਾਂ ਨੂੰ ਯਾਦ ਕਰ ਰਿਹਾ ਸੀ ਤਾਂ ਕਿ ਜਦੋਂ ਮੈਂ ਇਹ ਪ੍ਰਸ਼ਨ ਪੁੱਛਾਂ, ਇਸ ਤਰ੍ਹਾਂ ਲੱਗਣ ਕਿ ਮੈਂ ਇਹ ਲਿਖੇ ਹੋਏ ਨਹੀਂ ਪੜ੍ਹ ਰਿਹਾ ਸਗੋਂ ਮੇਰੇ ਦਿਮਾਗ਼ ਵਿਚੋਂ ਨਿਕਲੇ ਹੋਣ। ਪ੍ਰੋਗਰਾਮ ਸ਼ੁਰੂ ਹੋਣ ਵਿਚ ਦਸ ਕੁ ਮਿੰਟ ਰਹਿੰਦੇ ਸਨ ਜਦੋਂ ਬਾਗ਼ਬਾਨ ਹਰਜਿੰਦ ਪਹੁੰਚ ਗਿਆ। ਪ੍ਰੋਗਰਾਮ ਵਿਚ ਹੋਈ ਤਬਦੀਲੀ ਬਾਰੇ ਉਸ ਤੋਂ ਮਾਫੀ ਮੰਗ ਕੇ ਮੈਂ ਬੇਨਤੀ ਕੀਤੀ, "ਹਰਜਿੰਦ ਜੀ, ਜੇ ਤੁਹਾਨੂੰ ਇਤਰਾਜ਼ ਨਹੀਂ ਤਾਂ ਤੁਸੀਂ ਇਕ ਘੰਟਾ ਬੈਠ ਕੇ ਉਡੀਕ ਕਰ ਲਵੋ। ਇਸ ਪ੍ਰੋਗਰਾਮ ਤੋਂ ਬਾਅਦ ਆਪਾਂ ਤੁਹਾਡੀ ਇੰਟਰਵਿਊ ਰਿਕਾਰਡ ਕਰ ਲਵਾਂਗੇ। ਉਹ ਕੱਲ੍ਹ ਨੂੰ ਪ੍ਰਸਾਰਤ ਕਰ ਦੇਵਾਂਗੇ।"

"ਇਸ ਵਿਚ ਕੀ ਏ? ਮੈਂ ਫਰੀ ਈ ਆਂ। ਇੱਥੇ ਬੈਠ ਕੇ ਉਡੀਕ ਕਰ ਲੈਨਾਂ", ਹਰਜਿੰਦ ਨੇ ਕਿਹਾ। ਮੈਂ ਉਸ ਨੂੰ ਸਟੂਡੀਓ ਦੇ ਨਾਲ ਬਣੀ ਬੈਠਕ ਵਿਚ ਲੈ ਗਿਆ। ਇਸ ਕਮਰੇ ਅਤੇ ਸਟੂਡੀਓ ਵਿਚਕਾਰ ਸ਼ੀਸ਼ੇ ਦੀ ਕੰਧ ਹੈ। ਸਟੂਡੀਓ ਵਿਚ ਬੈਠਿਆਂ ਬੈਠਕ ਵਿਚ ਬੈਠੇ ਮਹਿਮਾਨ ਦਿਸਦੇ ਰਹਿੰਦੇ ਹਨ। ਹਰਜਿੰਦ ਬੈਠ ਕੇ ਕਾਫੀ ਪੀਣ ਲੱਗਾ ਅਤੇ ਮੈਂ ਆਪਣੇ ਸਟੂਡੀਓ ਵਿਚ ਚਲਾ ਗਿਆ। ਹਰਨੇਕ ਆ ਗਿਆ ਸੀ। ਉਹ ਗਿਰੀਸ਼ ਦੇ ਦਫ਼ਤਰ ਵਿਚ ਬੈਠਾ ਸੀ। ਪ੍ਰੋਗਰਾਮ ਦੇ ਸ਼ੁਰੂ ਵਿਚ ਕੁਝ

ਸੂਚਨਾਵਾਂ ਦੇਣੀਆਂ ਹੁੰਦੀਆਂ ਹਨ ਤੇ ਫਿਰ ਕੁਝ ਮਿੰਟ ਇਸ਼ਤਿਹਾਰ, ਇਸ ਦੌਰਾਨ ਉਸ ਨੇ ਸਟੂਡੀਓ ਵਿਚ ਆ ਜਾਣਾ ਸੀ। ਮੈਂ ਆਪਣੇ ਆਪ ਨੂੰ ਤਕੜਾ ਕਰ ਰਿਹਾ ਸੀ ਕਿ ਪੀੜਤ ਕੁੜੀਆਂ ਦੇ ਡਰੇ ਸਹਿਮੇ ਚਿਹਰੇ ਮੇਰੀਆਂ ਅੱਖਾਂ ਅੱਗੇ ਨਾ ਆਉਣ। ਹਰਜਿੰਦ ਨੇ ਭਾਵੇਂ ਆਖ ਦਿੱਤਾ ਸੀ ਕਿ ਉਹ ਵਿਹਲਾ ਹੀ ਸੀ ਪਰ ਮੈਨੂੰ ਬੁਰਾ ਲੱਗ ਰਿਹਾ ਸੀ ਉਸ ਨੂੰ ਇਸ ਤਰ੍ਹਾਂ ਉਡੀਕ ਕਰਵਾਉਣਾ। ਮੇਰਾ ਜੀਅ ਕਰਦਾ ਸੀ ਕਿ ਇਹ ਪ੍ਰੋਗਰਾਮ ਛੇਤੀ ਛੇਤੀ ਮੁੱਕੇ ਅਤੇ ਮੈਂ ਹਰਜਿੰਦ ਨਾਲ ਪ੍ਰੋਗਰਾਮ ਰਿਕਾਰਡ ਕਰਾਂ। ਹਰਨੇਕ ਨੂੰ ਗਿਰੀਸ਼ ਸਟੂਡੀਓ ਤਕ ਛੱਡ ਕੇ ਵਾਪਸ ਮੁੜ ਗਿਆ। ਖਾਸ ਮਹਿਮਾਨਾਂ ਨੂੰ ਉਹ ਆਪ ਸਟੂਡੀਓ ਤਕ ਛੱਡ ਕੇ ਜਾਂਦਾ। ਮਹਿੰਗੀਆਂ ਐਨਕਾਂ ਅਤੇ ਕੱਪੜਿਆਂ ਵਿਚ ਸਜੇ-ਫਬੇ ਹਰਨੇਕ ਨੇ ਸੋਨੇ ਦੀ ਮੋਟੀ ਚੇਨ ਵਾਲੀ ਬਾਂਹ ਵਾਲਾ ਹੱਥ ਵਧਾਇਆ। ਕੁਰਸੀ ਤੋਂ ਅੱਧਾ ਕੁ ਉੱਠ ਕੇ ਮੈਂ ਉਸ ਨਾਲ ਹੱਥ ਮਿਲਾਇਆ। ਉਸ ਨੇ ਬੜੀ ਗਰਮਜੋਸ਼ੀ ਨਾਲ ਹੱਥ ਘੁੱਟਿਆ। ਮੈਂ ਜ਼ੋਰ ਲਾ ਕੇ ਮਰੀ ਜਿਹੀ ਆਵਾਜ਼ ਵਿਚ ਕਿਹਾ, "ਆਓ ਜੀ, ਸਵਾਗਤ ਹੈ।" ਫਿਰ ਰਸਮੀ ਜਿਹਾ ਪੁੱਛਿਆ, "ਤਿਆਰ ਹੋ? ਕਰੀਏ ਸ਼ੁਰੂ?"

"ਔਫ ਕੋਰਸ", ਉਸ ਨੇ ਮੁਸਕਰਾ ਕੇ ਕਿਹਾ। ਉਸਦੇ ਆਤਮ ਵਿਸ਼ਵਾਸ ਨੂੰ ਦੇਖ ਕੇ ਮੇਰਾ ਅੰਦਰ ਰਿੱਝਿਆ। ਪਰ ਮੈਂ ਆਪਣੇ ਆਪ 'ਤੇ ਕਾਬੂ ਪਾ ਕੇ ਲਿਸਟ ਵਿਚੋਂ ਉਸ ਨੂੰ ਪਹਿਲਾ ਪ੍ਰਸ਼ਨ ਪੁੱਛਿਆ।"ਹਰਨੇਕ ਜੀ, ਜਿਵੇਂ ਸਾਰੇ ਜਾਣਦੇ ਹੀ ਹਨ ਕਿ ਤੁਸੀਂ ਭਾਈਚਾਰੇ ਦੀ ਬਹੁਤ ਸਾਲਾਂ ਤੋਂ ਸੇਵਾ ਕਰਦੇ ਆ ਰਹੇ ਹੋ। ਅੱਜ ਸਾਨੂੰ ਵਿਸਥਾਰ ਵਿਚ ਦੱਸੋ ਕਿ ਤੁਸੀਂ ਕਿੰਨੀ ਦੇਰ ਤੋਂ ਇਸ ਕਿੱਤੇ ਵਿਚ ਹੋ ਅਤੇ ਕਿੰਨੇ ਲੋਕ ਤੁਹਾਡੇ ਰਾਹੀਂ ਕਨੇਡਾ ਪਹੁੰਚ ਚੁੱਕੇ ਹਨ?" ਹਰਨੇਕ ਲੰਮੇ ਚੌੜੇ ਵਿਸਥਾਰ ਨਾਲ ਜਵਾਬ ਦੇ ਰਿਹਾ ਸੀ। ਮੈਨੂੰ ਉਸਦੇ ਜਵਾਬ ਵਿਚ ਕੋਈ ਦਿਲਚਸਪੀ ਨਹੀਂ ਸੀ। ਮੈਂ ਕਿਹੜਾ ਉਸਦੇ ਜਵਾਬ ਵਿਚੋ ਅਗਲਾ ਸਵਾਲ ਕੱਢਣਾ ਸੀ, ਉਹ ਤਾਂ ਮੇਰੇ ਅੱਗੇ ਲਿਖਿਆ ਪਿਆ ਸੀ। ਕੁਝ ਦੇਰ ਬਾਅਦ ਮੈਂ ਬੈਠਕ ਵੱਲ ਨਿਗ੍ਹਾ ਮਾਰ ਲੈਂਦਾ। ਹਰਜਿੰਦ ਪ੍ਰੋਗਰਾਮ ਸੁਣ ਰਿਹਾ ਸੀ। ਹਰਨੇਕ ਪੂਰੇ ਜੋਸ਼ ਨਾਲ ਆਪਣੇ ਵਪਾਰ ਦੀ ਮਸ਼ਹੂਰੀ ਕਰ ਰਿਹਾ ਸੀ। ਮੇਰੇ ਅੰਦਰ ਉਸਦਾ ਆਤਮ ਵਿਸ਼ਵਾਸ ਰੜਕ ਰਿਹਾ ਸੀ। ਮੇਰੇ ਚਿੱਤ ਵਿਚ ਆਈ ਕਿ ਇਸ ਨੂੰ ਦੱਸਾਂ ਜ਼ਰੂਰ ਕਿ ਮੈਨੂੰ ਉਸਦੇ ਕਾਲੇ ਕਾਰਨਾਮਿਆਂ ਬਾਰੇ ਪਤਾ ਹੈ। ਉਸਦੇ ਵਿਸਥਾਰ ਵਿਚ ਦਿੱਤੇ ਜਵਾਬ ਤੋਂ ਬਾਅਦ ਮੈਂ ਮਸ਼ਹੂਰੀਆਂ ਚਲਾ ਦਿੱਤੀਆਂ। ਇਹ ਵੀ ਸਾਡੇ ਰੇਡੀਓ ਸਟੇਸ਼ਨ ਦੀ ਨੀਤੀ ਹੀ ਹੈ ਕਿ ਇਸ਼ਤਿਹਾਰੀ ਮਹਿਮਾਨ ਵੀ ਸੁਣਨ ਵਾਲਿਆਂ ਨੂੰ ਇਸ ਤਰ੍ਹਾਂ ਲੱਗੇ ਕਿ ਉਸ ਨੂੰ ਸਰੋਤਿਆਂ ਨੂੰ ਜਾਣਕਾਰੀ ਦੇਣ ਲਈ ਮਾਹਰ ਵਜੋਂ ਬੁਲਾਇਆ ਗਿਆ ਹੈ। ਜਦੋਂ ਮਸ਼ਹੂਰੀਆਂ ਚੱਲ ਰਹੀਆਂ ਸਨ, ਮੈਂ ਆਪਣੀਆਂ ਅੱਖਾਂ ਹਰਨੇਕ ਦੇ ਚਿਹਰੇ 'ਤੇ ਟਿਕਾ ਕੇ ਕਿਹਾ, "ਸਾਨੂੰ ਬਹੁਤ ਫੋਨ ਆਉਣ ਲੱਗੇ ਨੇ ਕਿ ਵਿਜ਼ਟਰ ਜਾਂ ਸਟੂਡੈਂਟ ਵੀਜ਼ੇ 'ਤੇ ਆਏ ਲੋਕਾਂ ਦਾ ਕੰਮਾਂ ਵਾਲੇ ਥਾਵਾਂ 'ਤੇ ਜਿਨਸੀ ਸ਼ੋਸ਼ਣ ਹੁੰਦੈ।"

"ਸਟੂਡੈਂਟਾਂ ਨੂੰ ਇੱਥੇ ਆ ਕੇ ਮਾਪਿਆਂ ਤੋਂ ਨਵੀਂ ਨਵੀਂ ਆਜ਼ਾਦੀ ਮਿਲੀ ਹੁੰਦੀ ਐ। ਉਹ ਇਸਦਾ ਫਾਇਦਾ ਉਠਾਉਂਦੇ ਆ। ਸਾਰੇ ਆਪੋ ਆਪਣੀ ਗੇਮ ਖੇਲ੍ਹਦੇ ਆ। ਕੋਈ ਕਿਸੇ ਨਾਲ ਠੱਗੀ ਨਹੀਂ ਕਰਦਾ। ਇਹ ਆਪਸ ਵਿਚ ਏਨ੍ਹਾਂ ਦਾ ਲੈਣ-ਦੇਣ ਦਾ ਸੌਦਾ ਹੁੰਦੈ", ਹਰਨੇਕ ਨੇ ਠਰੰਮੇ ਨਾਲ ਜਵਾਬ ਦਿੱਤਾ।

ਮੇਰੇ ਦਿਮਾਗ਼ ਵਿਚ ਇਕ ਦਮ ਕੁੜੀ ਦਾ ਚਿਹਰਾ ਆ ਗਿਆ। ਮੇਰੇ ਚਿੱਤ 'ਚ ਆਈ ਕਿ ਪੁੱਛਾਂ ਕਿ ਜਿਹੜੀਆਂ ਕੁੜੀਆਂ ਨੂੰ ਕਨੇਡਾ ਵਿਚ ਪੱਕੇ ਕਰਵਾਉਣ ਵਿਚ ਮਦਦ ਕਰਨ ਦਾ ਲਾਰਾ ਲਾ ਕੇ ਬਾਹਰਲੇ ਸ਼ਹਿਰਾਂ 'ਚ ਲੈ ਕੇ ਜਾਨੈ, ਉਹ ਸ਼ੋਸ਼ਣ ਨਹੀਂ ਤਾਂ ਹੋਰ ਕੀ ਹੈ। ਮਸ਼ਹੂਰੀਆਂ ਦਾ ਸਮਾਂ ਮੁੱਕ ਗਿਆ ਸੀ ਤੇ ਮੈਂ ਮਾਈਕਰੋਫੋਨ ਚਲਾ ਕੇ ਪਰਚੇ ਵਿਚ ਲਿਖਿਆ ਹੋਇਆ ਅਗਲਾ ਪ੍ਰਸ਼ਨ ਪੁੱਛਿਆ, "ਜਿਹੜੇ ਇੱਥੇ ਵਿਜ਼ਟਰ ਆਉਂਦੇ ਹਨ, ਕੀ ਉਨ੍ਹਾਂ ਦੇ ਵੀ ਇੱਥੇ ਪੱਕੇ ਹੋਣ ਦੇ ਚਾਨਸ ਹੁੰਦੇ ਹਨ?"



"ਬਿਲਕੁਲ ਹੁੰਦੇ ਆ। ਬਹੁਤ ਵਧੀਆ ਸਵਾਲ ਪੁੱਛਿਆ ਹੈ ਤੁਸੀਂ। ਕਨੇਡਾ ਦੀ ਸਰਕਾਰ ਅੱਜ ਕਲ੍ਹ ਬਹੁਤ ਵਿਜ਼ਟਰ ਵੀਜ਼ੇ ਦੇ ਰਹੀ ਹੈ। ਇਨ੍ਹਾਂ ਵਿਜ਼ਟਰਾਂ ਨੂੰ ਅਸੀਂ ਇੱਥੇ ਵਰਕ ਪਰਮਿਟ ਦਿਵਾ ਕੇ ਪੱਕੇ ਕਰਵਾ ---।"

'ਤਾਂ ਕਿ ਇਨ੍ਹਾਂ ਵਰਕ ਪਰਮਿਟਾਂ 'ਚੋਂ ਤੁਸੀਂ ਗ਼ੈਰਕਾਨੂੰਨੀ ਮੋਟਾ ਕਮਿਸ਼ਨ ਲੈ ਸਕੋਂ,' ਮੇਰੇ ਚਿੱਤ 'ਚ ਆਈ। ਮੇਰੇ ਦਿਮਾਗ਼ ਵਿਚ ਇਕ ਵਿਜ਼ਟਰ ਦੀ ਗੱਲ ਆ ਗਈ। ਉਸ ਨੇ ਫੋਨ ਕਰਕੇ ਦੱਸਿਆ ਸੀ ਕਿ ਇਸੇ ਹਰਨੇਕ ਨੇ ਉਸ ਤੋਂ ਚਾਲ਼ੀ ਹਜ਼ਾਰ ਡਾਲਰ ਲੈ ਕੇ ਉਸ ਨੂੰ ਕਿਸੇ ਫਾਰਮ ਵਿਚ ਕੰਮ ਕਰਨ ਦਾ ਫਰਜ਼ੀ ਵਰਕ ਪਰਮਿਟ ਤਾਂ ਦਿਵਾ ਦਿੱਤਾ ਸੀ ਪਰ ਇਹ ਨਹੀਂ ਸੀ ਦੱਸਿਆ ਕਿ ਕਨੇਡਾ ਵਿਚ ਪੱਕੇ ਹੋਣ ਲਈ ਉਸ ਨੂੰ ਅੰਗਰੇਜ਼ੀ ਦੇ ਟੈਸਟ ਵਿਚੋਂ ਲੋੜੀਂਦੇ ਨੰਬਰ ਵੀ ਲੈਣੇ ਪੈਣੇ ਸਨ। ਉਸ ਅਨਪੜ੍ਹ ਆਦਮੀ ਨੇ ਪਿੱਛੇ ਪੰਜਾਬ ਵਿਚ ਆਪਣੀ ਜ਼ਮੀਨ ਵੇਚ ਕੇ ਵਰਕ ਪਰਮਿਟ ਖਰੀਦਣ ਦਾ ਪ੍ਰਬੰਧ ਕੀਤਾ ਸੀ ਤੇ ਉਹ ਹੁਣ ਕਿਸੇ ਪਾਸੇ ਦਾ ਨਹੀਂ ਸੀ ਰਿਹਾ। ਮੈਂ ਆਪਣਾ ਧਿਆਨ ਪਾਸੇ ਕਰਨ ਦੀ ਕੋਸ਼ਿਸ਼ ਕਰਨ ਲੱਗਾ ਪਰ ਮਨ ਹਰਨੇਕ ਪ੍ਰਤੀ ਕੁੜੱਤਣ ਨਾਲ ਭਰਿਆ ਪਿਆ ਸੀ। ਅਗਲੇ ਮਸ਼ਹੂਰੀਆਂ ਦੇ ਸਮੇਂ ਵਿਚ ਮੈਂ ਫਿਰ ਪੁੱਛ ਲਿਆ, "ਇਹ ਪ੍ਰਾਈਵੇਟ ਕਾਲਿਜਾਂ ਦੀ ਲੁੱਟ ਦੇ ਬੜੇ ਫੋਨ ਆਉਂਦੇ ਆ ਸਾਨੂੰ।"

ਉਹ ਬੋਲਿਆ, "ਹਰੇਕ ਬੰਦੇ ਨੇ ਆਪਣਾ ਮਾਲ ਵੇਚਣਾ ਹੁੰਦੈ। ਕੋਈ ਕਿਸੇ ਨੂੰ ਧੱਕੇ ਨਾਲ ਤਾਂ ਵੇਚ ਨਹੀਂ ਨਾ ਸਕਦਾ। ਲੋਕ ਖਰੀਦਦੇ ਹਨ ਤਾਂ ਹੀ ਅਗਲੇ ਵੇਚਦੇ ਹਨ। ਕਨੇਡਾ ਆਉਣ ਲਈ ਉਨ੍ਹਾਂ ਬੱਚਿਆਂ ਦਾ ਵੀ ਜੀਅ ਕਰਦੈ, ਜਿਹੜੇ ਸਰਕਾਰੀ ਕਾਲਿਜਾਂ ਵਿਚ ਦਾਖਲ ਹੋਣ ਜੋਗੇ ਨੰਬਰ ਨਹੀਂ ਲੈ ਸਕਦੇ। ਪ੍ਰਾਈਵੇਟ ਕਾਲਿਜਾਂ ਦਾ ਬਹੁਤ ਸਾਰੇ ਲੋਕਾਂ ਨੂੰ ਪੱਕੇ ਕਰਵਾਉਣ ਵਿਚ ਹੱਥ ਹੈ", ਬੋਲਦਾ ਉਹ ਰੁਕ ਗਿਆ। ਫਿਰ ਬੋਲਿਆ, "ਸਾਡੀ ਟੀਮ ਤੋਂ ਕਾਲਿਜਾਂ ਵਾਲਾ ਸਵਾਲ ਰਹਿ ਗਿਆ ਸੀ। ਤੁਸੀਂ ਰੇਡੀਓ 'ਤੇ ਪੁੱਛਿਓ ਕਿ ਕੀ ਪ੍ਰਾਈਵੇਟ ਕਾਲਿਜਾਂ ਵਿਚ ਦਾਖਲਾ ਲੈ ਕੇ ਵੀ ਪੱਕੇ ਹੋਇਆ ਜਾ ਸਕਦਾ ਹੈ।"

ਮੇਰਾ ਅੰਦਰ ਹੋਰ ਭਖ ਗਿਆ ਕਿ ਇਹ ਮੈਨੂੰ ਸਮਝ ਕੀ ਰਿਹਾ ਹੈ। ਪਰ ਮੈਂ ਆਪਣੀ ਡਿਊਟੀ ਕਰਨੀ ਸੀ। ਮਸ਼ਹੂਰੀਆਂ ਤੋਂ ਬਾਅਦ ਮੈਂ ਪ੍ਰਸ਼ਨ ਦੁਹਰਾ ਦਿੱਤਾ।

ਉਹ ਸ਼ੁਰੂ ਹੋ ਗਿਆ, "ਤੁਸੀਂ ਬਹੁਤ ਵਧੀਆ ਸਵਾਲ ਪੁੱਛਿਐ ਹਰਦੀਪ। ਬਿਲਕੁਲ ਪੱਕੇ ਹੋਇਆ ਜਾ ਸਕਦਾ ਹੈ। ਕਈ ਲੋਕ ਡਰਾ ਦਿੰਦੇ ਹਨ ਕਿ ਇਹ ਕਾਲਿਜ ਮਾਨਤਾ ਪ੍ਰਾਪਤ ਨਹੀਂ। ਪਰ ਡਰਨ ਦੀ ਲੋੜ ਨਹੀਂ। ਜੇ ਤੁਸੀਂ ਏਨ੍ਹਾਂ ਕਾਲਿਜਾਂ ਵਿਚ ਦਾਖਲਾ ਲੈ ਲਿਆ ਹੈ ਜਾਂ ਤੁਹਾਡੇ ਨਜ਼ਦੀਕੀ ਲੈਣ ਬਾਰੇ ਸੋਚ ਰਹੇ ਹਨ ਤਾਂ ਘਬਰਾਉਣ ਵਾਲੀ ਗੱਲ ਨਹੀਂ ਹੈ। ਅਸੀਂ ਵਰਕ ਪਰਮਿਟ ਲੈਣ ਵਿਚ ਪੂਰੀ ਸਹਾਇਤਾ ਕਰਾਂਗੇ---।"

ਮੈਨੂੰ ਪਤਾ ਸੀ ਕਿ ਬਹੁਤ ਸਾਰੇ ਪ੍ਰਾਈਵੇਟ ਕਾਲਿਜਾਂ ਵਿਚੋਂ ਪਾਸ ਹੋਏ ਵਿਦਿਆਰਥੀਆਂ ਨੂੰ ਖੁੱਲ੍ਹਾ ਵਰਕ ਪਰਮਿਟ ਨਹੀਂ ਸੀ ਮਿਲਦਾ। ਉਨ੍ਹਾਂ ਨੂੰ ਇਹ ਅਸਥਾਈ ਵਿਦੇਸ਼ੀ ਕਾਮਿਆਂ ਵਜੋਂ ਵਰਕ ਪਰਮਿਟ ਲੈ ਕੇ ਦੇਣ ਦੇ ਜਾਲ਼ ਵਿਚ ਫਸਾਉਂਦਾ ਸੀ। ਹਰਨੇਕ ਦੀਆਂ ਗੱਲਾਂ ਸੁਣ ਕੇ ਮੇਰੇ ਚਿੱਤ 'ਚ ਆਈ ਕਿ ਇਸ ਨੂੰ ਚੰਗਿਆੜੇ ਛੱਡਦੇ ਸਵਾਲ ਪੁੱਛਾਂ ਤੇ ਇਸ ਦੀ ਬਣਾਈ ਲੰਕਾ ਨੂੰ ਢਹਿ ਢੇਰੀ ਕਰ ਦੇਵਾਂ। ਇਕ ਵਾਰ ਤਾਂ ਚਿੱਤ 'ਚ ਆਈ ਕਿ ਦੇਖੀ ਜਾਊ ਜਿਹੜਾ ਕੁਝ ਹੋਊ, ਅੰਦਰਲੇ ਨੂੰ ਸੁਣ ਕੇ ਸਵਾਲ ਤਾਂ ਸੱਚੇ ਕਰਾਂ ਪਰ ਅਗਲੇ ਹੀ ਪਲ ਮੈਨੂੰ ਆਪਣੀ ਲੰਕਾ ਢਹਿੰਦੀ ਵੀ ਨਜ਼ਰ ਆਉਣ ਲੱਗੀ। ਇਸੇ ਤਰ੍ਹਾਂ ਕ੍ਰਿਝਦਿਆਂ ਮੈਂ ਬੈਠਕ ਵਿਚ ਬੈਠੇ ਹਰਜਿੰਦ ਵੱਲ ਨਿਗ੍ਹਾ ਮਾਰੀ। ਉਹ ਉੱਸਲਵੱਟੇ ਜਿਹੇ ਲੈ ਰਿਹਾ ਸੀ। ਮੈਂ ਤਰਲੇ ਭਰੀ ਮਾਫੀ ਜਾਚਨਾ ਵਾਲੀ ਮੁਸਕਰਾਹਟ ਦਿੱਤੀ ਕਿ ਕੁਝ ਦੇਰ ਹੋਰ ਉਡੀਕ ਕਰ ਲਵੇ। ਮੈਂ ਹਰਨੇਕ ਨੂੰ ਆਖਰੀ ਸਵਾਲ ਪੁੱਛਿਆ: ਸਾਡੇ ਸੁਣਨ ਵਾਲਿਆਂ ਨੂੰ ਵਿਸਥਾਰ ਨਾਲ ਦੱਸੋ ਕਿ ਕਿਹੜੇ ਕਿਹੜੇ ਤਰੀਕਿਆਂ ਨਾਲ ਉਹ ਆਪਣੇ ਰਿਸ਼ਤੇਦਾਰਾਂ

ਨੂੰ ਕਨੇਡਾ ਮੰਗਵਾ ਸਕਦੇ ਹਨ? ਪ੍ਰਸ਼ਨ ਪੁੱਛ ਕੇ ਮੈਂ ਫਿਰ ਬੈਠਕ ਵੱਲ ਦੇਖਿਆ। ਹਰਜਿੰਦ ਕਮਰੇ ਵਿਚ ਇੱਧਰ-ਉੱਧਰ ਗੇੜੇ ਕੱਢ ਰਿਹਾ ਸੀ। ਮੈਨੂੰ ਲੱਗਾ ਕਿ ਉਹ ਉਡੀਕ ਕਰਦਾ ਅੱਕ ਗਿਆ ਹੋਵੇਗਾ। ਮੇਰੇ ਤੋਂ ਆਪ ਵੀ ਇਸ ਤਰ੍ਹਾਂ ਕਿਸੇ ਦੀ ਉਡੀਕ ਨਹੀਂ ਹੁੰਦੀ। ਜਿਸ ਹਿਸਾਬ ਨਾਲ ਹਰਨੇਕ ਲੰਮਾ-ਚੌੜਾ ਜਵਾਬ ਦੇ ਰਿਹਾ ਸੀ, ਮੈਂ ਸੋਚਿਆ ਕਿ ਵਿਚੋਂ ਜਾ ਕੇ ਹਰਜਿੰਦ ਨੂੰ ਆਖ ਆਵਾਂ ਕਿ ਬਸ ਹੁਣ ਕੁਝ ਪਲ ਹੀ ਹੋਰ ਹਨ ਪਰ ਮੈਂ ਇਸ ਤਰ੍ਹਾਂ ਨਾ ਕਰ ਸਕਿਆ। ਹਰਨੇਕ ਨੂੰ ਭੁਗਤਾ ਕੇ ਮੈਂ ਮਸ਼ਹੂਰੀਆਂ ਚਲਾ ਦਿੱਤੀਆਂ ਅਤੇ ਉੱਠ ਖਲੋਤਾ। ਹਰਨੇਕ ਨੇ ਘੁੱਟ ਕੇ ਹੱਥ ਮਿਲਾਉਂਦਿਆ ਕਿਹਾ, "ਕਦੇ ਸੇਵਾ ਦਾ ਮੌਕਾ ਦਿਓ। ਆਪਣੇ ਹੋਟਲ ਹਨ। ਘੁੰਮ-ਫਿਰ ਆਇਓ ਕਦੇ।" ਮੇਰੇ ਮੂੰਹੋਂ ਮਸਾਂ ਹੀ "ਮਿਹਰਬਾਨੀ" ਨਿਕਲਿਆ। ਉਸ ਨੂੰ ਤੋਰ ਕੇ ਮੈਂ ਇਸ਼ਾਰੇ ਨਾਲ ਹਰਜਿੰਦ ਨੂੰ ਸਟੂਡੀਓ ਵਿਚ ਬੁਲਾ ਲਿਆ। ਵੈਸੇ ਰਿਕਾਰਡਿੰਗ ਮੈਂ ਦੂਸਰੇ ਸਟੂਡੀਓ ਵਿਚ ਕਰਨੀ ਸੀ। ਮੈਂ ਸੋਚਿਆ ਕਿ ਜਿਹੜੇ ਦਸ-ਬਾਰਾਂ ਮਿੰਟ ਇਸ ਪ੍ਰੋਗਰਾਮ ਦੇ ਹੋਰ ਬਚਦੇ ਹਨ ਉਸ ਦੌਰਾਨ ਗੀਤ ਚਲਾ ਕੇ ਹਰਜਿੰਦ ਨਾਲ ਗੱਪ-ਸ਼ੱਪ ਮਾਰ ਲਵਾਂਗਾ। ਇਸ ਤਰ੍ਹਾਂ ਉਸ ਦੀ ਹੋਰ ਉਡੀਕ ਕਰਨ ਦੀ ਬੇਚੈਨੀ ਖਤਮ ਹੋ ਜਾਵੇਗੀ। ਉਹ ਸਟੂਡੀਓ ਵਿਚ ਵੜਦਾ ਹੀ ਬੋਲਿਆ, "ਧਾਡੇ ਪ੍ਰੋਗਰਾਮ ਵਿਚ ਸ੍ਰੋਤਿਆਂ ਤੋਂ ਫੋਨ ਕਾਲਾਂ ਲੈਂਦੇ ਹੁੰਦੇ ਆ। ਅੱਜ ਨਹੀਂ ਲਈਆਂ?"

"ਇਹ ਪੇਡ ਪ੍ਰੋਗਰਾਮ ਸੀ", ਮੇਰੇ ਮੂੰਹੋਂ ਨਿਕਲ ਗਿਆ।

ਉਸ ਨੇ ਅੱਖਾਂ ਮੇਰੇ ਚਿਹਰੇ 'ਤੇ ਗੱਡ ਕੇ ਕਿਹਾ, "ਪਿੱਛੇ ਜਿਹੇ 'ਕਨੇਡਾ ਹੈਰਲਡ' ਅਖਬਾਰ ਵਿਚ ਇਨ੍ਹਾਂ ਬਾਰੇ ਇਕ ਰਿਪੋਰਟ ਛਪੀ ਸੀ। ਤੁਸੀਂ ਪੜ੍ਹੀ ਹੀ ਹੋਵੇਗੀ?" ਮੈਨੂੰ ਲੱਗਾ ਜਿਵੇਂ ਉਸਦੀਆਂ ਅੱਖਾਂ ਮੇਰੇ ਅੰਦਰ ਛੇਕ ਕਰ ਰਹੀਆਂ ਹੋਣ। ਮੈਂ ਕਿਹਾ, "ਬਸ ਦੋ ਕੁ ਮਿੰਟ ਦਿਓ, ਆਪਾਂ ਫਿਰ ਆਪਣੀ ਰਿਕਾਰਡਿੰਗ ਕਰਦੇ ਆਂ।"

"ਰਿਕਾਰਡਿੰਗ ਤੁਸੀਂ ਆਪਣੇ ਹਿਸਾਬ ਨਾਲ ਆਪ ਹੀ ਕਰ ਲਿਓ। ਧਾਹਨੂੰ ਵਾਹਵਾ ਜਾਚ ਆ ਇਸਦੀ", ਆਖ ਕੇ ਉਸ ਨੇ ਜ਼ਹਿਰੀਲੀ ਮੁਸਕਰਾਹਟ ਮੇਰੇ ਵੱਲ ਸੁੱਟੀ ਤੇ ਫਿਰ ਬੋਲਿਆ, "ਧਾਹਨੂੰ ਮੋਟੀ ਜਿਹੀ ਇਕ ਗੱਲ ਦੱਸ ਦਿੰਨੈ ਕਿ ਵੀਡਜ਼ ਨੂੰ ਜੇ ਨਾਲ ਦੀ ਨਾਲ ਹੀ ਨਾ ਮਾਰੀਏ ਤਾਂ ਉਹ ਘਾਹ ਨਹੀਂ ਬਚਣ ਦਿੰਦਾ", ਆਖ ਕੇ ਉਹ ਸਟੂਡੀਓ ਤੋਂ ਬਾਹਰ ਹੋ ਗਿਆ। ਮੁੜੇ ਜਾਂਦੇ ਦੀ ਪਿੱਠ ਵੱਲ ਦੇਖ ਕੇ ਇਕ ਪਲ ਮੈਨੂੰ ਲੱਗਾ ਜਿਵੇਂ ਉਹ ਦਰਸ਼ਨ ਹੋਵੇ। ਫਿਰ ਮੈਨੂੰ ਲੱਗਾ ਜਿਵੇਂ ਮੈਂ ਕੁਰਸੀ ਦੇ ਵਿਚ ਧਸਦਾ ਜਾ ਰਿਹਾ ਹੋਵਾਂ।000

*(14913 - 83A Ave, Surrey, B.C. CANADA V3S 7S2*
*Phone: 001-778-231-1189 Email: hsekha@hotmail.com)*



## ਰਵੀ ਡਿਫੈਂਡਰ: ਕਹਾਣੀ: ਭਗਵੰਤ ਰਸੂਲਪੁਰੀ

ਬਾਲ ਜਿਓਂ ਹੀ ਮਿੱਡ ਫੀਲਡ ਦੀ ਪੁਜ਼ੀਸ਼ਨ 'ਤੇ ਖੇਡਦੇ ਪੰਜ ਨੰਬਰ ਜਰਸੀ ਵਾਲੇ ਖਿਡਾਰੀ ਨੇ ਸਟਰਾਈਕਰ ਆਰੀਅਨ ਨੂੰ ਪਾਸ ਕੀਤੀ ਸੀ ਤਾਂ ਆਰੀਅਨ ਨੇ ਇਹਨੂੰ ਸੁਨਹਿਰੀ ਮੌਕਾ ਸਮਝਿਆ ਸੀ। ਸੱਜੇ ਪੈਰ ਨਾਲ ਬਾਲ ਰੋਕ ਗੋਲ਼ੀ ਵਾਂਗ ਵਿਰੋਧੀ ਟੀਮ ਦੇ ਗੋਲ਼ਾਂ ਵੱਲ ਨੂੰ ਬਾਲ ਲੈ ਕੇ ਦੌੜਿਆ ਸੀ। ਵਿਰੋਧੀ ਟੀਮ ਦੇ ਦੋ ਖਿਡਾਰੀ ਉਹਦੇ ਆਸ ਪਾਸ ਨੱਠ ਰਹੇ ਸਨ। ਆਰੀਅਨ ਪਲਾਂ 'ਚ ਹੀ ਦੋਹਾਂ ਨੂੰ ਚਕਮਾ ਦੇ ਕੇ ਬਾਲ ਗੋਲ਼ਾਂ ਦੇ ਨੇੜੇ ਲੈ ਗਿਆ ਸੀ। ਉਹਦੇ ਕੰਨਾਂ ਨੇ ਮਹਿਸੂਸ ਕੀਤਾ ਸੀ, ਹੋਰ ਖਿਡਾਰੀ ਵੀ ਦਗੜ ਦਗੜ ਕਰਦੇ ਮਗਰ ਭੱਜੇ ਆ ਰਹੇ ਹਨ। ਉਦੋਂ ਹੀ ਉਹਦਾ ਦਿਮਾਗ਼ ਚੱਲਿਆ ਸੀ। ਆਰੀਅਨ ਨੇ ਫੁੱਟਬਾਲ ਦੇ ਅੱਗੇ ਪੈਰ ਰੱਖ ਕੇ ਇਕ ਦਮ ਬਾਲ ਰੋਕ ਲਿਆ ਸੀ, ਨਾਲ ਹੀ ਉਹਦੇ ਬੂਟ ਧਰਤੀ 'ਚ ਜੰਮ ਗਏ ਸਨ। ਵਿਰੋਧੀ ਖਿਡਾਰੀ ਅੱਗੇ ਨਿਕਲ ਗਏ ਸਨ ਤੇ ਆਰੀਅਨ ਲਈ ਇਹ ਪਲ ਬਹੁਤ ਕੀਮਤੀ ਸਨ। ਫੁਰਤੀ ਨਾਲ ਉਹਨੇ ਆਪਣਾ ਸਰੀਰ ਘੁਮਾਇਆ ਤੇ ਖੱਬੇ ਪੈਰ ਨਾਲ ਬਾਲ ਵਿਰੋਧੀ ਟੀਮ ਦੇ ਗੋਲ਼ਾਂ 'ਚ ਦਾਗ ਦਿੱਤੀ ਸੀ। ਬਾਲ ਗੋਲ਼ੀ ਵਾਂਗ ਗਿਆ ਸੀ। ਵਿਰੋਧੀ ਟੀਮ ਦੇ ਡਿਫੈਂਡਰ ਵੇਖਦੇ ਹੀ ਰਹਿ ਗਏ ਸਨ। ਬਾਲ, ਗੋਲ਼ ਪੋਸਟ ਤੋਂ ਦੋ ਇੰਚ ਦੇ ਫ਼ਾਸਲੇ 'ਤੇ... ਗੋਲਾਂ ਦੇ ਨੈੱਟ ਨਾਲ ਜਾ ਟਕਰਾਇਆ ਸੀ। ਇਹ ਪਲ ਬਹੁਤ ਤੇਜ਼ ਸਨ। ਗੋਲ਼ਕੀਪਰ ਵੀ ਸੰਭਲ ਨਾ ਸਕਿਆ ਤੇ ਆਰੀਅਨ ਦੇ ਗੋਲ਼ ਕਰਦਿਆਂ ਹੀ ਗਰਾਊਂਡ 'ਚ ਤਾੜੀਆਂ ਦਾ ਹੜ੍ਹ ਆ ਗਿਆ ਸੀ। ਸੀਮੈਂਟ ਦੇ ਥੜ੍ਹੇ 'ਤੇ ਬੈਠਾ ਰਵੀ ਕੁਮਾਰ ਇਕ ਦਮ ਉਛਲਿਆ ਸੀ। ਤਾੜੀਆਂ ਮਾਰਦਿਆਂ ਉਹਨੇ ਉੱਚੀ ਆਵਾਜ਼ 'ਚ ਕਿਹਾ ਸੀ, "ਸ਼ਾਬਾਸ਼ ਆਰੀਅਨ ਬੇਟਾ!"

ਆਲ਼ੇ ਦੁਆਲ਼ੇ ਬੈਠੇ ਹੋਰ ਲੋਕਾਂ ਨੇ ਉਹਦੇ ਵੱਲ ਘੂਰ ਕੇ ਵੇਖਿਆ ਸੀ। ਰਵੀ ਨੇ ਬੇ ਪ੍ਰਵਾਹੀ ਨਾਲ ਪੁਰਾਣੇ ਨੀਲੇ ਰੰਗ ਦੇ ਬਲੇਜ਼ਰ ਨੂੰ ਸੂਤ ਕੀਤਾ ਸੀ। ਮੋਹਰਲੀ ਜੇਬ 'ਤੇ ਲਿਖੇ ਅੱਖਰ 'ਇੰਡੀਆ' ਨੂੰ ਪਲੋਸਿਆ ਸੀ। ਤੇ ਮੁੜ ਥੜ੍ਹੇ 'ਤੇ ਬੈਠ ਗਿਆ ਸੀ।

ਤੇ ਉਦੋਂ ਵਿਰੋਧੀ ਟੀਮ ਦੇ ਤਿੰਨ ਖਿਡਾਰੀਆਂ ਨੂੰ ਤਾਂ ਆਰੀਅਨ ਨੇ ਚੱਕਰਾਂ 'ਚ ਪਾ ਦਿੱਤਾ ਸੀ, ਜਦੋਂ ਉਸ ਨੇ ਇਕ ਖਿਡਾਰੀ ਦੀਆਂ ਲੱਤਾਂ ਵਿਚਕਾਰੋਂ ਬਾਲ ਕੱਢ ਲਈ ਸੀ ਤੇ ਉਧਰੋਂ ਵਿਰੋਧੀ ਮਿੱਡ ਫੀਡਲਰ ਖਿਡਾਰੀ ਆ ਝਪਟੇ ਸਨ ਪਰ ਆਰੀਅਨ ਦਾ ਦਿਮਾਗ਼ ਉਨ੍ਹਾਂ ਨਾਲੋਂ ਤੇਜ਼ ਚੱਲਿਆ ਸੀ। ਉਹ ਬਾਲ ਪਿੱਛੇ ਧਕੇਲ ਕੇ ਬਹੁਤ ਤੇਜ਼ੀ ਨਾਲ ਪਿੱਛੇ ਮੁੜ ਕੇ ਬਾਲ ਕੱਢ ਕੇ ਲੈ ਗਿਆ ਸੀ। ਤੇ ਤੇਜ਼ੀ ਨਾਲ ਆਪਣੇ ਸੱਜੇ ਪਾਸੇ ਖੇਡਦੇ ਸਾਥੀ ਸਟਰਾਈਕਰ ਸੱਤ ਨੰਬਰ ਨੂੰ ਬਾਲ ਪਾਸ ਕਰ ਦਿੱਤੀ ਸੀ। ਪਰ ਉਸ ਕੋਲੋਂ ਬਾਲ ਦੀ ਠੀਕ ਪੁਜ਼ੀਸ਼ਨ ਬਣਾ ਕੇ ਗੋਲ਼ਾਂ ਵੱਲ ਨੱਠ ਨਹੀਂ ਸੀ ਹੋਇਆ ਤੇ ਪਲਾਂ 'ਚ ਹੀ ਬਾਲ ਵਿਰੋਧੀ ਮਿੱਡ ਫੀਲਡਰ ਦੇ ਖਿਡਾਰੀ ਨੇ ਖੋਹ ਲਿਆ ਸੀ। ਜਦੋਂ ਵੀ ਬਾਲ ਆਰੀਅਨ ਕੋਲ਼ ਆਉਂਦਾ ਸੀ, ਉਹ ਵਿਰੋਧੀ 'ਤੇ ਦਬਾਅ ਬਣਾ ਕੇ ਖੇਡਦਾ ਸੀ। ਬਾਲ ਨੂੰ ਅੱਗੇ ਪਿੱਛੇ ਮੋੜ ਕੇ ਵਿਰੋਧੀਆਂ ਦੀ ਚੱਕਰੀ ਘੁਮਾ ਕੇ ਰੱਖ ਦਿੰਦਾ ਸੀ। ਮੈਚ ਖਤਮ ਹੁੰਦਿਆਂ ਹੀ ਆਰੀਅਨ ਨੂੰ ਜੱਫੀ 'ਚ ਲੈ ਕੇ ਰਵੀ ਬੋਲਿਆ ਸੀ, "ਲੈ ਬਈ ਪੁੱਤਰ! ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ ਦੀ ਚੋਣ 'ਚ ਤੇਰਾ ਨਾਂ ਪੱਕਾ ਹੋ ਗਿਆ ਏ।"

ਆਰੀਅਨ ਨੇ ਆਪਣੇ ਪਿਤਾ ਦੇ ਪੈਰੀਂ ਹੱਥ ਲਗਾਇਆ ਸੀ।

"ਪਾਪਾ! ਮੇਰਾ ਫੁੱਟਬਾਲ ਖੇਡਣ ਦਾ ਇਕੋ ਮਕਸਦ ਏ ਕਿ ਫ਼ੁਰਤੀ ਨਾਲ ਚੰਗਾ ਖੇਡਣਾ ਏ। ਆਪਣੀ ਪੁਜ਼ੀਸ਼ਨ 'ਤੇ ਚੰਗਾ ਖੇਡਣਾ ਏ। ਮੇਰਾ ਟੀਚਾ ਏਹੀ ਏ, ਮੈਂ ਦੂਜਿਆਂ ਨਾਲੋਂ ਚੰਗਾ ਤੇ ਆਪਣੀ ਪੁਜ਼ੀਸ਼ਨ 'ਚ ਵਧੀਆ ਖੇਡਾਂ।"

ਸਿਟੀ ਦੀ ਗਰਾਊਂਡ 'ਚ ਫੁੱਟਬਾਲ ਖਿਡਾਰੀਆਂ ਦੀ ਚੋਣ ਲਈ ਟਰਾਇਲ ਚੱਲ ਰਹੇ ਸਨ।

ਸਰਕਾਰ ਵੱਲੋਂ ਕੋਚ, ਡਾਇਰੈਕਟਰ ਤੇ ਚੇਅਰਮੈਨ ਦੀ ਟੀਮ ਬੈਠੀ ਹੋਈ ਸੀ। ਇਸ ਟਰਾਇਲ 'ਚ 'ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ' ਖੇਡਣ ਲਈ ਖਿਡਾਰੀਆਂ ਦੀ ਚੋਣ ਕਰਨੀ ਸੀ। ਮੈਚ ਤੋਂ ਬਾਅਦ ਫਿਰ 'ਕੱਲੇ 'ਕੱਲੇ ਖਿਡਾਰੀ ਨੂੰ ਬੁਲਾਇਆ ਗਿਆ ਸੀ। ਉਨ੍ਹਾਂ ਦੀ ਇੰਟਰਵਿਊ ਲੈ ਕੇ ਸਾਰਿਆਂ ਨੂੰ ਘਰ ਤੋਰ ਦਿੱਤਾ ਸੀ। ਦੂਜੇ ਦਿਨ ਚੁਣੇ ਖਿਡਾਰੀਆਂ ਦੀ ਲਿਸਟ ਦਫ਼ਤਰ ਲੱਗਣੀ ਸੀ। ਰਵੀ ਦੂਜੇ ਦਿਨ ਆਰੀਅਨ ਨੂੰ ਲੈ ਕੇ ਕੋਚ ਦੇ ਦਫ਼ਤਰ ਪਹੁੰਚ ਗਿਆ ਸੀ।

"ਪਾਪਾ! ਲਿਸਟ 'ਚ ਮੇਰਾ ਤਾਂ ਨਾਂ ਈ ਹੈਨੀ। ਮੇਰੇ ਜੋ ਸੱਜੇ ਪਾਸੇ ਸਟਰਾਈਕਰ ਖੇਡਦਾ ਸੀ, ਉਹਦਾ ਨਾਂ ਤਾਂ ਹੈਗਾ ਈ।"

"ਹੈਂ... ਹੈ... ਨੀਂ... ਹੱਦ ਹੋ ਗਈ ਯਾਰ!!... ਤੂੰ ਤਾਂ ਸਭ ਨਾਲੋਂ ਚੰਗਾ ਖੇਡਿਆ ਸੀ... ਕਿਹੜੇ ਮੁੰਡੇ ਦਾ ਨਾਂ ਹੈ ਭਲਾ ਉਹੀ ਤੇਰੇ ਨਾਲ ਸਟਰਾਈਕਰ ਜੋ ਖੇਡਦਾ ਸੀ। ਸੱਤ ਨੰਬਰ ਜਰਸੀ ਵਾਲਾ... ਹੈਂ ਯਾਰ! ਉਹ ਤਾਂ ਜਮਾਂ ਈ ਗ਼ਲਤ ਖੇਡਦਾ ਸੀ। ਬਾਲ ਦੇ ਮਗਰ ਤਾਂ ਉਹਦੇ ਕੋਲੋਂ ਭੱਜ ਨੀਂ ਸੀ ਹੁੰਦਾ... ਕਮਾਲ ਐ... ਯਾਰ!!" ਭਰਿਆ ਪੀਤਾ ਉਹ ਕੋਚ ਦੇ ਕਮਰੇ 'ਚ ਚਲੇ ਗਿਆ ਸੀ। ਉੱਥੇ ਹੋਰ ਵੀ ਅਫ਼ਸਰ ਬੈਠੇ ਸਨ।

"ਗੱਲ ਸੁਣੋ ਕੋਚ ਸਾਹਿਬ ਮੇਰੀ! ਭਲਾ ਤੁਸੀਂ ਕਿਸ ਬੇਸ 'ਤੇ ਮੇਰੇ ਮੁੰਡੇ ਆਰੀਅਨ ਨੂੰ ਸਿਲੈਕਟ ਨਹੀਂ ਕੀਤਾ। ਗੱਲ ਸੁਣੋ ਮੇਰੀ... ਇਹ ਸਭ ਨਾਲੋਂ ਵਧੀਆ ਖੇਡਿਆ। ਕੋਈ ਮੁਕਾਬਲਾ ਸੀ ਯਾਰ ਏਹਦਾ... ਤੁਸੀਂ ਵੇਖਦੇ ਈ ਸੀ... ਡਿਫੈਂਡਰਾਂ ਦੀ ਕੰਧ ਚੀਰ ਕੇ ਬਾਲ ਲੈ ਕੇ ਜਾਂਦਾ ਰਿਹਾ ਤੇ ਤੁਸੀਂ ਜੋ ਮੁੰਡਾ ਰੱਖਿਆ, ਉਹ ਕੋਈ ਖਿਡਾਰੀ ਸੀ। ਬਾਲ ਉਹਦੇ ਕੋਲੋਂ ਨੀਂ ਫੜਿਆ ਜਾਂਦਾ... ਆਪਣੇ ਨਾਲ ਦੇ ਖਿਡਾਰੀ ਨੂੰ ਪਾਸ ਕਰਨ ਤੋਂ ਪਹਿਲਾਂ ਵਿਰੋਧੀ ਖਿਡਾਰੀ ਉਹਦੇ ਕੋਲੋਂ ਬਾਲ ਖੋਹ ਲੈਂਦਾ ਸੀ... ਦੌੜ ਉਹਦੇ ਕੋਲੋਂ ਨੀਂ ਸੀ ਹੁੰਦਾ... ਐਹੋ ਜਿਹੇ ਗਧੇ ਟੀਮ 'ਚ ਭਰਤੀ ਕਰ ਕੇ ਤੁਸੀਂ ਏਸ਼ੀਆ ਕੱਪ ਜਿੱਤ ਲਓਗੇ... ਦੱਸੋ ਮੈਨੂੰ...।" ਰਵੀ ਆਪਣਾ ਬਲੇਜ਼ਰ ਠੀਕ ਕਰਦਾ ਬੋਲਿਆ ਸੀ।

"ਤੂੰ ਹੈਂ ਕੌਣ ਬਈ?... ਤੈਨੂੰ ਪਤੈ ਤੂੰ ਕਿਹਦੇ ਨਾਲ ਗੱਲ ਕਰ ਰਿਹਾ ਏਂ... ਸਾਨੂੰ ਸਰਕਾਰ ਨੇ ਐਵੇਂ ਨੀਂ ਕੋਚ ਬਣਾਇਆ। ਅਸੀਂ ਸਭ ਕੁੱਝ ਵੇਖ ਕੇ ਖਿਡਾਰੀ ਚੁਣਦੇ ਹਾਂ।" ਕੋਚ ਪੈੱਨ ਨੂੰ ਘੁਮਾਉਂਦਾ ਤਲਖੀ 'ਚ ਬੋਲਿਆ ਸੀ।

"ਵੇਖੋ ਮੇਰੇ ਵੱਲ... ਆਹ ਬਲੇਜ਼ਰ ਵੇਖਦੇ ਹੋ... ਵੇਖਦੇ ਹੋ ਇਹਦੇ ਤੇ 'ਇੰਡੀਆ' ਲਿਖਿਆ ਹੋਇਆ ਏ। ਤੁਹਾਨੂੰ ਪਤੈ? ਇਹ ਬਲੇਜ਼ਰ ਕੌਣ ਪਾਉਂਦਾ ਸੀ... ਇਹ ਵੀ ਪਤੈ ਹੋਣਾ... ਮੈਂ ਰਵੀ ਕੁਮਾਰ ਹਾਂ... ਰਵੀ ਕੁਮਾਰ ... ਯਾਰ ਮੈਂ ਵੀ ਫੁੱਟਬਾਲ ਦਾ ਪਲੇਅਰ ਰਿਹਾਂ... ਮੈਂ ਵੀ ਅੰਤਰ ਰਾਸ਼ਟਰੀ ਟੂਰਨਾਮੈਂਟ ਖੇਡੇ ਆ। ਆਪਣੇ ਸਮੇਂ 'ਚ ਆਪਣੇ ਵਰਗਾ ਡਿਫੈਂਡਰ ਮੈਂ ਜੰਮਣ ਨੀਂ ਦਿੱਤਾ। ਜਾਹ ਤਾਂ ਬਾਲ ਗੋਲਾਂ 'ਚ ਲੰਘ ਜਾਵੇ... ਬਾਜ਼ ਵਰਗੀ ਅੱਖ ਸੀ ਮੇਰੀ... ਬੰਗਲੌਰ ਆਲੀ ਰੈੱਡ ਸਟਾਰ ਫੁੱਟਬਾਲ ਕਲੱਬ ਦਾ ਨਾਂ ਸੁਣਿਆ ਹੋਣਾ... ਉਹ ਚੁਣ ਚੁਣ ਕੇ ਖਿਡਾਰੀ ਰੱਖਦੇ ਸੀ। ਉਸ ਵੇਲੇ ਉਹਨੂੰ ਭਾਰਤ ਦੀ ਕੋਈ ਕਲੱਬ ਹਰਾ ਨਹੀਂ ਸੀ ਸਕਦੀ। ਮੈਂ ਉਹਨੂੰ ਹਰਾਇਆ। ਇਕ ਵਾਰ ਨਹੀਂ ਕਈ ਵਾਰ... ਮੈਂ ਗੋਲ ਈ ਨਹੀਂ ਸੀ ਹੋਣ ਦਿੰਦਾ। ਜਦੋਂ ਅਸੀਂ ਰੈੱਡ ਸਟਾਰ ਕਲੱਬ ਨੂੰ ਹਰਾਉਂਦੇ ਹੁੰਦੇ ਸੀ ਤਾਂ ਅਖ਼ਬਾਰਾਂ 'ਚ ਹੈਡਿੰਗ ਲੱਗਦੇ ਹੁੰਦੇ ਸੀ- 'ਰੈੱਡ ਸਟਾਰ ਕਲੱਬ ਬਨਾਮ ਰਵੀ ਕੁਮਾਰ' ਆਹ ਵੇਖੋ ਅਖ਼ਬਾਰ।" ਤੇ ਰਵੀ ਕੁਮਾਰ ਨੇ ਕੋਟ ਦੀ ਜੇਬ 'ਚੋਂ ਪੁਰਾਣੀ ਲੈਮੀਨੇਸ਼ਨ ਕੀਤੀ ਅਖ਼ਬਾਰ ਕੱਢ ਕੇ ਉਨ੍ਹਾਂ ਨੂੰ ਵਿਖਾਈ ਸੀ।

"ਅੱਛਾ ਅੱਛਾ!! ਤੂੰ ਏਂ ਰਵੀ ਕੁਮਾਰ... ਹੁਣ ਤੇਰਾ ਸਮਾਂ ਨਹੀਂ ਏ ਇਹ... ਉਹ ਤਾਂ ਬੀਤ ਗਿਆ। ਹੁਣ ਸਾਡਾ ਸਮਾਂ ਏ... ਤੂੰ ਤੀਹ ਸਾਲ ਪੁਰਾਣੀਆਂ ਗੱਲਾਂ ਅੱਜ ਕਰ ਰਿਹਾਂ... ਤੁਰਦਾ ਹੋ ਏਥੋਂ।" ਕੋਚ ਦੇ ਨਾਲ ਬੈਠਾ ਖੇਡ ਡਾਇਰੈਕਟਰ ਕਹਿਣ ਲੱਗਾ ਸੀ ਤੇ ਬਾਕੀ ਬੈਠੇ ਅਧਿਕਾਰੀ ਹੱਸਣ ਲੱਗ ਪਏ ਸਨ।

"ਮੈਂ ਤੁਹਾਨੂੰ ਦੱਸਾਂ, ਤੁਹਾਡੇ ਵਰਗੇ ਪੰਜ-ਸੱਤ ਹੋਰ ਕੋਚ ਜੰਮ ਪਏ ਤਾਂ ਤੁਸੀਂ ਦੇਸ 'ਚੋਂ ਫੁੱਟਬਾਲ ਦਾ ਬੀਜ ਨਾਸ਼ ਕਰੋਗੇ। ਉਏ ਖ਼ੌਫ਼ ਖਾਓ ਉਏ ... ਰੱਬ ਦੇ ਘਰ 'ਚੋਂ... ਐਹੋ ਜਿਹੇ ਹੀਰੇ ਖਿਡਾਰੀ



ਤੁਸੀਂ ਮਿੱਟੀ 'ਚ ਰੋਲ਼ ਰਹੇ ਹੋ।" ਕਹਿੰਦਾ ਰਵੀ ਭਰਿਆ ਪੀਤਾ ਬਾਹਰ ਆ ਗਿਆ ਸੀ।

"ਪਾਪਾ ਤੁਸੀਂ ਫ਼ਿਕਰ ਕਿਓਂ ਕਰਦੇ ਹੋ... ਇਕ ਦਿਨ ਮੈਂ ਚੋਟੀ ਦਾ ਖਿਡਾਰੀ ਬਣਾਂਗਾ।" ਆਰੀਅਨ ਬੜੇ ਮਾਣ ਨਾਲ ਕਹਿ ਰਿਹਾ ਸੀ।

ਰਵੀ ਕੁਮਾਰ ਆਪਣੇ ਪੁੱਤ ਨੂੰ ਰਿਕਸ਼ੇ 'ਤੇ ਬਿਠਾ ਕੇ ਬੱਸ ਅੱਡੇ ਵੱਲ ਤੁਰ ਪਿਆ ਸੀ। ਰਿਕਸ਼ੇ 'ਤੇ ਬੈਠਦਿਆਂ ਹੀ ਉਹ ਖ਼ਾਮੋਸ਼ ਹੋ ਗਿਆ ਸੀ। ਉਹਨੂੰ ਆਪਣੀ ਖੇਡ ਦੇ ਦਿਨ ਚੇਤੇ ਆ ਗਏ ਸਨ।... ਸਕੂਲੋਂ ਨਿਕਲਦਿਆਂ ਹੀ ਉਹਨੂੰ ਪੰਜਾਬ ਕਿੱਕਰ ਕਲੱਬ ਵਾਲਿਆਂ ਨੇ ਆਪਣੀ ਕਲੱਬ ਵਿਚ ਲੈ ਲਿਆ ਸੀ। ਦਰਅਸਲ ਰਵੀ ਨੂੰ ਇਕ ਪੇਂਡੂ ਫੁੱਟਬਾਲ ਟੂਰਨਾਮੈਂਟ 'ਚ ਖੇਡਦਿਆਂ ਕਲੱਬ ਦੇ ਪ੍ਰਧਾਨ ਨੇ ਵੇਖ ਲਿਆ ਸੀ। ਰਵੀ ਕਲੱਬ 'ਚ ਡਿਫੈਂਡਰ ਪੁਜ਼ੀਸ਼ਨ ਤੇ ਖੇਡਣ ਲੱਗਾ ਸੀ। ਬਹੁਤ ਜਲਦੀ ਉਹ ਕਲੱਬ ਦਾ ਵਧੀਆ ਖਿਡਾਰੀ ਬਣ ਗਿਆ ਸੀ। ਉਹਦੀ ਡਿਫੈਂਸ ਐਨੀ ਤਕੜੀ ਸੀ ਕਿ ਉਹ ਗੋਲਕੀਪਰ ਅੱਗੇ ਕੰਧ ਬਣ ਕੇ ਖੜ੍ਹ ਜਾਂਦਾ ਸੀ। ਉਹਦੇ ਸਰੀਰ 'ਚ ਐਨੀ ਫ਼ੁਰਤੀ ਤੇ ਲਚਕ ਸੀ ਕਿ ਫੁੱਟਬਾਲ 'ਤੇ ਬਾਜ਼ ਵਾਂਗ ਝਪਟ ਪੈਂਦਾ ਸੀ। ਲੋਕੀ ਕਹਿੰਦੇ ਸਨ ਬਈ ਰਵੀ ਤਾਂ ਵਿਰੋਧੀ ਟੀਮ ਅੱਗੇ ਚੀਨ ਦੀ ਕੰਧ ਬਣ ਕੇ ਖੜ੍ਹ ਜਾਂਦਾ ਏ, ਜਾਹ ਤਾਂ ਬਾਲ ਉਹਨੂੰ ਪਾਰ ਕਰ ਜਾਵੇ। ਜਦੋਂ ਵਿਰੋਧੀ ਟੀਮ ਨੂੰ ਪਤਾ ਲੱਗਦਾ ਸੀ ਕਿ ਰਵੀ ਡਿਫੈਂਸ 'ਤੇ ਏ ਤਾਂ ਉਨ੍ਹਾਂ ਦੇ ਦਿਲ ਟੁੱਟ ਜਾਂਦੇ ਸਨ। ਮੈਚ 'ਚ ਜਦੋਂ ਦੂਜੀ ਵਿਰੋਧੀ ਟੀਮ ਦਾ ਸਟਰਾਈਕਰ ਬਾਲ ਲੈ ਕੇ ਆਉਂਦਾ, ਉਹ ਸਕਿੰਟਾਂ 'ਚ ਬਾਲ ਖੋਹ ਕੇ ਆਪਣੇ ਮਿਡ ਫੀਲਡਰ ਨੂੰ ਪਾਸ ਕਰ ਦਿੰਦਾ। ਵਿਰੋਧੀਆਂ ਨੂੰ ਦੌੜਾ ਦੌੜਾ ਕੇ ਸਾਹੋ ਸਾਹ ਕਰ ਦਿੰਦਾ। ਸਾਰੇ ਉਹਨੂੰ ਲੋਹੇ ਦੀਆਂ ਲੱਤਾਂ ਵਾਲਾ ਰਵੀ ਵੀ ਕਹਿੰਦੇ ਸਨ। ਜਾਂ ਫੇਰ ਚੀਨ ਦੀ ਕੰਧ ਕਹਿੰਦੇ। ਗੱਲ ਉਸ ਵੇਲੇ ਦੀ ਏ ਜਦੋਂ ਪੰਜਾਬ ਕਿੱਕਰ ਕਲੱਬ ਨੇ ਨੈਸ਼ਨਲ ਕੱਪ ਜਿੱਤਿਆ ਸੀ ਤੇ ਰਵੀ ਕੁਮਾਰ ਦੇ ਨਾਂ ਦਾ ਅਖ਼ਬਾਰ ਵਿਚ ਹੈਡਿੰਗ ਲੱਗਾ ਸੀ, 'ਪੰਜਾਬ ਕਿੱਕਰ ਕਲੱਬ ਲਈ ਚੀਨ ਦੀ ਕੰਧ ਬਣਿਆ ਰਵੀ ਕੁਮਾਰ'।

ਬਿਨਾਂ ਕਿਸੇ ਡਰ ਦੇ ਉਹ ਵਿਰੋਧੀ ਸਟਰਾਈਕਰ ਨਾਲ ਭਿੜ ਜਾਂਦਾ ਸੀ। ਪਤਾ ਨੀਂ ਕਿੰਨੀ ਵਾਰ ਡਿੱਗਿਆ ਹੋਣਾ... ਪਰ ਖਤਰਨਾਕ ਸੱਟ ਤੋਂ ਉਹ ਬਚਦਾ ਰਿਹਾ ਸੀ। ਬਚਪਨ ਵਿਚ ਪਿਓ ਵੱਲੋਂ ਖਵਾਏ ਮਟਨ-ਚਿਕਨ ਤੇ ਬੱਕਰੇ ਦੇ ਖਰੌਡਿਆਂ ਦੇ ਸੂਪ ਨੇ ਉਹਦੇ ਮਸਲ 'ਚ ਲੋਹਾ ਤੇ ਹੱਡੀਆਂ 'ਚ ਸਟੀਲ ਭਰ ਦਿੱਤਾ ਸੀ।... ਉਦੋਂ ਕਲੱਬ ਦੀ ਸਾਰੀ ਟੀਮ ਰਵੀ ਦੁਆਲ਼ੇ ਘੁੰਮਦੀ ਸੀ। ਉਹਦੀ ਤੇ ਉਹਦੇ ਬਾਕੀ ਸਾਥੀਆਂ ਦੀ ਡਿਫੈਂਸ ਐਨੀ ਤਕੜੀ ਸੀ ਕਿ ਬਾਲ ਵਿਰੋਧੀਆਂ ਤੋਂ ਖੋਹ ਕੇ ਆਪਣੇ ਸਟਰਾਈਕਰਾਂ ਤੋਂ ਅੱਗੇ ਮਾਰਦੇ ਸਨ। ਉਸ ਸਮੇਂ ਪੰਜਾਬ ਕਿੱਕਰ ਕਲੱਬ ਨੇ 'ਨੈਸ਼ਨਲ ਕੱਪ' ਜਿੱਤਿਆ ਸੀ ਤਾਂ ਰਵੀ ਦੇ ਨਾਂ ਨਾਲ ਸਾਰਿਆਂ ਨੇ 'ਰਵੀ ਡਿਫੈਂਡਰ' ਲਾ ਦਿੱਤਾ ਸੀ। ਇਸੇ ਨਾਂ ਨਾਲ ਉਹ ਪੂਰੇ ਫੁੱਟਬਾਲ ਜਗਤ 'ਚ ਪ੍ਰਸਿੱਧ ਹੋ ਗਿਆ ਸੀ।

"ਲਓ ਉਤਰੋ ਬਾਬੂ ਜੀ! ਅੱਡਾ ਆ ਗਿਆ।" ਰਿਕਸ਼ੇ ਵਾਲੇ ਨੇ ਬਰੇਕ ਮਾਰ ਕੇ ਰਵੀ ਦਾ ਧਿਆਨ ਤੋੜ ਦਿੱਤਾ ਸੀ। 'ਰਵੀ ਡਿਫੈਂਡਰ' ਮਿੱਟੀ ਹੋਏ ਸਰੀਰ ਨੂੰ ਲੈ ਕੇ ਰਿਕਸ਼ੇ ਵਿਚੋਂ ਉਤਰਿਆ ਸੀ। ਉਹਨੇ ਆਪਣੇ ਬਲੇਜ਼ਰ ਨੂੰ ਹੱਥਾਂ ਨਾਲ ਝਾੜਿਆ ਸੀ। ਉਹਨੇ ਰਿਕਸ਼ੇ ਵਾਲੇ ਨੂੰ ਚਾਲੀ ਰੁਪਏ ਦਿੱਤੇ ਅਤੇ ਆਪਣੇ ਪੁੱਤ ਨੂੰ ਕਿਹਾ ਸੀ,

"ਪੁੱਤਰਾ ਤੂੰ ਫ਼ਿਕਰ ਨਾ ਕਰ... ਤੇਰਾ ਬਾਪ ਆਪਣੇ ਸਮੇਂ ਦਾ ਪ੍ਰਸਿੱਧ ਡਿਫੈਂਡਰ ਹੋਇਆ ਏ.... ਸਾਰੇ ਮੈਨੂੰ ਰਵੀ ਡਿਫੈਂਡਰ ਦੇ ਨਾਂ ਨਾਲ ਜਾਣਦੇ ਆ। ਜਿਵੇਂ ਹੁਣ ਆਪਾਂ ਸ਼ਾਨ ਨਾਲ ਰਿਕਸ਼ੇ ਤੋਂ ਉਤਰੇ ਹਾਂ ਨਾ, ਏਹੋਂ ਜਿਹੀ ਸ਼ਾਨ ਨਾਲ ਅਸੀਂ ਉਦੋਂ ਹਵਾਈ ਜਹਾਜ਼ 'ਤੋਂ ਉਤਰੇ ਸਾਂ ਜਦੋਂ ਏਸ਼ੀਆ ਮੁਲਖਾਂ ਦੇ ਥਾਈਲੈਂਡ ਵਿਖੇ ਹੋਏ 'ਅੰਤਰ ਰਾਸ਼ਟਰੀ ਗੋਲਡਨ ਕੱਪ' ਨੂੰ ਜਿੱਤ ਕੇ ਆਏ ਸਾਂ। ਯਾਰ ਉਦੋਂ ਸ਼ਾਨ ਸੀ ਤੇਰੇ ਪਿਓ ਦੀ। ਆਹੀ ਬਲੇਜ਼ਰ ਪਾਇਆ ਸੀ... 'ਇੰਡੀਆ' ਲਿਖਿਆ ਵਾਲਾ ਬਲੇਜ਼ਰ... ਤੂੰ ਐਵੇਂ ਦਿਲ ਥੋੜ੍ਹਾ ਨਾ ਕਰੀਂ... ਤੇਰੀ ਗੇਮ ਬਹੁਤ ਮਾਅਰਕੇ ਵਾਲੀ ਏ... ਤੈਨੂੰ ਅੱਗੇ ਵਧਣ ਤੋਂ ਕੋਈ ਮਾਈ ਦਾ ਲਾਲ ਰੋਕ ਨਹੀਂ ਸਕਦਾ। ਹਾਂ ਉਹ ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ ਹੈ ਹੀ ਸ਼ਾਨ ਵਾਲਾ ਸੀ। ਰਵੀ ਕੁਮਾਰ ਨੂੰ ਉਹ ਕੱਪ ਚੇਤੇ ਆ ਗਿਆ ਸੀ।

...ਉਦੋਂ ਅੰਤਮ ਮੈਚ ਸੀ। ਟੀਮ ਦੇ ਕੋਚ ਨੇ ਰਵੀ ਨੂੰ ਸਖ਼ਤੀ ਨਾਲ ਕਿਹਾ ਸੀ ਕਿ ਤੁਸੀਂ ਇਹ ਮੈਚ ਹਰ ਹਾਲਤ ਵਿਚ ਹਾਰਨਾ ਏ। ਸਾਡੇ ਉਪਰ ਮੇਜ਼ਬਾਨ ਕੰਟਰੀ ਦਾ ਬਹੁਤ ਦਬਾਅ ਏ। ਤੂੰ ਮਾੜਾ ਖੇਡਣਾ ਏ ਤੇ ਕੋਈ ਗੋਲ਼ ਨਹੀਂ ਕਰਨਾ। ਇਸ ਤਰ੍ਹਾਂ ਕਿੱਕਾਂ ਮਾਰੋ ਕਿ ਬਾਲ ਗੋਲ਼ ਪੋਸਟ ਦੇ ਉਪਰੋਂ ਦੀ ਜਾਵੇ। ਵੱਧ ਤੋਂ ਵੱਧ ਫਾਊਲ ਕਰੋ। ਜੇ ਅਜਿਹਾ ਨਹੀਂ ਕਰੇਂਗਾ ਤਾਂ ਭਵਿੱਖ 'ਚ ਟੀਮ 'ਚ ਖੇਡ ਨਹੀਂ ਸਕੇਂਗਾ।' ਕੋਚ ਦੀ ਗੱਲ ਸੁਣ ਕੇ ਰਵੀ ਪ੍ਰੇਸ਼ਾਨ ਹੋ ਗਿਆ ਸੀ। ਰਵੀ ਤਾਂ ਉੱਥੇ ਇੰਡੀਆ ਲਈ ਖੇਡ ਰਿਹਾ ਸੀ। ਗਰਾਊਂਡ ਵਿਚ ਵਾਰਮਅੱਪ ਹੁੰਦਾ ਉਹ ਧਰਮ ਸੰਕਟ ਵਿਚ ਫਸਦਾ ਜਾ ਰਿਹਾ ਸੀ। ਰਵੀ ਉਸ ਮੈਚ 'ਚ ਸਟਰਾਈਕਰ ਖੇਡ ਰਿਹਾ ਸੀ। ਵਿਰੋਧੀ ਟੀਮ ਨੇ ਆਫ਼ ਸਾਇਡ 'ਤੇ ਜਾ ਕੇ ਗੋਲ਼ ਕਰ ਦਿੱਤਾ ਜਿਸ ਨੂੰ ਮੰਨਿਆ ਨਾ ਗਿਆ। ਵਿਰੋਧੀ ਟੀਮ ਨੇ ਆਪਣੀ ਡਿਫੈਂਸ ਮਜ਼ਬੂਤ ਕਰ ਦਿੱਤੀ ਸੀ। ਰਵੀ ਨੇ ਆਪਣੇ ਸਾਥੀ ਮਿੱਡ ਫੀਲਡਰਾਂ ਨਾਲ ਪੂਰਾ ਦਬਾਅ ਬਣਾ ਕੇ ਰੱਖਿਆ ਹੋਇਆ ਸੀ। ਗੇਂਦ ਵਿਰੋਧੀ ਦੇ ਗੋਲ਼ਾਂ 'ਚ ਰੱਖਣਾ ਹੀ ਉਨ੍ਹਾਂ ਦੀ ਵਿਉਂਤਬੰਦੀ ਸੀ। ਸੈਕਿੰਡ ਹਾਫ਼ 'ਚ ਗੇਮ ਪਹੁੰਚ ਗਈ ਸੀ। ਅਖੀਰ ਰਵੀ ਕੁਮਾਰ ਨੇ ਕੋਚ ਦੀ ਨਸੀਹਤ ਦਿਮਾਗ਼ 'ਚੋਂ ਕੱਢ ਗਰਾਊਂਡ 'ਚੋਂ ਬਾਹਰ ਸੁੱਟ ਦਿੱਤੀ ਸੀ ਤੇ 'ਇੰਡੀਆ' ਲਈ ਖੇਡਣ ਵਾਲਾ ਸਟਰਾਈਕਰ ਮੈਦਾਨ ਵਿਚ ਨਿੱਤਰ ਪਿਆ ਸੀ। ਉਸ ਦੀ ਟੀਮ ਦੇ ਸੱਜੇ ਖੱਬੇ ਦੇ ਸਟਰਾਈਕਰ ਬਾਲ ਲੈ ਕੇ ਜਾਂਦੇ ਤਾਂ ਦੂਜੇ ਪਾਸੇ ਪੂਰੀ ਡਿਫੈਂਸ ਕਰਦੀ ਹੋਈ ਟੀਮ ਬਾਲ ਗਰਾਊਂਡ ਤੋਂ ਬਾਹਰ ਕੱਢ ਦਿੰਦੀ ਸੀ। ਇਨ੍ਹਾਂ ਨੂੰ ਕਾਰਨਰ ਮਿਲ ਜਾਂਦਾ... ਪਰ ਬਾਲ ਗੋਲ਼ਾਂ 'ਚ ਜਾਂਦਾ ਨਾ, ਵਿਰੋਧੀ ਪਹਿਲਾਂ ਹੀ ਰੋਕ ਲੈਂਦੇ। ਸਾਰੇ ਗ਼ਲਤ ਖੇਡ ਰਹੇ ਸਨ। ਇਕ ਵਾਰ ਰਵੀ ਦੀ ਟੀਮ ਦੇ ਮਿੱਡ ਫੀਲਡਰ ਨੇ ਬਾਲ ਬਣਾ ਕੇ ਸੱਜੇ ਪਾਸੇ ਖੇਡਦੇ ਸਟਰਾਈਕਰ ਨੂੰ ਦਿੱਤਾ ਤੇ ਸਟਰਾਈਕਰ ਨੇ ਬਾਲ ਗੋਲ਼ਪੋਸਟ ਦੇ ਉੱਪਰ ਦੀ ਲੰਘਾ ਦਿੱਤਾ ਸੀ। 'ਲੈ ਸਾਲੇ ਨੇ ਲਿੱਦ ਕਰ 'ਤੀ... ਇਹ ਵੀ ਖੇਡ ਗਿਆ ਕੋਚ ਦੀ ਗੇਮ।' ਰਵੀ ਗੁੱਸੇ 'ਚ ਬੋਲਿਆ ਸੀ। ਗੇਮ ਸਿਖਰ 'ਤੇ ਸੀ। ਮਿੱਡ ਫੀਲਡਰ ਵੱਲੋਂ ਬਹੁਤ ਵਧੀਆ ਬਾਲ ਵਿਰੋਧੀ ਤੋਂ ਖੋਹ ਕੇ ਰਵੀ ਨੂੰ ਪਾਸ ਕਰ ਦਿੱਤਾ ਸੀ। ਰਵੀ ਨੇ ਇਹਨੂੰ ਸੁਨਹਿਰੀ ਮੌਕਾ ਸਮਝਿਆ ਸੀ। ਰਵੀ ਕੁਮਾਰ ਦੇ ਦਿਮਾਗ਼ ਵਿਚ ਇਕਦਮ ਆਇਆ ਸੀ, 'ਲੈ ਫੇ ਹੁਣ ਵੇਖੀ ਜਾਊ ਜੋ ਹਊ... ਮੈਂ ਇੰਡੀਆ ਦੀ ਲਾਜ ਰੱਖਣੀ ਏ... ਲੈ ਫੇ ਰਵੀ ਹੁਣ ਖੇਡਣ ਲੱਗਾ ਆਪਣੀ ਗੇਮ...' ਤੇ ਚੀਤੇ ਦੀ ਫੁਰਤੀ ਨਾਲ ਵਿਰੋਧੀ ਦੇ ਇਕ ਡਿਫੈਂਡਰ ਨੂੰ ਕੱਟਦਾ ਹੋਇਆ ਰਵੀ ਬਾਲ ਅੱਗੇ ਲੈ ਗਿਆ ਸੀ। ਫੇ ਦੂਜਾ ਡਿਫੈਂਡਰ ਆ ਗਿਆ ਸੀ। ਉਹਨੇ ਜਦੋਂ ਦੂਜੇ ਡਿਫੈਂਡਰ ਨੂੰ ਕੱਟ ਕੇ ਗੋਲ਼ਾਂ ਵੱਲ ਨੂੰ ਬਾਲ ਦੀ ਕਿੱਕ ਮਾਰੀ ਤਾਂ ਦੂਜਾ ਡਿਫੈਂਡਰ ਉਹਦੀਆਂ ਲੱਤਾਂ 'ਚ ਆ ਲੱਗਾ ਸੀ। ਰਵੀ ਨਾਲ ਹੀ ਡਿੱਗ ਪਿਆ ਸੀ ਤੇ ਡਿੱਗਦਿਆ ਉਹਦੀਆਂ ਦੋ ਤਿੰਨ ਬਾਜ਼ੀਆਂ ਪੈ ਗਈਆਂ ਸਨ। ਰਵੀ ਚੌਫ਼ਾਲ ਡਿੱਗ ਪਿਆ ਸੀ। ਉਦੋਂ ਹੀ ਰੌਲ਼ੀ ਪੈ ਗਈ ਸੀ 'ਗੋਲ਼-ਗੋਲ਼'। ਰਵੀ ਦੀ ਜ਼ਬਰਦਸਤ ਕਿੱਕ ਨਾਲ ਗੋਲ਼ ਹੋ ਗਿਆ ਸੀ ਪਰ ਰਵੀ ਉੱਠਿਆ ਨਹੀਂ ਸੀ। ਉਹਦੀ ਸੱਜੀ ਲੱਤ ਦੀ ਥੱਲੇ ਦੀ ਹੱਡੀ 'ਤੇ ਗਹਿਰੀ ਸੱਟ ਲੱਗੀ ਸੀ। ਜਿਹੜੀ ਕਿ ਕਾਫੀ ਦੇਰ ਬਾਅਦ ਠੀਕ ਹੋਈ ਸੀ। ਪਰ ਰਵੀ ਕੁਮਾਰ ਬੜੀ ਸ਼ਾਨ ਨਾਲ ਫੁੱਟਬਾਲ ਦੀ ਟੀਮ ਨਾਲ ਹਵਾਈ ਜਹਾਜ਼ 'ਤੋਂ ਉਤਰਿਆ ਸੀ। ਜਹਾਜ਼ 'ਚੋਂ ਉਤਰਦਿਆਂ ਹੀ ਕੋਚ ਨੇ ਆਪਣਾ ਫ਼ਰਮਾਨ ਰਵੀ ਨੂੰ ਸੁਣਾ ਦਿੱਤਾ ਸੀ, 'ਮਿਸਟਰ ਰਵੀ ਕੁਮਾਰ ਅੱਜ ਤੋਂ ਬਾਅਦ ਤੁਸੀਂ ਇੰਡੀਆ ਟੀਮ 'ਚ ਖੇਡ ਨਹੀਂ ਸਕੋਗੇ।"

ਉਦੋਂ ਰਵੀ ਕੁਮਾਰ ਧੁਰ ਅੰਦਰੋਂ ਹਿੱਲ ਗਿਆ ਸੀ, "ਕੋਚ ਸਾਹਿਬ! ਮੈਂ ਆਪਣੇ 'ਇੰਡੀਆ' ਲਈ ਖੇਡਿਆ ਹਾਂ। ਤੁਹਾਡੇ ਲਈ ਨਹੀਂ... ਆਹ ਲੱਤ ਵੀ ਇੰਡੀਆ ਲਈ ਤੁੜਵਾਈ ਏ... ਕੋਚ ਸਾਹਿਬ ਮੈਂ ਆਪਣੀ ਗੇਮ ਖੇਡ ਗਿਆ ਹਾਂ... ਤੁਸੀਂ ਆਪਣੀ ਗੇਮ ਖੇਡੋ।"

ਇਹ ਸੋਚਦਿਆਂ ਹੀ ਉਹ ਬੱਸ ਨੇੜੇ ਪਹੁੰਚ ਗਿਆ ਸੀ। ਬੱਸ 'ਚ ਚੜ੍ਹਦਿਆਂ ਹੀ ਰਵੀ ਨੇ ਕਿਹਾ ਸੀ, "ਪੁੱਤਰਾ ਤੂੰ ਇਕ ਦਿਨ ਆਹ 'ਇੰਡੀਆ' ਦਾ ਕੋਟ ਪਾ ਕੇ ਅੰਤਰ ਰਾਸ਼ਟਰੀ ਖਿਡਾਰੀ ਬਣੇਂਗਾ। ਮੈਂ ਤੇਰੀ ਗੇਮ ਵੇਖੀ ਆ... ਐਨੇ ਸਾਲ ਤੋਂ ਤੈਨੂੰ ਪਰੈਕਟਿਸ ਕਰਵਾ ਰਿਹਾਂ।"

ਤੇ ਬੱਸ ਪਿੰਡ ਵੱਲ ਨੂੰ ਤੁਰ ਪਈ ਸੀ। ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ ਦਾ ਉਹ



ਫਾਈਨਲ ਮੈਚ ਹੀ ਉਸਦਾ ਅੰਤਮ ਮੈਚ ਹੋ ਨਿਬੜਿਆ ਸੀ। ਆਪਣੇ ਕੰਟਰੀ 'ਇੰਡੀਆ' ਪਰਤਣ ਤੋਂ ਤੀਜੇ ਦਿਨ ਹੀ ਗਹਿਰੀ ਸੱਟ ਦਾ ਬਹਾਨਾ ਬਣਾ ਕੇ ਰਵੀ ਕੁਮਾਰ ਨੂੰ ਇੰਟਰਨੈਸ਼ਨਲ ਟੀਮ 'ਚੋਂ ਬਾਹਰ ਕਰ ਦਿੱਤਾ ਗਿਆ ਸੀ। ਪਰ ਰਵੀ ਨੂੰ ਇਸ ਗੱਲ ਦਾ ਮਾਣ ਸੀ ਕਿ ਉਸ ਦੇ ਗੋਲ਼ ਨੇ ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ ਇੰਡੀਆ ਦੀ ਝੋਲ਼ੀ ਪਾਇਆ ਸੀ।

ਰਵੀ ਕੁਮਾਰ ਦੀ ਲੱਤ ਜਲਦੀ ਹੀ ਠੀਕ ਹੋ ਗਈ ਸੀ। ਘਰ ਪਰਤ ਕੇ ਪੰਜਾਬ ਕਿੱਕਰ ਕਲੱਬ ਲਈ ਉਹ ਮੁੜ ਖੇਡਣ ਲੱਗ ਪਿਆ ਸੀ। ਨੈਸ਼ਨਲ ਕੱਪ ਮੁੜ ਸ਼ੁਰੂ ਹੋ ਗਿਆ ਸੀ। ਕੁਆਰਟਰ ਫਾਇਨਲ 'ਚ ਰਵੀ ਦੀ ਕਲੱਬ ਦਾ ਮੈਚ ਰਾਜਧਾਨੀ ਫੁੱਟਬਾਲ ਕਲੱਬ ਨਾਲ ਲੱਗ ਗਿਆ ਸੀ। ਰਾਜਧਾਨੀ ਕਲੱਬ ਦੇ ਦੋ ਤਿੰਨ ਖਿਡਾਰੀ ਰਵੀ ਨਾਲ ਉਦੋਂ ਤੋਂ ਖ਼ਾਰ ਖਾਣ ਲੱਗ ਪਏ ਸਨ, ਜਦੋਂ ਤੋਂ ਉਹ ਆਪਣੀ ਗੇਮ ਦੇ ਸਿਰ 'ਤੇ ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ ਲਈ ਸਿਲੈਕਟ ਹੋਇਆ ਸੀ।

ਮੈਚ ਚੱਲ ਰਿਹਾ ਸੀ। ਰਵੀ ਡਿਫੈਂਸ 'ਤੇ ਖੇਡ ਰਿਹਾ ਸੀ। ਵਿਰੋਧੀ ਟੀਮ ਦੇ ਇਕ ਖਿਡਾਰੀ ਨੇ ਬਾਲ ਬਚਾ ਕੇ ਫਾਰਵਰਡ ਖਿਡਾਰੀ ਨੂੰ ਕੱਟ ਲਿਆ ਸੀ। ਅੱਗੇ ਰਵੀ ਡਿਫੈਂਡਰ ਆ ਗਿਆ ਸੀ ਤੇ ਉਹਨੇ ਬੜੀ ਫੁਰਤੀ ਨਾਲ ਬਾਲ ਨੂੰ ਉਹਦੀਆਂ ਲੱਤਾਂ ਚੋਂ ਲੰਘਾ ਕੇ ਬਾਲ ਆਪਣੇ ਸਾਥੀ ਨੂੰ ਪਾਸ ਕਰ ਦਿੱਤਾ ਸੀ। ਉਦੋਂ ਹੀ ਉਪਰ ਦੀ ਵਿਰੋਧੀ ਟੀਮ ਦਾ ਗੁਰਮੁੱਖ ਆ ਗਿਆ ਸੀ ਜੋ ਸਟਰਾਈਕਰ ਖੇਡ ਰਿਹਾ ਸੀ। ਉਹ ਰਵੀ ਨਾਲ ਭਿੜ ਗਿਆ ਸੀ। ਉਹਨੇ ਰਵੀ ਦੀ ਲੱਤ 'ਤੇ ਜੰਪ ਮਾਰ ਕੇ ਬੂਟਾਂ ਸਮੇਤ ਪੰਜਾ ਮਾਰ ਕੇ ਰਵੀ ਨੂੰ ਥੱਲੇ ਸੁੱਟ ਦਿੱਤਾ ਸੀ... ਤੇ ਰਵੀ ਕੋਲ਼ੋਂ ਉੱਠਿਆ ਨਹੀਂ ਸੀ ਗਿਆ। ਉਹਦੀ ਖੱਬੀ ਲੱਤ ਦੀ ਹੱਡੀ ਤਿੜਕ ਗਈ ਸੀ। ਰਵੀ ਚੀਕਾਂ ਮਾਰ ਰਿਹਾ ਸੀ। ਰੈਫ਼ਰੀ ਨੇ ਗੁਰਮੁੱਖ ਨੂੰ ਰੈੱਡ ਕਾਰਡ ਦੇ ਕੇ ਬਾਹਰ ਕੱਢ ਦਿੱਤਾ ਸੀ। ਪਰ ਗੁਰਮੁੱਖ ਨੇ ਰਵੀ ਡਿਫੈਂਡਰ ਨੂੰ ਰੱਦੀ ਕਰ ਦਿੱਤਾ ਸੀ। ਰਵੀ ਪਛਤਾ ਰਿਹਾ ਸੀ ਕਿ ਮੈਂ ਗੁਰਮੁੱਖ ਨੂੰ ਮੌਕਾ ਹੀ ਕਿਉਂ ਦਿੱਤਾ। ਵਿਰੋਧੀ ਟੀਮ ਨੇ ਰਵੀ ਨੂੰ ਰੱਦੀ ਹੀ ਕਰਨਾ ਸੀ। ਰਵੀ ਦੀ ਲੱਤ ਟੁੱਟਣ ਨਾਲ ਪੰਜਾਬ ਕਿੱਕਰ ਕਲੱਬ ਦੀ ਵੀ ਲੱਤ ਟੁੱਟ ਗਈ ਸੀ। ਫੇਰ ਰਵੀ ਨੂੰ ਪੈਰਾਂ ਸਿਰ ਖੜ੍ਹੇ ਹੋਣ ਲਈ ਦੋ ਸਾਲ ਲੱਗੇ ਸਨ। ਪਰ ਉਹਦੇ ਕੋਲ਼ੋਂ ਗੇਮ ਸਦਾ ਲਈ ਜਾਂਦੀ ਰਹੀ ਸੀ।

ਉਹਨੇ ਮੁੜ ਖੇਡਣ ਦੀ ਕੋਸ਼ਿਸ਼ ਕੀਤੀ ਪਰ ਰਵੀ ਕੋਲ ਉਹ ਚੀਤੇ ਵਾਲੀ ਫੁਰਤੀ ਨਹੀਂ ਸੀ ਰਹੀ। ਉਹਦੇ ਅੰਦਰ ਇਕ ਡਰ ਬੈਠ ਗਿਆ ਸੀ। ਮਤੇ ਕਿਤੇ ਦੂਜੀ ਵਾਰ ਉੱਥੋਂ ਹੀ ਲੱਤ ਨਾ ਟੁੱਟ ਜਾਵੇ। ਇਕ ਦਿਨ ਰਵੀ ਡਿਫੈਂਡਰ ਨੂੰ ਪੰਜਾਬ ਕਿੱਕਰ ਕਲੱਬ ਦੇ ਪ੍ਰਧਾਨ ਨੇ ਕਿਹਾ ਸੀ, "ਯਾਰ ਤੂੰ ਐਡਾ ਵੱਡਾ ਖਿਡਾਰੀ ਏਂ, ਤੇਰੇ ਵਰਗਾ ਡਿਫੈਂਡਰ ਕੋਈ ਜੰਮਿਆ ਨਹੀਂ... ਸਾਰੇ ਕਹਿੰਦੇ ਸੀ ਜਿਸ ਟੀਮ ਅੱਗੇ ਰਵੀ ਡਿਫੈਂਡਰ ਚੀਨ ਦੀ ਕੰਧ ਵਾਂਗ ਖੜ੍ਹ ਜਾਂਦਾ, ਉਹ ਟੀਮ ਕਦੇ ਹਾਰਦੀ ਨਹੀਂ, ਰਵੀ ਡਿਫੈਂਡਰ ਚੀਨ ਦੀ ਉਹ ਕੰਧ ਆ ਜਿਹਦੇ ਅੱਗੋਂ ਕੋਈ ਬਾਲ ਲੰਘਾ ਨਹੀਂ ਸਕਦਾ। ਸਟੇਟ ਦਾ 'ਮਹਾਰਾਜਾ ਰਣਜੀਤ ਸਿੰਘ ਪੁਰਸਕਾਰ' ਤੈਨੂੰ ਮਿਲਿਆ... ਤੂੰ ਇਕ ਵਾਰ ਚੰਡੀਗੜ੍ਹ ਜਾ ਕੇ ਖੇਡ ਡਾਇਰੈਕਟਰ ਨੂੰ ਮਿਲ ਤੇ ਕਹਿ ਬਈ ਮੈਨੂੰ ਕੋਈ ਨੌਕਰੀ ਲਗਵਾ ਦਿਓ... ਯਾਰ ਬਥੇਰੀਆਂ ਨੌਕਰੀਆਂ ਹੁੰਦੀਆਂ ਉਨ੍ਹਾਂ ਕੋਲ ਖਿਡਾਰੀਆਂ ਲਈ। ਪੁਲਿਸ 'ਚ ਵੀ ਭਰਤੀ ਹੁੰਦੇ ਆ ਖਿਡਾਰੀ, ਤੂੰ ਵੇਖ ਲੈ ਐੱਸ.ਐੱਸ. ਸਿੱਧੂ ਤੇਰੇ ਨਾਲ ਈ ਕਲੱਬ 'ਚ ਖੇਡਦਾ ਸੀ। ਹਾਂ ਤੁਸੀਂ ਇਕੱਠੇ ਤਾਂ ਅੰਡਰ ਵਰਸਿਟੀ ਮੁਕਾਬਲੇ 'ਚ ਖੇਡਦੇ ਹੁੰਦੇ ਸੀ। ਉਹ ਪੁਲਿਸ 'ਚ ਅਫ਼ਸਰ ਲੱਗ ਗਿਆ। ਹੁਣ ਤਾਂ ਐੱਸ ਐੱਸ ਪੀ ਲੱਗਾ ਹੋਇਆ। ਯਾਰ ਸਰਕਾਰ ਦੇ ਖੇਡ ਕੋਟੇ ਹੁੰਦੇ ਆ।"

ਤੇ ਰਵੀ ਉਦੋਂ ਚੰਡੀਗੜ੍ਹ ਤੁਰ ਪਿਆ ਸੀ ਆਪਣੇ ਸਾਰੇ ਸਰਟੀਫਿਕੇਟ, ਮੈਡਲ ਤੇ ਪੁਰਸਕਾਰ ਲੈ ਕੇ। ਉਹ ਬੜੇ ਮਾਣ ਨਾਲ 'ਇੰਡੀਆ' ਵਾਲਾ ਬਲੇਜ਼ਰ ਪਾ ਕੇ ਗਿਆ ਸੀ। ਬੜੀ ਆਸ ਸੀ ਉਹਨੂੰ ਕਿ ਖੇਡ ਡਾਇਰੈਕਟਰ ਮੈਨੂੰ ਜੱਫ਼ੀ ਪਾ ਕੇ ਮਿਲੇਗਾ। ਤੇ ਕਹੇਗਾ, "ਬਈ ਵਾਹ ਤੂੰ ਐਂ ਰਵੀ ਕੁਮਾਰ! ਰਵੀ ਡਿਫੈਂਡਰ!! ਤੇਰੇ ਵਰਗੇ ਹੀਰੇ ਖਿਡਾਰੀ ਵਾਰ ਵਾਰ ਨਹੀਂ ਜੰਮਦੇ ਹੁੰਦੇ। ਤੂੰ ਤਾਂ ਉਹ ਹੀਰਾ ਏਂ ਜਿਹਦੇ ਇਕ ਗੋਲ ਨਾਲ ਭਾਰਤ ਅੰਤਰ ਰਾਸ਼ਟਰੀ ਗੋਲਡ ਕੱਪ ਜਿੱਤ ਕੇ ਲਿਆਇਆ ਸੀ।" ਅੱਗੇ ਉਹ ਹੋਰ ਸੋਚਦਾ, 'ਤੇ ਡਾਇਰੈਕਟਰ ਮੈਨੂੰ ਮਾਣ ਨਾਲ ਦਫ਼ਤਰ ਬਿਠਾਏਗਾ... ਚਾਹ

ਨਾਲ ਬਿਸਕੁਟ ਖਵਾਏਗਾ।'

ਪਰ ਜਦੋਂ ਰਵੀ ਉੱਥੇ ਪਹੁੰਚਾ ਤਾਂ ਮਿੱਠੂ ਦੇ ਸੁਪਨੇ ਦਾ ਘੜਾ ਡਿੱਗ ਕੇ ਠੀਕਰੀਆਂ ਠੀਕਰੀਆਂ ਹੋ ਗਿਆ ਸੀ। ਅੱਗੇ ਕਮਰੇ 'ਚ ਉਹੀ ਕੋਚ ਡਾਇਰੈਕਟਰ ਬਣ ਕੇ ਕੁਰਸੀ 'ਤੇ ਬੈਠਾ ਸੀ, ਜਿਹੜੇ ਕੋਚ ਨੇ ਥਾਈਲੈਂਡ ਵਿਖੇ ਹੋਏ ਅੰਤਰ ਰਾਸ਼ਟਰੀ ਗੋਲਡ ਏਸ਼ੀਆ ਕੱਪ ਦੇ ਫ਼ਾਈਨਲ ਮੈਚ 'ਚ ਆਪਣੀ ਹੀ ਟੀਮ ਨੂੰ ਹਾਰਨ ਲਈ ਕਿਹਾ ਸੀ।

ਉਹਨੂੰ ਹੁਣ ਵੀ ਇਨ ਬਿਨ ਚੇਤੇ ਆ ਡਾਇਰੈਕਟਰ ਦੀ ਨਸੀਹਤ। ਜਦੋਂ ਉਹਨੇ ਡਾਇਰੈਕਟਰ ਦਾ ਬੂਹਾ ਖੋਲ੍ਹਿਆ ਸੀ।

... "ਦੇਖ ਰਵੀ! ਤੇਰੀ ਗੇਮ ਹੁਣ ਖਤਮ ਏ ਯਾਰ। ਕਦੇ ਹੁੰਦੀ ਸੀ ਤੇਰੇ ਕੋਲ਼ ਗੇਮ... ਵੇਖ ਜਦੋਂ ਖਿਡਾਰੀ ਕੋਲ਼ ਗੇਮ ਹੁੰਦੀ ਆ, ਉਦੋਂ ਹੀ ਉਹ ਖਿਡਾਰੀ ਹੁੰਦਾ ਏ... ਜਦੋਂ ਸੀਨ ਤੋਂ ਆਊਟ ਹੋ ਗਿਆ ਤਾਂ ਉਹਦੀ ਥਾਂ ਹੋਰ ਨਵਾਂ ਖਿਡਾਰੀ ਆ ਜਾਂਦੇ ਨੇ... ਬਈ ਖਿਡਾਰੀਆਂ ਦੀਆਂ ਤਾਂ ਲਾਈਨਾਂ ਲੱਗੀਆ ਹੋਈਆਂ। ਇਕ ਖਿਡਾਰੀ ਜਦੋਂ ਡਿੱਗ ਪੈਂਦਾ, ਉਹਨੂੰ ਕੋਈ ਨੀਂ ਚੁੱਕਦਾ... ਉਹਦੀ ਥਾਂ ਲੈਣ ਲਈ ਪੰਜ ਹੋਰ ਖੜ੍ਹੇ ਹੁੰਦੇ ਆ। ਫ਼ਿਲਹਾਲ ਤਾਂ ਤੇਰੇ ਲਈ ਕੋਈ ਨੌਕਰੀ ਨਹੀਂ। ਜੇ ਬਾਹਲੀ ਜ਼ਿੱਦ ਕਰਦਾਂ ਤਾਂ ਖੇਡ ਮੰਤਰੀ ਕੋਲ ਚਲੇ ਜਾ... ।" ਡਾਇਰੈਕਟਰ ਨੇ ਕੋਰਾ ਜਵਾਬ ਦੇ ਦਿੱਤਾ ਸੀ।

"ਵੇਖੋ ਡਾਇਰੈਕਟਰ ਸਾਹਿਬ! ਮੈਂ ਤੁਹਾਡੇ ਲਈ ਪੂਰੇ ਪੰਦਰਾਂ ਸਾਲ ਖੇਡਿਆ। ਸਟੇਟ ਲਈ ਖੇਡਿਆ... ਦੇਸ ਲਈ ਖੇਡਿਆ... ਜਦੋਂ ਥਾਈਲੈਂਡ ਖੇਡਿਆ ਤਾਂ ਥਾਈਲੈਂਡ ਦੇ ਖੇਡ ਚੇਅਰਮੈਨ ਨੇ ਮੈਨੂੰ ਵੀ ਕਿਹਾ ਕਿ ਤੂੰ ਸਾਡੇ ਕੋਲ਼ ਆ ਜਾ। ਸਾਡੀ ਟੀਮ 'ਚ ਖੇਡ... ਤੂੰ ਤੇ ਤੇਰਾ ਪਰਿਵਾਰ ਸਾਡਾ... ਪਰ ਮੈਂ ਕਿਹਾ, ਨਹੀਂ ਮੈਂ ਆਪਣੀ ਕੰਟਰੀ ਲਈ ਖੇਡਣਾ... ਤਾਂ ਤੁਸੀਂ ਮੇਰੀ ਦੇਸ ਭਗਤੀ ਦਾ ਆਹ ਫ਼ਲ ਦੇ ਰਹੇ ਹੋ।" ਰਵੀ ਰੋਣਹਾਕਾ ਹੋ ਗਿਆ ਸੀ।

"ਦੇਖ ਰਵੀ ਕੁਮਾਰ, ਮੇਰੇ ਕੋਲ਼ ਤੇਰੇ ਲਈ ਕੋਈ ਨੌਕਰੀ ਨਹੀਂ... ਮੈਂ ਤਾਂ ਤੈਨੂੰ ਪੁਲਿਸ 'ਚ ਸਿਪਾਹੀ ਵੀ ਭਰਤੀ ਨਹੀਂ ਕਰਵਾ ਸਕਦਾ... ਸਕੂਲ ਵਿਚ ਚਪੜਾਸੀ ਨਹੀਂ ਲਗਵਾ ਸਕਦਾ... ਕਿਉਂਕਿ ਤੂੰ ਆਪਣੇ ਤੋਂ ਵੱਡੇ ਅਫ਼ਸਰ ਦੀ ਗੱਲ ਨੀਂ ਮੰਨਣੀ... ਤੂੰ ਤੁਰਦਾ ਹੋ ਹੁਣ।" ਡਾਇਰੈਕਟਰ ਤਲਖ਼ੀ 'ਚ ਆ ਗਿਆ ਸੀ।

"ਜਦੋਂ ਦੇ ਤੁਹਾਡੇ ਵਰਗੇ ਸੱਪ ਖੇਡ ਅਦਾਰਿਆਂ 'ਚ ਬੈਠੇ ਆ, ਉਦੋਂ ਤਕ ਕੋਈ ਖਿਡਾਰੀ ਨੀ ਜੰਮਣਾ... ਕੋਈ ਮੈਡਲ ਨਹੀਂ ਮਿਲਣਾ... ਤੁਸੀਂ ਖੇਡ ਅਦਾਰਿਆਂ ਦੀਆਂ ਕੁਰਸੀਆਂ 'ਤੇ ਬੈਠੇ ਸੱਪ ਹੋ, ਜੋ ਚੰਗੇ ਖਿਡਾਰੀਆਂ ਦੇ ਡੰਗ ਮਾਰਦੇ ਹੋ। ਤੁਹਾਡੇ ਆਪਣੇ ਭੈਣ ਭਾਈ... ਖਿਡਾਰੀ ਬਣਨਗੇ... ਤੁਹਾਡੇ ਆਪਣੇ ਧੀਆਂ ਪੁੱਤ... ਖੇਡ ਕੋਟੇ 'ਚ ਨੌਕਰੀਆਂ ਲੈਣਗੇ... ਬੇੜਾ ਗਰਕ ਹੋਵੇਗਾ ਸਭ ਦਾ।" ਅਤੇ ਰਵੀ ਕੁਮਾਰ ਆਪਣੇ ਸਰਟੀਫਿਕੇਟ, ਮੈਡਲ ਇਕੱਠੇ ਕਰਕੇ ਤੁਰ ਪਿਆ ਸੀ। ਉਹਦਾ ਜੀਅ ਕਰਦਾ ਸੀ ਇਹ ਸਾਰੇ ਮੈਡਲ, ਸਰਟੀਫਿਕੇਟ ਦਰਿਆ 'ਚ ਸੁੱਟ ਦੇਵੇ। ਘਰ ਨੂੰ ਆਉਂਦਾ ਰਵੀ ਕੁਮਾਰ ਸੋਚ ਰਿਹਾ ਸੀ। ਉਹਦੇ ਨਾਲ ਖੇਡਣ ਵਾਲੇ ਤੇ ਬਾਅਦ ਵਿਚ ਖੇਡਣ ਵਾਲੇ ਕਈ ਖਿਡਾਰੀ ਸਰਕਾਰੀ ਨੌਕਰੀਆਂ 'ਤੇ ਲੱਗ ਗਏ ਸਨ। ਕੋਈ ਪੁਲਿਸ 'ਚ ਭਰਤੀ ਹੋ ਗਿਆ ਸੀ... ਕੋਈ ਰੇਲਵੇ 'ਚ ਤੇ ਕੋਈ ਹੋਰ ਮਹਿਕਮਿਆਂ 'ਚ ਸੈੱਟ ਹੋ ਗਏ ਸਨ।

ਤੇ ਰਵੀ ਡਿਫੈਂਡਰ ਪਿੰਡ 'ਚੋਂ ਉੱਠਿਆ ਤੇ ਪਿੰਡ ਜੋਗਾ ਹੀ ਰਹਿ ਗਿਆ ਸੀ। ਉਸ ਦਿਨ ਤੋਂ ਬਾਅਦ ਰਵੀ ਕਈ ਦਿਨ ਘਰੋਂ ਬਾਹਰ ਨਹੀਂ ਸੀ ਨਿਕਲਿਆ।

ਉਧਰ ਘਰ 'ਚ ਤੰਗੀ ਆ ਗਈ ਸੀ। ਘਰ 'ਚ ਗ਼ਰੀਬੀ ਆ ਗਈ ਸੀ। ਉਹਨੂੰ ਪਿਆਰ ਕਰਨ ਵਾਲੇ ਵਿਦੇਸ਼ ਚਲੇ ਗਏ ਸਾਥੀਆਂ ਨੇ ਉਹਨੂੰ ਕੁਝ ਪੈਸੇ ਭੇਜੇ ਤਾਂ ਉਹਨੇ ਦੋ ਕਮਰੇ ਛੱਤ ਲਏ ਸਨ। ਨਾਲ ਰਸੋਈ ਤੇ ਬਾਥਰੂਮ ਬਣਾ ਲਿਆ ਸੀ। ਗੇਟ ਦੇ ਪਿੱਲਰ 'ਤੇ ਆਪਣੇ ਨਾਂ ਵਾਲੀ ਨੇਮ ਪਲੇਟ ਬਣਵਾ ਕੇ ਲਗਾ ਦਿੱਤੀ ਸੀ- 'ਰਵੀ ਡਿਫੈਂਡਰ, ਸਾਬਕਾ ਅੰਤਰ ਰਾਸ਼ਟਰੀ ਫ਼ੁੱਟਬਾਲ ਖਿਡਾਰੀ'।

ਕੁਝ ਚਿਰਾਂ ਬਾਅਦ ਹੀ ਰਵੀ ਦਾ ਵਿਆਹ ਕਰ ਦਿੱਤਾ ਸੀ। ਉਹਦੇ ਘਰ ਦਾ ਖਰਚਾ ਵਧ



ਗਿਆ ਸੀ। ਉਹਦੀ ਜ਼ਿੰਦਗੀ ਦੀ ਗੇਮ ਇਕ ਦਮ ਰੱਦੀ ਹੋ ਗਈ ਸੀ। ਉਹ ਸ਼ਹਿਰ ਦੇ ਇਕ ਕਾਰਖਾਨੇ ਵਿਚ ਵੀ ਜਾਣ ਲੱਗ ਪਿਆ ਸੀ। ਕਾਰਖਾਨੇ ਦਾ ਮਾਲਕ ਕਿਸੇ ਵੇਲ਼ੇ ਫ਼ੁੱਟਬਾਲ ਖੇਡਦਾ ਰਿਹਾ ਸੀ। ਉਹ ਰਵੀ ਨੂੰ ਜਾਣਦਾ ਸੀ। ਇਕ ਦਿਨ ਉਹਨੇ ਰਵੀ ਨੂੰ ਕਿਹਾ ਸੀ, "ਯਾਰ ਰਵੀ ਤੂੰ ਕਾਰਖਾਨੇ ਆ ਜਿਆ ਕਰ, ਕੋਈ ਕੰਮ ਨੀਂ, ਬਸ ਕਾਮਿਆਂ 'ਤੇ ਨਜ਼ਰ ਰੱਖਣੀ ਆ... ਫੋਰਮੈਨੀ ਤਾਂ ਵਧੀਆ ਕੰਮ ਆ। ਇਹਦੇ ਨਾਲ ਤੇਰੇ ਘਰ ਦਾ ਗੁਜ਼ਾਰਾ ਚਲਦਾ ਰਹੇਗਾ।"

ਘਰ ਦੇ ਚੱਕਰਵਿਊ 'ਚ ਉਹ ਅਜਿਹਾ ਉਲਝਿਆ ਸੀ ਕਿ ਉਹਦੇ ਸੁਫ਼ਨਿਆਂ 'ਚ ਫ਼ੁੱਟਬਾਲ ਪਤਾ ਨੀਂ ਕਿੱਥੇ ਦਫ਼ਨ ਹੋ ਗਿਆ ਸੀ। ਹੁਣ ਉਹਨੂੰ ਫ਼ੁੱਟਬਾਲ ਦੇ ਸੁਫ਼ਨੇ ਨਹੀਂ ਆਉਂਦੇ ਸਨ। ਨਹੀਂ ਤਾਂ ਜਦੋਂ ਉਹ ਫ਼ੁੱਟਬਾਲ 'ਚ ਲਗਾਤਾਰ ਉਤਾਂਹ ਨੂੰ ਉੱਠ ਰਿਹਾ ਸੀ ਤਾਂ ਉਦੋਂ ਸੁੱਤਾ ਪਿਆ ਵੀ ਲੱਤਾਂ ਚਲਾਉਣ ਲੱਗ ਪੈਂਦਾ ਸੀ। ਪਰ ਹੁਣ ਉਹਨੂੰ ਸੁੱਤਿਆਂ ਉੱਠਦਿਆਂ ਹੀ ਫ਼ਿਕਰ ਲੱਗ ਜਾਂਦਾ ਸੀ ਕਿ ਘਰ ਦੇ ਸੌਦੇ ਕਿਹੜੇ ਕਿਹੜੇ ਮੁੱਕੇ ਹੋਏ ਹਨ, ਦੁੱਧ ਦੇ ਪੈਸੇ ਦੇਣੇ ਹਨ।

ਤੇ ਫੇਰ ਉਹਦੇ ਕੁੱਝ ਸਾਥੀਆਂ ਨੇ ਹੌਸਲਾ ਦਿੱਤਾ ਸੀ। ਇੰਗਲੈਂਡ ਰਹਿੰਦੇ ਉਹਦੇ ਜਾਣੂ ਮੁੰਡਿਆਂ ਨੇ ਪਿੰਡ ਦੇ ਸਕੂਲੀ ਬੱਚਿਆਂ ਦੀ ਫ਼ੁੱਟਬਾਲ ਟੀਮ ਤਿਆਰ ਕਰਨ ਲਈ ਕਿਹਾ ਸੀ। ਉਹਨਾਂ ਨੇ ਹਰ ਮਹੀਨੇ ਕੁਝ ਪੈਸੇ ਭੇਜਣੇ ਸ਼ੁਰੂ ਕਰ ਦਿੱਤੇ ਸਨ। ਤੇ ਰਵੀ ਡਿਫੈਂਡਰ ਅੰਦਰ ਸੁੱਤਾ ਖਿਡਾਰੀ ਮੁੜ ਜਾਗ ਪਿਆ ਸੀ। ਰਵੀ ਨੇ ਟੀਮ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਸੀ।

ਫੇਰ ਅਣਮੰਨੇ ਜਿਹੇ ਮਨ ਨਾਲ ਉਹ ਗਰਾਊਂਡ ਵਿਚ ਜਾਣ ਲੱਗ ਪਿਆ ਸੀ। ਗਰਾਊਂਡ ਵਿਚ ਪੰਦਰਾਂ ਵੀਹ ਬੱਚੇ ਫ਼ੁੱਟਬਾਲ ਖੇਡਣ ਆਣ ਲੱਗ ਪਏ ਸਨ। ਉਨ੍ਹਾਂ ਬੱਚਿਆਂ ਅੰਦਰ ਉਹਨੂੰ ਆਪਣਾ ਭਵਿੱਖ ਦਿਸਦਾ ਸੀ। ਜ਼ਖ਼ਮੀ ਅਤੀਤ ਨੂੰ ਆਪਣੇ ਮਨ ਅੰਦਰ ਦਫ਼ਨ ਕਰ ਉਹ ਬੱਚਿਆਂ ਨੂੰ ਖੇਡਣ ਦੇ ਗੁਰ ਦੱਸਣ ਲੱਗ ਪੈਂਦਾ ਸੀ।

ਜਦੋਂ ਕਦੇ ਉਦਾਸ ਹੁੰਦਾ ਸੀ ਤਾਂ ਉਹ ਆਪਣਾ ਟਰੰਕ ਖੋਲ੍ਹਦਾ ਸੀ। ਉਹਦੇ ਵਿਚੋਂ ਸਨਮਾਨ ਪੱਤਰ ਕੱਢਦਾ ਸੀ... ਇਕੱਲੇ ਇਕੱਲੇ ਮੈਡਲ ਨੂੰ ਹੱਥਾਂ ਨਾਲ ਮਹਿਸੂਸ ਕਰਦਾ ਸੀ। ਬਲੇਜ਼ਰ ਕੱਢ ਕੇ ਆਪਣੇ ਪੋਟਿਆ ਨਾਲ ਮਹਿਸੂਸ ਕਰਦਾ ਸੀ ਅਤੇ ਨਮ ਅੱਖਾਂ ਨਾਲ ਮੁੜ ਟਰੰਕ 'ਚ ਰੱਖ ਕੇ ਜਿੰਦੀ ਲਗਾ ਦਿੰਦਾ ਸੀ।

ਕਦੇ ਕਦੇ ਉਹ ਆਪਣਾ ਨੀਲੇ ਰੰਗ ਦਾ ਬਲੇਜ਼ਰ ਪਾ ਕੇ ਪਿੰਡ ਦੀ ਗਰਾਊਂਡ ਵਿਚ ਜਾਂਦਾ ਸੀ। ਤੇ ਬੱਚਿਆਂ ਨੂੰ ਦੱਸਦਾ ਸੀ... ਬੱਚਿਓ! ਇਹ ਮੇਰਾ ਨੀਲੇ ਰੰਗ ਦਾ ਬਲੇਜ਼ਰ ਵੇਖਦੇ ਹੋ... ਇਹ ਬਲੇਜ਼ਰ ਇੰਡੀਆ ਦੀ ਟੀਮ ਵਿਚ ਜਦੋਂ ਮੈਂ ਸਿਲੈਕਟ ਹੋਇਆ ਸੀ... ਤਾਂ ਮੈਨੂੰ ਦਿੱਤਾ ਗਿਆ ਸੀ। ਅਸੀਂ ਸਾਰੇ ਖਿਡਾਰੀਆਂ ਨੇ ਇਹ ਬਲੇਜ਼ਰ ਪਾਏ ਸੀ... 'ਇੰਡੀਆ' ਲਿਖਿਆ ਬਲੇਜ਼ਰ ਪਾਉਣ ਲਈ ਤੁਹਾਨੂੰ ਬਹੁਤ ਸਖ਼ਤ ਮਿਹਨਤ ਕਰਨੀ ਪੈਣੀ ਏ, ਇਸ ਗਰਾਊਂਡ ਵਿਚ ਪਸੀਨਾ ਵਹਾਉਣਾ ਪੈਣਾ ਏ। ਫੇਰ ਹੀ ਤੁਸੀਂ ਇਸ ਬਲੇਜ਼ਰ ਨੂੰ ਪਾ ਸਕਦੇ ਹੋ... ਅੱਜ ਤੋਂ ਹੀ ਤੁਸੀਂ ਇਹ ਟੀਚਾ ਮਿਥ ਲਓ।"

ਤੇ ਇਕ ਦਿਨ ਉਹ ਉਸੇ ਤਰ੍ਹਾਂ ਖ਼ੁਸ਼ੀ ਵਿਚ ਉਛਲਿਆ ਸੀ ਜਿਵੇਂ ਅੰਤਰ ਵਰਸਿਟੀ ਫ਼ੁੱਟਬਾਲ ਮੁਕਾਬਲੇ 'ਚ ਉਹ, ਪਹਿਲਾ ਗੋਲ਼ ਕਰਕੇ ਉਛਲਿਆ ਸੀ।

ਉਹਦੇ ਘਰ ਬੱਚੇ ਨੇ ਕਿਲਕਾਰੀ ਮਾਰੀ ਸੀ। ਉਸ ਦਿਨ ਉਹ ਇਕ ਬੱਚੇ ਦਾ ਬਾਪ ਬਣਿਆ ਸੀ। ਉਹਦੀ ਮਾਂ ਉਹਨੂੰ ਵਧਾਈਆਂ ਦਿੰਦੀ ਤੇ ਕਾਕੇ ਦਾ ਮੂੰਹ ਦਿਖਾਉਣ ਆਈ ਬੋਲੀ ਸੀ, "ਵੇ ਰਵੀ! ਤੇਰੇ ਘਰ ਰੱਬ ਨੇ ਜੀਅ ਦਿੱਤਾ ਐ, ਖ਼ੁਸ਼ੀ 'ਚ ਲੱਡੂ ਵੰਡ।"

ਤੇ ਰਵੀ ਡਿਫੈਂਡਰ ਨੇ ਗੋਦੀ 'ਚ ਚੁੱਕ ਕੇ ਪੁੱਤ ਦਾ ਮੱਥਾ ਚੁੰਮਿਆ ਸੀ। ਉਹਦੇ ਮਨ ਵਿਚ 'ਇੰਡੀਆ' ਲਿਖਿਆ ਬਲੇਜ਼ਰ ਘੁੰਮਿਆ ਸੀ।

"ਬੀਬੀ! ਇਹਨੂੰ ਮੈਂ ਫ਼ੁੱਟਬਾਲ ਦਾ ਵੱਡਾ ਖਿਡਾਰੀ ਬਣਾਉਣਾ... ਜੋ ਮੈਂ ਨੀਂ ਕਰ ਸਕਿਆ, ਹੁਣ ਇਹ ਕਰੂਗਾ।"

"ਜਾਣ ਦੇ ਵੇ ਬਸ ਕਰ... ਨਾ ਤੂੰ ਫ਼ੁੱਟਬਾਲ ਖੇਡ ਕੇ ਕੀ ਝੰਡੇ ਝੁਲਾ ਦਿੱਤੇ... ਦਿੱਲੀ-ਦੱਖਣ ਫ਼ੁੱਟਬਾਲ ਖੇਡਣ ਗਿਆ... ਕਿਸੇ ਨੇ ਚਪੜਾਸੀ ਦੀ ਨੌਕਰੀ ਨੀਂ ਦਿੱਤੀ। ਅਸੀਂ ਨੀਂ ਇਹਨੂੰ ਇਸ

ਨਰਕ 'ਚ ਧੱਕਣਾ।"

"ਲੈ ਬੀਬੀ ਪਿਓ ਨਾਲੋਂ ਵੱਡਾ ਖਿਡਾਰੀ ਬਣੂਗਾ ਏਹ। ਮੈਂ ਤਾਂ ਹੁਣ ਤੋਂ ਇਹਦੇ ਹੱਡ ਪੈਰ ਲੋਹੇ ਦੇ ਬਣਾਉਣ ਲਈ ਇਹਦੀ ਪ੍ਰੈਕਟਿਸ ਕਰਵਾਉਣੀ ਸ਼ੁਰੂ ਕਰ ਦੇਣੀ ਆ।"

ਤੇ ਰਵੀ ਨੇ ਆਪਣੀ ਪਤਨੀ ਰਾਜਵਿੰਦਰ ਦੀ ਸਲਾਹ ਨਾਲ ਨਾਂ ਰੱਖਿਆ ਸੀ- ਆਰੀਅਨ ਕੁਮਾਰ। ਤੇ ਰਵੀ ਨੇ ਮੇਲੇ ਤੋਂ ਪਹਿਲਾ ਜੋ ਖਿਡੌਣਾ ਲਿਆ ਕੇ ਦਿੱਤਾ ਸੀ, ਉਹ ਫੁੱਟਬਾਲ ਸੀ। ਪਤਨੀ ਰਾਜ ਨੇ ਮੂੰਹ ਵੱਟ ਲਿਆ ਸੀ ਫੁੱਟਬਾਲ ਵੇਖ ਕੇ, "ਨਾ ਤੁਸੀਂ ਮੁੜ ਮੁੜ ਸਾਡੇ ਜ਼ਖ਼ਮਾਂ 'ਤੇ ਲੂਣ ਭੁੱਕ ਰਹੇ ਹੋ। ਤੁਹਾਨੂੰ ਵੀਹ ਸਾਲ ਫੁੱਟਬਾਲ ਖੇਡ ਕੇ ਰੱਜ ਨੀਂ ਆਇਆ।"

ਕੰਡਕਟਰ ਨੇ ਵਿਸਲ ਮਾਰ ਕੇ ਆਵਾਜ਼ ਮਾਰੀ ਸੀ, "ਲਓ ਬਈ ਸੰਮੀਪੁਰ ਆ ਗਿਆ। ਸੰਮੀਪੁਰ ਵਾਲੇ ਉਤਰ ਜਾਓ ਭਾਈ।" ਤਾਂ ਰਵੀ ਦਾ ਸੋਚਾਂ ਸੋਚਦਾ ਮਨ ਜ਼ਿੰਦਗੀ ਦੀ ਗਰਾਊਂਡ 'ਚ ਤਿਲਕ ਗਿਆ ਸੀ। ਤਾਂ ਉਹ ਆਰੀਅਨ ਨੂੰ ਕਹਿਣ ਲੱਗਾ ਸੀ,

"ਆਰੀਅਨ ਉੱਠ ਬਈ ਪਿੰਡ ਆ ਗਿਆ।" ਖੇਡ ਕੇ ਥੱਕੇ ਹੋਏ ਆਰੀਅਨ ਦੀ ਵੀ ਅੱਖ ਲੱਗ ਗਈ ਸੀ। ਉਹ ਦਬਾਸਟ ਉੱਠਿਆ ਤੇ ਆਪਣੇ ਪਿਤਾ ਮਗਰ ਹੀ ਬੱਸ ਵਿਚੋਂ ਉਤਰ ਗਿਆ ਸੀ।

"ਵੇਖ ਪੁੱਤ! ਐਵੇਂ ਹੌਂਸਲਾ ਨਾ ਢਾਹੀਂ... ਬੰਦਾ ਜਦੋਂ ਤੁਰਦਾ ਤਾਂ ਉੱਚਾ-ਨੀਵਾਂ ਰਾਹ ਆਉਂਦਾ ਹੁੰਦੈ... ਕਦੇ ਕਦੇ ਠੇਡਾ ਖਾ ਕੇ ਵੀ ਡਿੱਗਦਾ। ਪਰ ਬੰਦਾ ਫੇਰ ਉੱਠਦਾ। ਤੇਰਾ ਕੰਮ ਕੇਵਲ ਖੇਡਣਾ... ਉਹ ਵੀ ਚੰਗਾ... ਮੈਨੂੰ ਪਤੈ ਤੇਰੇ ਕੋਲ਼ ਜਿਹੜੀ ਸਕਿੱਲ ਆ, ਉਹ ਹੋਰ ਕਿਸੇ 'ਚ ਨੀਂ ਹੈਗੀ। ਅੱਜ ਗਰਾਊਂਡ ਵਿਚ ਸਭ ਨੂੰ ਪਤਾ ਬਈ ਤੂੰ ਚੰਗਾ ਖੇਡਿਆ। ਜੇ ਚਾਰ ਬੰਦੇ ਵੇਖ ਕੇ ਅੱਖਾਂ ਮੀਟ ਲੈਣ ਜਾਂ ਅੰਨ੍ਹੇ ਹੋ ਜਾਣ ਤਾਂ ਫੇ ਕੀ ਐ... ਕੋਈ ਤੇਰੀ ਗੇਮ ਵੇਖਣ ਵਾਲਾ ਵੀ ਜੰਮ ਪਵੇਗਾ, ਕਮਲਿਆ ਕਿਸੇ ਚੀਜ਼ ਦਾ ਬੀਜ ਨਾਸ ਨੀਂ ਹੁੰਦਾ।"

"ਸਹੀ ਗੱਲ ਐ ਪਾਪਾ ਜੀ।" ਕਹਿੰਦਾ ਆਰੀਅਨ ਚੜ੍ਹਦੀ ਕਲਾ 'ਚ ਆ ਗਿਆ ਸੀ।

ਹਨੇਰੇ ਹੋਏ ਦੋਵੇਂ ਘਰ ਪਹੁੰਚੇ ਸਨ। ਰੋਟੀ ਖਾ ਕੇ ਰਵੀ ਮੰਜੇ 'ਤੇ ਲੰਮਾ ਪੈ ਗਿਆ ਸੀ। ਆਰੀਅਨ ਦਾ ਮਨ ਵੀ ਅੱਜ ਲੰਮੇ ਪੈਣ ਨੂੰ ਹੀ ਕਰ ਰਿਹਾ ਸੀ। ਮੰਜੇ 'ਤੇ ਲੰਮਾ ਪਿਆ ਆਰੀਅਨ ਆਪਣੇ ਪਿਓ ਰਵੀ ਬਾਰੇ ਸੋਚਣ ਲੱਗ ਪਿਆ ਸੀ।

ਅਜੇ ਆਰੀਅਨ ਪੰਜ ਕੁ ਸਾਲਾਂ ਦਾ ਹੋਇਆ ਸੀ, ਰਵੀ ਨੇ ਉਹਨੂੰ ਫੁੱਟਬਾਲ ਦੇ ਦਾਅ-ਪੇਚ ਸਿਖਾਉਣੇ ਸ਼ੁਰੂ ਕਰ ਦਿੱਤੇ ਸਨ। ਵਾਰਮ ਅੱਪ ਹੋਣਾ... ਲੱਕ ਦੀ ਲਚਕ... ਦੌੜ ਦਾ ਸਟੈਮਨਾ ਵਧਾਉਣਾ ਤੇ ਫੁੱਟਬਾਲ ਦੇ ਬਰੀਕ ਬਰੀਕ ਦਾਅ ਰਵੀ ਦੱਸਦਾ ਰਹਿੰਦਾ ਸੀ। ਉਹ ਆਰੀਅਨ ਨੂੰ ਗਰਾਊਂਡ ਵਿਚ ਮੂੰਹ ਹਨੇਰੇ ਲੈ ਜਾਂਦਾ ਸੀ। ਬਾਕੀ ਖਿਡਾਰੀਆਂ ਵਿਚ ਆਰੀਅਨ ਨੂੰ ਬਿਠਾ ਦਿੰਦਾ ਤੇ ਬੋਲਣ ਲੱਗਦਾ,

"ਪੁੱਤਰੋ! ਖਿਡਾਰੀ ਦੀਆਂ ਚਾਰ ਅੱਖਾਂ ਹੁੰਦੀਆਂ ਹਨ... ਦੋ ਅੱਖਾਂ ਉਹਦੀਆਂ ਪਿੱਛੇ ਹੁੰਦੀਆਂ ਹਨ। ਹਰ ਖਿਡਾਰੀ ਨੇ ਗਰਾਊਂਡ 'ਚ ਖੇਡਣਾ ਹੁੰਦਾ ਏ... ਏਹ ਨਹੀਂ ਬਈ ਜ਼ੋਰ-ਜ਼ੋਰ ਦੀ ਕਿੱਕਾਂ ਮਾਰੀ ਜਾਓ... ਬਾਲ ਜ਼ਮੀਨ 'ਤੇ ਰਹਿਣਾ ਚਾਹੀਦਾ ਏ... ਹਰ ਖਿਡਾਰੀ 'ਚ ਇਹ ਭਾਵਨਾ ਬਿਲਕੁਲ ਨਾ ਹੋਵੇ ਬਈ ਮੈਂ ਹੀ ਗੋਲ਼ ਕਰਨਾ ਏ... ਬਾਲ ਪਾਸ ਦੇਣਾ ਹੁੰਦਾ ਏ... ਵਿਰੋਧੀ ਤੋਂ ਬਾਲ ਖੋਹ ਕੇ ਅੱਗੇ ਪਾਸ ਕਰੋ ਜਾਂ ਸੱਜੇ ਖੱਬੇ ਦਿਓ.. ਜੇ ਤੁਸੀਂ ਘਿਰ ਗਏ ਹੋ ਤਾਂ ਬਾਲ ਬੈਕ ਪਿੱਛੇ ਡਿਫੈਂਡਰ ਵੱਲ ਸੁੱਟੋ... ਜੇ ਤੁਹਾਡੇ ਵਿਰੋਧੀ ਮਿੱਡ ਫੀਲਡ 'ਚ ਇਕੱਠੇ ਹੋ ਗਏ ਹਨ ਤੇ ਗੇਮ ਨੂੰ ਸੱਜੇ ਖੱਬੇ ਫੈਲਾ ਦਿਓ ਤੇ ਅੱਗੇ ਵਧੋ... ਇਸ ਵੇਲੇ ਸਟਰਾਈਕਰ ਦਾ ਰੋਲ ਬਹੁਤ ਹੁੰਦਾ ਏ। ਉਹਨੇ ਪੂਰਾ ਜ਼ੋਰ ਲਾ ਕੇ ਖੇਡਣਾ ਹੁੰਦਾ। ਮੈਂ ਜਦੋਂ ਖੇਡਦਾ ਸੀ ਬਾਲ ਜਦੋਂ ਮੇਰੇ ਬੂਟਾਂ ਨੂੰ ਟਚ ਕਰਦਾ ਸੀ, ਮੇਰੇ ਵਿਚ ਚੀਤੇ ਵਰਗੀ ਫ਼ੁਰਤੀ ਆ ਜਾਂਦੀ ਸੀ। ਵਿਰੋਧੀ ਸਟਰਾਈਕਰ ਤਾਂ ਮੈਂ ਨੇੜੇ ਨੀਂ ਸੀ ਫੜਕਣ ਦਿੰਦਾ। ਜਦੋਂ ਸਟਰਾਈਕਰ ਕੋਲੋਂ ਡਿਫੈਂਡਰ ਜਾਂ ਮਿੱਡ ਫੀਲਡਰ ਬਾਲ ਬਣਾ ਕੇ ਪਾਸ ਕਰੇ ਤਾਂ ਫੇਰ ਸਾਰੀ ਗੇਮ ਸਟਰਾਈਕਰ ਕੋਲ ਹੁੰਦੀ ਐ.. ਜਦੋਂ ਦਬਾਅ ਬਣਾ ਕੇ ਖੇਡੋਗੇ ਤਾਂ ਗੋਲ਼ ਦੇ ਬਹੁਤ ਚਾਂਸ ਹੁੰਦੇ ਨੇ।" ਆਰੀਅਨ ਸੁਣਦਾ ਰਹਿੰਦਾ ਸੀ ਤੇ ਉਹਦੇ ਮਨ ਵਿਚ ਪਿਤਾ ਵੱਲੋਂ ਦੱਸੀਆਂ ਗੱਲਾਂ ਦ੍ਰਿਸ਼ ਬਣ ਕੇ



ਦਿਮਾਗ਼ ਵਿਚ ਘੁੰਮਣ ਲੱਗਦੀਆਂ ਸਨ।

ਅੱਜ ਭਾਵੇਂ ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ ਦੀ ਟੀਮ 'ਚੋਂ ਉਹਨੂੰ ਬਾਹਰ ਕਰ ਦਿੱਤਾ ਗਿਆ ਸੀ ਪਰ ਉਹ ਐਨੀ ਛੇਤੀ ਹਾਰ ਮੰਨਣ ਵਾਲਾ ਨਹੀਂ ਸੀ। ਆਰੀਅਨ ਇਕ ਤੂਫ਼ਾਨ ਸੀ ਜਿਹਨੂੰ ਕੋਈ ਨਹੀਂ ਸੀ ਰੋਕ ਸਕਦਾ। ਉਹਨੂੰ ਇਹ ਵੀ ਪਤਾ ਸੀ ਬਈ ਮੇਰੇ ਮੁਕਾਬਲੇ ਦਾ ਕੋਈ ਖਿਡਾਰੀ ਨਹੀਂ ਲੱਭਣਾ।

ਸੁੱਤ-ਉਣੀਂਦੇ ਹੀ ਉਹਦੇ ਮੋਹਰੇ ਰਵੀ ਡਿਫੈਂਡਰ ਆ ਖੜ੍ਹਿਆ ਸੀ... ਆਰੀਅਨ ਪੁੱਤਰ! ਹੁਣ ਅਗਲੇ ਸਾਲ ਦੇ ਟਰਾਇਲ ਦੀ ਤਿਆਰੀ ਕਰਨੀ ਸ਼ੁਰੂ ਕਰ ਦੇ... ਤੂਫ਼ਾਨ ਨੂੰ ਕੋਈ ਰੋਕ ਨਹੀਂ ਸਕਦਾ।"

ਉਹਨੂੰ ਆਪਣੇ ਪਾਪਾ ਦੀ ਗੱਲ ਚੇਤੇ ਆ ਰਹੀ ਸੀ, 'ਪੁੱਤਰਾ! ਮੈਨੂੰ ਖੇਡ ਡਾਇਰੈਕਟਰ ਨੇ ਇਸ ਲਈ ਵੀ ਨੌਕਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਮੈਂ ਉਸਦੀ ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ ਦੇ ਫਾਈਨਲ ਮੈਚ 'ਚ, ਮੈਚ ਹਾਰਨ ਵਾਲੀ ਗੱਲ ਨਹੀਂ ਸੀ ਮੰਨੀ, ਪੁੱਤਰਾ ਮੈਂ ਆਪਣੀ ਜ਼ਿੰਦਗੀ ਦਾਅ 'ਤੇ ਲਾ ਕੇ ਗੋਲ਼ ਕੀਤਾ ਸੀ ਤੇ 'ਇੰਡੀਆ' ਲਈ ਮੈਚ ਜਿੱਤਿਆ ਸੀ। ਜੇ ਮੈਂ ਚਾਹੁੰਦਾ ਤਾਂ ਮੈਂ ਵੀ... ...।'

'ਹਾਂ ਪਾਪਾ! ਮੈਂ ਹੋਰ ਮਿਹਨਤ ਕਰੂੰ... ਗਾ। ਮੈਂ ਹੋਰ ਵਧੀਆ ਖੇਡੂੰ... ਮੈਂ ਹੋਰ ...।" ਤੇ ਬੁੜ ਬੁੜਾਉਂਦੇ ਆਰੀਅਨ ਨੂੰ ਪਤਾ ਨਹੀਂ ਕਦੋਂ ਨੀਂਦ ਨੇ ਘੇਰਾ ਪਾ ਲਿਆ ਸੀ।

ਫੁੱਟਬਾਲ ਨਾਲ ਖੇਡਣ ਵਾਲਾ ਰਵੀ ਜ਼ਿੰਦਗੀ ਨਾਲ ਖੇਡਣ ਲੱਗ ਪਿਆ ਸੀ। ਕਦੇ ਘਰ ਦੇ ਭਾਂਡਿਆਂ ਨਾਲ ਖੇਡਦਾ ਤੇ ਕਦੇ ਕਾਰਖਾਨੇ ਜਾ ਕੇ ਮਜ਼ਦੂਰਾਂ ਨਾਲ ਖੇਡਦਾ। ਸ਼ਾਮ ਨੂੰ ਪਿੰਡ ਦੇ ਨਿੱਕੇ ਬੱਚਿਆਂ ਨਾਲ ਫੁੱਟਬਾਲ ਖੇਡਦਾ ਜਿਹੜੇ ਵੱਡੇ ਹੋ ਰਹੇ ਸਨ। ਉਹਦੀ ਪਤਨੀ ਰਾਜ ਨੇ ਸਿਲਾਈ ਸੈਂਟਰ ਖੋਲ੍ਹ ਲਿਆ ਸੀ। ਉਹ ਕੱਪੜੇ ਸੀਂਅ ਕੇ ਗੁਜ਼ਾਰਾ ਕਰਨ ਲੱਗ ਪਈ ਸੀ। ਘਰ ਫੁੱਟਬਾਲ ਵਾਂਗ ਰਿੜ੍ਹਨ ਲੱਗ ਪਿਆ ਸੀ। ਰਵੀ ਦੇ ਅੰਦਰਲਾ ਰਵੀ ਡਿਫੈਂਡਰ ਮਰਿਆ ਨਹੀਂ ਸੀ। ਚੀਨ ਦੀ ਕੰਧ ਅਜੇ ਡਿੱਗੀ ਨਹੀਂ ਸੀ। ਨੇੜੇ ਤੇੜੇ ਦੇ ਪਿੰਡਾਂ 'ਚ ਜਦੋਂ ਕਦੇ ਕੋਈ ਖੇਡ ਮੇਲਾ ਲੱਗਦਾ ਜਾਂ ਸਭਿਆਚਾਰਕ ਮੇਲਾ ਲੱਗਦਾ ਤੇ ਪੋਸਟਰ 'ਚ ਉਹਦੀ ਫੋਟੋ ਲਾ ਕੇ ਕੌਮਾਂਤਰੀ ਪ੍ਰਸਿੱਧ ਫੁੱਟਬਾਲ ਖਿਡਾਰੀ ਡਿਫੈਂਡਰ ਰਵੀ ਕੁਮਾਰ ਲਿਖਿਆ ਜਾਂਦਾ ਤਾਂ ਰਵੀ ਉਸ ਦਿਨ ਕਾਰਖਾਨੇ ਤੋਂ ਛੁੱਟੀ ਕਰ ਲੈਂਦਾ ਸੀ। ਨਹਾ ਕੇ ਆਪਣਾ 'ਇੰਡੀਆ' ਲਿਖਿਆ ਬਲੇਜ਼ਰ ਟਰੰਕ 'ਚੋਂ ਕੱਢਦਾ। ਗਲ਼ 'ਚ ਮੈਡਲ ਪਾ ਕੇ ਮੇਲੇ ਜਾਂਦਾ। ਨਵੀਂ ਉਮਰ ਦੇ ਖਿਡਾਰੀ ਉਹਦੇ ਪੈਰਾਂ ਨੂੰ ਹੱਥ ਲਾ ਕੇ ਉਹਦੇ ਕੋਲੋਂ ਅਸ਼ੀਰਵਾਦ ਲੈਂਦੇ ਸਨ। ਉਹਨੂੰ ਪੰਜ ਸੱਤ ਮੁੰਡੇ ਫੁਲਕਾਰੀ ਤਾਣ ਕੇ ਸਟੇਜ ਤਕ ਲੈ ਕੇ ਜਾਂਦੇ ਸਨ, ਮੋਹਰੇ ਉਨ੍ਹਾਂ ਦੇ ਪੰਜ ਸੱਤ ਢੋਲ ਵਾਲੇ ਢੋਲ ਵਜਾਉਂਦੇ ਸਨ। ਵਿਸ਼ੇਸ਼ ਕੁਰਸੀ 'ਤੇ ਬੈਠ ਕੇ ਉਹਨੂੰ ਲੱਗਦਾ ਜਿਵੇਂ ਦੇਸ਼ ਦਾ ਸਰਵਉੱਚ 'ਅਰਜੁਨ ਪੁਰਸਕਾਰ' ਉਹਦੀ ਝੋਲੀ ਆ ਪਿਆ ਹੋਵੇ। ਮੇਲੇ ਦੇ ਐੱਨ.ਆਰ.ਆਈ. ਪ੍ਰਬੰਧਕ ਉਹਦੀ ਜੇਬ 'ਚ ਮੱਲੋ ਮੱਲੀ ਚਾਰ-ਪੰਜ ਹਜ਼ਾਰ ਰੁਪਈਆ ਪਾ ਦਿੰਦੇ। ਸਟੇਜ 'ਤੇ ਭਾਸ਼ਣ ਦਿੰਦਾ ਉਹ ਨੌਜਵਾਨਾਂ ਨੂੰ ਖੇਡਾਂ ਵੱਲ ਮੁੜਨ ਦੀ ਪ੍ਰੇਰਨਾ ਦਿੰਦਾ।

ਇਕ ਵਾਰ ਆਰੀਅਨ ਦੀ ਜੇ.ਜੇ. ਫੁੱਟਬਾਲ ਕਲੱਬ ਦਾ ਖਾਲਸਾ ਫੁੱਟਬਾਲ ਕਲੱਬ ਪੰਜਾਬ ਨਾਲ ਮੈਚ ਲੱਗ ਗਿਆ ਸੀ। ਆਰੀਅਨ ਜੇ.ਜੇ. ਫੁੱਟਬਾਲ ਕਲੱਬ ਵੱਲੋਂ ਖੇਡ ਰਿਹਾ ਸੀ। ਉਹਨੇ ਵੇਖਿਆ ਕਿ ਵਿਰੋਧੀ ਟੀਮ ਵਿਚ ਉਹ ਗੁਰਪ੍ਰੀਤ ਵੀ ਖੇਡ ਰਿਹਾ ਸੀ ਜਿਹਦੀ ਸਿਲੈਕਸ਼ਨ ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ 'ਚ ਕੋਚ ਨੇ ਉਹਦੀ ਥਾਂ 'ਤੇ ਕਰ ਦਿੱਤੀ ਸੀ। ਉਹਨੂੰ ਵੇਖ ਕੇ ਆਰੀਅਨ ਦੇ ਮਨ ਵਿਚ ਗੁੱਸਾ ਸੀ। ਖੁੰਦਕ ਤਾਂ ਉਸੇ ਦਿਨ ਦੀ ਸੀ। ਜਦੋਂ ਕੋਚ ਨੇ ਗੋਲਡਨ ਕੱਪ ਵਿਚੋਂ ਉਹਨੂੰ ਬਾਹਰ ਬਿਠਾ ਦਿੱਤਾ ਸੀ। ਮੈਚ ਸ਼ੁਰੂ ਹੋ ਗਿਆ ਸੀ। ਆਰੀਅਨ ਸਟਰਾਈਕਰ ਖੇਡ ਰਿਹਾ ਸੀ। ਮੈਚ ਸ਼ੁਰੂ ਹੋਏ ਨੂੰ ਅਜੇ ਪੰਦਰਾਂ ਮਿੰਟ ਹੋਏ ਸਨ ਕਿ ਆਰੀਅਨ 'ਚ ਅੰਨ੍ਹਾ ਜੋਸ਼ ਆ ਗਿਆ ਸੀ। ਮਿੱਡ ਫੀਲਡਰ ਕੋਲੋਂ ਬਾਲ ਲੈ ਕੇ ਉਹ ਅੱਗੇ ਵਧਿਆ ਸੀ। ਵਿਰੋਧੀ ਟੀਮ 'ਚ ਇਕ ਡਿਫੈਂਡਰ ਝਕਾਨੀ ਨਾਲ ਤਿਲਕ ਕੇ ਡਿੱਗ ਪਿਆ ਸੀ। ਬਾਲ ਤੇਜ਼ੀ ਨਾਲ ਅੱਗੇ ਗੋਲ਼ਾਂ ਵੱਲ ਨੂੰ ਲੈ ਗਿਆ ਸੀ,

ਅਚਾਨਕ ਡਿਫੈਂਸ 'ਚ ਗੁਰਪ੍ਰੀਤ ਅੱਗੇ ਆ ਗਿਆ ਸੀ। ਆਰੀਅਨ ਨੇ ਪੂਰੇ ਜ਼ੋਰ ਨਾਲ ਬਾਲ ਨੂੰ ਕਿੱਕ ਮਾਰੀ ਸੀ, ਇਸ ਵਾਰ ਉਹਦਾ ਨਿਸ਼ਾਨਾ ਗੋਲ ਨਹੀਂ ਗੁਰਪ੍ਰੀਤ ਸੀ, ਬਾਲ ਗੁਰਪ੍ਰੀਤ ਦੇ ਮੂੰਹ 'ਤੇ ਗੋਲੀ ਵਾਂਗ ਲੱਗਾ ਸੀ ਤੇ ਗੁਰਪ੍ਰੀਤ ਭੁੜਕ ਕੇ ਡਿੱਗ ਪਿਆ ਸੀ। ਬਾਲ ਪੋਸਟ ਨਾਲ ਖਹਿੰਦੀ ਹੋਈ ਨੈੱਟ 'ਚ ਡਿੱਗ ਪਈ ਸੀ। ਗੁਰਪ੍ਰੀਤ ਕੋਲੋਂ ਕਿੰਨਾ ਚਿਰ ਉੱਠ ਨਹੀਂ ਸੀ ਹੋਇਆ। ਦੋ ਮਿੰਟ ਬਾਅਦ ਗੇਮ ਫਿਰ ਸ਼ੁਰੂ ਹੋ ਗਈ ਸੀ। ਇਕ ਵਾਰ ਆਰੀਅਨ ਤੇਜ਼ੀ ਨਾਲ ਬਾਲ ਲੈ ਕੇ ਨਿਕਲਿਆ ਤਾਂ ਗੁਰਪ੍ਰੀਤ ਉਹਦੇ ਕੋਲੋਂ ਬਾਲ ਖੋਹਣ ਦੀ ਕੋਸ਼ਿਸ਼ 'ਚ ਪੈਰ ਤਿਲਕਣ ਨਾਲ ਪੁੱਠਾ ਹੋ ਕੇ ਡਿੱਗਿਆ ਸੀ। ਮੈਚ ਦੇ ਅੰਤਲੇ ਸਮੇਂ ਮਿੱਡ ਫੀਲਡ ਦੇ ਖਿਡਾਰੀਆਂ 'ਚ ਬਾਲ ਘੁੰਮ ਰਿਹਾ ਸੀ। ਬਾਲ ਗੁਰਪ੍ਰੀਤ ਕੋਲ ਸੀ। ਆਰੀਅਨ ਨੇ ਪਿੱਛਿਉਂ ਦੀ ਬਾਲ ਖੋਹਣ ਲਈ ਆਪਣੀ ਲੱਤ ਗੁਰਪ੍ਰੀਤ ਦੀਆਂ ਲੱਤਾਂ 'ਚ ਫਸਾ ਦਿੱਤੀ ਸੀ। ਆਰੀਅਨ ਨੇ ਉਹਦੇ ਬੂਟਾਂ 'ਤੇ ਬੂਟ ਰੱਖ ਕੇ ਉਹਨੂੰ ਗੋਡਿਆਂ ਭਾਰ ਮੋਹਰ ਨੂੰ ਸੁੱਟ ਦਿੱਤਾ ਸੀ। ਇਹ ਸਾਰਾ ਕੁੱਝ ਬਹੁਤ ਤੇਜ਼ੀ ਨਾਲ ਹੋਇਆ ਸੀ। ਰੈਫ਼ਰੀ ਨੂੰ ਸਮਝ ਨਾ ਲੱਗੀ ਕਿ ਇਹ ਹੋ ਕੀ ਗਿਆ ਸੀ। ਤੇ ਗੁਰਪ੍ਰੀਤ ਉੱਠ ਨਹੀਂ ਸਕਿਆ ਸੀ। ਉਹ ਚੀਕਾਂ ਮਾਰ ਰਿਹਾ ਸੀ। ਉਹਦੇ ਕੋਲੋਂ ਉੱਠਿਆ ਨਹੀਂ ਸੀ ਜਾ ਰਿਹਾ। ਉਹਦੇ ਗੋਡੇ ਦੀ ਚੱਪਣੀ 'ਤੇ ਗਹਿਰੀ ਸੱਟ ਲੱਗੀ ਸੀ। ਗਰਾਊਂਡ ਦੇ ਬਾਹਰ ਬੈਠੇ ਲੋਕਾਂ ਨੇ ਰੌਲਾ ਪਾ ਦਿੱਤਾ ਸੀ ਕਿ ਆਰੀਅਨ ਜਾਣ ਬੁੱਝ ਕੇ ਸੱਟਾਂ ਮਾਰ ਰਿਹਾ ਸੀ। ਕੁਝ ਸਿਆਣੇ ਬੰਦੇ ਵਿਚ ਪੈ ਗਏ ਸਨ ਤਾਂ ਕਿਤੇ ਜਾ ਕੇ ਸ਼ਾਂਤੀ ਹੋਈ ਸੀ। ਆਰੀਅਨ ਜਦੋਂ ਆਪਣੇ ਪਿਤਾ ਰਵੀ ਕੋਲ ਆਇਆ ਸੀ ਤਾਂ ਰਵੀ ਗੁੱਸੇ 'ਚ ਸੀ,

'ਪੁੱਤਰ! ਇਹ ਚੰਗੇ ਖਿਡਾਰੀ ਦਾ ਕੰਮ ਨਹੀਂ, ਅੱਜ ਤੂੰ ਫੁੱਟਬਾਲ ਨਹੀਂ ਸੀ ਖੇਡ ਰਿਹਾ। ਤੂੰ ਖੁੰਦਕ 'ਚੋਂ ਖੇਡ ਰਿਹਾ ਸੀ। ਤੇਰਾ ਟਾਰਗਟ ਖੇਡਣਾ, ਗੋਲ ਕਰਨਾ ਨਹੀਂ ਸੀ ਬਲਕਿ ਉਸ ਮੁੰਡੇ ਨੂੰ ਸੱਟਾ ਮਾਰਨਾ ਸੀ। ਜੇਕਰ ਉਹਦੀ ਲੱਤ ਟੁੱਟ ਜਾਂਦੀ ਤਾਂ ਫੇਰ ਕੀ ਹੁੰਦਾ? ਪਤੈ ਤੈਨੂੰ।" ਰਵੀ ਉਦਾਸੀ 'ਚ ਬੋਲ ਰਿਹਾ ਸੀ।

"ਲਓ ਹੁਣ ਖੇਡ ਲਵੇ ਏਸ਼ੀਆ ਕੱਪ... ਮੇਰੀ ਥਾਂ 'ਤੇ ਗਿਆ ਸੀ ਅੱਗੇ...।" ਆਰੀਅਨ ਜੇਤੂ ਅੰਦਾਜ਼ 'ਚ ਬੋਲ ਰਿਹਾ ਸੀ।

------------

ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ ਦਾ ਉਹ ਦੂਜੇ ਸਾਲ ਦਾ ਟਰਾਇਲ ਤਾਂ ਆਰੀਅਨ ਦਾ ਅੰਤਮ ਟਰਾਇਲ ਬਣ ਕੇ ਰਹਿ ਗਿਆ ਸੀ। ਰਵੀ ਉਸ ਦਿਨ ਵੀ ਆਪਣਾ 'ਇੰਡੀਆ' ਲਿਖਿਆ ਬਲੇਜ਼ਰ ਪਾ ਕੇ ਆਰੀਅਨ ਨੂੰ ਖੇਡ ਮੈਦਾਨ ਵਿਚ ਲੈ ਕੇ ਗਿਆ ਸੀ। ਮੈਦਾਨ 'ਚ ਤੋਰਨ ਲੱਗਿਆਂ ਆਰੀਅਨ ਨੂੰ ਥਾਪੀ ਦਿੰਦਿਆਂ ਰਵੀ ਨੇ ਕਿਹਾ ਸੀ, "ਪੁੱਤਰਾ ਇਸ ਵਾਰ ਤੇਰੀ ਚੋਣ ਪੱਕੀ ਐ।"

ਮੈਚ ਤੋਂ ਪਹਿਲਾਂ ਪੰਜ ਖਿਡਾਰੀਆਂ ਨੂੰ ਕੋਚ ਨੇ ਵੱਖਰੇ ਖੜ੍ਹੇ ਕਰ ਲਿਆ ਸੀ। ਇਨ੍ਹਾਂ ਪੰਜਾਂ ਵਿਚੋਂ ਆਰੀਅਨ ਵੀ ਸੀ। ਕੋਚ ਬੋਲਿਆ ਸੀ,

"ਕਾਕਾ ਤੂੰ ਰਵੀ ਕੁਮਾਰ ਦਾ ਮੁੰਡਾ ਏਂ?"

"ਜੀ !"

"ਵੇਖ ਤੇਰੀ ਇਸ ਵਾਰ ਵੀ ਸਿਲੈਕਸ਼ਨ ਨਹੀਂ ਹੋਣੀ... ਤੂੰ ਚਾਹੇ ਖੇਡ ਚਾਹੇ ਨਾ ਖੇਡ... ਆਹ ਦੋ ਮੁੰਡਿਆ ਦੀ ਗੇਮ ਮੈਂ ਵੇਖੀ ਏ... ਇਨ੍ਹਾਂ ਦੀ ਚੋਣ ਕਰਨ ਲਈ ਉਪਰੋਂ ਖੇਡ ਡਾਇਰੈਕਟਰ ਸਾਹਿਬ ਦੇ ਹੁਕਮ ਵੀ ਹਨ।" ਕੋਚ ਨੇ ਸਪੱਸ਼ਟ ਕਹਿ ਦਿੱਤਾ ਸੀ।

ਵਰਦੀ ਪਾ ਕੇ, ਜੁਰਾਬਾਂ ਵਿਚ ਛਿਨ ਚਾੜ੍ਹ, ਬੂਟ ਪਾ, ਆਰੀਅਨ ਖੇਡਣ ਲਈ ਤਿਆਰ ਸੀ।

'ਜੇ ਮੇਰੀ ਚੋਣ ਨਹੀਂ ਕਰਨੀ ਤਾਂ ਅੱਗੇ ਇਨ੍ਹਾਂ ਨੂੰ ਜਾਣ ਮੈਂ ਵੀ ਨਹੀਂ ਦਿੰਦਾ।' ਆਰੀਅਨ ਨੇ ਗੁੱਸੇ ਵਿਚ ਮਨ ਹੀ ਮਨ ਕਿਹਾ ਸੀ।

ਆਰੀਅਨ ਸਟਰਾਈਕਰ ਪੁਜ਼ੀਸ਼ਨ 'ਤੇ ਖੇਡਦਾ ਸੀ। ਪਰ ਕੋਚ ਨੇ ਉਹਨੂੰ ਡਿਫੈਂਡਰ ਖੇਡਣ ਲਈ ਕਿਹਾ ਸੀ। ਉਹ ਦੋਵੇਂ ਖਿਡਾਰੀ ਜਿਨ੍ਹਾਂ ਨੇ ਅੱਠ ਤੇ ਨੌਂ ਨੰਬਰ ਜਰਸੀਆਂ ਪਾਈਆਂ ਸਨ ਸਟਰਾਈਕਰ ਪੁਜ਼ੀਸ਼ਨਾਂ 'ਤੇ ਖੇਡਣੇ ਸੀ। ਕੋਚ ਨੇ ਪੰਜੇ ਖਿਡਾਰੀ ਆਰੀਅਨ ਵੱਲ ਕਰ ਦਿੱਤੇ ਸਨ



ਜਿਸ ਕਾਰਨ ਵਿਰੋਧੀਆਂ ਨੇ ਸ਼ੁਰੂ ਵਿਚ ਦਬਾਅ ਬਣਾ ਲਿਆ ਸੀ। ਪਹਿਲੇ ਪੰਜ ਮਿੰਟ ਵਿਚ ਹੀ ਵਿਰੋਧੀਆਂ ਨੇ ਗੋਲ ਕਰ ਦਿੱਤਾ ਸੀ। ਅਗਲੇ ਤਿੰਨ ਮਿੰਟ ਬਾਅਦ ਇਕ ਵਿਰੋਧੀ ਡਿਫੈਂਡਰ ਦਾ ਗੋਲਾਂ ਦੇ ਸਾਹਮਣੇ ਬਾਲ ਨੂੰ ਹੱਥ ਲੱਗ ਗਿਆ ਸੀ। ਉਹਨੂੰ ਪਨੈਲਟੀ ਮਿਲ ਗਈ ਸੀ। ਇਹ ਤਾਂ ਸਿੱਧਾ ਗੋਲ ਸੀ। ਨੌਂ ਨੰਬਰ ਖਿਡਾਰੀ ਨੇ ਕਿੱਕ ਮਾਰ ਕੇ ਦੂਜਾ ਗੋਲ ਦਾਗ਼ ਦਿੱਤਾ ਸੀ। ਆਰੀਅਨ ਖਿਝ ਗਿਆ ਸੀ। ਗੇਮ ਨੂੰ ਜਾਣ ਬੁੱਝ ਕੇ ਉਲਟਾ ਦਿੱਤਾ ਗਿਆ ਸੀ ਤਾਂ ਕਿ ਆਰੀਅਨ ਫ਼ੁਰਤੀ ਨਾਲ ਖੇਡ ਨਾ ਸਕੇ। ਅਗਲੇ ਰਾਊਂਡ ਵਿਚ ਅੱਠ ਨੰਬਰ ਖਿਡਾਰੀ ਬਾਲ ਨੂੰ ਕੱਢ ਕੇ ਗੋਲਾਂ ਵੱਲ ਲੈ ਆਇਆ ਸੀ। ਮੋਹਰੇ ਆਰੀਅਨ ਆ ਗਿਆ ਸੀ। ਉਹਨੇ ਪੂਰੇ ਜ਼ੋਰ ਨਾਲ ਕਿੱਕ ਬਾਲ 'ਤੇ ਮਾਰੀ ਸੀ ਪਰ ਬਾਲ ਤਾਂ ਦੂਜੇ ਕੋਲ ਜਾ ਚੁੱਕਾ ਸੀ ਤੇ ਬੂਟਾਂ ਸਮੇਤ ਕਿੱਕ ਅੱਠ ਨੰਬਰ ਖਿਡਾਰੀ ਦੀ ਲੱਤ 'ਤੇ ਲੱਗੀ ਸੀ। ਐਨੀ ਜ਼ੋਰ ਦੀ ਕਿੱਕ ਵੱਜੀ ਸੀ ਕਿ ਉਹਦੀ ਗੋਡੇ ਦੇ ਥੱਲਿਓ ਲੱਤ ਦਾ ਮੋਛਾ ਪੈ ਗਿਆ ਸੀ। ਹੋਰ ਖਿਡਾਰੀ ਵੀ ਉੱਥੇ ਡਿੱਗ ਪਏ ਸਨ। ਕਿਸੇ ਨੂੰ ਪਤਾ ਹੀ ਨਾ ਲੱਗਾ, ਸੱਟ ਕਿਵੇਂ ਲੱਗੀ ਸੀ।

"ਲੈ ਖੇਡ ਪੁੱਤ ਤੂੰ ਵੀ ਏਸ਼ੀਆ ਕੱਪ।" ਪਰ ਰਵੀ ਕੁਮਾਰ ਨੂੰ ਪਤਾ ਲੱਗ ਗਿਆ ਸੀ। ਉਹਨੂੰ ਚੁੱਕ ਕੇ ਹਸਪਤਾਲ ਲਿਜਾਇਆ ਗਿਆ ਸੀ ਤੇ ਮੈਚ ਫਿਰ ਸ਼ੁਰੂ ਹੋ ਗਿਆ ਸੀ। ਉਦੋਂ ਮੈਚ ਦਾ ਪਹਿਲਾ ਹਾਫ਼ ਖਤਮ ਹੋਣ ਵਾਲਾ ਸੀ। ਜਦੋਂ ਆਰੀਅਨ ਨੂੰ ਲੰਮਾ ਪਾਸ ਕੀਤਾ ਬਾਲ ਮਿਲਿਆ ਸੀ। ਉਸਨੇ ਫੁਰਤੀ ਨਾਲ ਘੁੰਮ ਕੇ ਬਾਲ ਨੂੰ ਵਿਰੋਧੀ ਟੀਮ ਦੇ ਗੋਲਾਂ ਵੱਲ ਨੂੰ ਕਰ ਲਿਆ ਸੀ। ਵਿਰੋਧੀ ਸਟਰਾਈਕਰ ਦੀ ਪੁਜ਼ੀਸ਼ਨ 'ਤੇ ਖੇਡਦੇ ਨੌਂ ਨੰਬਰ ਖਿਡਾਰੀ ਨੇ ਫ਼ੁਰਤੀ ਨਾਲ ਆਰੀਅਨ ਕੋਲੋਂ ਬਾਲ ਖੋਹ ਲਈ ਸੀ ਤੇ ਇਕ ਦਮ ਘੁੰਮ ਗਿਆ ਸੀ। ਭਲਾ ਆਰੀਅਨ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਬਈ ਕੋਈ ਵਿਰੋਧੀ ਖਿਡਾਰੀ ਉਹਦੇ ਕੋਲੋਂ ਬਾਲ ਖੋਹ ਲਵੇ। ਉਹ ਇਕ ਦਮ ਗੁੱਸੇ ਵਿਚ ਚੀਕਿਆ ਸੀ। ਉਹਦੇ ਦਿਮਾਗ਼ 'ਚ ਕੋਚ ਦੇ ਬੋਲ ਖ਼ੌਰੂ ਪਾਉਣ ਲੱਗੇ ਸਨ, 'ਵੇਖ... ਕਾਕਾ! ਤੇਰੀ ਸਿਲੈਕਸ਼ਨ ਤਾਂ ਇਸ ਵਾਰ ਵੀ ਨਹੀਂ ਹੋਣੀ। ਆਹ ਤੇਰੇ ਨਾਲ ਖੜ੍ਹੇ ਖਿਡਾਰੀ ਅੱਠ ਤੇ ਨੌਂ ਨੰਬਰ ਇਹੀ ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ ਲਈ ਜਾਣਗੇ।" ਅੱਠ ਨੰਬਰ ਖਿਡਾਰੀ ਦੀ ਲੱਤ ਦਾ ਮੋਛਾ ਤਾਂ ਆਰੀਅਨ ਦੇ ਬੂਟ ਦੀ ਟੋਹ ਨੇ ਪਹਿਲਾਂ ਹੀ ਪਾ ਦਿੱਤਾ ਸੀ। ਹੁਣ ਇਹਦੀ ਵਾਰੀ ਸੀ। ਆਰੀਅਨ ਗੋਲੀ ਵਾਂਗ ਨੌਂ ਨੰਬਰ ਮਗਰ ਭੱਜਾ ਸੀ, ਦੌੜਨ ਵਿਚ ਉਹਦਾ ਕੋਈ ਮੁਕਾਬਲਾ ਨਹੀਂ ਸੀ। ਇਕ ਦਮ ਉਹਨੇ ਸੱਜੀ ਲੱਤ ਦਾ ਬੂਟਾਂ ਸਮੇਤ ਪੰਜਾ ਉਹਦੀਆਂ ਦੋਵੇਂ ਲੱਤਾਂ 'ਚ ਜਾਂਦੇ ਬਾਲ 'ਤੇ ਮਾਰਿਆ ਸੀ। ਪਰ ਨੌਂ ਨੰਬਰ ਖਿਡਾਰੀ ਅਚਾਨਕ ਆਰੀਅਨ ਦੇ ਪੈਰ ਨਾਲ ਉਖੜ ਗਿਆ ਸੀ... ਉਹ ਵੀ ਹਨੇਰੀ ਵਾਂਗ ਜਾ ਰਿਹਾ ਸੀ। ਤੇ ਉਹਦੀਆਂ ਦੋ ਤਿੰਨ ਬਾਜ਼ੀਆਂ ਪੈ ਗਈਆਂ ਸਨ। ਪਹਿਲਾਂ ਉਹ ਸਿਰ ਵਾਲੇ ਪਾਸੇ ਤੋਂ ਡਿੱਗਿਆ ਸੀ। ਮੁੰਡਾ ਜਲੇਬੀ ਵਾਂਗ 'ਕੱਠਾ ਹੋ ਗਿਆ ਸੀ। ਫਿਰ ਉਹ ਆਪਣੇ ਆਪ ਉੱਠ ਨਹੀਂ ਸੀ ਸਕਿਆ। ਰੈਫਰੀ ਨੇ ਮੈਚ ਖਤਮ ਕਰ ਦਿੱਤਾ ਸੀ। ਕੋਚ ਨੱਠਾ ਨੱਠਾ ਆਇਆ ਸੀ। ਉਹ ਆਰੀਅਨ ਦੀ ਹਿੰਸਕ ਖੇਡ ਸਮਝ ਗਿਆ ਸੀ। ਰਵੀ ਵੀ ਆਪਣੇ ਪੁੱਤਰ ਦੀ ਗੇਮ ਵੇਖ ਕੇ ਪਰੇਸ਼ਾਨ ਹੋ ਗਿਆ ਸੀ।

"ਕੀ ਹੋ ਗਿਆ ਆਰੀਅਨ ਪੁੱਤ ਤੈਨੂੰ...??" ਉਹ ਮਨ ਹੀ ਮਨ ਕਹਿੰਦਾ ਉਧਰ ਨੂੰ ਨੱਠ ਤੁਰਿਆ ਸੀ।

ਉਹਦੇ ਨੇੜੇ ਜਾਣ 'ਤੇ ਕੋਚ ਗੁੱਸੇ ਵਿਚ ਬੋਲ ਰਿਹਾ ਸੀ,

"ਵੇਖ ਕਾਕਾ! ਅੱਜ ਤੂੰ ਜਾਣ ਬੁੱਝ ਕੇ ਦੋ ਖਿਡਾਰੀਆਂ ਦੇ ਸੱਟਾਂ ਮਾਰੀਆਂ ਹਨ। ਪਹਿਲਾਂ ਤੂੰ ਅੱਠ ਨੰਬਰ ਮੁੰਡੇ ਦੀ ਲੱਤ ਤੋੜੀ। ਫੇ ਇਹਦੇ ਸਿਰ 'ਚ ਸੱਟ ਮਾਰੀ... ਤੈਨੂੰ ਪਤਾ ਸੀ ਕਿ ਮੇਰੇ ਕੋਲੋਂ ਖੇਡਿਆ ਨਹੀਂ ਜਾ ਰਿਹਾ... ਤੂੰ ਸਿਲੈਕਟ ਹੋਣ ਵਾਲੇ ਖਿਡਾਰੀਆਂ ਨੂੰ ਜਾਣ ਬੁੱਝ ਕੇ ਰੱਦੀ ਕੀਤਾ....।"

'ਆਰੀਅਨ ਪੁੱਤ ਤੈਨੂੰ ਕੀ ਹੋ ਗਿਆ ਸੀ ਅੱਜ। ਤੂੰ ਚੰਗਾ ਭਲਾ ਖੇਡਦਾ ਸੀ। ਤੈਨੂੰ ਮੈਂ ਇਹ ਤਾਂ ਨਹੀਂ ਸਿਖਾਇਆ ਬਈ ਤੂੰ ਵਿਰੋਧੀ ਖਿਡਾਰੀਆਂ ਦੇ ਸੱਟਾਂ ਮਾਰੇਂ। ਅੱਜ ਤੂੰ ਪੁੱਤਰਾ ਸੱਟਾਂ ਇਨ੍ਹਾਂ

ਦੇ ਨਹੀਂ, ਮੇਰੇ ਮਾਰੀਆਂ ਹਨ।" ਰਵੀ ਵੀ ਤਲਖ਼ ਹੋ ਗਿਆ ਸੀ।

ਕਾਕਾ ਕੰਨ ਖੋਲ੍ਹ ਕੇ ਸੁਣ ਲੈ... ਜਿੰਨਾ ਚਿਰ ਮੈਂ ਆਂ ਇਸ ਗੇਮ 'ਚ, ਤੈਨੂੰ ਕਿਤੇ ਵੀ ਖੇਡਣ ਨਹੀਂ ਦਿੰਦਾ... ਨਾ ਕਿਸੇ ਕਲੱਬ 'ਚ, ਨਾ ਮੁਕਾਬਲੇ 'ਚ। ਤੇਰੇ ਬਾਪ ਨੇ ਮਨ ਮਰਜ਼ੀ ਕੀਤੀ, ਵੇਖ ਲੈ ਰੁਲ਼ ਗਿਆ, ਹੁਣ ਤੂੰ ਆਪਣੀ ਮਰਜ਼ੀ ਕਰਨ ਲੱਗਾ ਏਂ ਤੇ ਅਸੀਂ ਮਨ ਮਰਜ਼ੀ ਕਰਨ ਵਾਲਿਆਂ ਨੂੰ ਰੋਲ਼ ਕੇ ਰੱਖ ਦਿੰਦੇ ਆਂ।" ਕੋਚ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ।

ਤੇ ਉਦੋਂ ਰਵੀ ਆਰੀਅਨ ਦੀ ਬਾਂਹ ਫੜ ਕੇ ਲੈ ਤੁਰਿਆ ਸੀ। ਕੁਝ ਖਿਡਾਰੀ ਆਰੀਅਨ ਨੂੰ ਕੁੱਟਣ 'ਤੇ ਆ ਗਏ ਸਨ। ਆਰੀਅਨ ਦੀ ਦੇਹ ਜਿਵੇਂ ਮਿੱਟੀ ਹੋ ਗਈ ਸੀ। ਖੇਡ ਮੈਦਾਨ 'ਚ ਹਵਾ ਨਾਲ ਗੱਲਾਂ ਕਰਨ ਵਾਲਾ... ਚੀਤੇ ਦੀ ਫ਼ੁਰਤੀ ਵਾਲਾ ਆਰੀਅਨ ਆਪਣੀ ਦੇਹ ਨੂੰ ਮਸਾਂ ਹੀ ਖੇਡ ਮੈਦਾਨ ਵਿਚੋਂ ਘੜੀਸ ਕੇ ਬਾਹਰ ਲਿਜਾ ਰਿਹਾ ਸੀ।

"ਤੂੰ ਅੱਜ ਮੇਰੀ ਵੀਹ ਸਾਲ ਦੀ ਗੇਮ ਮਿੱਟੀ 'ਚ ਰੋਲ਼ ਕੇ ਰੱਖ ਦਿੱਤੀ ਪੁੱਤਰਾ!... ਮੇਰੇ ਬਲੇਜ਼ਰ ਦੀ ਲਾਜ ਤਾਂ ਰੱਖਦਾ... ਵੇਖਦਾ ਏਂ ਨਾ 'ਇੰਡੀਆ' ਲਿਖਿਆ ਇਹ ਬਲੇਜ਼ਰ... ਪੁੱਤ ਐਵੇਂ ਨਹੀਂ ਮਿਲਦੇ ਇਹ ਬਲੇਜ਼ਰ... ਤਪੱਸਿਆ ਕਰਨੀ ਪੈਂਦੀ ਏ... ਸੱਚੇ ਖਿਡਾਰੀ ਵਾਂਗ ਖੇਡਣਾ ਪੈਂਦਾ ਏ... ਪਰ ਤੂੰ ਤਾਂ ਪੁੱਤਰ ਅੱਜ ਖੇਡ ਮੈਦਾਨ ਵਿਚ ਮੇਰੀ ਪਿੱਠ ਲਗਾ ਦਿੱਤੀ ਏ... ਉਸ ਖਿਡਾਰੀ ਦੀ ਪਿੱਠ ਲਗਾ ਦਿੱਤੀ , ਜਿਹਨੇ ਅੰਤਰ ਰਾਸ਼ਟਰੀ ਗੋਲਡਨ ਏਸ਼ੀਆ ਕੱਪ 'ਚ 'ਇੰਡੀਆ' ਦੀ ਪਿੱਠ ਨੀਂ ਸੀ ਲੱਗਣ ਦਿੱਤੀ... ਕਦੇ ਇਸ ਮੈਦਾਨ ਵਿਚ ਮੈਨੂੰ ਪੰਜਾਬ ਲੀਗ ਵਿਚ ਵਧੀਆ ਖਿਡਾਰੀ ਦਾ ਖਿਤਾਬ ਮਿਲਿਆ ਸੀ। ਤੇ ਅੱਜ ਤੂੰ ਮੈਨੂੰ ਇਸੇ ਮੈਦਾਨ ਵਿਚ ਮਿੱਟੀ ਕਰ ਦਿੱਤਾ ਏ।"

"ਪਾਪਾ!! ਕੋਚ ਨੇ ਪਹਿਲਾਂ ਹੀ ਮੈਨੂੰ ਕਹਿ'ਤਾ ਸੀ ਬਈ ਮੈਂ ਤੇਰੀ ਸਿਲੈਕਸ਼ਨ ਨਹੀਂ ਕਰਨੀ... ਇਨ੍ਹਾਂ ਦੋਹਾਂ ਦੀ ਕਰਨੀ ਆ... ਉਪਰੋਂ ਖੇਡ ਡਾਇਰੈਕਟਰ ਦਾ ਆਰਡਰ ਏ... ਤੇ ਪਾਪਾ ਮੈਂ ਕੋਚ ਦੀ ਗੱਲ ਸੁਣ ਕੇ ਪਾਗ਼ਲ ਹੋ ਗਿਆ ਸਾਂ...।"

ਰਵੀ ਡਿਫੈਂਡਰ ਆਪਣੇ ਪੁੱਤ ਦੀ ਗੱਲ ਸੁਣ ਕੇ ਮਿੱਟੀ ਹੋ ਗਿਆ ਸੀ।

ਆਰੀਅਨ ਸਿਰ ਸੁੱਟੀ ਜਾਂਦੇ ਆਪਣੇ ਪਾਪਾ ਨੂੰ ਫੇਰ ਕਹਿਣ ਲੱਗਾ ਸੀ, "ਪਾਪਾ! ਤੁਸੀਂ ਐਡੇ ਵੱਡੇ ਖਿਡਾਰੀ ਰਹੇ ਹੋ... 'ਇੰਡੀਆ' ਦਾ ਬਲੇਜ਼ਰ ਪਾ ਕੇ ਤੁਸੀਂ ਵੀ 'ਉਪਰੋਂ ਆਰਡਰ' ਮੇਰੇ ਲਈ ਲੈ ਆਉਣੇ ਸੀ।"

ਰਵੀ ਦੀਆਂ ਅੱਖਾਂ ਭਰ ਆਈਆਂ ਸਨ। ਉਹਨੇ ਬਲੇਜ਼ਰ ਦੀ ਬਾਂਹ ਨਾਲ ਅੱਖਾਂ ਪੂੰਝੀਆਂ ਸਨ।

ਰਵੀ ਆਪਣਾ 'ਇੰਡੀਆ' ਲਿਖਿਆ ਬਲੇਜ਼ਰ ਲਾਹ ਕੇ ਹੱਥ 'ਚ ਫੜ ਕੁਝ ਕਦਮ ਤੁਰਿਆ ਸੀ। ਫੇਰ ਉਸ ਨੇ ਹੱਥ ਵਿਚ ਫੜਿਆ ਬਲੇਜ਼ਰ ਵਗਾਹ ਕੇ ਗਰਾਊਂਡ ਵੱਲ ਮਾਰਿਆ ਸੀ।

ਆਰੀਅਨ ਭੌਚੱਕਾ ਹੋ ਕੇ ਮਿੱਟੀ ਨਾਲ ਲਿਬੜ ਗਏ ਬਲੇਜ਼ਰ ਵੱਲ ਵੇਖਦਾ ਰਹਿ ਗਿਆ ਸੀ। ਰਵੀ ਡਿਫੈਂਡਰ, ਆਪਣੇ ਪੁੱਤ ਦਾ ਹੱਥ ਫੜ ਗਰਾਊਂਡ ਤੋਂ ਬਾਹਰ ਹੋ ਗਿਆ ਸੀ।

"ਉਏ ਮੁਲਖਾ!! ਅੱਜ ਤੋਂ ਬਾਅਦ ਮੈਨੂੰ ਰਵੀ ਡਿਫੈਂਡਰ ਨਾ ਕਿਹੋ। ਮਰ ਗਿਆ ਅੱਜ ਰਵੀ... ਡਿ...ਫੈਂ...ਡ...ਡ...ਰ...ਰ।" ਹਵਾ ਨੂੰ ਚੀਰਦੇ ਬੋਲ ਗਰਾਊਂਡ ਦੀਆਂ ਕੰਧਾਂ ਨਾਲ ਟਕਰਾ ਕੇ ਖ਼ਾਮੋਸ਼ ਹੋ ਗਏ ਸਨ। 000

***(ਪਿੰਡ ਧਰਮਪੁਰ, ਡਾ. ਖਾਂਬੜਾ, ਜ਼ਿਲ੍ਹਾ ਜਲੰਧਰ 144 026***

***ਫੋਨ: 94170-64350***

***Email: bhagwantrasulpuri@gmail.com)***



# ਸੋਹਣੀ ਪਹਿਲਵਾਨ: ਕਹਾਣੀ: ਸਿਮਰਨ ਧਾਲੀਵਾਲ

ਆਪਣੇ ਦਫ਼ਤਰ ਵਿਚ ਬੈਠਾ ਸੋਹਣ ਸਿੰਘ, ਘੜੀ ਮੁੜੀ ਆਪਣੀ ਡਾਇਰੀ ਫਰੋਲਦਾ। ਕਿਸੇ ਪੇਜ 'ਤੇ ਹਲਵਾਈ ਦਾ ਸਮਾਨ ਸੀ। ਕਿਸੇ 'ਤੇ ਟਿੱਕੀਆਂ-ਗੋਲਗੱਪਿਆਂ ਵਾਲੇ ਦਾ। ਪਰ ਜਦੋਂ ਸੋਹਣ ਸਿੰਘ ਨੂੰ ਯਾਦ ਆਉਂਦਾ ਹੁਣ ਇਸ ਸਾਰੇ ਕੁਝ ਦੀ ਜ਼ਰੂਰਤ ਨਹੀਂ ਰਹੀ, ਉਹਦਾ ਮਨ ਇਕ ਵਾਰ ਡੁਬ ਜਿਹਾ ਜਾਂਦਾ। ਉਹ ਮਨ ਵਿਚ ਸੋਚਦਾ, "ਇਹ ਖਬਰੇ ਕੈਸਾ ਯੁੱਗ ਆ ਗਿਆ। ਮੁੰਡੇ ਦਾ ਵਿਆਹ ਹੋਵੇ...", ਅੱਗੇ ਉਹ ਕੁਝ ਨਾ ਸੋਚਦਾ। ਇਕ ਖਿਝ ਜਿਹੀ ਉਸਦੇ ਮਨ ਵਿਚ ਉਠਦੀ। ਉਸਨੂੰ ਆਪਣੇ ਦਫ਼ਤਰ ਵਾਲੇ ਸਹਿਕਰਮੀਆਂ ਦੀ ਗੱਲ ਯਾਦ ਆ ਜਾਂਦੀ। ਸਾਰੇ ਉਸਨੂੰ ਪੁੱਛਦੇ, "ਸੋਹਣ ਸਰ ਕੋਈ ਕੰਮ ਹੋਇਆ ਤਾਂ ਦੱਸ ਦਿਓ। ਐਵੇਂ ਨਾ ਘੁਲ਼ੀ ਜਾਇਓ ਇਕੱਲੇ...।"

ਉਹ ਆਖਦੇ ਤਾਂ ਕਿਸੇ ਹੋਰ ਤਰੀਕੇ ਨਾਲ, ਪਰ ਸੋਹਣ ਸਿੰਘ ਨੂੰ ਲੱਗਦਾ, ਜਿਵੇਂ ਉਹ ਸਾਰੇ ਸੱਚੀਂ ਹੀ ਉਸਦੇ ਘੋਲ਼ ਦੀ ਗੱਲ ਕਰਦੇ ਹੋਣ, ਜਦੋਂ ਉਹ ਇਕੱਲਾ ਰਹਿ ਜਾਂਦਾ ਸੀ ਅਖਾੜੇ ਵਿਚ। ਉਸਦੇ ਨਾਲ ਘੁਲ਼ਣ ਲਈ ਕੋਈ ਬਾਂਹ ਨਹੀਂ ਸੀ ਖੜ੍ਹੀ ਕਰਦਾ। ...ਤੇ ਉਹ ਮੇਲਾ ਲੁੱਟ ਕੇ ਘਰ ਨੂੰ ਮੁੜਦਾ ਹੁੰਦਾ ਸੀ। ਪਰ ਇਹ ਗੱਲਾਂ ਤਾਂ ਕਈ ਵਰ੍ਹੇ ਪੁਰਾਣੀਆਂ ਸਨ। ਪਹਿਲਾਂ ਉਸਨੇ ਲੱਤ ਟੁੱਟਣ ਕਰਕੇ ਪਹਿਲਵਾਨੀ ਛੱਡੀ ਤੇ ਫਿਰ ਸਰਕਾਰੀ ਮਹਿਕਮੇ 'ਚ ਨੌਕਰੀ ਮਿਲਣ ਮਗਰੋਂ ਪਿੰਡ। ਹੁਣ ਉਹਨੂੰ ਪਿੰਡ ਤਾਂ ਕਦੇ-ਕਦਾਈਂ ਯਾਦ ਆਉਂਦਾ। ਪਰ ਉਹ ਕਦੇ ਪਹਿਲਵਾਨੀ ਵੀ ਕਰਦਾ ਸੀ, ਵੇਲ਼ੇ ਨੇ ਉਸਨੂੰ ਇਹ ਗੱਲ ਵਿਸਾਰ ਦਿੱਤੀ ਸੀ। ਉਂਝ ਉਹ ਪਹਿਲਾਂ-ਪਹਿਲਾਂ ਕਦੇ-ਕਦੇ ਆਪਣੇ ਜਵਾਕਾਂ ਨੂੰ ਉਸ ਵੇਲ਼ੇ ਦੀਆਂ ਗੱਲਾਂ ਦੱਸਦਾ ਹੁੰਦਾ ਸੀ- "ਤੇਰਾਂ ਵਜੇ ਤਕ ਤੁਸੀਂ ਸੁੱਤੇ ਨਹੀਂ ਉਠਦੇ, ਐਸ ਵੇਲ਼ੇ ਨੂੰ ਤਾਂ ਅਸੀਂ ਦੋਹਰ ਪਾ ਕੇ ਵੀ ਮੁੜ ਆਉਂਦੇ ਸੀ ਖੇਤਾਂ 'ਚ...।" ਫਿਰ ਕਈ ਵਾਰ ਉਹ ਆਪਣੇ ਘੋਲ਼ ਦੀਆਂ ਗੱਲਾਂ ਦੱਸਣ ਲੱਗ ਜਾਂਦਾ। ਕਿਵੇਂ ਇਲਾਕੇ ਵਿਚ ਉਸਦਾ ਨਾਮ ਬੋਲਦਾ ਸੀ। ਉਹ ਛਿੰਝਾਂ ਮੇਲਿਆਂ ਦੀ ਸ਼ਾਨ ਹੁੰਦਾ। ਪਰ ਬੱਚਿਆਂ ਨੂੰ ਕਿੱਥੇ ਸੀ ਰੁਚੀ ਇਹਨਾਂ ਗੱਲਾਂ 'ਚ। ਉਹ ਖੁਦ ਹੀ ਸੋਚਦਾ। ਪਹਿਲਵਾਨਾਂ ਦੀ ਵੁੱਕਤ ਤਾਂ ਅਖਾੜੇ ਤੀਕ ਹੀ ਹੁੰਦੀ।..ਤੇ ਫਿਰ ਉਹ ਐਸੀਆਂ ਗੱਲਾਂ ਕਰਨੋਂ ਹਟ ਗਿਆ। ਉਹਨੇ ਮੰਨ ਲਿਆ ਸੀ ਕਿ ਹੁਣ 'ਵਕਤ' ਬਦਲ ਚੁੱਕਿਆ। ਹੁਣ ਇਹ ਵੀ ਤਾਂ ਇਸੇ ਬਦਲੇ ਵਕਤ ਕਰਕੇ ਸੀ। ਉਹਨੂੰ ਕਿੰਨਾ ਚਾਅ ਸੀ ਰਿੱਕੀ ਦੇ ਇੰਡੀਆ ਮੁੜਨ ਦਾ। ਉਹਨੇ ਆਪਣੀ ਘਰਵਾਲੀ ਨਾਲ ਪਹਿਲਾਂ ਹੀ ਮਿਥ ਲਿਆ ਸੀ ਕਿ ਉਹ ਇਸ ਵਾਰ ਰਿੱਕੀ ਦਾ ਵਿਆਹ ਕਰ ਕੇ ਹੀ ਵਾਪਸ ਜਾਣ ਦੇਣਗੇ ਉਸਨੂੰ। ਸੋਹਣ ਸਿੰਘ ਆਖਦਾ, "ਪਿੰਡ ਵਾਲਿਆਂ ਸਾਰਿਆਂ ਈ ਵਿਆਹ ਲਏ ਨਿਆਣੇ। ਆਪਾਂ ਈ ਰਹਿਗੇ। ਹਰ ਵਾਰੀ ਪੁੱਛਦੇ ਰੇਸ਼ਮ ਸਿਹੁੰ ਹੁਣੀਂ...।"... ਤੇ ਰਿੱਕੀ ਦੇ ਇੰਡੀਆ ਆਏ ਤੋਂ ਉਹਨਾਂ ਦਿਨਾਂ ਵਿਚ ਹੀ ਸਾਕ ਲੱਭਿਆ ਤੇ ਵਿਆਹ ਮਿਥ ਲਿਆ। ਸੋਹਣ ਸਿੰਘ ਬਹੁਤ ਖੁਸ਼ ਸੀ। ਪੁੱਤ ਦੇ ਵਿਆਹ ਦਾ ਚਾਅ ਕੀਹਨੂੰ ਨਹੀਂ ਹੁੰਦਾ? ਉਹਨੇ ਪਿੰਡ ਫੋਨ ਕੀਤਾ ਆਪਣੇ ਭਰਾ ਰੇਸ਼ਮ ਸਿਹੁੰ ਨੂੰ। ਬਚਨੇ ਹਲਵਾਈ ਨੂੰ ਵਿਆਹ ਦਾ ਕੰਮ ਕਰਨ ਲਈ ਆਖਿਆ। ਸੋਹਣ ਸਿੰਘ ਨੂੰ ਅਜੇ ਵੀ ਯਾਦ ਸੀ। ਉਹਦੇ ਆਪਣੇ ਵਿਆਹ 'ਤੇ ਬਚਨੇ ਦੇ ਬਾਪ ਸਾਵਣ ਸਿਹੁੰ ਨੇ ਕੰਮ ਕੀਤਾ ਸੀ। ਇਲਾਕੇ ਵਿਚ ਖਾਸਾ ਮਸ਼ਹੂਰ ਸੀ ਸਾਵਣ ਸਿਹੁੰ। ਸੋਹਣ ਸਿੰਘ ਦੇ ਮਨ ਵਿਚ ਉਹੀ ਪੁਰਾਣੀ ਰੀਲ ਚੱਲਣ ਲੱਗੀ। ਉਹਦਾ ਮਾਮਾ ਕਰਕੇ ਆਇਆ ਸੀ ਉਹਦਾ ਰਿਸ਼ਤਾ। ਉਦੋਂ ਮੁੰਡਾ ਕੁੜੀ ਦੇਖਣ ਦਾ ਰਿਵਾਜ ਨਹੀਂ ਸੀ। ਮਾਮੇ ਨਾਲ ਉਹਦੀ ਬੇਲੀਆਂ ਵਾਲੀ ਸਾਂਝ ਸੀ। ਉਹ ਕਈ ਦਿਨ ਮਾਮੇ ਕੋਲੋਂ ਆਪਣੀ ਹੋਣ ਵਾਲੀ ਘਰਵਾਲੀ ਬਾਰੇ ਪੁੱਛਦਾ ਰਿਹਾ ਸੀ।

"ਮਾਮਾ ਊਂਈ ਨਾ ਗੰਢੇ ਗਾਲ਼ 'ਦੀਂ। ਕੁੜੀ ਮੂੰਹ ਮੱਥੇ ਤਾਂ ਲੱਗਦੀ ਏ ਨਾ?"

ਮਾਮਾ ਅੱਗੋਂ ਝੇਡਾਂ ਕਰਨ ਬੈਠ ਜਾਂਦਾ- "ਉਏ ਮੂੰਹ ਮੱਥਾ ਤਾਂ ਮੈਂ ਦੇਖਿਆ ਨਹੀਂ ਯਾਰ। ਚੱਲ ਕੋਈ ਨਾ। ਦੀਵੇ ਨੂੰ ਫੂਕ ਮਾਰ ਕੇ ਘੁੰਡ ਚੁੱਕ ਲਈਂ ਤੂੰ।" ਮਾਮਾ ਮਜ਼ਾਕ ਕਰਦਾ। ਪਰ ਸੋਹਣ ਸਿੰਘ ਸਮਝ ਗਿਆ ਸੀ। ਉਹਦਾ ਬੇਲੀਆਂ ਵਰਗਾ ਮਾਮਾ ਉਹਦੇ ਲਈ ਕੋਈ ਚੰਗੀ ਕੁੜੀ ਹੀ ਟੋਲ ਕੇ ਆਇਆ ਹੋਏਗਾ... ਤੇ ਵਿਆਹ ਤੋਂ ਮਗਰੋਂ ਉਹਨੂੰ ਕੋਈ ਸ਼ੱਕ ਨਹੀਂ ਸੀ ਰਿਹਾ। ਸੋਹਣ ਸਿੰਘ ਦੀਆਂ ਅੱਖਾਂ ਅੱਗੇ ਉਸਦੇ ਆਪਣੇ ਵਿਆਹ ਦੇ ਦਿਨ ਫੈਲ ਗਏ। ਜੰਞ ਘਰ ਵਿਚ ਉਤਾਰਾ ਹੋਇਆ ਸੀ ਉਸਦੀ ਬਰਾਤ ਦਾ। ਬੂਟੀਆਂ ਵਾਲੀ ਚਾਦਰ ਵਿਛੀ ਸੀ ਮੰਜੇ 'ਤੇ। ਇਕ ਪਲ ਲਈ ਜਿਵੇਂ ਉਹ ਨਸ਼ਿਆ ਜਿਹਾ ਗਿਆ। ਸਾਲੀਆਂ ਝੇਡਾਂ ਕਰਦੀਆਂ। ਚੁਫੇਰੇ ਹਾਸਾ ਗੂੰਜਦਾ। ਪ੍ਰਛਾਵੇਂ ਢਲਿਆਂ ਤੋਂ ਜਦੋਂ ਉਹ ਪਿੰਡੋਂ ਨਿਕਲ ਕੇ ਖੇਤ ਮੋਟਰ ਵੱਲ ਨੂੰ ਤੁਰੇ ਸਨ ਤਾਂ ਪਿੰਡ ਦੀਆਂ ਕੁੜੀਆਂ-ਬੁੜ੍ਹੀਆਂ ਕੰਧਾਂ ਉੱਤੋਂ ਦੀ ਲਾੜਾ ਦੇਖਣ ਲਈ ਕਾਹਲੀਆਂ ਪੈ ਰਹੀਆਂ ਸਨ।

ਹੁਣ ਦਫਤਰ ਬੈਠਿਆਂ ਸੋਹਣ ਸਿੰਘ ਨੂੰ ਅਜੀਬ ਜਿਹੀ ਕਾਹਲ਼ ਪੈ ਰਹੀ ਸੀ। ਇੰਝ ਦੀ ਹੀ ਖੋਹ ਉਸ ਨੂੰ ਉਦੋਂ ਕਈ ਵਰ੍ਹੇ ਪੈਂਦੀ ਰਹੀ ਸੀ ਜਦੋਂ ਉਹਨੇ ਪਿੰਡ ਛੱਡਿਆ ਸੀ। ਸੂਰਜ ਢਲਦਿਆਂ ਹੀ ਉਹ ਉਦਾਸ ਹੋ ਜਾਂਦਾ। ਛੱਤ 'ਤੇ ਖੜ੍ਹਾ ਪਤਾ ਨਹੀਂ ਕੀ-ਕੀ ਸੋਚਦਾ। ਕਦੀ ਪਤਨੀ ਉਸਦੀ ਇਸ ਚੁੱਪ ਦੀ ਵਜਾਹ ਪੁੱਛਦੀ ਤਾਂ ਉਹ ਆਖਦਾ, "ਭਿੰਦਰ! ਦੇਖ ਇੱਥੇ ਦੂਰ ਤੀਕ ਕਿਤੇ ਕੋਈ ਪੰਛੀ ਨਜ਼ਰ ਨਹੀਂ ਆਉਂਦਾ। ਯਾਦ ਏ ਤੈਨੂੰ, ਵਿਹੜੇ ਵਿਚ ਉਠਣ ਸਾਰ ਚਿੜੀਆਂ ਚੂਕ ਰਹੀਆਂ ਹੁੰਦੀਆਂ ਸੀ। ਕਿੰਨੇ ਘਰ ਨੇ ਆਪਣੀ ਗਲ਼ੀ 'ਚ, ਕੋਈ ਬੁਲਾਉਂਦਾ ਕਿਸੇ ਨੂੰ? ਪਿੰਡ ਰਹਿੰਦਿਆਂ ਸਾਰਾ ਇਲਾਕਾ ਜਾਣਦਾ ਸੀ ਕਿ ਮੈਂ ਸੋਹਣ ਸਿਹੁੰ ਪਹਿਲਵਾਨ ਆਂ। ਘਾਲਾ ਸਿਹੁੰ ਸਾਧੂ ਦਾ ਮੁੰਡਾ।"

ਇਉਂ ਲੱਗਦਾ ਜਿਵੇਂ ਉਹ ਆਪਣੀ ਪਹਿਚਾਣ ਨੂੰ ਗੁਆ ਕੇ ਤੜਫ਼ ਰਿਹਾ ਹੋਵੇ। ਉਹਨੂੰ ਇੰਝ ਕਈ ਵਰ੍ਹੇ ਲੱਗਦਾ ਰਿਹਾ ਸੀ। ਫਿਰ ਹੌਲੀ-ਹੌਲੀ ਜਿਵੇਂ ਉਹ ਸ਼ਹਿਰ ਦੀ ਇਸ ਫਿਤਰਤ ਤੋਂ ਪੂਰੀ ਤਰ੍ਹਾਂ ਵਾਕਫ ਹੋ ਗਿਆ ਹੋਵੇ। ਖਾਲੀ ਗਲ਼ੀਆਂ। ਸੁੰਨੇ ਘਰ। ਬੰਦ ਦਰਵਾਜ਼ੇ। ਉਸਨੂੰ ਕੁਝ ਵੀ ਓਪਰਾ ਨਾ ਲੱਗਦਾ। ਪਿੰਡ ਵਾਲੇ ਪੰਛੀ ਉਸਨੂੰ ਯਾਦ ਨਾ ਆਉਂਦੇ। ਚਿੜੀਆਂ ਦੀ ਚੀਂ-ਚੀਂ ਉਹ ਭੁੱਲ ਗਿਆ ਸੀ। ਕਦੀ ਕਿਸੇ ਛੁੱਟੀ ਵਾਲੇ ਦਿਨ ਉਹ ਪਿੰਡ ਜਾਂਦਾ। ਆਪਣੇ ਭਰਾ ਨੂੰ ਮਿਲਦਾ। ਗਲ਼ੀ-ਗੁਆਂਢ ਸ਼ਰੀਕੇ ਭਾਈਚਾਰੇ ਦੇ ਘਰਾਂ 'ਚ ਜਾ ਆਉਂਦਾ। ਹਲਕਾ ਜਿਹਾ ਪੈਰ ਦੱਬ ਕੇ ਤੁਰਦਿਆਂ ਵੀ ਉਸਨੂੰ ਨਹੀਂ ਸੀ ਯਾਦ ਆਉਂਦਾ ਕਿ ਉਹ ਇਹਨਾਂ ਗਲ਼ੀਆਂ ਵਿਚ ਫਿਰਦਾ ਵੱਡਾ ਹੋਇਆ ਸੀ। ਕਈ ਅਖਾੜਿਆਂ ਵਿਚੋਂ ਉਹ ਜੇਤੂ ਬਣ ਬੜੀ ਸ਼ਾਨ ਨਾਲ ਇਹਨਾਂ ਗਲ਼ੀਆਂ ਵਿਚੋਂ ਨਿਕਲਿਆ ਸੀ। ਇਹ ਉਹੀ ਪਿੰਡ ਸੀ ਜੋ ਉਸਨੂੰ ਸੋਹਣੀ ਪਹਿਲਵਾਨ ਦੇ ਨਾਮ ਨਾਲ ਜਾਣਦਾ ਸੀ। ਪਹਿਚਾਣਦਾ ਸੀ। ਹੁਣ ਉਸ ਸਾਰੇ ਕੁਝ ਦੀ ਨਿਸ਼ਾਨੀ ਸੀ ਤਾਂ ਬੱਸ ਉਸਦੀ ਤੋਰ ਵਿਚਲਾ ਹਲਕਾ ਜਿਹਾ ਲੰਗ।

"ਵੇਲੇ ਦੀ ਤੋਰ ਤਾਂ ਫੇਰ ਪਛਾਣਨੀ ਪੈਂਦੀ ਏ। ਕੀ ਕਰੀਏ। ਨਵੀਆਂ ਗੁੱਡੀਆਂ ਨਵੇਂ ਪਟੋਲੇ।" ਉਹਨੇ ਖਸਿਆਨਾ ਜਿਹਾ ਹੱਸਦਿਆਂ ਆਪਣੇ ਭਰਾ ਨੂੰ ਪਿੰਡ ਫੋਨ ਕੀਤਾ ਸੀ। "ਬਚਨੇ ਵਰਗੀ ਗੱਲ ਨਹੀਂ ਬਣਨੀ ਉਂਅ ਕਿਸੇ ਹੋਰ ਤੋਂ। ਰਾਜੀ ਦੇ ਵਿਆਹ 'ਤੇ ਆਪਣੇ ਪ੍ਰਾਹੁਣੇ ਦੀ ਭੂਆ ਤਿੰਨ-ਚਾਰ ਕਿਲੋ ਸ਼ੱਕਰਪਾਰੇ ਸਪੈਸ਼ਲ ਬਣਵਾ ਕੇ ਲੈ ਗਈ ਸੀ ਮਗਰੋਂ ਦੀ। ਅਖੇ ਕਨੇਡਾ ਜਾ ਕੇ ਖਾਵਾਂਗੇ।" ਉਸਦਾ ਭਰਾ ਪਤਾ ਨਹੀਂ ਕੀ-ਕੀ ਕਹੀ ਜਾ ਰਿਹਾ ਸੀ। ਉਹ ਕਿਹੜਾ ਨਹੀਂ ਸੀ ਜਾਣਦਾ ਇਹਨਾਂ ਗੱਲਾਂ ਨੂੰ। ਪਰ ਭਰਾ ਨੂੰ ਕਿਵੇਂ ਸਮਝਾਉਂਦਾ ਕਿ ਹੁਣ ਏਸ ਯੁੱਗ 'ਚ...। ਰੇਲਵੇ ਫਾਟਕ ਦੇ ਕੋਲ਼ ਸ਼ਹਿਰ ਦਾ ਸਭ ਤੋਂ ਪੁਰਾਣਾ ਪੈਲੇਸ ਬੁੱਕ ਕੀਤਾ ਸੀ ਉਹਨੇ ਰਿੱਕੀ ਦੇ ਵਿਆਹ ਲਈ।

"ਵਾਹਵਾ ਖੁੱਲ੍ਹਾ-ਡੁੱਲ੍ਹਾ ਏ ਪੈਲੇਸ। ਚਾਹ-ਪਾਣੀ ਬਾਹਰ ਵਿਹੜੇ 'ਚ ਲੱਗ ਜਾਂਦਾ।" ਘਰ ਆ ਕੇ ਪਤਨੀ ਤੇ ਰਿੱਕੀ ਕੋਲ਼ ਸੋਹਣ ਸਿੰਘ ਨੇ ਪੈਲੇਸ ਦੀਆਂ ਕਈ ਤਾਰੀਫ਼ਾਂ ਕੀਤੀਆਂ ਸਨ। ਪਰ ਰਿੱਕੀ ਨੂੰ ਸ਼ਹਿਰ ਦਾ 'ਸਭ ਤੋਂ ਪੁਰਾਣਾ' ਪੈਲੇਸ ਪਸੰਦ ਨਹੀਂ ਸੀ ਆਇਆ।... ਤੇ ਹੁਣ ਇਹ



ਸਾਰਾ ਕੁਝ ਹੀ ਰਿੱਕੀ ਨੂੰ ਪਸੰਦ ਨਹੀਂ ਸੀ। ਪਰ ਉਹ ਚੁੱਪ ਸੀ। ਜਾਣਦਾ ਸੀ ਕਿ ਹੁਣ...।ਉਹਦੀਆਂ ਅੱਖਾਂ ਅੱਗੇ ਉਸਦਾ ਬਾਪੂ ਆਣ ਖੜ੍ਹਦਾ। ਵਿਆਹ ਤੋਂ ਪਹਿਲਾਂ 'ਸੌ ਤਰ੍ਹਾਂ' ਦੀਆਂ ਤਿਆਰੀਆਂ ਕਰਦਾ। ਘਰ ਨੂੰ ਕਲੀ ਕੀਤੀ ਗਈ। ਚੁਲ੍ਹਿਆਂ ਨੂੰ ਨਵੀਂ ਮਿੱਟੀ ਲਾਈ ਗਈ। ਚੌਂਕੇ ਉੱਤੇ ਮੋਰ-ਘੁੱਗੀਆਂ ਬਣਾਏ ਗਏ। ਦੀਪੋ ਮਾਈ ਦਾਲ਼ਾਂ ਚੁਗਦੀ। ਚੌਲ ਛੱਟਦੀ। ਉਹਨੂੰ ਜਿਵੇਂ ਵਿਆਹ ਦਾ ਵੱਖਰਾ ਹੀ ਚਾਅ ਸੀ। ਉਹ ਤੇ ਉਹਦੀ ਨੂੰਹ ਸਾਰਾ-ਸਾਰਾ ਦਿਨ ਘਾਲਾ ਸਿਹੁੰ ਵੱਲ ਕੰਮ-ਧੰਦਾ ਕਰਵਾਉਂਦੀਆਂ। ਜਿਸ ਦਿਨ ਗਾਉਣ ਬੈਠਿਆ, ਟਿਕੀ ਰਾਤ ਤੀਕ ਤੀਵੀਆਂ ਘੋੜੀਆਂ ਗਾਉਂਦੀਆਂ, ਨੱਚਦੀਆਂ, ਬੋਲੀਆਂ ਪਾਉਂਦੀਆਂ ਰਹੀਆਂ। ਸੋਹਣ ਸਿੰਘ ਤੇ ਉਹਦੇ ਬੇਲੀ ਬੈਠਕ ਵਿਚ ਬੈਠੇ ਤੀਵੀਆਂ ਦੇ ਗੀਤ ਸੁਣਦੇ।

"ਗਾਉਣ ਕਿੱਦਣ ਬੈਠਣਾ ਫੇਰ?" ਜਦੋਂ ਵਿਆਹ ਦੇ ਪ੍ਰੋਗਰਾਮ ਦੀ ਪੂਰੀ ਤਰਤੀਬ ਬਣਦੀ ਪਈ ਸੀ ਤਾਂ ਸੋਹਣ ਸਿੰਘ ਨੇ ਵੱਖਰੇ ਜਿਹੇ ਹੁਲਾਸ ਨਾਲ ਰਿੱਕੀ ਵੱਲ ਦੇਖਦਿਆਂ ਪੁੱਛਿਆ ਸੀ।

"ਸ਼ਗਨ ਵਾਲੀ ਰਾਤ ਨੂੰ ਡੀ.ਜੇ. ਲਾਵਾਂਗੇ", ਰਿੱਕੀ ਪ੍ਰੋਗਰਾਮ ਦੀ ਪੂਰੀ ਤਰਤੀਬ ਸਮਝਾਉਣ ਲੱਗਿਆ ਸੀ।... ਤੇ ਇਸ ਅਖਾੜੇ ਵਿਚ ਇਕ ਵਾਰ ਫੇਰ ਤੋਂ ਸੋਹਣ ਸਿੰਘ ਇਕੱਲਾ ਸੀ। ਉਹ ਮੂੰਹ ਅੱਡੀ ਵੀਰੇਂਦਰ ਜੋਸ਼ੀ ਵੱਲ ਦੇਖਦਾ ਮਨ ਵਿਚ ਸੋਚਦਾ ਰਿਹਾ ਸੀ ਕਿ ਆਹ ਨਵਾਂ ਈ ਕੰਮ ਚੱਲ ਪਿਆ ਅਖੇ ਇਹ ਬੰਦਾ...। ਉਹਨੂੰ ਦੀਪੋ ਮਾਈ ਯਾਦ ਆਉਣ ਲੱਗੀ। ਉਹ ਉਦੋਂ ਘੁਲਦਾ ਹੁੰਦਾ ਸੀ। ਦੀਪੋ ਹਰ ਸੰਗਰਾਂਦ ਨੂੰ ਜਦੋਂ ਉਹਨਾਂ ਦੇ ਘਰ ਪਾਣੀ ਪਾਉਣ ਆਉਂਦੀ ਤਾਂ ਉਹਨੂੰ ਘਰੇ ਬੈਠਾ ਦੇਖ ਕੇ ਟਿੱਚਰਾਂ ਕਰਦੀ, "ਤੇਰੇ ਵੱਲ ਈ ਧਿਆਨ ਏ ਮੇਰਾ। ਵਿਆਹ ਕਰਾ ਲਾ।ਮੈਂ ਈ ਕਰਨਾ ਕੰਮ...।" ਸੱਚੀਂ ਸਾਰਾ ਪਿੰਡ ਉਹਦੇ ਹੀ ਹੱਥਾਂ ਵਿਚ ਵਿਆਹਿਆ ਸੀ। ਉਹ ਅੱਗੇ ਹੋ ਹੋ ਸਾਰੇ ਕੰਮ ਧੰਦੇ ਕਰਦੀ। ਵੱਟਣੇ ਵਾਲੀ ਥਾਲੀ ਤਿਆਰ ਕਰਦੀ। ਬੁੜ੍ਹੀਆਂ ਨੂੰ ਮੱਤਾਂ ਦਿੰਦੀ ਫਿਰਦੀ- "ਨੀ ਵੱਡੀ ਭੈਣ ਕਿੱਥੇ? ਆ ਨੀ! ਆਜਾ ਕਰ ਕੁੜੇ, ਵੇਲ ਨੀ ਵਹੁਟੀਏ! ਵੱਟਣਾ ਮਲ ਨੀ।" ਵਿਆਹ ਦੀਆਂ ਸਾਰੀਆਂ ਹੀ ਰਸਮਾਂ ਸੋਹਣ ਸਿੰਘ ਦੇ ਦਿਮਾਗ਼ ਵਿਚ ਘੁੰਮਣ ਲੱਗੀਆਂ ਸਨ। ਦਫਤਰ ਬੈਠਿਆਂ ਹੀ ਉਹਨੂੰ ਲੱਗਿਆ ਸੀ, ਜਿੱਦਾਂ ਉਹ ਆਪਣੇ ਪਿੰਡ ਪਹੁੰਚ ਗਿਆ ਹੋਵੇ। ਛੱਪੜ ਦੇ ਪਰਲੇ ਪਾਸੇ। ਗੁਰਦੁਆਰੇ ਦੇ ਨਾਲ, ਘੜੁੱਕੇ ਵਾਲੇ ਬਖਸ਼ੀਸ਼ ਸਿਹੁੰ ਦੇ ਘਰ ਦੇ ਕੋਲ। ਦੀਪੋ ਦੀ ਭੱਠੀ 'ਤੇ। ਝੋਲ਼ੀ ਵਿਚ ਮੱਕੀ ਦੇ ਦਾਣੇ ਪਾਈ। ਉਹਦੇ ਵਰਗੇ ਕਿੰਨੇ ਹੀ ਹੋਰ ਮੁੰਡੇ ਕੁੜੀਆਂ ਭੱਠੀ ਦੁਆਲ਼ੇ ਬੈਠੇ ਹੁੰਦੇ। ਜਿਸਦੀ ਵਾਰੀ ਆਉਂਦੀ ਉਹ ਭੱਠੀ ਵਿਚ, ਗੁਲਾਬਾਸੀ ਦੇ ਡੰਡੇ ਨਾਲ ਬਾਲਣ ਸੁੱਟਦਾ। ਅੱਗ ਦਾ ਭਬੂਕਾ ਉਠਦਾ ਤੇ ਕੜਾਹੀ ਵਿਚ ਮੱਕੀ ਦੇ ਦਾਣੇ ਕਪਾਹ ਵਾਂਗੂੰ ਖਿੜ ਉਠਦੇ। ਨਾਲ ਹੀ ਦੀਪੋ ਦਾ ਚਿਹਰਾ ਖਿੜ ਜਾਂਦਾ। ਉਹ ਹੱਸਦੀ। ਜਵਾਕਾਂ ਨਾਲ ਹਾਸਾ ਠੱਠਾ ਕਰਦੀ, ਦਾਣੇ ਭੁੰਨ-ਭੁੰਨ ਉਹਨਾਂ ਦੀਆਂ ਝੋਲ਼ੀਆਂ 'ਚ ਪਾ-ਪਾ ਦਿੰਦੀ। ਦੀਪੋ ਮਿਲਖੀ ਨਾਲ ਵਿਆਹੀ ਆਈ ਸੀ ਉਹਨਾਂ ਦੇ ਪਿੰਡ। ਪਹਿਲਾਂ ਆਪਣੀ ਸੱਸ ਕਰਮ ਕੁਰ ਨਾਲ ਤੇ ਫਿਰ ਸੱਸ ਤੋਂ ਮਗਰੋਂ ਉਹ ਖੁਦ, ਸਾਰੇ ਪਿੰਡ ਦੀਆਂ ਖੁਸ਼ੀਆਂ ਗ਼ਮੀਆਂ 'ਤੇ ਕੰਮ ਧੰਦਾ ਕਰਨ ਲੱਗੀ ਸੀ। ਵੇਲੇ ਨਾਲ ਕਿੰਨਾ ਕੁਝ ਬਦਲ ਗਿਆ ਸੀ। ਜਦੋਂ ਸੋਹਣ ਸਿੰਘ ਦਾ ਵਿਆਹ ਹੋਇਆ ਸੀ, ਉਦੋਂ ਦੀਪੋ ਸੱਸ ਬਣ ਚੁੱਕੀ ਸੀ। ਮਿਲਖੀ ਚੱਲ ਵੱਸਿਆ ਸੀ ਤੇ ਕਾਲੂ ਦੀ ਘਰਵਾਲੀ ਹੁਣ ਉਹਦੇ ਨਾਲ ਕੰਮ ਧੰਦਾ ਕਰਾਉਣ ਲਈ ਜਾਂਦੀ। ਦਿਨ ਢਲ਼ਦਿਆਂ ਨੂੰ ਸੱਸ ਨਾਲ ਭੱਠੀ ਤਪਾ ਲੈਂਦੀ।ਕਿਸੇ ਦੇ ਘਰ ਮੁੰਡਾ ਹੁੰਦਾ, ਉਹੀ ਨੂੰਹ ਅਗਲੇ ਦੇ ਦਰਾਂ 'ਚ ਸ਼ਰੀਂਹ ਬੰਨ੍ਹ ਕੇ ਆਉਂਦੀ। ਪਰ ਸੋਹਣ ਸਿੰਘ ਦਾ ਰਿੱਕੀ ਤਾਂ ਸ਼ਹਿਰ ਆ ਕੇ ਹੋਇਆ ਸੀ। ਪਿੰਡੋਂ ਉਹਦੀ ਮਾਂ ਜਣੇਪਾ ਕਟਾਉਣ ਲਈ ਸ਼ਹਿਰ ਆਈ ਸੀ।... ਤੇ ਜਦੋਂ ਉਹ ਛੁੱਟੀ ਲੈ ਕੇ ਹਸਪਤਾਲ ਤੋਂ ਘਰ ਆਏ ਸਨ, ਉਹਦੀ ਮਾਂ ਨੇ ਹੀ ਉਹਨੂੰ ਬੂਹੇ ਅੱਗੇ ਸ਼ਰੀਂਹ ਬੰਨ੍ਹਣ ਵਾਲੀ ਗੱਲ ਯਾਦ ਕਰਵਾਈ ਸੀ।

"ਵੇ ਸੋਹਣੀ! ਪੁੱਤ ਇਹ ਤਾਂ ਸ਼ਗਨ ਹੁੰਦਾ। ਜਾਹ ਜਿਹੜੀ ਉਹ ਬੀਬੀ ਕੰਮ ਕਰਨ ਆਉਂਦੀ ਉਸੇ ਨੂੰ ਕਹਿ ਕੇ ਆ। ਪਿੰਡ ਹੁੰਦੇ ਤਾਂ ਦੀਪੋ ਤੇ ਉਹਦੀ ਨੂੰਹ ਨੇ ਹੁਣ ਨੂੰ ਸੌ ਵਾਰੀ ਆ ਜਾਣਾ ਸੀ

ਸ਼ਰੀਂਹ ਬੰਨ੍ਹਣ ਨੂੰ।” ਬੀਬੀ ਦੇ ਕਹਿਣ ‘ਤੇ ਸੋਹਣ ਸਿੰਘ ਨੇ ਘਰੇ ਕੰਮ ਕਰਨ ਆਉਂਦੀ ਬਜ਼ੁਰ ਮਾਈ ਨੂੰ ਕਹਿ ਕੇ ਬੂਹੇ ਅੱਗੇ ਸ਼ਰੀਂਹ ਬੰਨ੍ਹਵਾਏ ਸੀ। ਸੋਹਣ ਸਿੰਘ ਸੋਚਦਾ, ਹੁਣ ਜਦ ਰਿੱਕੀ ਬੱਚੇ ਪਿੰਡ ਤਾਂ ਕੀ ਦੇਸ਼ ਤੋਂ ਵੀ ਬਾਹਰ ਹੋਣਗੇ, ਉੱਥੇ ਬੂਹਿਆਂ ਅੱਗੇ ਸ਼ਰੀਂਹ ਕਿਸ ਨੇ ਬੰਨ੍ਹਣੇ ਦੀਪੋ ਮਾਈ ਨੂੰ ਮਰਿਆਂ ਵੀ ਹੁਣ ਤਾਂ ਬਥੇਰੇ ਸਾਲ ਹੋ ਗਏ। ਸਾਰਾ ਕੁਝ ਉਸਦੇ ਦਿਮਾਗ਼ ਦੀ ਰੀ ਵਿਚ ਚੱਲਣ ਲੱਗਿਆ ਸੀ। ਪਿੰਡ ਦੀਆਂ ਕਿੰਨੀਆਂ ਹੀ ਗੱਲਾਂ ਉਸਨੂੰ ਯਾਦ ਆਉਣ ਲੱਗੀਅ ਸਨ। ਇਕ ਪਲ ਲਈ ਉਹ ਖ਼ੁਦ ਹੈਰਾਨ ਜਿਹਾ ਹੋਇਆ। ਰਿੱਕੀ ਦੇ ਵਿਆਹ ਦੇ ਮੌਕੇ ਉਹ ਇਉਂ ਪਿੰਡ ਕਿਉਂ ਯਾਦ ਆਉਣ ਲੱਗਿਆ ਸੀ। ਉਹੀ ਪਿੰਡ ਜਿਸਨੂੰ ਉਹ ਕਈ ਸਾਲਾਂ ਤੋ ਭੁਲਾਈ ਬੈਠਾ ਸੀ। ਉਹਨੂੰ ਖਿਆਲ ਆਇਆ, ਅਜੇ ਤਾਂ ਉਹਨੇ ਪਿੰਡ ਆਪਣੇ ਘਰਾਂ ਵਿਚ ਰਿੱਕ ਦੇ ਵਿਆਹ ਦੇ ਕਾਰਡ ਦੇਣ ਜਾਣੇ ਨੇ...। ਕਿੰਨੇ ਘਰ ਨੇ ਪਿੰਡ ਉਹਦੇ ਸਕਿਆ ਦੇ। ਕਿੰਨੇ ਘਰ ਉਹਦੀ ਸਾਂਝ ਵਾਲੇ। ਉਹਨੂੰ ਬਲਵਿੰਦਰ ਸਿੰਘ ਮਿਸਤਰੀ ਦਾ ਖਿਆਲ ਆਇਆ। ਉਹ ਤ ਉਹਦਾ ਨਿੱਕੇ ਹੁੰਦਿਆ ਦਾ ਬੇਲੀ ਸੀ। ਪਿੰਡ ਦੇ ਸਕੂਲ ਤੀਕ ਉਹ ਇਕੱਠੇ ਪੜ੍ਹੇ ਸੀ। ਕਿੰਨਾ ਜਾ ਸੀ ਬਲਵਿੰਦਰ ਸਿਹੁੰ ਦੇ ਹੱਥਾਂ ਵਿਚ। ਉਹਦੀਆਂ ਬਣਾਈਆਂ ਮਧਾਣੀਆਂ, ਦੂਰ-ਦੂਰ ਤੀ ਮਸ਼ਹੂਰ ਸਨ। ਜਦੋਂ ਸੋਹਣ ਸਿੰਘ ਨੇ ਸ਼ਹਿਰ ਘਰ ਬਣਾਇਆ ਸੀ, ਲੱਕੜ ਦਾ ਸਾਰਾ ਕੰਮ ਉਹ ਬਲਵਿੰਦਰ ਮਿਸਤਰੀ ਕੋਲ਼ੋਂ ਕਰਵਾਇਆ ਸੀ। ਪਰ ਦੋ ਸਾਲ ਪਹਿਲਾਂ, ਜਦੋਂ ਰਿੱਕੀ ਇੰਡੀਅ ਆਇਆ ਸੀ, ਉਹਨੇ ਸ਼ਹਿਰ ਵਾਲਾ ਪੁਰਾਣਾ ਮਕਾਨ ਢਾਹ ਕੇ ਨਵੀਂ ਕੋਠੀ ਛੱਤ ਦਿੱਤੀ ਸੀ। ਸੋਹਣ ਸਿੰਘ ਤਾਂ ਉਦੋਂ ਵੀ ਸੋਚਦਾ ਸੀ ਕਿ ਪਿੰਡੋਂ ਬਲਵਿੰਦਰ ਸਿਹੁੰ ਨੂੰ ਆਖੇ ਕੰਮ ਕਰਨ ਲਈ ਪਰ ਰਿੱਕੀ ਦੀਆਂ ‘ਯੋਜਨਾਵਾਂ’ ਵਿਚ ਬਲਵਿੰਦਰ ਸਿੰਘ ਕਿੱਥੇ ਫਿੱਟ ਬੈਠਦਾ ਸੀ। ਮਿਸਤਰੀ ਮਹੀਨੇ ਕੋਠੀ ਵਿਚ ਕੰਮ ਕਰਦੇ ਰਹੇ ਸਨ। ਸ਼ਾਮ ਨੂੰ ਦਫਤਰ ਤੋਂ ਮੁੜ ਕੇ ਸੋਹਣ ਸਿੰ ਮਿਸਤਰੀਆਂ ਕੋਲ਼ ਬੈਠਾ ਰਹਿੰਦਾ। ਉਹਨਾਂ ਨੂੰ ਕੰਮ ਕਰਦਿਆਂ ਦੇਖਦਾ।

“ਜਵਾਨੋਂ ਮਿਸਤਰੀ ਸਿੰਘਾਂ ਦੇ ਮੁੰਡੇ ਜੇ?” ਇਕ ਦਿਨ ਪਤਾ ਨਹੀਂ ਕਿਉਂ ਉਸਨੇ ਦੋਨ ਮੁੰਡਿਆਂ ਨੂੰ ਪੁੱਛ ਲਿਆ ਸੀ।ਉਹਨਾਂ ਨੇ ਰੰਦਾ ਖਿੱਚਣਾ ਬੰਦ ਕਰ ਦਿੱਤਾ। “ਨਹੀਂ ਅੰਕਲ ਜੀ...।” ਮੁੰਡੇ ਦਾ ਜਵਾਬ ਸੁਣ ਕੇ ਸੋਹਣ ਸਿੰਘ ਚੁੱਪ ਕਰ ਗਿਆ। ਉਹ ਸ਼ਾਇਦ ਮਨ ਵਿਚ ਸੋਚਦਾ ਸੀ ਕਿ ਜੱਦੀ-ਪੁਸ਼ਤੀ ਕਿੱਤਾਕਾਰਾਂ ਵਰਗੀ ਗੱਲ ਕਿੱਥੇ ਇਹਨਾਂ ਨਵੇਂ ਮੁੰਡਿਆਂ ’ਚ।

‘ਨਵਾਂ’ ਸ਼ਬਦ ਜ਼ਿਹਨ ਵਿਚ ਆਉਂਦਿਆਂ ਹੀ ਉਹ ਮੁਸਕਰਾ ਪਿਆ। ਉਹਦਾ ਧਿਆਨ ਬਾਹਰ ਗਿਆ। ਨੱਥੂ ਰਾਮ ਚਪੜਾਸੀ ਟ੍ਰੇਅ ਵਿਚ ਚਾਹ ਰੱਖੀ ਸੁਪਰਡੈਂਟ ਦੇ ਕਮਰੇ ਵੱਲ ਜਾ ਰਿਹ ਸੀ। ਨੱਥੂ ਰਾਮ ਉਹਦੇ ਪਿੰਡਾਂ ਵੱਲ ਦਾ ਸੀ। ਉਹਦੇ ਪਿੰਡ ਤੋਂ ਦੋ ਕੁ ਮੀਲ ਅੱਗੇ ਧਗਾਣੇ ਪਿੰ ਦਾ। ਉਸ ਤੋਂ ਵੀ ਵੱਧ, ਨੱਥੂ ਰਾਮ ਉਹਦੇ ਆਪਣੇ ਪਿੰਡ ਵਿਆਹਿਆ ਹੋਇਆ ਸੀ ਦੁਰਗਾ ਮੱਲ ਦੇ ਘਰ। ਉਮਰ ਵਿਚ ਵੱਡਾ ਸੀ, ਇਸੇ ਲਈ ਉਹ ਨੱਥੂ ਰਾਮ ਨੂੰ ਹਮੇਸ਼ਾ ਭਾਊ ਆਖ ਕੇ ਬੁਲਾਉਂਦਾ। ਕਦੀ-ਕਦੀ ਹਾਸੇ ਨਾਲ ‘ਪ੍ਰਾਹੁਣਿਆ’ ਵੀ ਆਖ ਦਿੰਦਾ। ਉਹਨੇ ਨੱਥੂ ਰਾਮ ਨੂੰ ਵੀ ਰਿੱਕੀ ਦੇ ਵਿਆਹ ਲਈ ਕਾਰਡ ਦੇਣਾ ਸੀ। ਜਦੋਂ ਉਹ ਨੌਕਰੀ ਲੱਗਿਆ ਸੀ, ਉਦੋਂ ਦਫਤਰ ਵਿਚ ਨੱਥੂ ਰਾਮ ਉਹਦੇ ਪਿੰਡਾਂ ਦਾ ਹੋਣ ਕਰਕੇ ਉਹਨੂੰ ਚੰਗਾ-ਚੰਗਾ ਲੱਗਦਾ ਸੀ। ਫਿਰ ਜਦੋਂ ਉਹ ਸ਼ਹਿਰ ਪੱਕੇ ਤੌਰ ’ਤੇ ਆ ਵੱਸਿਆ ਸੀ, ਉਦੋਂ ਤਾਂ ਇਸ ਬੇਗਾਨੇ ਜਿਹੇ ਸ਼ਹਿਰ ਵਿਚ ਉਹਨੂੰ ਨੱਥੂ ਰਾਮ ਬੜਾ ਆਪਣਾ-ਆਪਣਾ ਲੱਗਿਆ ਕਰਦਾ ਸੀ। ਵੈਸੇ ਵੀ ਦਫਤਰ ਵਾਲੇ ਸਾਥੀਆਂ ਬਿਨਾਂ ਸ਼ਹਿਰ ਵਿਚ

ਉਸਦਾ ਹੋਰ ਕਿਹੜਾ ਕੋਈ ਭਾਈਚਾਰਾ ਸੀ? ਦੁਰਗਾ ਮੱਲ ਤੇ ਉਹਦੇ ਬਾਕੀ ਭਰਾਵਾਂ ਕਈ ਸਾਲ ਪਹਿਲਾਂ ਪਿੰਡ ਛੱਡ ਦਿੱਤਾ ਸੀ। ਖਰਾਬ ਮਾਹੌਲ ਵੇਲੇ। ਦੁਰਗਾ ਮੱਲ ਦੀ ਹੱਟੀ ਬੰਦ ਹੋ ਗਈ। ਸੋਹਣ ਸਿੰਘ ਨੂੰ ਧਿਆਨ ਆਇਆ, ਹੁਣ ਪਿੰਡ ਵਿਚ ਚਾਹੇ ਪਹਿਲਾਂ ਨਾਲੋਂ ਵੀ ਵੱਧ ਦੁਕਾਨਾਂ ਸਨ, ਪਰ ਦੁਰਗਾ ਮੱਲ ਵਰਗੀ ਗੱਲ ਹੋਰਾਂ ਵਿਚ ਕਿੱਥੇ ਸੀ। ਵਪਾਰ ਕਰਨਾ ਵੀ ਹਾਰੀ-ਸਾਰੀ ਦੇ ਵੱਸ ਦੀ ਗੱਲ ਥੋੜ੍ਹਾ ਹੁੰਦੀ। ਉਹ ਸੋਚਦਾ। ਉਹਨੂੰ ਉਹ ਮਾੜੇ ਵੇਲ਼ੇ ਯਾਦ ਆ ਗਏ। ਜਦੋਂ ਚੁਫੇਰੇ ਇਕ



ਅਜੀਬ ਜਿਹਾ ਮਾਤਮ ਛਾਇਆ ਰਹਿੰਦਾ ਸੀ। ਸੂਰਜ ਨੀਵਾਂ ਹੁੰਦਿਆਂ ਹੀ ਕੋਈ ਘਰੋਂ ਬਾਹਰ ਨਹੀਂ ਸੀ ਨਿਕਲਦਾ। ਕਿੰਨੀਆਂ ਜਾਨਾਂ ਅਜਾਈਂ ਚਲੀਆਂ ਗਈਆਂ ਸਨ। ਉਹਨੂੰ ਉਹ ਘਟਨਾ ਯਾਦ ਆਈ ਜਦੋਂ ਉਹ ਬੁਰਜਾਂ ਵਾਲੀ ਆਪਣੀ ਭੈਣ ਕੋਲ਼ੋਂ ਮੁੜਿਆ ਸੀ। ਰਸਤੇ ਵਿਚ ਅਚਾਨਕ ਬੱਸ ਰੁਕੀ। ਛਿਣ ਭਰ ਵਿਚ ਉਹ ਬੱਸ ਵਿਚ ਚੜ੍ਹੇ। ਸਿਰਾਂ ਦੀ ਛਾਂਟੀ ਕੀਤੀ ਤੇ...। ਉਹਨੇ ਆਪਣੇ ਸਿਰ ’ਤੇ ਹੱਥ ਮਾਰਿਆ। ਸਿਰ ’ਤੇ ਬੱਝੀ ਕੱਦੂ ਰੰਗੀ ਪੱਗ ਨੇ ਬਚਾਅ ਲਿਆ ਸੀ ਉਸਨੂੰ। ਪਹਿਲਵਾਨੀ ਛੱਡਣ ਮਗਰੋਂ ਤੇ ਮਾਹੌਲ ਖਰਾਬ ਹੋਣ ਕਰਕੇ ਉਹਨੇ ਕੇਸ ਰੱਖ ਕੇ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ ਸੀ। ਮੌਤ ਨੂੰ ਇੰਨਾ ਨੇੜਿਓਂ ਉਹਨੇ ਪਹਿਲਾਂ ਕਦੀ ਨਹੀਂ ਸੀ ਦੇਖਿਆ। ਉਸੇ ਮੌਤ ਤੋਂ ਡਰਦਿਆਂ, ਦੁਰਗਾ ਮੱਲ ਤੇ ਉਹਦੇ ਭਰਾ ਪਿੰਡੋਂ ਸ਼ਹਿਰਾਂ ਵੱਲ ਨੂੰ ਤੁਰੇ ਸਨ। ਉਹ ਹੁਣ ਵੀ ਕਦੇ-ਕਦੇ ਕਹੀਆਂ ਵਾਲੇ ਚੌਂਕ ਵਿਚ ਦੁਰਗਾ ਮੱਲ ਦੀ ਦੁਕਾਨ ’ਤੇ ਜਾਂਦਾ। ਦੁਰਗਾ ਮੱਲ ਤਾਂ ਪਤਾ ਨਹੀਂ ਕਦੋਂ ਕੁ ਦਾ ਚੱਲ ਵੱਸਿਆ ਸੀ। ਦੁਕਾਨ ਹੁਣ ਦੁਰਗਾ ਮੱਲ ਦਾ ਮੁੰਡਾ ਨੇਤ ਰਾਮ ਸੰਭਾਲਦਾ। ਉਹਨੇ ਸੋਚਿਆ ਹੋਇਆ ਸੀ ਵਿਆਹ ਦਾ ਰਾਸ਼ਨ ਉਹ ਨੇਤ ਰਾਮ ਕੋਲ਼ੋਂ ਚੁੱਕ ਲਏਗਾ। ਆਖਿਰ ਪਿੰਡ ਦੀ ਸਾਂਝ ਸੀ। ਪਰ ਰਿੱਕੀ ਨੇ ਤਾਂ...। ਸੋਹਣ ਸਿੰਘ ਬਾਰ-ਬਾਰ ਉਹਨਾਂ ਹੀ ਗੱਲਾਂ ‘ਤੇ ਆ ਜਾਂਦਾ। ਇਹ ਵੀ ਤਾਂ ਉਸੇ ਵੀਰੇਂਦਰ ਜੋਸ਼ੀ ਦੀ ਸਲਾਹ ਸੀ।

“ਰਿੱਕੀ ਜੀ ਮਹਾਜਨ ਵਾਲਿਆਂ ਨਾਲ ਪੰਜ ਸਾਲਾਂ ਤੋਂ ਡੀਲ ਕਰ ਰਹੇ ਅਸੀਂ।ਅੱਖਾਂ ਬੰਦ ਕਰ ਕੇ ਭਰੋਸਾ ਕਰੋ। ਮੇਰੇ ’ਤੇ ਛੱਡ ਦਿਓ ਬਾਕੀ।” ਉਸਦੇ ਸਾਹਮਣੇ ਹੁੱਬ ਕੇ ਆਖਿਆ ਸੀ ਉਹਨੇ।

ਅਚਾਨਕ ਹੀ ਸੋਹਣ ਸਿੰਘ ਦੇ ਮਨ ਵਿਚ ਆਉਂਦਾ, ਪਿੰਡੋਂ ਕਿਸ ਨੇ ਜਾਣਾ ...। ਉਹ ਤਾਂ ਐਵੇਂ ਸੋਚੀਂ ਜਾਂਦਾ। ਸੋਚ ਹੀ ਤਾਂ ਰਿਹਾ ਸੀ ਉਹ। ਬੇਲੋੜਾ। ਬੇਵਜ੍ਹਾ। ਕਿੰਨੀਆਂ ਕਹਾਣੀਆਂ, ਕਿੰਨੀਆਂ ਘਟਨਾਵਾਂ ਉਸਦੇ ਮਨ ਅੰਦਰ ਪਿਛਲੇ ਕਈ ਦਿਨਾਂ ਤੋਂ ਚੱਲ ਰਹੀਆਂ ਸਨ। ਦਫਤਰ ਦੇ ਕੰਮ ਵਿਚਾਲ਼ੇ ਪਏ ਸਨ। ਟੇਬਲ ’ਤੇ ਫਾਈਲਾਂ ਦੇ ਢੇਰ ਲੱਗੇ ਪਏ ਸਨ। ਪਰ ਉਸਦਾ ਮਨ ਨਹੀਂ ਸੀ ਲੱਗ ਰਿਹਾ ਕੰਮ ਵਿਚ। ਰਿੱਕੀ ਦੇ ਵਿਆਹ ਦੀ ਤਿਆਰੀ ਕਰਦਿਆਂ ਸਗੋਂ ਉਹ ਇੰਨਾ ਨਹੀਂ ਸੀ ਉਲਝਿਆ, ਜਿੰਨਾ ਹੁਣ ਉਹ ਸਭ ਤਿਆਰੀਆਂ ਤੋਂ ਵਿਹਲਾ ਹੋ ਕੇ ਪ੍ਰੇਸ਼ਾਨ ਸੀ। ਵਿਹਲੇ ਰਹਿਣਾ ਵੀ ਕਿੰਨਾ ਔਖਾ ਹੁੰਦਾ, ਉਹ ਤਾਂ ਚੰਗੀ ਤਰ੍ਹਾਂ ਜਾਣਦਾ ਸੀ ਇਸ ਗੱਲ ਨੂੰ। ਪਿੰਡ ਉਹ ਖੇਤੀ ਕਰਦੇ ਸਨ। ਮਾਲ-ਡੰਗਰ ਰੱਖਿਆ ਹੋਇਆ ਸੀ। ਪਰ ਸ਼ਹਿਰ ਆ ਕੇ ਉਸ ਕੋਲ਼ ਕਰਨ ਨੂੰ ਕੁਝ ਨਹੀਂ ਸੀ ਹੁੰਦਾ। ਗਰਮੀਆਂ ਦੇ ਪਹਾੜਾਂ ਜਿੱਡੇ ਦਿਨ, ਦਫਤਰ ਤੋਂ ਘਰ ਆ ਕੇ ਉਹਨੂੰ ਕੁਝ ਨਾ ਸੁਝਦਾ ਕਰਨ ਨੂੰ। ਬੇਮਤਲਬ ਹੀ ਅਖਬਾਰਾਂ ਦੇ ਸਫ਼ੇ ਫਰੋਲਦਿਆਂ ਉਹ ਟਾਈਮ ਟਪਾਉਂਦਾ।

ਹੁਣ ਵੀ ਤਾਂ ਜਿੱਦਾਂ ਟਾਈਮ ਰੀਂਘ ਰਿਹਾ ਸੀ। ਦਫਤਰ ਆ ਕੇ ਉਹ ਘਰ ਜਾਣ ਨੂੰ ਕਾਹਲ਼ਾ ਪੈਂਦਾ ਤੇ ਘਰ ਹੁੰਦਿਆਂ ਉਹਨੂੰ ਦਫਤਰ ਆਉਣ ਦੀ ਕਾਹਲ਼ੀ ਹੁੰਦੀ। ਰਿੱਕੀ ਨਾਲ ਗੱਲ ਕਰਦਿਆਂ ਉਹ ਜਿਵੇਂ ਉਖੜ ਜਿਹਾ ਜਾਂਦਾ। ਇਸੇ ਲਈ ਉਹ ਪਾਸੇ-ਪਾਸੇ ਰਹਿੰਦਾ।

“ਨਵਾਂ ਈ ਕੁਝ ਸੁਣ ਲਿਆ...।” ਉਹ ਰਿੱਕੀ ਦੇ ਦੱਸੇ ਉਸ ‘ਸ਼ਬਦ’ ’ਤੇ ਕੁੜ੍ਹਦਾ ਰਹਿੰਦਾ।ਜਦੋਂ ਰਿੱਕੀ ਉਸਨੂੰ ਦਫਤਰ ਤੋਂ ਛੁੱਟੀ ਕਰਕੇ ਦਿੱਲੀ ਦਾ ਪ੍ਰੋਗਰਾਮ ਬਣਾਉਣ ਨੂੰ ਆਖਦਾ, ਉਹ ਹੋਰ ਤਲਖ ਹੋਣ ਲੱਗਦਾ।

“ਯਾਰ ਜੇ ਦਿੱਲੀ ਤੋਂ ਉਰੇ ਸੂਟ ਨਾ ਸੰਵਾਇਆ, ਅੰਦਰ ਨਾ ਵੜਨ ਦੇਣਗੇ ਅਗਲੇ? ਤੈਨੂੰ ਕੀ ਲੱਗਦਾ।” ਉਹ ਅਗਲੇ ਲਫ਼ਜ਼ ਬੁਲ੍ਹਾਂ ਵਿਚ ਹੀ ਘੁੱਟ ਲੈਂਦਾ, “ਨੋਟ ਦਿਸਦੇ ਇਹਨਾਂ ਨੂੰ ਫਜ਼ੂਲ ਫੂਕਣ ਨੂੰ।” ਪਰ ਉਹ ਰਿੱਕੀ ਨਾਲ ਐਸੀ ਕੋਈ ਗੱਲ ਨਾ ਕਰਦਾ। ਬਸ ਅੰਦਰੋਂ ਅੰਦਰੀ ਘੁੱਟਿਆ ਰਹਿੰਦਾ। ਕਦੀ ਉਹ ਖ਼ੁਦ ਨੂੰ ਆਖਦਾ, “ਸੋਹਣ ਸਿਆਂ! ਕੀ ਭੂਚਾਲ਼ ਆ ਗਿਆ ਜੇ ਮੁੰਡੇ ਆਪਣੀ ਰੀਝ ਨਾਲ...।ਵੇਲ਼ੇ-ਵੇਲ਼ੇ ਦੀ ਗੱਲ ਏ ਸਾਰੀ। ਹੋਏ ਤਾਂ ਖਰਚ ਲਏ।” ਪਰ ਨਹੀਂ, ਗੱਲ ਬਸ ਇੰਨੀ ਹੀ ਤਾਂ ਨਹੀਂ ਸੀ। ਉਸਦੇ ਅੰਦਰ ਤਾਂ ਕੁਝ ਹੋਰ ਚੱਲ ਰਿਹਾ ਸੀ। ਜੋ ਉਸਨੂੰ ਬੇਚੈਨ ਕਰੀ ਰੱਖਦਾ। ਉਹ ਬੇਚੈਨੀ ਸੀ, ਸਭ ਉਸਦੀ ਮਰਜ਼ੀ ਦੇ ਉਲਟ ਹੋਣ ਦੀ। ਅਗਲੇ ਹੀ ਪਲ ਉਹ ਥੋੜ੍ਹਾ

ਜਿਹਾ ਸ਼ੁਕਰ ਵੀ ਮਨਾਉਂਦਾ। ਹੋਰ ਕੁਝ ਨਹੀਂ ਤੇ ਨਾ ਸਹੀ, ਵਿਆਹ ਤਾਂ ਘੱਟੋ-ਘੱਟ ਉਹਨਾਂ
ਪਸੰਦ ਦੀ ਕੁੜੀ ਨਾਲ ਕਰਵਾ ਰਿਹਾ ਸੀ ਰਿੱਕੀ। ਸੋਹਣ ਸਿੰਘ ਨੂੰ ਯਾਦ ਸੀ ਰਿੱਕੀ ਦੀ ਮਾਸੀ
ਮੁੰਡੇ ਨੇ, ਫੇਸਬੁੱਕ ਉਪਰ ਕੋਈ ਕੁੜੀ ਲੱਭੀ ਸੀ। ਫੇਸਬੁੱਕ ਸ਼ਬਦ ਪਹਿਲੀ ਵਾਰ ਉਸਨੇ ਆਪ
ਸਾਂਢੂ ਕੋਲ਼ੋਂ ਸੁਣਿਆ ਸੀ।

"ਇਹ ਕੀ ਬਲਾ ਹੁੰਦੀ ਕਰਮ ਸਿਆਂ?" ਉਹਨੇ ਹੈਰਾਨ ਹੁੰਦਿਆਂ ਪੁੱਛਿਆ ਸੀ ਉਦੋਂ। ਕਰ
ਸਿੰਘ ਨੇ ਫੇਸਬੁੱਕ ਬਾਰੇ ਜਦੋਂ ਦੱਸਿਆ, ਉਦੋਂ ਸੋਹਣ ਸਿੰਘ ਦਾ ਅਗਲਾ ਸਵਾਲ ਵੀ ਉਸੇ ਤਰ੍ਹਾਂ
ਸੀ, "ਕਮਾਲ ਹੈ। ਜਿਹਨੂੰ ਮਿਲੇ ਕਦੀ ਨਹੀਂ। ਜਿਸਦਾ ਅਤਾ-ਪਤਾ ਕੁਝ ਨਹੀਂ, ਉਹ ਪਸੰ
ਆ ਗੀ? ਜਿਹੜੀ ਦੱਸ ਮੈਂ ਪਾਉਂਦਾ ਸੀ ਆਪਣੇ ਚਾਚੇ ਦੇ ਪੁੱਤ ਦੇ ਸਾਲ਼ੇ ਦੀ ਕੁੜੀ ਦੀ, ਉਹ
'ਚ ਕੀ ਖਰਾਬੀ ਸੀ? ਕੁੜੀ ਵੇਖੀ-ਚਾਖੀ ਸੀ। ਚੰਗਾ ਆਰ-ਪਰਿਵਾਰ ਏ।" ਸੋਹਣ ਸਿੰਘ
ਮਨ ਹੀ ਮਨ ਸਾਂਢੂ ਨਾਲ ਮੂੰਹ ਜਿਹਾ ਵੱਟ ਲਿਆ ਸੀ।...ਤੇ ਫਿਰ ਇਕ ਦਿਨ ਜਦੋਂ ਰਿੱਕੀ
ਫੋਨ ਆਇਆ ਸੀ, ਉਹਨੇ ਪਹਿਲਾਂ ਵਾਂਗ ਗੱਲਾਂ ਕਰਨ ਦੀ ਥਾਂ ਪਤਾ ਨਹੀਂ ਕਿਉਂ ਪੁੱਛ ਲਿਅ
ਸੀ, "ਬੱਲਿਆ! ਉਹ ਤੂੰ ਵੀ ਚਲਾਉਂਦਾ ਏ...ਕੀ ਹੁੰਦੀ ਉਹ ਫੇਕਬੁੱਕ ਜਿਹੀ?"

"ਫੇਸਬੁੱਕ ਪਾਪਾ", ਰਿੱਕੀ ਨੇ ਸਹੀ ਉਚਾਰਨ ਦੱਸਦਿਆਂ ਆਖਿਆ ਸੀ, "ਹਾਂ ਮੈਂ
ਚਲਾਉਂਦਾ। ਕਿਉਂ ਤੁਸੀਂ ਵੀ ਬਣਾ ਲਿਆ ਅਕਾਊਂਟ ਫੇਸਬੁੱਕ 'ਤੇ?" ਉਹ ਅੱਗਿਓਂ ਹੱਸ ਪਿਆ ਸੀ

"ਨਹੀਂ ਊਂਅ ਈ ਪੁੱਛਦਾਂ", ਸੋਹਣ ਸਿੰਘ ਨੇ ਗੱਲ ਬਦਲ ਕੇ ਫੋਨ ਆਪਣੀ ਘਰਵਾ
ਭਿੰਦਰ ਨੂੰ ਫੜਾ ਦਿੱਤਾ ਸੀ ਤੇ ਅਗਲੇ ਦਿਨ ਦਫਤਰ ਜਾ ਕੇ ਉਸਨੇ ਨਵੇਂ-ਨਵੇਂ ਆਏ ਨੌਜਵਾ
ਜੂਨੀਅਰ ਕਲਰਕ ਨੂੰ ਵੀ ਰਿੱਕੀ ਵਾਲਾ ਸਵਾਲ ਕੀਤਾ ਸੀ। ਉਸ ਕੋਲ਼ੋਂ ਉਸਦੀ ਫੇਸਬੁੱਕ ਖੁਲ
ਕੇ ਕਿੰਨੀ ਹੀ ਦੇਰ ਤੀਕ ਫੋਨ ਦੀ ਸਕਰੀਨ 'ਤੇ ਉਂਗਲਾਂ ਮਾਰਦਾ ਰਿਹਾ ਸੀ ਸੋਹਣ ਸਿੰਘ। ਹੁ
ਉਸਨੂੰ ਇਹੀ ਤਸੱਲੀ ਬਹੁਤ ਸੀ ਕਿ ਰਿੱਕੀ ਲਈ ਕੁੜੀ ਉਸਨੇ ਖ਼ੁਦ ਲੱਭੀ ਸੀ। ਉਸਦੀ ਆਪਣ
ਜਾਤ ਬਰਾਦਰੀ ਦੀ। ਚੰਗੇ ਘਰ-ਘਰਾਣੇ ਦੀ। ਕਰਮ ਸਿੰਘ ਦੇ ਮੁੰਡੇ ਦੇ ਵਿਆਹ ਤੋਂ ਬਾਅ
ਕਿੰਨੀ ਦੇਰ ਤੀਕ ਉਹ ਘਰੇ ਆਹੀ ਤਾਂ ਗੱਲਾਂ ਕਰਦਾ ਰਿਹਾ ਸੀ, "ਨਾ ਅੱਗਾ ਪਤਾ ਨਾ ਪਿੱਛਾ
ਜਾਤ-ਬਰਾਦਰੀ ਉੱਤ ਨਹੀਂ ਵੇਖੀ। ਆਖੀਂ ਜੇ ਵਸ ਗਈ ਚਾਰ ਦਿਨ ਵੀ।" ਪਰ ਉਹਨਾਂ
ਵਿਆਹ ਨੂੰ ਤਾਂ ਚਾਰ ਸਾਲ ਹੋਣ ਲੱਗੇ ਸੀ। ਕਦੇ ਕੋਈ ਉੱਚੀ-ਨੀਵੀਂ ਗੱਲ ਨਹੀਂ ਸੀ ਸੁਣ
ਕਿਸੇ। ਫਿਰ ਕਦੇ-ਕਦੇ ਸੋਹਣ ਸਿੰਘ ਖ਼ੁਦ ਹੀ ਸੋਚਣ ਲੱਗ ਜਾਂਦਾ, "ਯਾਰ ਜ਼ਿੰਦਗੀ ਨਿਆਣਿਆ
ਕੱਟਣੀ। ਪਸੰਦ ਤਾਂ ਉਹਨਾਂ ਦੀ। ਸਾਡਾ ਵਿਚ ਕੀ ਏ?" ਦਿਲ ਤਾਂ ਉਸਦਾ ਇਸ ਗੱਲ
ਸ਼ਾਹਦੀ ਭਰਦਾ। ਪਰ ਦਿਮਾਗ਼ ਵਿਚ ਕੁਝ ਹੋਰ ਚੱਲਦਾ। ਉਸਨੂੰ ਖ਼ੁਦ ਨੂੰ ਵੀ ਸਮਝ ਨਾ ਆਉਂਦ
ਕਿ ਉਹ ਦੋ ਤਰ੍ਹਾਂ ਨਾਲ ਕਿਉਂ ਸੋਚਦਾ ਸੀ। ਜਿਵੇਂ ਹੁਣ ਉਹ ਸੋਚ ਰਿਹਾ ਸੀ, ਰਿੱਕੀ ਦੇ ਵਿਆ
ਨੂੰ ਲੈ ਕੇ। ਜੇਕਰ ਨਹੀਂ ਸੀ ਪਸੰਦ ਰਿੱਕੀ ਨੂੰ ਉਹਨਾਂ ਦੇ ਪਿੰਡ ਵਾਲਾ ਹਲਵਾਈ ਤਾਂ ਕੀ ਬੁਰਾ ਸ
ਇਹਦੇ ਵਿਚ। ਇਕ ਪਲ ਲਈ ਉਹ ਸੋਚਦਾ ਸੀ, "ਹੁਣ ਉਹ ਪੁਰਾਣੀਆਂ ਗੱਲਾਂ ਕਿੱਥੇ ਰਹੀਆਂ
ਲੋਕ ਪੁਣ-ਪੁਣ ਤਾਂ ਪਾਣੀ ਪੀਂਦੇ। ਚੀਜ਼ ਤਾਂ ਚੱਜਦੀ ਹੀ ਪਾਵੇ ਬੰਦਾ ਖਾਣ ਨੂੰ। ਸ਼ਹਿਰੀ ਮਾਹੌ
ਨਾਲ ਈ ਕਰਨਾ ਪੈਣਾ ਸਭ।" ਪਰ ਦੂਜੇ ਹੀ ਪਲ ਉਸਨੂੰ ਲੱਗਦਾ, ਉਸਦਾ ਭਰਾ ਰੇਸ਼ਮ ਸਿਹੁੰ ਕ
ਸੋਚੇਗਾ? ਬਚਨੇ ਨੂੰ ਕਿਹੜੇ ਮੂੰਹ ਨਾਲ ਜਵਾਬ ਦੇਵੇਗਾ ਉਹ? ਉਹਨੇ ਤਾਂ ਰੇਸ਼ਮ ਸਿਹੁੰ ਵੱਲ ਸੱਦ
ਬਚਨੇ ਨੂੰ ਖ਼ੁਦ ਵਿਆਹ ਦੀ ਤਰੀਕ ਨੋਟ ਕਰਵਾਈ ਸੀ। ਸੌਦਾ-ਸੂਦ ਲਿਖਵਾਇਆ ਸੀ। ਉ
ਸੋਚਦਾ ਕੀ ਮਾੜਾ ਸੀ ਹਾਲੀਵੁੱਡ ਪੈਲੇਸ 'ਚ। ਖੁਲ੍ਹਾ-ਡੁੱਲ੍ਹਾ ਪੈਲੇਸ। ਉਂਝ ਵੀ ਘਰੋਂ ਬਹੁਤਾ ਦੂ
ਤਾਂ ਨਹੀਂ ਸੀ। ਸਾਈ ਦੇ ਪੈਸੇ ਤਾਂ ਪੈ ਗਏ ਨਾ ਖੂਹ 'ਚ। ਉਹ ਮਨ ਵਿਚ ਘਰ ਤੋਂ ਪੈਲੇਸ ਦ
ਦੂਰੀ ਮਾਪਦਾ ਤਾਂ ਲੱਗਦਾ ਹੁਣ ਤਾਂ ਪਤਾ ਨਹੀਂ ਕਿੰਨੀ ਦੂਰ...। ਸੋਹਣ ਸਿੰਘ ਨੂੰ ਆਪਣਾ ਬਾ
ਚੇਤੇ ਆਇਆ। ਉਹਨਾਂ ਦੇ ਪਿੰਡਾਂ ਨੇੜੇ ਦੋ ਤਿੰਨ ਪੈਲੇਸ ਬਣ ਚੁੱਕੇ ਸਨ। ਜਿਸਦੀ ਜ਼ਰਾ ਜਿੰ
ਪਹੁੰਚ ਪੈਂਦੀ, ਉਹ ਵਿਆਹ ਕਰਨ ਲਈ ਪੈਲੇਸ ਵੱਲ ਨੂੰ ਭੱਜ ਤੁਰਦਾ। ਰੇਸ਼ਮ ਸਿਹੁੰ ਦੇ ਛੋਟੇ ਮੁੰ



ਦਾ ਵਿਆਹ ਵੀ ਤਾਂ ਪੈਲੇਸ ਵਿਚ ਹੋਇਆ ਸੀ। ਉਦੋਂ ਉਹਨਾਂ ਦਾ ਬਾਪ ਜਿਊਂਦਾ ਸੀ ਅਜੇ। ਉਹਨੇ ਬੜਾ ਸਮਝਾਇਆ ਸੀ ਰੇਸ਼ਮ ਸਿਹੁੰ ਨੂੰ- "ਰੇਸ਼ਮ ਸਿਆਂ! ਕਨਾਲ ਥਾਂ ਬੂਹੇ ਅੱਗੇ ਵਿਹਲੀ ਪਈ, ਉਹਦੇ 'ਚ ਲਾ ਲਓ ਚਾਨਣੀਆਂ-ਕਨਾਤਾਂ। ਪੈਸੇ ਜ਼ਰੂਰ ਪੁੱਟਣੇ ਵਾਧੂ ਦੇ?" ਪਰ ਰੇਸ਼ਮ ਸਿਹੁੰ ਕਿੱਥੇ ਮੰਨਦਾ ਇਸ ਗੱਲ ਨੂੰ।

"ਬਾਪੂ ਇਹ ਤਾਂ ਫੈਸ਼ਨ ਈ ਹੋ ਗਿਆ। ਨਾਲੇ ਕਿਹੜਾ ਖਪਦਾ ਫਿਰੇ। ਟੈਂਟ ਵਾਲਿਆਂ ਦੇ ਚਮਚੇ ਪਲੇਟਾਂ ਗਿਣੇ। ਘਰੇ ਖਿਲਾਰਾ ਵਾਧੂ ਦਾ। ਹੁਣ ਅਗਲਾ ਪੈਲੇਸ 'ਚੋਂ ਖਾ ਪੀ ਕੇ ਘਰ ਨੂੰ ਮੁੜ ਜਾਂਦਾ।" ਰੇਸ਼ਮ ਸਿਹੁੰ ਵੀ ਤਾਂ ਜ਼ਮਾਨੇ ਵਾਂਗ ਹੀ ਸੋਚਦਾ ਸੀ ਜਿੱਥੇ ਰਿਸ਼ਤੇਦਾਰਾਂ ਦਾ ਘਰ ਆਉਣਾ ਵੀ ਖਿਲਾਰਾ ਮੰਨਿਆ ਜਾਣ ਲੱਗਾ ਸੀ। ਉਹ ਸੋਚਦਾ, ਬਾਪੂ ਜਿਊਂਦਾ ਹੁੰਦਾ ਤਾਂ ਉਹਨੇ ਕਹਿਣਾ ਸੀ, "ਸੋਹਣ ਸਿਆਂ! ਮੱਤ ਤਾਂ ਨਹੀਂ ਮਾਰੀ ਗਈ ਤੁਹਾਡੀ ਸਾਰੇ ਟੱਬਰ ਦੀ। ਇੰਨੀ ਦੂਰ ਜਾ ਕੇ...।" ਪਰ ਹੁਣ ਵੀ ਤਾਂ ਬਾਪੂ ਹੀ ਬੋਲ ਰਿਹਾ ਸੀ ਉਸਦੇ ਅੰਦਰੋਂ। ਕੁਰਸੀ 'ਤੇ ਬੈਠਾ ਉਹ ਹੋਰ ਪਿੱਛੇ ਨੂੰ ਝੁਕ ਗਿਆ ਤੇ ਉਹੀ ਪੁਰਾਣੇ ਵੇਲ਼ੇ ਯਾਦ ਕਰਨ ਲੱਗਾ। ਰੇਸ਼ਮ, ਉਸਦੀਆਂ ਦੋਵੇਂ ਭੈਣਾਂ ਪਾਲੀ ਤੇ ਜੰਗੀਰੋ ਤੇ ਚਾਚੇ ਤਾਇਆਂ ਦੇ ਘਰਾਂ 'ਚ ਕਿੰਨੀ ਵਾਰੀ ਉਹਨੇ ਹੱਥੀਂ ਟੈਂਟ ਲਗਾਇਆ ਸੀ। ਪੰਚਾਇਤੀ ਭਾਂਡਿਆਂ ਦੀ ਗਿਣਤੀ ਕੀਤੀ ਸੀ। ਪਿੰਡ ਵਿਚੋਂ ਮੰਜੇ ਬਿਸਤਰੇ ਇਕੱਠੇ ਕੀਤੇ ਸਨ। ਪਰ ਹੁਣ ਉਹ ਯੁਗ ਸੀ ਜਦੋਂ ਕੋਈ ਕਿਸੇ ਦੇ ਘਰੇ ਰਾਤ ਨਹੀਂ ਸੀ ਕੱਟਦਾ। ਹੁਣ ਉਹ ਯੁਗ ਸੀ, ਜਦੋਂ ਸਾਕ ਲੱਭਣ ਲਈ ਵਿਚੋਲਿਆਂ ਦੀ ਲੋੜ ਵੀ ਮੁਕਦੀ ਜਾਂਦੀ ਸੀ।... ਤੇ ਉਹ ਉਸ ਯੁਗ ਵਿਚ ਜੀਅ ਰਿਹਾ ਸੀ ਜਦੋਂ ਉਸਨੇ ਆਪਣੇ ਪੁੱਤ ਰਿੱਕੀ ਦੇ ਮੂੰਹੋਂ ਪਹਿਲੀ ਵਾਰ 'ਡੈਸਟੀਨੇਸ਼ਨ ਵੈਡਿੰਗ' ਸ਼ਬਦ ਸੁਣਿਆ। ਪਹਿਲੀ ਵਾਰ ਉਸਨੇ ਕੋਈ ਵੈਡਿੰਗ ਪਲਾਨਰ ਦੇਖਿਆ ਸੀ, ਜਿਸ ਨੇ ਸਾਰੇ ਕੁਝ ਦੀ ਜ਼ਿੰਮੇਵਾਰੀ ਚੁੱਕ ਲਈ ਸੀ। ਸਾਰੀ ਉਮਰ ਸਰਕਾਰੀ ਮਹਿਕਮੇ ਵਿਚ ਕਲਰਕੀ ਕਰਨ ਵਾਲਾ ਸੋਹਣ ਸਿੰਘ ਭੰਵੱਤਰਿਆ ਫਿਰਦਾ ਸੀ, ਵੀਰੇਂਦਰ ਜੋਸ਼ੀ ਦੇ ਮੂੰਹੋਂ ਵਿਆਹ ਦਾ ਬਜਟ ਸੁਣ ਕੇ। ਸਾਰੇ ਕੁਝ ਤੋਂ ਵੀ ਵੱਧ ਪ੍ਰੇਸ਼ਾਨ ਉਸਨੂੰ ਖ਼ੁਦ ਦਾ ਸਭ ਕੁਝ ਵਿਚੋਂ ਮਨਫ਼ੀ ਹੋ ਜਾਣਾ ਕਰ ਰਿਹਾ ਸੀ। ਕੋਈ ਜ਼ਿੰਮੇਵਾਰੀ ਹੀ ਨਹੀਂ ਸੀ ਬਚੀ ਉਸਦੇ ਸਿਰ। ਪ੍ਰੇਸ਼ਾਨ ਕਰ ਰਿਹਾ ਸੀ ਉਸਨੂੰ ਰਿੱਕੀ ਦਾ ਮਨ ਮਰਜ਼ੀ ਕਰਨਾ। ਉਸਦੀ ਪਸੰਦ ਦੀ ਹਰ ਚੀਜ਼ ਨੂੰ 'ਆਊਟ ਡੇਟਡ' ਕਹਿ ਦੇਣਾ। ਇਸੇ ਲਈ ਤਾਂ ਚੱਲ ਰਿਹਾ ਸੀ ਇਕ ਯੁੱਧ ਉਸਦੇ ਅੰਦਰ। ਉਹ ਇਕੱਲਾ ਇਸ ਅਖਾੜੇ ਵਿਚ। ਸਵੇਰ ਤੋਂ ਸ਼ਾਮ ਹੋ ਚੱਲੀ ਸੀ ਸੋਚਦਿਆਂ। ਪਰ ਕੋਈ ਤੰਦ ਹੱਥ ਨਹੀਂ ਸੀ ਆਈ ਉਸਦੇ। ਉਹ ਸੋਚਦਾ ਉਸ ਅਖਾੜੇ ਵਿਚ ਇਕੱਲਿਆਂ ਰਹਿ ਕੇ ਉਹ ਜੇਤੂ ਕੇ ਹੋ ਮੁੜਦਾ ਸੀ। ਪਰ ਇਸ ਅਖਾੜੇ ਵਿਚ ਇੱਕਲਿਆਂ ਹੋਣਾ ਉਸਦੀ ਜਿੱਤ ਦਾ ਨਿਸ਼ਾਨ ਨਹੀਂ ਸੀ।

ਸੋਹਣ ਸਿੰਘ ਨੇ ਘੜੀ ਵੱਲ ਨਜ਼ਰ ਮਾਰੀ। ਛੁੱਟੀ ਦਾ ਟਾਈਮ ਹੋਣ ਵਾਲਾ ਸੀ। ਮਨ ਹੀ ਮਨ ਉਹ ਕੁਝ ਸੋਚ ਗਿਆ। ਉਸਨੇ ਖਾਲੀ ਕਾਗ਼ਜ਼ ਕੱਢਿਆ। ਦੋ ਦਿਨ ਦੀ ਛੁੱਟੀ ਲਿਖ ਦਿੱਤੀ। 000

*(ਅਦਬਨਿਵਾਜ਼ ਹਾਊਸ, ਗਲ਼ੀ ਨੰਬਰ 8,*

*ਨੇੜੇ ਸ਼ਹੀਦ ਭਗਤ ਸਿੰਘ ਸਕੂਲ, ਪੱਟੀ, ਜ਼ਿਲ੍ਹਾ ਤਰਨਤਾਰਨ- 143 416*

*Email: dhaliwalsimran77@gmail.com)*

## ਪੱਲਾ: ਕਹਾਣੀ: ਅਵਤਾਰ ਸਿੰਘ ਓਠੀ

ਜੋਤੀ ਦੇ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਨੇ। ਘਰ ਨੂੰ ਲੜੀਆਂ ਵਾਲੀਆਂ ਲਾਈਟਾਂ ਅਤੇ ਫੁੱਲਾਂ ਨਾਲ ਸਜਾਇਆ ਗਿਆ ਏ। ਜੋਤੀ ਨੂੰ ਕੱਲ੍ਹ ਸਵੇਰੇ ਵਟਣਾ ਲੱਗਿਆ ਸੀ। ਵਟਣੇ ਲਾਉਣ ਦੀ ਤੇ ਹੁਣ ਇਕ ਰਸਮ ਹੀ ਰਹਿ ਗਈ ਆ, ਬਾਕੀ ਸਭ ਕੁਝ ਤਾਂ ਬਿਊਟੀ ਪਾਰਲਰ ਵਿਚ ਹੀ ਹੁੰਦਾ ਏ।

ਰਾਤੀਂ ਲੇਡੀ ਸੰਗੀਤ ਵਿਚ ਜੋਤੀ ਦੇ ਨਾਨਕਿਆਂ ਨੇ ਤਾਂ ਕਮਾਲ ਹੀ ਕਰ ਛੱਡੀ ਸੀ। ਜੋਤੀ ਦੀ ਮਾਮੀ ਨੇ ਸਿਰ 'ਤੇ ਜਾਗੋ ਰੱਖ ਕੇ ਮੁਹੱਲੇ ਵਿਚ ਜਾਗੋ ਕੱਢੀ ਅਤੇ ਮਾਸੀ ਨੇ ਛੱਜ ਖੜਕਾ-ਖੜਕਾ ਤੋੜ ਦਿੱਤਾ ਸੀ। ਮਾਮੀਆਂ-ਮਾਸੀਆਂ ਸਭ ਦੋਹਰੀਆਂ ਹੋ ਹੋ ਨੱਚੀਆਂ ਸਨ। ਨਾਨਕਾ ਮੇਲ ਡੀ.ਜੇ. 'ਤੇ ਅੱਧੀ ਰਾਤ ਤਕ ਨੱਚਦਾ ਰਿਹਾ ਸੀ।

ਜੋਤੀ ਦਾ ਵਿਆਹ ਸ਼ਹਿਰ ਦੇ ਮਸ਼ਹੂਰ ਰਾਇਲ ਮੈਰੇਜ ਪੈਲੇਸ ਵਿਚ ਆ। ਤੈਅ ਪ੍ਰੋਗਰਾਮ ਤੋਂ ਹਟ ਕੇ ਜੋਤੀ ਨੇ ਮੈਨੂੰ ਦੱਸੇ ਬਿਨਾਂ ਮੈਰਿਜ ਪੈਲੇਸ ਵਿਚ ਜਾਣ ਤੋਂ ਪਹਿਲਾਂ ਆਨੰਦ ਕਾਰਜ ਕਰਨ ਲਈ ਗੁਰਦੁਆਰਾ ਡੇਰਾ ਸਹਿਬ ਵਿਖੇ ਸਵੇਰੇ ਅੱਠ ਵਜੇ ਦੀ ਬੁਕਿੰਗ ਕਰਵਾਈ ਆ।

ਮਾਂ ਨੂੰ ਧੀ ਦੇ ਵਿਆਹ ਦੀ ਚਿੰਤਾ ਤਾਂ ਵੈਸੇ ਹੀ ਹੁੰਦੀ ਆ ਤੇ ਜਿਉਂ ਜਿਉਂ ਜੋਤੀ ਦੀ ਜੰਞ ਢੁੱਕਣ ਦਾ ਸਮਾਂ ਨੇੜੇ ਆ ਰਿਹਾ ਆ, ਮੇਰੀ ਚਿੰਤਾ ਵਧਦੀ ਜਾ ਰਹੀ ਆ। ਆਨੰਦ ਕਾਰਜ ਗੁਰਦੁਆਰਾ ਡੇਰਾ ਸਾਹਿਬ 'ਚ ਹੋਣ ਕਰਕੇ ਮੇਰੀ ਇਹ ਚਿੰਤਾ ਹੋਰ ਵਧ ਗਈ ਆ।

ਆਨੰਦ ਕਾਰਜ ਦਾ ਸ਼ਬਦ ਮੈਨੂੰ ਐਸੀ ਘੁੰਮਣ ਘੇਰੀ ਵਿਚ ਪਾ ਗਿਆ ਕਿ ਮੈਂ ਇਸ ਦਾ ਕਿਨਾਰਾ ਲੱਭਦੀ ਆਪਣੇ ਆਪ ਨੂੰ ਐਸੀ ਹਨੇਰ ਗੁਫ਼ਾ ਵਿਚ ਲੈ ਵੜਗੀ ਹਾਂ ਜਿਸ ਦਾ ਮੈਨੂੰ ਕੋਈ ਕਿਨਾਰਾ ਨਹੀਂ ਦਿਸਦਾ ਆ।

ਮੈਂ ਚਾਹੁੰਦੀ ਸੀ, ਜੋਤੀ ਨੂੰ ਆਪਣੇ ਅਤੇ ਮਕਾਰ ਮਹੰਤ ਹਰਦਾਸ ਦੇ ਬਾਰੇ ਸਭ ਕੁਝ ਉਸਦੇ ਵਿਆਹ ਤੋਂ ਪਹਿਲਾਂ ਦੱਸ ਦਿਆਂ।

ਮੈਂ ਬਹੁਤ ਵਾਰੀ ਪਹਿਲਾਂ ਵੀ ਹਿੰਮਤ ਇਕੱਠੀ ਕਰਦੀ ਸੀ ਕਿ ਜੋਤੀ ਨਾਲ ਆਪਣੇ ਦਿਲ ਅੰਦਰ ਸਾਂਭੇ ਦਰਦ ਨੂੰ ਸਾਂਝਾ ਕਰਾਂ ਪਰ ਹਿੰਮਤ ਨਹੀਂ ਪੈਂਦੀ ਸੀ।

ਮੈਂ ਹਿੰਮਤ ਉਸ ਦਿਨ ਵੀ ਕੀਤੀ ਸੀ, ਜਿਸ ਦਿਨ ਜੋਤੀ ਨੈਨੀਤਾਲ ਤੋਂ ਆਪਣੀ ਕਾਲਿਜ ਦੀ ਪੜ੍ਹਾਈ ਪੂਰੀ ਕਰ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐੱਮ.ਏ. ਹਿਸਟਰੀ ਵਿਚ ਦਾਖਲ ਹੋ ਕੇ ਚੰਡੀਗੜ੍ਹ ਤੋਂ ਜਗਦੀਪ ਨੂੰ ਨਾਲ ਲੈ ਕੇ ਘਰੇ ਆਈ ਸੀ।

ਮੈਂ ਜੋਤੀ ਤੇ ਜਗਦੀਪ ਨੂੰ ਕਲਾਵੇ ਵਿਚ ਲਿਆ ਅਤੇ ਪਿਆਰ ਦਿੱਤਾ ਸੀ।

ਮੈਂ ਗੋਰਖੇ ਨੂੰ ਜੋਤੀ ਤੇ ਜਗਦੀਪ ਨੂੰ ਪਾਣੀ ਪਿਆ ਕੇ ਚਾਹ ਬਣਾਉਣ ਲਈ ਕਹਿ ਦਿੱਤਾ, ਆਪ ਉਹਨਾਂ ਦੇ ਕੋਲ ਬੈਠ ਗਈ ਸੀ। ਜੋਤੀ ਨੂੰ ਅਸੀਸ ਦਿੱਤੀ ਸੀ।

ਜੋਤੀ ਨੇ ਮੈਨੂੰ ਬੜੇ ਪਿਆਰ ਨਾਲ ਜੱਫ਼ੀ ਪਾਈ ਤੇ ਬੋਲੀ, "ਮੰਮੀ ਮੈਂ ਆਪਣੇ ਬੁਆਏ ਫਰੈਂਡ ਜਗਦੀਪ ਬਾਰੇ ਤੁਹਾਡੇ ਨਾਲ ਪਹਿਲਾਂ ਗੱਲ ਕਰਦੀ ਰਹੀ ਹਾਂ। ਜਗਦੀਪ ਅੱਜ ਬੜੇ ਜ਼ਰੂਰੀ ਕੰਮ ਲਈ ਤੁਹਾਡੇ ਨਾਲ ਗੱਲ ਕਰਨ ਆਏ ਨੇ।"

"ਜੀਅ ਸਦਕੇ ਧੀਏ।" ਮੈਂ ਜੋਤੀ ਦੀ ਗੱਲ ਦਾ ਜੁਆਬ ਦਿੱਤਾ ਸੀ।ਹਾਲਾਂਕਿ ਮੈਂ ਜੋਤੀ ਦੇ ਦੱਸਣ ਤੋਂ ਪਹਿਲਾਂ ਜਗਦੀਪ ਬਾਰੇ ਸਭ ਸਮਝ ਗਈ ਸੀ।

"ਮੰਮੀ ਅਸੀਂ ਵਿਆਹ ਕਰਵਾਉਣ ਦਾ ਫੈਸਲਾ ਕਰ ਲਿਆ।" ਜੋਤੀ ਨੇ ਬਿਨਾਂ ਕਿਸੇ ਝਿਜਕ



ਦੇ ਆਪਣੀ ਗੱਲ ਕਹੀ ਸੀ।

ਜੋਤੀ ਦੀ ਗੱਲ ਸੁਣ ਕੇ ਮੈਨੂੰ ਆਪਣਾ ਆਪ ਬੌਣਾ ਲੱਗਣ ਲੱਗਿਆ ਸੀ। ਮੇਰੇ 'ਚ ਏਨੀ ਹਿੰਮਤ ਕਿਉਂ ਨਹੀਂ ਪੈਦਾ ਹੋਈ ਸੀ।

ਮੈਂ ਕੁਝ ਪਲਾਂ ਲਈ ਹੈਰਾਨੀ ਨਾਲ ਜੋਤੀ ਵੱਲ ਤੱਕਦੀ ਰਹੀ ਸਾਂ!

ਮੈਂ, ਜੋਤੀ ਦੀ ਹਿੰਮਤ 'ਤੇ ਹੈਰਾਨ ਸੀ! ਮੈਂ ਉਸ ਨੂੰ ਆਪਣੀ ਹਿੱਕ ਨਾਲ ਲਾਇਆ ਤੇ ਉਸਦਾ ਮੱਥਾ ਚੁੰਮਿਆ ਸੀ।

"ਜੁਗ ਜੁਗ ਜੀਵੇ ਮੇਰੀ ਧੀ ਦੀ ਜੋੜੀ, ਵਾਹਿਗੁਰੂ ਖੁਸ਼ੀਆਂ ਦੇਵੇ।" ਮੈਂ ਜੋਤੀ ਨੂੰ ਅਸੀਸ ਦਿੱਤੀ ਸੀ।

"ਮੰਮੀ, ਜਗਦੀਪ ਦੀ ਟ੍ਰੇਨਿੰਗ ਦਸੰਬਰ ਵਿਚ ਪੂਰੀ ਹੋ ਜਾਣੀ ਆ, ਤੇ ਫਰਵਰੀ ਵਿਚ ਅਸੀਂ ਵਿਆਹ ਕਰਵਾਵਾਂਗੇ।" ਜੋਤੀ ਨੇ ਆਪਣੀ ਗੱਲ ਕਹੀ ਸੀ।

"ਬਹੁਤ ਚੰਗਾ ਫਰਵਰੀ ਵਿਚ ਦਿਨ ਵੀ ਖੁੱਲ੍ਹ ਜਾਂਦੇ ਆ।" ਮੈਂ ਜੋਤੀ ਦੀ ਹਾਂ ਵਿਚ ਹਾਂ ਮਿਲਾਈ ਸੀ।

ਮੈਂ ਜਗਦੀਪ ਨਾਲ ਗੱਲ ਕਰਨ ਲਈ ਉਸ ਤੋਂ ਉਸਦੇ ਪਰਿਵਾਰ ਬਾਰੇ ਪੁੱਛਿਆ, "ਬੇਟਾ ਤੁਸੀਂ ਕਿੰਨੇ ਭੈਣ ਭਾਈ ਹੋ, ਤੇਰੇ ਮੰਮੀ ਡੈਡੀ ਕੀ ਕਰਦੇ ਆ। ਬੇਟੇ ਤੂੰ ਆਪਣੇ ਘਰੇ ਜੋਤੀ ਬਾਰੇ ਦੱਸਿਆ ਸਭ ਕੁਝ।"

ਹਾਲਾਂਕਿ ਜੋਤੀ ਨੇ ਮੈਨੂੰ ਜਗਦੀਪ ਅਤੇ ਉਸਦੇ ਪਰਿਵਾਰ ਸੰਬੰਧੀ ਸਭ ਪਹਿਲਾਂ ਦੱਸ ਦਿੱਤਾ ਹੋਇਆ ਸੀ। ਜਗਦੀਪ ਆਈ.ਏ.ਐੱਸ. ਦੀ ਦੇਹਰਾਦੂਨ ਟ੍ਰੇਨਿੰਗ ਕਰ ਰਿਹਾ ਏ।

"ਹਾਂ, ਆਂਟੀ ਮੇਰੇ ਮੰਮੀ ਪਾਪਾ ਤੁਹਾਡੇ ਨਾਲ ਗੱਲ ਕਰਨ ਆਉਣਗੇ।" ਜਗਦੀਪ ਨੇ ਜੁਆਬ ਦਿੱਤਾ ਸੀ।

ਦਿਨ ਢਲਣ ਤੋਂ ਪਹਿਲਾਂ ਜਗਦੀਪ ਵਾਪਸ ਚਲੇ ਗਿਆ।

ਜੋਤੀ ਆਪਣੀਆਂ ਗੱਲਾਂ ਕਰ ਕੇ ਆਪਣੇ ਕਮਰੇ ਵਿਚ ਚਲੀ ਗਈ ਸੀ।

ਮੈਂ ਜੋਤੀ ਨਾਲ ਕਦੀ ਵੀ ਖੁਲ੍ਹ ਕੇ ਗੱਲ ਨਹੀਂ ਕਰ ਸਕੀ।

ਮੈਨੂੰ ਆਪਣੇ ਆਪ ਤੋਂ ਨਫ਼ਰਤ ਹੋ ਰਹੀ ਸੀ। ਮੈਂ ਜੋਤੀ ਨੂੰ ਉਸਦੇ ਅਸਲੀ ਬਾਪ ਦਾ ਨਾਂ ਵੀ ਨਹੀਂ ਸੀ ਦੱਸ ਸਕੀ।

ਮੈਂ ਵੱਡੀ ਪਾਪਣ ਹਾਂ, ਮੈਨੂੰ ਵਾਹਿਗੁਰੂ ਕਦੀ ਮੁਆਫ ਨਹੀਂ ਕਰੇਗਾ।

ਸੰਗਤ ਦੀਆਂ ਨਜ਼ਰਾਂ 'ਚ ਤਾਂ ਮਹੰਤ ਹਰਦਾਸ ਜਤੀ ਸਤੀ ਬ੍ਰਹਮਚਾਰੀ ਬਾਬਾ ਆ, ਮੇਰੀ ਕਹੀ ਗੱਲ 'ਤੇ ਕੌਣ ਵਿਸ਼ਵਾਸ ਕਰੇਗਾ?

ਨਹੀਂ, ਹੁਣ ਤਾਂ ਕਹਿੰਦੇ ਨੇ ਕੋਈ ਡੀ.ਐੱਨ.ਏ. ਦਾ ਟੈੱਸਟ ਹੁੰਦਾ ਆ, ਬੰਦਾ ਆਪਣੇ ਕੀਤੇ ਤੋਂ ਮੁੱਕਰ ਨਹੀਂ ਸਕਦਾ ਏ।

ਕਦੀ ਤਾਂ ਮਹੰਤ ਹਰਦਾਸ ਪਾਪੀ ਨੂੰ ਉਸਦੇ ਕੀਤੇ ਦੀ ਸਜ਼ਾ ਮਿਲੇਗੀ। ਰੱਬ, ਉਸਨੂੰ ਵੀ ਮਾਫ ਨਹੀਂ ਕਰੇਗਾ।

ਵਾਹਿਗੁਰੂ ਵਾਹਿਗੁਰੂ ਮੈਂ ਕੀ ਸੋਚ ਰਹੀ ਹਾਂ। ਇਹਨਾਂ ਸੋਚਾਂ ਵਿਚ ਪਈ, ਮੈਂ ਆਪਣੇ ਬੀਤੇ 'ਚ ਗੁਆਚ ਗਈ ਸੀ।

ਮੈਂ ਬਾਰ੍ਹਵੀਂ ਜਮਾਤ ਦੇ ਪੇਪਰ ਦਿੱਤੇ ਹੀ ਸਨ ਕਿ ਮੇਰੀ ਮਾਂ ਮੈਨੂੰ ਡੇਰੇ ਸੇਵਾ ਕਰਨ ਲਈ ਛੱਡ ਆਈ। ਡੇਰੇ ਦੇ ਅੰਦਰ ਜ਼ਨਾਨੀਆਂ ਨਹੀਂ ਰਹਿ ਸਕਦੀਆਂ ਸਨ, ਇਸ ਲਈ ਵੱਡੇ ਮਹਾਰਾਜ ਦੀ ਮਾਤਾ ਜੀ ਦੀ ਰਿਹਾਇਸ਼ ਡੇਰੇ ਦੇ ਬਾਹਰ ਨਾਲ ਲੱਗਦੀ ਸੀ। ਵੱਡੇ ਮਹਾਰਾਜ ਦੀ ਮਾਤਾ ਜੀ ਬਹੁਤ ਬਿਰਧ ਸਨ। ਸਾਰਾ ਡੇਰਾ ਮਾਤਾ ਜੀ ਨੂੰ ਰਾਜ ਮਾਤਾ ਜੀ ਦੇ ਨਾਂ ਨਾਲ ਸੰਬੋਧਨ ਕਰਦਾ ਸੀ। ਰਾਜ

ਮਾਤਾ ਦੀ ਦੇਖਭਾਲ ਲਈ ਨਰਸ ਰੱਖੀ ਹੋਈ ਸੀ। ਮੈਨੂੰ ਵੀ ਰਾਜ ਮਾਤਾ ਦੀ ਸੇਵਾ ਲਈ ਉਹਨਾਂ ਦੀ ਰਹਾਇਸ਼ ਵਿਚ ਰਾਤ ਨੂੰ ਸੇਵਾ ਕਰਨ ਲਈ ਲਾ ਦਿੱਤਾ ਸੀ। ਨਰਸ ਰਾਜ ਮਾਤਾ ਜੀ ਦੀ ਦਿਨੇ ਦੇਖ ਭਾਲ ਕਰਦੀ ਅਤੇ ਰਾਤ ਨੂੰ ਦਵਾਈ ਵਗੈਰਾ ਕਿਵੇਂ ਦੇਣੀ ਹੈ, ਬਾਰੇ ਮੈਨੂੰ ਦੱਸ ਕੇ ਚਲੀ ਜਾਂਦੀ ਸੀ। ਰਾਜ ਮਾਤਾ ਜੀ ਦੀ ਰਾਤ ਨੂੰ ਦੇਖ ਭਾਲ ਮੈਂ ਕਰਦੀ ਸੀ ਅਤੇ ਸੌਣ ਲਈ ਰਾਜ ਮਾਤਾ ਜੀ ਦੇ ਨਾਲ ਦੇ ਕਮਰੇ ਵਿਚ ਪੈਂਦੀ ਸੀ। ਹਰ ਰੋਜ਼ ਵੱਡੇ ਮਹਾਰਾਜ ਸ਼ਾਮੀਂ ਰਾਜ ਮਾਤਾ ਨੂੰ ਦੇਖਣ ਲਈ ਆਉਂਦੇ ਸਨ, ਉਹਨਾਂ ਦੇ ਨਾਲ ਉਹਨਾਂ ਦਾ ਭਤੀਜਾ ਹਰਦਾਸ ਵੀ ਆਉਂਦਾ ਸੀ।

ਵੱਡੇ ਮਹਾਰਾਜ ਕੁਝ ਦਿਨਾਂ ਲਈ ਬਾਹਰ ਦੌਰੇ 'ਤੇ ਚਲੇ ਗਏ ਸਨ। ਉਹਨਾਂ ਦੇ ਜਾਣ ਤੋਂ ਬਾਅਦ ਹਰਦਾਸ ਇਕੱਲਾ ਰਾਜ ਮਾਤਾ ਦਾ ਹਾਲ ਪੁੱਛਣ ਆਉਂਦਾ ਸੀ। ਹਰਦਾਸ ਮੇਰੇ ਤੋਂ ਦੋ ਤਿੰਨ ਸਾਲ ਵੱਡਾ ਸੀ। ਰੰਗ ਗੋਰਾ, ਅੱਖਾਂ ਮੋਟੀਆਂ, ਦਾਹੜੀ ਮੁੱਛਾਂ ਅਜੇ ਫੁੱਟ ਰਹੀਆਂ ਸਨ। ਉਸ 'ਤੇ ਚੜ੍ਹਦੀ ਜਵਾਨੀ ਦਾ ਨੂਰ ਲੋਹੜੇ ਦਾ ਸੀ। ਉਸਦੇ ਚਿਹਰੇ ਦੇ ਇਸ ਪ੍ਰਤਾਪ ਨੂੰ ਦੇਖ ਕੇ ਕੋਈ ਵੀ ਕੁੜੀ ਉਸ 'ਤੇ ਆਪਣਾ ਆਪ ਲੁਟਾਉਣ ਤੋਂ ਬਚ ਨਹੀਂ ਸਕਦੀ ਸੀ। ਮੇਰੇ 'ਤੇ ਵੀ ਜਵਾਨੀ ਚੜ੍ਹ ਰਹੀ ਸੀ। ਉਹ ਮੇਰੀ ਵੱਲ ਚੋਰੀ ਚੋਰੀ ਅੱਖਾਂ ਨਾਲ ਦੇਖਦਾ, ਮੈਂ ਵੀ ਉਸ ਵੱਲ ਖਿੱਚੀ ਜਾ ਰਹੀ ਸੀ। ਇਕ ਦਿਨ ਮਾਤਾ ਜੀ ਨੂੰ ਦੋਵੇਂ ਇਕੱਠੇ ਮੰਜੇ ਤੋਂ ਉਠਾ ਰਹੇ ਸਾਂ ਤਾਂ ਉਸਨੇ ਰਾਜ ਮਾਤਾ ਦੀ ਪਿੱਠ ਵਾਲੇ ਪਾਸੇ ਤੋਂ ਮੇਰੇ ਹੱਥ ਵਿਚ ਰੁੱਕਾ ਫੜਾ ਦਿੱਤਾ ਸੀ।

'ਰਾਤ ਨੂੰ ਦਰਵਾਜ਼ਾ ਖੁੱਲ੍ਹਾ ਰੱਖਿਓ, ਮੈਂ ਰਾਤ ਗਿਆਰਾਂ ਵਜੇ ਆਵਾਂਗਾ', ਰੁੱਕੇ ਵਿਚ ਲਿਖਿਆ ਸੀ। ਰੁੱਕਾ ਪੜ੍ਹ ਕੇ ਮੇਰੇ ਮਨ ਵਿਚ ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਆਏ ਸਨ। ਰਾਜ ਮਾਤਾ ਜੀ ਰਾਤ ਨੂੰ ਦਸ ਵਜੇ ਦੇ ਕਰੀਬ ਸੌਂਦੇ ਸਨ।

ਮੈਂ ਅਜੇ ਆਪਣੇ ਮਨ ਵਿਚ ਸੋਚ ਹੀ ਰਹੀ ਸੀ... ਦਰਵਾਜ਼ੇ ਦੇ ਥੋੜ੍ਹਾ ਖੜਕਣ ਦੀ ਆਵਾਜ਼ ਆਈ, ਮੈਂ ਡਰਦੀ ਡਰਦੀ ਨੇ ਦਰਵਾਜ਼ਾ ਖੋਲ੍ਹਿਆ... ਸਾਹਮਣੇ ਹਰਦਾਸ ਖੜ੍ਹਾ ਸੀ। ਮੈਂ ਕੁਝ ਵੀ ਨਾ ਬੋਲ ਸਕੀ, ਉਸਨੇ ਅੰਦਰ ਆ ਕੇ ਪਹਿਲਾਂ ਰਾਜ ਮਾਤਾ ਦੇ ਕਮਰੇ ਵਿਚ ਨਿਗਾਹ ਮਾਰੀ, ਫਿਰ ਪਲੰਘ 'ਤੇ ਪੈਰ ਹੇਠਾਂ ਨੂੰ ਲਮਕਾ ਕੇ ਬੈਠ ਗਿਆ।

ਕੁਝ ਚਿਰ ਬਾਅਦ ਮੈਨੂੰ ਉਸਨੇ ਹੌਲੀ ਜਹੀ ਆਪਣੇ ਕੋਲ ਬੈਠਣ ਲਈ ਕਿਹਾ, ਮੈਂ ਮੰਜੇ ਦੀ ਹੀਂਅ 'ਤੇ ਉਸਦੇ ਕੋਲ ਬੈਠ ਗਈ। ਹਰਦਾਸ ਨੇ ਮੈਨੂੰ ਆਪਣੇ ਕਲਾਵੇ ਵਿਚ ਲੈ ਲਿਆ, ਮੈਨੂੰ ਉਸਦਾ ਇਸ ਤਰ੍ਹਾਂ ਕਰਨਾ ਚੰਗਾ ਲੱਗਿਆ ਸੀ। ਹਰਦਾਸ ਇਸ ਤਰ੍ਹਾਂ ਹਰ ਰੋਜ਼ ਆਉਣ ਲੱਗਿਆ ਸੀ।

ਉਸ ਦੇ ਹੱਥਾਂ ਦੀ ਛੋਹ ਮੈਨੂੰ ਅਜੀਬ ਆਨੰਦ ਦੇਂਦੀ ਸੀ। ਕਦੋਂ ਅਸੀਂ ਸਾਰੀਆਂ ਹੱਦਾਂ ਨੂੰ ਪਾਰ ਕਰ ਗਏ, ਸਾਨੂੰ ਪਤਾ ਹੀ ਨਹੀਂ ਲੱਗਿਆ ਸੀ।

ਮੇਰਾ ਮਹੀਨਾ ਨਾ ਆਇਆ ਤਾਂ ਦੋਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ। ਹਰਦਾਸ ਮੈਨੂੰ ਕੁਝ ਦੇਸੀ ਦਵਾਈਆਂ ਲਿਆ ਕੇ ਖਾਣ ਨੂੰ ਦੇਂਦਾ ਰਿਹਾ। ਦਵਾਈਆਂ ਦਾ ਕੋਈ ਅਸਰ ਨਾ ਹੋਇਆ ਤੇ ਮੈਨੂੰ ਤੀਸਰਾ ਮਹੀਨਾ ਸ਼ੁਰੂ ਹੋ ਗਿਆ ਸੀ।

ਮੈਂ ਹਰਦਾਸ ਨੂੰ ਰੋਜ਼ ਦੀ ਤਰ੍ਹਾਂ ਉਡੀਕਦੀ ਰਹੀ ਪਰ ਹੁਣ ਉਹ ਨਾ ਆਇਆ। ਇਸ ਤਰ੍ਹਾਂ ਤਿੰਨ ਚਾਰ ਦਿਨ ਲੰਘ ਗਏ ਅਤੇ ਮੈਂ ਚਿੰਤਾ ਵਿਚ ਡੁੱਬਣ ਲੱਗੀ ਸਾਂ।

ਪਤਾ ਲੱਗਿਆ ਕਿ ਹਰਦਾਸ ਡੇਰੇ ਵਿਚੋਂ ਗੁੰਮ ਆ। ਮੈਂ ਗ਼ਮ ਵਿਚ ਹੋਰ ਡੁੱਬ ਗਈ ਸੀ। ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਮੇਰੇ ਸਰੀਰ ਵਿਚ ਸਾਹ ਸਤ ਹੀ ਨਾ ਰਿਹਾ ਹੋਵੇ। ਮੇਰਾ ਦਿਲ ਕਰੇ ਮੈਂ ਡੇਰੇ ਦੇ ਤਲਾਬ ਵਿਚ ਡੁੱਬ ਕੇ ਆਪਣੇ ਆਪ ਨੂੰ ਖਤਮ ਕਰ ਲਵਾਂ, ਜਦੋਂ ਮੈਨੂੰ ਆਪਣੇ ਪੇਟ ਵਿਚ ਪਲ ਰਹੇ ਜੀਅ ਦਾ ਚੇਤਾ ਆਇਆ ਤਾਂ ਮੈਂ ਆਪਣੇ ਆਪ ਨੂੰ ਪਾਪਣ ਸਮਝਣ ਲੱਗੀ। ਮੈਂ ਸੌਂ ਨਾ ਸਕਦੀ ਅਤੇ ਸਾਰੀ ਰਾਤ ਰੋ-ਰੋ ਕੇ ਕੱਢਦੀ ਸੀ।



ਇਕ ਸਵੇਰੇ ਜਦੋਂ ਮੈਂ ਰਾਜ ਮਾਤਾ ਦੇ ਕਮਰੇ ਵਿਚ ਗਈ ਤਾਂ ਮੇਰੀਆਂ ਧਾਹਾਂ ਨਿਕਲ ਗਈਆਂ। ਮੈਨੂੰ ਕੁਝ ਨਹੀਂ ਸੁੱਝ ਰਿਹਾ ਸੀ। ਮੇਰੀ ਇਸ ਤਰ੍ਹਾਂ ਦੀ ਹਾਲਤ ਦੇਖ ਕੇ ਰਾਜ ਮਾਤਾ ਨੇ ਮੈਨੂੰ ਗਲ਼ ਨਾਲ ਲਾ ਲਿਆ ਸੀ।

"ਕੰਵਲਜੀਤ ਬੇਟੀ ਕੀ ਗੱਲ ਆ?"

ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਮੇਰੀਆਂ ਭੁੱਬਾਂ ਨਿਕਲ ਗਈਆਂ ਸਨ। ਮੈਂ ਰਾਜ ਮਾਤਾ ਦੇ ਗਲ਼ ਲੱਗ ਕੇ ਭੁੱਬਾਂ ਮਾਰਨ ਲੱਗੀ ਸੀ।

ਰਾਜ ਮਾਤਾ ਮੈਨੂੰ ਆਪਣੇ ਗਲ਼ ਨਾਲ ਲਾ ਕੇ, ਮੈਨੂੰ ਹੌਸਲਾ ਦੇਂਦੇ ਮੇਰੀ ਪਿੱਠ 'ਤੇ ਹੌਲੀ-ਹੌਲੀ ਹੱਥ ਫੇਰਨ ਲੱਗੇ।

ਰਾਜ ਮਾਤਾ ਦੇ ਹੱਥਾਂ 'ਚ ਅੱਜ ਪਹਿਲੀ ਵਾਰ ਮੈਨੂੰ ਆਪਣੀ ਮਾਂ ਦੇ ਹੱਥ ਮਹਿਸੂਸ ਹੋਏ ਸੀ।

ਮੈਂ ਪੂਰੀ ਦੀ ਪੂਰੀ ਫਿਸ ਪਈ ਅਤੇ ਹਰਦਾਸ ਬਾਰੇ ਸਭ ਕੁਝ ਸੱਚ ਸੱਚ ਦੱਸ ਦਿੱਤਾ।

ਰਾਜ ਮਾਤਾ ਮੇਰੀਆਂ ਗੱਲਾਂ ਸੁਣ ਕੇ ਪ੍ਰੇਸ਼ਾਨ ਹੋਏ ਅਤੇ ਮੈਨੂੰ ਆਪਣੇ ਕਲਾਵੇ ਵਿਚ ਲੈ ਕਿੰਨਾ ਚਿਰ ਮੇਰੀ ਪਿੱਠ ਅਤੇ ਮੇਰੇ ਸਿਰ 'ਤੇ ਹੱਥ ਫੇਰਦੇ ਰਹੇ। ਫਿਰ ਮੇਰਾ ਮੱਥਾ ਚੁੰਮਿਆ ਤੇ ਕਿਹਾ ਸੀ, "ਬੇਟੀ ਵਾਹਿਗੁਰੂ ਭਲੀ ਕਰੇਗਾ।"

ਰਾਜ ਮਾਤਾ ਕਿੰਨਾ ਚਿਰ ਹਰਦਾਸ ਨੂੰ ਬੁਰਾ ਭਲਾ ਕਹਿੰਦੇ ਰਹੇ ਸਨ।

ਮੈਂ ਥੋੜ੍ਹੀ ਜਿਹੀ ਸੰਭਲੀ, ਦੇਖਿਆ ਤਾਂ ਰਾਜ ਮਾਤਾ ਜੀ ਦੀ ਤਬੀਅਤ ਖਰਾਬ ਹੋ ਗਈ ਸੀ। ਮੈਂ ਛੇਤੀ ਛੇਤੀ ਆਪਣੇ ਆਪ ਨੂੰ ਸੰਭਾਲਿਆ ਤੇ ਇਕ ਸੇਵਾਦਾਰ ਦੇ ਹੱਥ ਸੁਨੇਹਾ ਘੱਲ ਵੱਡੇ ਮਹਾਰਾਜ ਜੀ ਨੂੰ ਸੱਦ ਲਿਆ।

ਵੱਡੇ ਮਹਾਰਾਜ ਨੇ ਆਉਂਦੇ ਹੀ ਰਾਜ ਮਾਤਾ ਦੇ ਪੈਰਾਂ ਦੀਆਂ ਤਲੀਆਂ ਨੂੰ ਝੱਸਣਾ ਸ਼ੁਰੂ ਕਰ ਦਿੱਤਾ। ਕੁਝ ਸਮੇਂ ਬਾਅਦ ਰਾਜ ਮਾਤਾ ਠੀਕ ਹੋ ਕੇ ਬੈਠ ਗਏ ਅਤੇ ਉਨ੍ਹਾਂ ਨੇ ਮੈਨੂੰ ਇਸ਼ਾਰਾ ਕੀਤਾ, ਮੈਂ ਆਪਣੇ ਕਮਰੇ ਵਿਚ ਚਲੇ ਗਈ ਸੀ।

ਵੱਡੇ ਮਹਾਰਾਜ ਨੂੰ ਰਾਜ ਮਾਤਾ ਜੀ ਨੇ ਮੇਰੀ ਅਤੇ ਹਰਦਾਸ ਦੀ ਸਾਰੀ ਗੱਲ ਦੱਸ ਦਿੱਤੀ ਸੀ।

ਵੱਡੇ ਮਹਾਰਾਜ ਮੇਰੇ ਕਮਰੇ ਵਿਚ ਆਏ। ਮੈਂ ਰੋ ਰਹੀ ਸੀ। ਮਹਾਰਾਜ ਨੇ ਮੇਰੇ ਸਿਰ 'ਤੇ ਹੱਥ ਰੱਖਿਆ ਤੇ ਕਿਹਾ "ਮੇਰੀ ਧੀਏ ਰੋ ਨਾ, ਵਾਹਿਗੁਰੂ ਭਲੀ ਕਰੇਗਾ।"

ਵੱਡੇ ਮਹਾਰਾਜ ਡੇਰੇ ਗਏ ਅਤੇ ਦੋ-ਤਿੰਨ ਘੰਟੇ ਬਾਅਦ ਵਾਪਸ ਆ ਗਏ। ਮੈਨੂੰ ਨਾਲ ਲੈ ਕੇ ਮੇਰੇ ਪਿੰਡ ਆ ਗਏ। ਉਹਨਾਂ ਦਾ ਸਾਡੇ ਘਰ ਆਉਣਾ ਸਾਡੇ ਪਰਿਵਾਰ ਲਈ ਬਹੁਤ ਵੱਡੀ ਗੱਲ ਸੀ। ਸਾਰਾ ਟੱਬਰ ਵੱਡੇ ਮਹਾਰਾਜ ਦੇ ਪੈਰਾਂ 'ਤੇ ਸਿਰ ਰੱਖੀ ਬੈਠਾ ਸੀ। ਥੋੜ੍ਹੀ ਦੇਰ ਬਾਅਦ ਵੱਡੇ ਮਹਾਰਾਜ ਮੇਰੀ ਦਾਦੀ ਨੂੰ ਦੂਜੇ ਕਮਰੇ ਵਿਚ ਲੈ ਗਏ। ਉਹਨਾਂ ਨੇ ਸਾਰੀ ਗੱਲ ਮੇਰੀ ਦਾਦੀ ਨੂੰ ਦੱਸੀ ਤੇ ਕਿਹਾ, "ਐਤਵਾਰ ਕੁੜੀ ਨੂੰ ਲੈ ਕੇ ਡੇਰੇ ਆ ਜਾਓ, ਮੁੰਡਾ ਮੈਂ ਦੇਖ ਲਿਆ ਆ, ਕੁੜੀ ਦੇ ਫੇਰੇ ਕਰ ਦਿਆਂਗੇ।"

ਇਸ ਘਟਨਾ ਨੇ ਮੈਨੂੰ ਮੇਰੇ ਪਰਿਵਾਰ ਵਿਚ ਬਹੁਤ ਨੀਵਾਂ ਕਰ ਦਿੱਤਾ ਸੀ। ਦਾਦੀ ਨੇ ਤਾਂ ਇੱਥੋਂ ਤਕ ਕਹਿ ਦਿੱਤਾ, "ਤੂੰ ਤਾਂ ਸਾਡਾ ਨੱਕ ਵੱਢ ਦਿੱਤਾ। ਜੰਮਦੀ ਕਿਉਂ ਨਹੀਂ ਮਰ ਗਈ ਸੀ?"

ਮੈਂ ਬਹੁਤ ਰੋਈ। ਮੇਰੀ ਕਿਸੇ ਨਾ ਸੁਣੀ ਸੀ। ਮੇਰੀ ਮਾਂ ਨੇ ਤਾਂ ਦੁਹੱਥੜਾਂ ਨਾਲ ਮੇਰਾ ਮੂੰਹ ਤੇ ਪਿੰਡਾ ਲਾਲ ਕਰ ਦਿੱਤਾ ਸੀ।

ਮਾਂ ਨੇ ਦਾਦੀ ਨੂੰ ਕਿਹਾ, "ਮੈਂ ਇਸ ਬਲੱਛਣੀ ਨੂੰ ਸ਼ਹਿਰ ਡਾਕਟਰਨੀ ਕੋਲ ਖੜ ਕੇ ਇਸ ਦੀ ਸਫ਼ਾਈ ਕਰਵਾ ਲਿਆਉਨੀ ਆਂ।"

ਦਾਦੀ ਨੇ ਮਾਂ ਨੂੰ ਝਿੜਕ ਕੇ ਬਿਠਾ ਦਿੱਤਾ, "ਪਹਿਲਾ ਜੀਅ ਆ, ਕੁੜੀ ਬਾਂਝ ਕਰਨੀ ਆ।"

ਮੈਨੂੰ ਹੁਣ ਹਰਦਾਸ ਮਕਾਰ ਦਿਖਾਈ ਦੇ ਰਿਹਾ ਸੀ, ਉਸਨੂੰ ਗੁਰੂ ਦਰਬਾਰ ਦੇ ਸਨਮੁੱਖ ਖਾਧੀ

ਕਸਮ ਦਾ ਵੀ ਚੇਤਾ ਭੁੱਲ ਗਿਆ ਆ। ਵਾਹਿਗੁਰੂ ਉਹਨੂੰ ਕਦੀ ਮੁਆਫ ਨਹੀਂ ਕਰੇਗਾ, ਮੇਰੇ ਮਨ ਵਿਚ ਪਤਾ ਨਹੀਂ ਕੀ ਕੀ ਖਿਆਲ ਆ ਰਹੇ ਸਨ। ਮਨ ਵਿਚ ਇਹ ਖਿਆਲ ਵਾਰ-ਵਾਰ ਆਉਂਦਾ ਕਿ ਜਿਓਂ ਕੇ ਕੀ ਲੈਣਾ। ਸਾਰੀ ਉਮਰ ਦੇ ਤਾਅਨਿਆ ਤੋਂ ਤੇ ਚੰਗਾ ਇਕ ਵਾਰ ਕੌੜਾ ਘੁੱਟ ਭਰ ਲਵਾਂ। ਮੈਨੂੰ ਪੇਟ 'ਚ ਪਲ਼ ਰਹੇ ਜੀਅ ਦਾ ਚੇਤਾ ਆਉਂਦਾ, ਮੈਂ ਆਪਣੇ ਆਪ ਨੂੰ ਮਾਰ ਲੈਂਦੀ, ਗੁਨਾਹ ਤੇ ਮੈਂ ਕੀਤਾ, ਉਸਦੀ ਸਜ਼ਾ ਇਹ ਜੀਅ ਕਿਉਂ ਭੁਗਤੇ, ਇਸ ਰੱਬ ਦੇ ਜੀਅ ਦਾ ਕੀ ਕਸੂਰ ਆ।

ਘਰ ਦਾ ਹਰ ਜੀਅ ਮੈਨੂੰ ਲਾਹਣਤਾਂ ਪਾਉਣ ਦੀ ਨਜ਼ਰ ਨਾਲ ਦੇਖ ਰਿਹਾ ਸੀ। ਉਹਨਾਂ ਦੀਆਂ ਨਜ਼ਰਾਂ ਵਿਚ ਮੈਂ ਬਹੁਤ ਵੱਡੀ ਗੁਨਾਹਗਾਰ ਸੀ।

ਇਹ ਸਭ ਕੁਝ ਸਹਿੰਦੀ ਦਾ ਮਸਾਂ ਐਤਵਾਰ ਆਇਆ। ਮੈਨੂੰ ਮੇਰੀ ਮੰਮੀ, ਡੈਡੀ ਅਤੇ ਦਾਦੀ ਡੇਰੇ ਲੈ ਆਏ ਸਨ। ਮਨ 'ਚ ਸੋਚਦੀ ਸ਼ਾਇਦ ਵੱਡੇ ਮਹਾਰਾਜ ਹਰਦਾਸ ਨੂੰ ਹੀ ਨਾ ਫੜ ਲਿਆਏ ਹੋਣ? ਮੈਨੂੰ ਕੋਈ ਪਤਾ ਨਹੀਂ ਸੀ ਕਿ ਮੈਨੂੰ ਕਿਸ ਦੇ ਲੜ ਲਾ ਰਹੇ ਆ।

ਡੇਰੇ ਪਹੁੰਚ ਕੇ ਦੇਖਿਆ ਬੀਰ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠਾ ਸੀ, ਮੈਨੂੰ ਵੀ ਉਸਦੇ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਆਨੰਦ ਕਾਰਜ ਲਈ ਬਿਠਾ ਦਿੱਤਾ ਸੀ।

ਮੈਂ ਕੁਝ ਵੀ ਨਾ ਬੋਲ ਸਕੀ, ਬਸ ਚੁੱਪ ਕਰ ਕੇ ਸਭ ਕੁਝ ਸਹਿਣ ਕਰੀ ਜਾ ਰਹੀ ਸੀ।

ਸਾਡਾ ਪੂਰਨ ਗੁਰੂ ਮਰਿਆਦਾ ਨਾਲ ਆਨੰਦ ਕਾਰਜ ਹੋਇਆ।

ਬੀਰ ਸਿੰਘ, ਮੈਨੂੰ ਤੇ ਮੇਰੀ ਦਾਦੀ ਨੂੰ ਵੱਡੇ ਮਹਾਰਾਜ ਨੇ ਸ਼ਾਮ ਨੂੰ ਆਪਣੀ ਕਾਰ ਵਿਚ ਆਪਣੇ ਡੇਹਰਾਦੂਨ ਵਾਲੇ ਘਰ ਜਾਣ ਲਈ ਤੋਰ ਦਿੱਤਾ ਸੀ। ਮੈਂ ਸਾਰੇ ਰਾਹ ਰੋਂਦੀ ਗਈ। ਦਾਦੀ ਮੈਨੂੰ ਚੁੱਪ ਕਰਵਾਉਂਦੀ ਹੌਂਸਲਾ ਦੇਂਦੀ ਗਈ। ਅਸੀਂ ਅਗਲੇ ਦਿਨ ਡੇਹਰਾਦੂਨ ਪਹੁੰਚੇ ਸੀ। ਇੱਥੇ ਘਰ ਵਿਚ ਸਾਡੇ ਲਈ ਪ੍ਰਬੰਧ ਕੀਤਾ ਹੋਇਆ ਸੀ।

ਮੈਂ ਬੀਰ ਸਿੰਘ ਨੂੰ ਹਰਦਾਸ ਬਾਰੇ ਸਭ ਕੁਝ ਦੱਸ ਦਿੱਤਾ। ਬੀਰ ਸਿੰਘ ਸ਼ਾਂਤ ਰਿਹਾ, ਕੁੱਝ ਨਹੀਂ ਬੋਲਿਆ ਸੀ। ਮੈਂ ਤੇ ਦਾਦੀ ਇਕ ਕਮਰੇ ਵਿਚ ਅਤੇ ਬੀਰ ਸਿੰਘ ਦੂਜੇ ਕਮਰੇ ਵਿਚ ਸੌਂਦਾ ਰਿਹਾ। ਰੋਂਦੀ ਧੋਂਦੀ ਦੇ ਛੇ ਮਹੀਨੇ ਲੰਘੇ ਤੇ ਫਿਰ ਜੋਤੀ ਦਾ ਜਨਮ ਹੋਇਆ ਸੀ। ਇੱਥੇ ਸਾਰਿਆਂ ਨੂੰ ਇਹ ਹੀ ਕਿਹਾ ਗਿਆ ਕਿ ਜੋਤੀ ਦਾ ਜਨਮ ਸੱਤਵੇਂ ਮਹੀਨੇ ਹੋਇਆ ਸੀ।

ਜੋਤੀ ਦੇ ਜਨਮ ਤੋਂ ਪੰਜ ਸੱਤ ਦਿਨ ਬਾਅਦ ਬੀਰ ਸਿੰਘ ਚੁੱਪ-ਚਪੀਤੇ ਪਤਾ ਨਹੀਂ ਕਿੱਥੇ ਚਲੇ ਗਿਆ, ਉਸਦਾ ਕੁਝ ਪਤਾ ਨਹੀਂ ਲੱਗਿਆ। ਜੋਤੀ ਦੇ ਜਨਮ ਦੀ ਰਜਿਸਟਰੇਸ਼ਨ ਡੇਹਰਾਦੂਨ 'ਚ ਕਰਵਾਈ, ਜਿਸ ਵਿਚ ਬੀਰ ਸਿੰਘ ਨੂੰ ਜੋਤੀ ਦੇ ਪਿਤਾ ਵਜੋਂ ਲਿਖਵਾਇਆ ਗਿਆ।

ਜੋਤੀ ਦੇ ਜਨਮ ਤੋਂ ਕੁਝ ਦਿਨਾਂ ਬਾਅਦ ਵੱਡੇ ਮਹਾਰਾਜ ਸਾਨੂੰ ਡੇਹਰਾਦੂਨ ਮਿਲਣ ਆਏ। ਦਾਦੀ ਉਠ ਕੇ ਅੱਗੇ ਹੋ ਕੇ ਵੱਡੇ ਮਹਾਰਾਜ ਦੇ ਪੈਰੀਂ ਹੱਥ ਲਾਉਣ ਲੱਗੀ, ਵੱਡੇ ਮਹਾਰਾਜ ਨੇ ਦਾਦੀ ਨੂੰ ਇਸ ਤਰ੍ਹਾਂ ਕਰਨ ਤੋਂ ਰੋਕ ਦਿੱਤਾ ਸੀ।

"ਬੀਬੀ ਤੂੰ ਤਾਂ ਮੇਰੀ ਭੈਣ ਆ।" ਵੱਡੇ ਮਹਾਰਾਜ ਬੋਲੇ ਸਨ।

"ਬੀਬੀ ਮੈਂ ਬੜਾ ਸ਼ਰਮਿੰਦਾ ਹਾਂ, ਹਰਦਾਸ ਪਤਾ ਨਹੀਂ ਕੁੱਤਾ ਕਿੱਥੇ ਭੱਜ ਗਿਆ ਆ। ਜ਼ਮਾਨਾ ਕਿਸ ਤਰ੍ਹਾਂ ਦਾ ਆ ਗਿਆ ਏ, ਆਹ ਬੀਰ ਸਿੰਘ ਜਿਹੜਾ ਮੇਰੇ ਟੁਕੜਿਆਂ 'ਤੇ ਪਲ਼ਦਾ, ਉਸਨੇ ਵੀ ਕੋਈ ਸ਼ਰਮ ਨਹੀਂ ਕੀਤੀ, ਇੱਥੋਂ ਜਾਣ ਲੱਗੇ ਨੇ ਮੇਰੇ ਹੁਕਮ ਦੀ ਵੀ ਕੋਈ ਪਰਵਾਹ ਨਹੀਂ ਕੀਤੀ ਆ।" ਵੱਡੇ ਮਹਾਰਾਜ ਆਪਣੀ ਗੱਲ ਕਰੀ ਗਏ ਸਨ।

"ਬੀਬੀ ਤੂੰ ਫਿਕਰ ਨਾ ਕਰੀਂ, ਕੰਵਲ ਮੇਰੀ ਵੀ ਧੀ ਆ, ਮੈਂ ਇਹਨੂੰ ਤੇ ਇਸ ਦੀ ਬੱਚੀ ਨੂੰ ਧੀ ਅਤੇ ਦੋਹਤੀ ਦੀ ਤਰ੍ਹਾਂ ਰੱਖਾਂਗਾ। ਜੇ ਕੰਵਲ ਦੀ ਮਰਜ਼ੀ ਹੋਈ ਤਾਂ ਮੈਂ ਇਸ ਦਾ ਹੋਰ ਵੀ ਪ੍ਰਬੰਧ



ਕਰਾਂਗਾ।" ਵੱਡੇ ਮਹਾਰਾਜ ਨੇ ਦਾਦੀ ਨੂੰ ਧਰਵਾਸ ਦੇਂਦੇ ਕਿਹਾ ਸੀ।

ਦਾਦੀ ਨੇ ਵੱਡੇ ਮਹਾਰਾਜ ਜੀ ਨੂੰ ਕਿਹਾ ਸੀ, "ਸਤਿ ਬਚਨ, ਆਪ ਸਭ ਜਾਣੀ ਜਾਣ ਹੋ, ਜਿਸ ਤਰ੍ਹਾਂ ਆਪ ਜੀ ਦੀ ਮੌਜ, ਆਪ ਉਸ ਤਰ੍ਹਾਂ ਹੀ ਕਰਨਾ।"

"ਅਜੇ ਇੱਥੇ ਸੱਤ ਅੱਠ ਮਹੀਨੇ ਰਹਿਣਾ ਪਵੇਗਾ, ਜਿੰਨਾ ਚਿਰ ਤਕ ਮੇਰੀ ਧੀ ਦਾ ਘਰ ਨਹੀਂ ਬਣ ਜਾਂਦਾ।" ਮਹਾਰਾਜ ਨੇ ਕਿਹਾ ਸੀ।

ਦੋ ਦਿਨਾਂ ਬਾਅਦ ਵੱਡੇ ਮਹਾਰਾਜ ਮੈਨੂੰ ਅਤੇ ਜੋਤੀ ਨੂੰ ਪਿਆਰ ਦੇ ਕੇ ਵਾਪਸ ਚਲੇ ਗਏ ਸਨ।

ਅੱਠ ਮਹੀਨੇ ਬਾਅਦ ਅਸੀਂ ਅੰਮ੍ਰਿਤਸਰ ਆ ਗਏ, ਵੱਡੇ ਮਹਾਰਾਜ ਨੇ ਮੇਰੇ ਅਤੇ ਜੋਤੀ ਲਈ ਇੱਥੇ ਘਰ ਬਣਵਾ ਦਿੱਤਾ ਸੀ।

ਦਾਦੀ ਏਥੇ ਅੰਮ੍ਰਿਤਸਰ ਮੇਰੇ ਨਾਲ ਹੀ ਰਹੀ। ਪਿੰਡ ਇਹ ਦੱਸਿਆ ਕਿ ਕੰਵਲ ਦਾ ਘਰਵਾਲਾ ਹੇਮਕੁੰਟ ਸਾਹਿਬ ਨੂੰ ਜਾਂਦੇ ਭਾਰੀ ਬਾਰਸ਼ ਕਾਰਨ ਨਦੀ ਵਿਚ ਰੁੜ੍ਹ ਗਿਆ ਸੀ।

ਮੈਂ ਆਪਣੇ ਆਪ ਨੂੰ ਸਮਝਾ ਲਿਆ ਸੀ, ਮੇਰੇ ਭਾਗਾਂ ਵਿਚ ਇਹ ਹੀ ਲਿਖਿਆ ਆ। ਭਾਗਾਂ ਨੂੰ ਕੌਣ ਬਦਲ ਸਕਦਾ ਏ?

ਜੋਤੀ ਸਾਲ ਦੀ ਹੋ ਗਈ ਸੀ। ਜੋਤੀ ਨੂੰ ਦਾਦੀ ਸਾਂਭ ਲੈਂਦੀ। ਵੱਡੇ ਮਹਾਰਾਜ ਨੇ ਮੈਨੂੰ ਕਾਲਿਜ ਪੜ੍ਹਨ ਲਾ ਦਿੱਤਾ ਸੀ। ਮੈਂ ਬੀ.ਏ. ਕਰ ਕੇ ਪੰਜਾਬੀ ਦੀ ਐੱਮ.ਏ. ਕਰ ਲਈ, ਮਹਾਰਾਜ ਨੇ ਆਪਣਾ ਰਸੂਖ ਵਰਤ ਕੇ ਮੇਰਾ ਮੈਨਜਮੈਂਟ ਦੇ ਕੋਟੇ 'ਚ ਬੀ.ਐੱਡ. ਵਿਚ ਦਾਖਲਾ ਕਰਵਾ ਦਿੱਤਾ ਸੀ।

ਮੈਂ ਬੀ.ਐੱਡ. ਕਰਕੇ, ਮਹਾਰਾਜ ਦੇ ਸਕੂਲ ਵਿਚ ਪੰਜਾਬੀ ਅਧਿਆਪਕ ਲੱਗ ਗਈ। ਜੋਤੀ ਨੂੰ ਪੰਜਵੀਂ ਤਕ ਏਥੇ ਅੰਮ੍ਰਿਤਸਰ ਪੜ੍ਹਾਇਆ ਸੀ।

ਜੋਤੀ ਜਿਉਂ-ਜਿਉਂ ਵੱਡੀ ਹੋ ਰਹੀ ਸੀ, ਮੈਨੂੰ ਆਪਣੇ ਪਾਪਾ ਬਾਰੇ ਪੁੱਛਦੀ। ਮੈਂ ਇਹ ਕਹਿ ਕੇ ਟਾਲ਼ ਦੇਂਦੀ, "ਤੇਰੇ ਪਾਪਾ ਵਾਹਿਗੁਰੂ ਕੋਲ਼ ਗਏ ਨੇ।" ਜੋਤੀ ਅੱਗੇ ਪ੍ਰਸ਼ਨ ਕਰ ਦੇਂਦੀ, "ਵਾਹਗੁਰੂ ਕਿੱਥੇ ਰਹਿੰਦਾ ਆ। ਮੰਮੀ ਵਾਹਗੁਰੂ ਨੂੰ ਕਹੋ ਨਾ, ਮੇਰੇ ਪਾਪਾ ਜਲਦੀ ਭੇਜੇ। ਸਾਰੇ ਬੱਚਿਆਂ ਦੇ ਪਾਪਾ ਪੇਰੈਂਟਸ ਡੇਅ 'ਤੇ ਸਾਡੇ ਸਕੂਲ ਆਉਂਦੇ ਨੇ। ਮੇਰੇ ਪਾਪਾ ਨੂੰ ਵਾਹਗੁਰੂ ਕਿਉਂ ਨਹੀਂ ਭੇਜਦਾ?"

ਮੈਂ ਇਹ ਸੋਚ ਕੇ ਕਿ ਕੋਈ ਇਸ ਨੂੰ ਇਸ ਦੇ ਬਾਪ ਬਾਰੇ ਤਾਹਨਾ ਨਾ ਦੇਵੇ, ਮੈਂ ਜੋਤੀ ਨੂੰ ਨੈਨੀਤਾਲ ਪੜ੍ਹਨੇ ਪਾ ਦਿੱਤਾ, ਉਸਨੇ ਬੀ.ਏ. ਦੀ ਡਿਗਰੀ ਓਥੇ ਹੀ ਕੀਤੀ ਆ।

ਮੇਰੇ ਅੰਦਰ ਦੀ ਔਰਤ ਅਤੇ ਦੇਹ ਦੀ ਭੁੱਖ ਪੂਰੀ ਤਰ੍ਹਾਂ ਮਰ ਚੁੱਕੀ ਸੀ। ਮੇਰੇ ਲਈ ਸਿਰਫ ਜੋਤੀ ਦਾ ਪਾਲਣ ਪੋਸ਼ਣ ਕਰਨਾ ਹੀ ਸਭ ਤੋਂ ਵੱਡਾ ਕਰਮ ਸੀ। ਮੈਂ ਤਾਂ ਵਾਹਿਗੁਰੂ ਦੇ ਸਿਮਰਨ ਨੂੰ ਆਪਣੀ ਜ਼ਿੰਦਗੀ ਬਣਾ ਲਿਆ ਸੀ। ਆਪਣੇ ਨਾਲ ਵਾਪਰੀ ਉਸ ਘਟਨਾ ਤੋਂ ਬਾਅਦ ਮੈਂ ਕਦੀ ਡੇਰੇ ਨਹੀਂ ਗਈ ਸੀ।

ਸਾਰੇ ਰਿਸ਼ਤੇਦਾਰਾਂ ਵਿਚ ਮੈਂ ਚਰਚਾ ਦਾ ਵਿਸ਼ਾ ਬਣੀ ਹੋਈ ਸੀ। ਹੋਰ ਤੇ ਹੋਰ ਮੇਰੀ ਛੋਟੀ ਭੈਣ ਹੀ ਮਾਣ ਨਹੀਂ ਸੀ। ਉਹ ਪਤਾ ਨਹੀਂ ਮੇਰੇ ਬਾਰੇ ਕੀ-ਕੀ ਗੱਲਾਂ ਕਰਦੀ ਸੀ। ਦੀਦੀ ਤਾਂ ਐਸ਼ ਕਰਦੀ ਏ, ਕੋਠੀ ਆ, ਕਾਰ ਆ, ਨੌਕਰ ਚਾਕਰ ਸਭ ਨੇ, ਦੀਦੀ ਦੇ ਕੋਲ। ਸਾਧਾਂ ਦੇ ਲੜ ਲੱਗ ਕੇ ਦੀਦੀ ਤਾਂ ਤਰ ਗਈ ਏ। ਮੇਰੇ ਲਈ ਬੜਾ ਔਖਾ ਸੀ ਸਮਾਂ ਕੱਢਣਾ। ਮੈਂ ਕਰ ਵੀ ਕੁਝ ਨਹੀਂ ਸਕਦੀ ਸੀ, ਬਸ ਆਪਣੇ ਆਪ ਨੂੰ ਮਾਰ ਕੇ ਦਿਨ-ਕਟੀ ਕਰ ਰਹੀ ਸੀ।

ਡੇਰੇ ਦੀ ਬਹੁਤ ਵੱਡੀ ਜਾਇਦਾਦ ਆ। ਸੈਂਕੜੇ ਕਿੱਲੇ ਜ਼ਮੀਨ, ਹਰਿਦੁਆਰ, ਦਿੱਲੀ, ਡੇਹਰਾਦੂਨ, ਜੰਮੂ ਅਤੇ ਅੰਮ੍ਰਿਤਸਰ 'ਚ ਵੱਡੇ-ਵੱਡੇ ਡੇਰੇ। ਇਹ ਸਭ ਡੇਰੇ ਦੇ ਮਹੰਤ ਦੀ ਮਲਕੀਅਤ ਨੇ।

ਵੱਡੇ ਮਹਾਰਾਜ ਦੀ ਮੌਤ ਤੋਂ ਪਿੱਛੋਂ ਗੱਦੀ 'ਤੇ ਹਰਦਾਸ ਨੂੰ ਬਿਠਾਇਆ ਗਿਆ ਸੀ। ਕੀ ਹਰਦਾਸ ਨੂੰ ਵੱਡੇ ਮਹਾਰਾਜ ਨੇ ਹੀ ਭਜਾਇਆ ਸੀ? ਕੀ ਹਰਦਾਸ ਨੇ ਹੀ ਵੱਡੇ ਮਹਾਰਾਜ ਦੀ ਜਗ੍ਹਾ ਡੇਰੇ ਦਾ ਮਹੰਤ ਬਣਨਾ ਸੀ? ਕੀ ਵੱਡੇ ਮਹਾਰਾਜ ਜੀ ਮੇਰੇ ਨਾਲ ਹਮਦਰਦੀ ਇਸ ਲਈ ਤੇ ਨਹੀਂ ਕਰਦੇ ਸੀ?

ਸੁਣਨ ਵਿਚ ਤਾਂ ਇਹ ਵੀ ਆਉਂਦਾ ਕਿ ਹਰਦਾਸ ਵੱਡੇ ਮਹਾਰਾਜ ਦੀ ਨਾਜਾਇਜ਼ ਔਲਾਦ ਆ।

ਵਾਹਿਗੁਰੂ ਵਾਹਿਗੁਰੂ, ਮੈਂ ਇਹ ਕੀ ਸੋਚ ਰਹੀ ਹਾਂ।

'ਵੱਡੇ ਮਹਾਰਾਜ ਬਾਰੇ ਇਸ ਤਰ੍ਹਾਂ ਸੋਚ ਕੇ ਨਰਕਾਂ ਦੀ ਭਾਗੀ ਬਣੇਂਗੀ ਤੂੰ', ਮੈਂ ਆਪਣੇ ਮਨ ਨੂੰ ਫਿਟਕਾਰ ਪਾਈ।

ਡੇਰੇ ਦਾ ਮਹੰਤ ਬ੍ਰਹਮਚਾਰੀ ਹੀ ਬਣ ਸਕਦਾ ਸੀ। ਮਹੰਤ ਹਰਦਾਸ ਲੋਕਾਂ ਦੀਆਂ ਨਜ਼ਰਾਂ ਵਿਚ ਬ੍ਰਹਮਚਾਰੀ ਸੀ। ਮੇਰਾ ਦਿਲ ਕਰੇ ਕਿ ਇਸ ਦਾ ਸੱਚ ਦੱਸਾਂ ਸਾਰੇ ਲੋਕਾਂ 'ਚ, ਪਰ ਦੂਜੇ ਪਲ ਜੋਤੀ ਦੀ ਜ਼ਿੰਦਗੀ ਮੇਰੇ ਮੂੰਹ ਨੂੰ ਤਾਲਾ ਲਾ ਦਿੰਦੀ।

ਜੇ ਕਿਤੇ ਜੋਤੀ ਦੇ ਸਹੁਰੇ ਪਰਿਵਾਰ ਜਾਂ ਜਗਦੀਪ ਨੂੰ ਪਤਾ ਲੱਗ ਗਿਆ ਕਿ ਜੋਤੀ ਮਹੰਤ ਹਰਦਾਸ ਦੀ ਨਾਜਾਇਜ਼ ਔਲਾਦ ਹੈ, ਫਿਰ ਕੀ ਹੋਵੇਗਾ? ਮੇਰੀ ਜੋਤੀ ਦੀ ਜ਼ਿੰਦਗੀ ਖਰਾਬ ਹੋ ਜਾਵੇਗੀ। ਮੈਨੂੰ ਜੋਤੀ ਨੂੰ ਸਭ ਕੁਝ ਦੱਸ ਦੇਣਾ ਚਾਹੀਦਾ ਸੀ, ਤਾਂ ਕਿ ਉਹ ਜਗਦੀਪ ਨੂੰ ਆਪਣੇ ਬਾਰੇ ਸਭ ਕੁਝ ਦੱਸ ਦੇਂਦੀ। ਮੇਰੇ ਮਨ ਵਿਚ ਪਤਾ ਨਹੀਂ ਕੀ-ਕੀ ਸੁਆਲ ਪੈਦਾ ਹੋ ਰਹੇ ਸੀ?

ਮੈਂ ਮਹੰਤ ਹਰਦਾਸ ਦੇ ਮੱਥੇ ਨਹੀਂ ਲੱਗਣਾ ਚਾਹੁੰਦੀ ਸੀ ਅਤੇ ਨਾ ਹੀ ਜੋਤੀ ਦੀ ਖੁਸ਼ੀ ਵਿਚ ਕੋਈ ਵਿਘਨ ਚਾਹੁੰਦੀ ਸੀ ਜਿਸ ਕਰਕੇ ਮੈਂ ਹੋਰ ਕੁਝ ਸੋਚ ਹੀ ਨਹੀਂ ਸਕੀ ਸੀ।

"ਮੰਮੀ ਤੁਸੀਂ ਕਿੱਥੇ ਗੁਆਚ ਗਏ ਹੋ।" ਜੋਤੀ ਦੀ ਆਵਾਜ਼ ਨੇ ਮੇਰੀ ਬਿਰਤੀ ਤੋੜੀ।

ਜੋਤੀ ਬਿਊਟੀ ਪਾਰਲਰ ਤੋਂ ਤਿਆਰ ਹੋ ਕੇ ਗੁਰਦੁਆਰਾ ਡੇਰਾ ਸਾਹਿਬ ਪਹੁੰਚ ਗਈ।

"ਜੋਤੀ ਮੈਂ ਤੇਰੀ ਗੁਨਾਹਗਾਰ ਆ, ਵਾਹਿਗੁਰੂ ਮੈਨੂੰ ਕਦੀ ਮੁਆਫ ਨਹੀਂ ਕਰੇਗਾ।" ਮਨ ਹੀ ਮਨ ਮੈਂ ਕਹਿ ਰਹੀ ਸੀ।

"ਮੰਮੀ ਜੰਝ ਪੰਜ ਮਿੰਟਾਂ ਵਿਚ ਪਹੁੰਚ ਰਹੀ ਆ।" ਜੋਤੀ ਨੇ ਮੇਰੇ ਕੰਨ ਦੇ ਲਾਗੇ ਆਪਣਾ ਮੂੰਹ ਕਰ ਕੇ ਕਿਹਾ ਸੀ।

ਮੈਂ ਜੋਤੀ ਦੇ ਚਿਹਰੇ ਦੇ ਹਾਵ-ਭਾਵ ਦੇਖਣ ਲੱਗੀ, ਇਸ ਤੋਂ ਪਹਿਲਾਂ ਮੈਂ ਕੋਈ ਗੱਲ ਕਰਦੀ, ਜੋਤੀ ਗੁਰਦੁਆਰਾ ਸਾਹਿਬ ਦੇ ਅੰਦਰ ਮੱਥਾ ਟੇਕ ਕੇ ਇਕ ਪਾਸੇ ਬੈਠ ਗਈ ਸੀ।

ਜੰਝ ਦਾ ਸੁਆਗਤ ਕਰਨ ਤੋਂ ਬਾਅਦ ਜੰਝ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਬਿਠਾਇਆ ਗਿਆ ਸੀ।

ਜੋਤੀ ਦੇ ਮਾਸੜ ਬਲਦੇਵ ਸਿੰਘ ਨੇ ਜਗਦੀਪ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬਿਠਾਇਆ, ਥੋੜ੍ਹੀ ਦੇਰ ਬਾਅਦ ਜੋਤੀ ਨੂੰ ਵੀ ਜਗਦੀਪ ਦੇ ਨਾਲ ਬਿਠਾ ਦਿੱਤਾ।

ਮੈਂ ਵੀ ਜ਼ਨਾਨੀਆਂ ਦੀ ਭੀੜ ਵਿਚ ਇਕ ਪਾਸੇ ਹੋ ਕੇ ਬੈਠ ਗਈ ਸੀ।

ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਦੇ ਨਾਲ ਮਹਾਰਾਜ ਹਰਦਾਸ ਵੀ ਬੈਠਾ ਸੀ, ਉਸਨੇ ਆਨੰਦ ਕਾਰਜ ਤੋਂ ਬਾਅਦ ਰੋਜ਼ ਦੀ ਤਰ੍ਹਾਂ ਆਮ ਸੰਗਤ ਲਈ ਸਤਿਸੰਗ ਕਰਨਾ ਸੀ।

ਭਾਈ ਜੀ ਨੇ ਨਿੱਕੀ ਅਰਦਾਸ ਕਰ ਕੇ ਲੜਕੀ ਦੇ ਪਿਤਾ ਵੱਲੋਂ ਲੜਕੀ ਨੂੰ ਪੱਲਾ ਫੜਾਉਣ ਲਈ ਕਿਹਾ।

ਜੋਤੀ ਦਾ ਮਾਸੜ ਬਲਦੇਵ ਸਿੰਘ ਪੱਲਾ ਫੜਾਉਣ ਲਈ ਉਠਿਆ ਹੀ ਸੀ। ਉਸੇ ਵੇਲੇ ਜੋਤੀ ਬੋਲ ਪਈ, "ਮਾਸੜ ਜੀ, ਮੈਨੂੰ ਪੱਲਾ ਮਹਾਰਾਜ ਫੜਾਉਣਗੇ।"

ਸਾਰੇ ਜੋਤੀ ਵੱਲ ਹੈਰਾਨੀ ਨਾਲ ਵੇਖ ਰਹੇ ਸਨ! 000

***(410/4 ਪ੍ਰਗਤੀ ਇਨਕਲੇਵ, ਪਿੱਛੇ ਡੀ.ਏ.ਵੀ. ਕਾਲਿਜ, ਸਿੱਖ ਲਾਇਨ,***
***ਹੁਸ਼ਿਆਰਪੁਰ-146 001; ਫੋਨ: 75080-18875)***



## ਗੁਰੂ ਨਾਨਕ ਦਾ ਜੀਵਨ-ਅਨੁਭਵ: ਲੇਖ: ਤੇਜਵੰਤ ਸਿੰਘ ਗਿੱਲ

ਗੁਰੂ ਨਾਨਕ ਦੇਵ ਦਾ ਜੀਵਨ-ਅਨੁਭਵ ਬਹੁਤ ਹੀ ਅਲੌਕਿਕ ਸੀ। ਸਿਰੜ, ਸਹਿਜ ਅਤੇ ਸੁਹਜ ਦਾ ਤਾਂ ਇਸ ਵਿਚ ਮੁੱਢ ਤੋਂ ਹੀ ਵਾਸ ਸੀ। ਸਮਾਂ ਬੀਤਣ ਨਾਲ ਇਸ ਵਿਚ ਆਚੰਭਤ ਕਰ ਦੇਣ ਵਾਲੇ ਵੇਰਵੇ ਦਾ ਵਾਧਾ ਹੁੰਦਾ ਗਿਆ। 'ਜਨਮ ਸਾਖੀਆਂ' ਦੇ ਪ੍ਰਚੱਲਤ ਹੋਣ ਨਾਲ ਤਾਂ ਕਰਾਮਾਤਾਂ ਦਾ ਪ੍ਰਵੇਸ਼ ਵੀ ਹੋਣ ਲੱਗ ਪਿਆ। ਸਮਾਂ ਬੀਤਣ ਨਾਲ ਕਰਾਮਾਤੀ ਰੁਝਾਨ ਵਿਚ ਵਾਧਾ ਹੀ ਹੁੰਦਾ ਗਿਆ। ਭਾਈ ਵੀਰ ਸਿੰਘ ਦੇ *ਨਾਨਕ ਚਮਤਕਾਰ* ਵਿਚ ਤਾਂ ਕਰਾਮਾਤੀ ਰੁਝਾਨ ਚਰਮ-ਸੀਮਾ ਨੂੰ ਪਹੁੰਚ ਗਿਆ। ਪੂਰਵਲੇ ਬਿਰਤਾਂਤ ਵਿਚ ਜੋ ਕਸਰ ਰਹਿ ਗਈ ਸੀ, ਉਹ ਹਰ ਪੱਖੋਂ ਪੂਰੀ ਹੋਈ ਲੱਗਣ ਲੱਗ ਪਈ।

ਸਵਾਲ ਪੈਦਾ ਹੁੰਦਾ ਹੈ ਕਿ ਕੋਈ ਪੁਨਰ-ਵਰਨਣ ਸੰਭਵ ਹੈ ਜੋ ਕਰਾਮਾਤੀ ਦਰਸਾਏ ਗਏ ਗੁਰੂ ਸਾਹਿਬ ਦੇ ਜੀਵਨ-ਅਨੁਭਵ ਨੂੰ ਅਲੌਕਿਕ ਦੇ ਨਾਲ ਸੰਭਾਵੀ ਦਰਸਾ ਸਕੇ। ਜਿਸ ਸਿਰੜ, ਸਹਿਜ ਅਤੇ ਸੁਹਜ ਨੂੰ ਉਹ ਹਰ ਪਲ ਨੂੰ ਪ੍ਰਣਾਏ ਰਹੇ, ਉਸ ਨੂੰ ਉਨ੍ਹਾਂ ਦੇ ਹਾਵਾਂ/ਭਾਵਾਂ, ਵਿਚਾਰਾਂ ਅਤੇ ਅਨੁਭਵਾਂ ਦਾ ਅਨਿਖੜਵਾਂ ਅੰਗ ਸਿੱਧ ਕੀਤਾ ਜਾ ਸਕੇ। ਕਹਿਣ ਨੂੰ ਦਿਲ ਕਰ ਆਉਂਦਾ ਹੈ ਕਿ ਇਸ ਪਾਸੇ ਯਤਨ ਸੰਭਵ ਹੀ ਨਹੀਂ ਅਵੱਸ਼ਕ ਵੀ ਹੈ, ਖਾਸ ਕਰਕੇ ਜੀਵਨ ਦੇ ਇਸ ਪੜਾਅ 'ਤੇ ਜਦ ਜੋ ਅਸਲ ਹੈ, ਉਸਨੂੰ ਨਕਲ ਮੰਨਣ ਦਾ ਰੁਝਾਨ ਵਧਦਾ ਹੀ ਜਾ ਰਿਹਾ ਹੈ।

ਗੱਲ ਦਾ ਆਰੰਭ ਗੁਰੂ ਸਾਹਿਬ ਦੇ ਜਨਮ ਬਾਰੇ ਵਿਉਂਤੀ ਵਿਧਾ-ਵਿਧੀ ਤੋਂ ਆਰੰਭ ਹੋ ਸਕਦੀ ਹੈ। *ਨਾਨਕ ਚਮਤਕਾਰ* ਵਿਚ ਇਸ ਨੂੰ ਪਰਮ ਕ੍ਰਿਪਾਲੂ ਪ੍ਰਭੂ ਦੇ ਕੌਤਕ ਵਜੋਂ ਪੇਸ਼ ਕੀਤਾ ਗਿਆ ਹੈ। ਪੁਸ਼ਪ ਬਿਬਾਨ ਜਿਸ ਨੂੰ ਪਰਉਪਕਾਰ ਦਾ ਨਾਂ ਦਿੱਤਾ ਗਿਆ ਹੈ, ਉਸ ਵਿਚ ਗੁਰੂ ਸਾਹਿਬ ਨੂੰ ਆਦਰ ਸਹਿਤ ਬਿਠਾ ਕੇ ਵਿਦਾਅ ਕੀਤਾ ਜਾਂਦਾ ਹੈ। ਮਾਤਾ ਤ੍ਰਿਪਤਾ ਦੇ ਗਰਭ ਤੋਂ ਜਨਮ ਲੈਣ ਵਾਲੇ ਪਲ ਤਾਰਿਆਂ ਦੇ ਮੰਡਲ ਸਾਰੀ ਰਾਤ ਨੂਰ ਦੀ ਫੁਹਾਰ ਵਰਸਾਉਂਦੇ ਹਨ। ਨੀਲਾ ਆਕਾਸ਼ ਨੀਲਮਣੀ ਵਾਂਗ ਟਹਿਕ ਜਾਂਦਾ ਹੈ। ਪੰਛੀ ਅਲਾਪ ਕਰਨ ਲੱਗ ਪੈਂਦੇ ਹਨ। ਧਰਤੀ ਤੇ ਗਗਨ ਵਿਚ ਨੂਰ ਪਸਰ ਜਾਂਦਾ ਹੈ। ਨਗਰ ਦਾ ਪ੍ਰੋਹਿਤ, ਪਾਂਧਾ ਆਚੰਭਤ ਹੋ ਜਾਂਦੇ ਹਨ। ਹਰੇਕ ਨੂੰ ਵਿਸ਼ਵਾਸ ਹੈ ਕਿ ਨਵ-ਜੰਮੇ ਬਾਲਕ ਦੇ ਲੱਛਣ ਨਿਰੀ ਪ੍ਰਵੀਨਤਾ ਦੇ ਨਹੀਂ, ਅਵਤਾਰਤਾ ਦੇ ਹਨ।

ਨਿਸ਼ਚੇ ਹੀ ਇਹ ਕੁਲ ਵਰਨਣ ਸਾਖੀਆਂ ਵਿਚ ਮਿਲਦੇ ਬਿਆਨ ਨੂੰ ਮਾਤ ਪਾ ਦਿੰਦਾ ਹੈ। ਵਾਸਤਵ ਵਿਚ ਇਹ ਉਸ ਗੁਬਾਰੇ ਦੀ ਨਿਆਈਂ ਹੈ ਜਿਸ ਵਿਚਲੀ 'ਵਾ ਅਸਲ ਵੀ ਛੂਹ ਨਾਲ ਛਾਈਂ-ਮਾਈਂ ਹੋ ਜਾਂਦੀ ਹੈ। ਅਸਲ ਵਿਚ ਵੀ ਕਈ ਭੇਦ ਹਨ ਜਿਨ੍ਹਾਂ ਦੇ ਖੁੱਲ੍ਹਣ ਨਾਲ ਵਚਿੱਤਰ ਪ੍ਰਕਾਰ ਦਾ ਅਹਿਸਾਸ ਹੋਣ ਲੱਗ ਪੈਂਦਾ ਹੈ। ਇਹ ਵੱਖਰੀ ਗੱਲ ਹੈ ਕਿ ਇਸ ਵਿਚ ਆਕਾਸ਼ ਤੋਂ ਭਰਮਾਉਂਦਾ ਖਲਾਅ ਨਹੀਂ, ਧਰਤੀ ਤੋਂ ਉਠਦਾ ਅਚੰਭਾ ਹੈ ਜੋ ਮਾਰਮਿਕ ਲੱਗਦਾ ਚਲਾ ਜਾਂਦਾ ਹੈ। ਇਹ ਹੈ ਕਿ ਆਪਣੀ ਭੈਣ ਨਾਨਕੀ ਨਾਲੋਂ ਉਹ ਉਮਰ ਵਿਚ ਪੂਰੇ ਨੌਂ ਸਾਲ ਛੋਟੇ ਸਨ। ਨੌਂ ਸਾਲ ਪਛੜ ਕੇ ਪੈਦਾ ਹੋਇਆ ਦੂਜਾ ਬੱਚਾ ਤਾਂ ਪਰਮਾਤਮਾ ਦੀ ਦਾਤ ਹੀ ਮੰਨਿਆ ਜਾਂਦਾ ਹੈ। ਐਨਾ ਹੀ ਪਹਿਲੇ ਬੱਚੇ ਵੱਲੋਂ ਸੁਗਾਤ ਸਮਝਿਆ ਜਾਂਦਾ ਹੈ। ਨਿਰਸੰਦੇਹ ਨੌਂ ਸਾਲ ਪਹਿਲਾਂ ਪੈਦਾ ਹੋਈ ਭੈਣ ਨਾਨਕੀ ਵੱਲੋਂ ਬਾਲਕ ਨਾਨਕ ਮਾਪਿਆਂ ਨੂੰ ਦਿੱਤੀ ਦੁਰਲੱਭ ਸੁਗਾਤ ਹੀ ਤਾਂ ਸੀ। ਇਸ ਤੋਂ ਇਹ ਗੁੰਝਲ ਵੀ ਖੁੱਲ੍ਹ ਜਾਂਦੀ ਹੈ ਕਿ ਬਾਲਕ ਦਾ ਨਾਂ ਨਾਨਕ ਕਿਉਂ ਰਖਿਆ ਗਿਆ। ਜੇ ਉਹ ਨਾਨਕੇ ਘਰ ਪੈਦਾ ਹੋਇਆ ਹੁੰਦਾ ਤਾਂ ਸੁਭਾਵਕ ਹੀ ਇਹ ਉਸਦਾ ਨਾਂ ਹੋ ਸਕਦਾ ਸੀ। ਪਰ ਉਹ ਤਾਂ ਦਾਦਕਾ ਘਰ ਪੈਦਾ ਹੋਇਆ ਸੀ। ਉਸਨੂੰ ਇਹ ਨਾਂ ਦਿੱਤਾ ਜਾਣਾ ਇਸ ਗੱਲ ਦਾ ਪ੍ਰਮਾਣ ਸੀ ਕਿ ਮਾਪਿਆਂ ਦੀ

ਨਜ਼ਰ ਵਿਚ ਉਹ ਭੈਣ ਵੱਲੋਂ ਦਿੱਤੀ ਅਦਭੁਤ ਸੌਗਾਤ ਸੀ। ਕੁਝ ਇਤਿਹਾਸਕਾਰਾਂ ਨੂੰ ਇਸ ਗੁੰਝਲ ਨੇ ਆਚੰਭਤ ਵੀ ਕੀਤਾ। ਉਨ੍ਹਾਂ ਤੋਂ ਐਨਾ ਭਰੋਸੇਯੋਗ ਬਿਆਨ ਫੇਰ ਵੀ ਨਾ ਸਰਿਆ ਜਿੰਨਾ ਮੋਹਨ ਸਿੰਘ ਦੇ ਮਹਾਂਕਾਵਿ *ਨਾਨਕਾਇਣ* ਵਿਚ ਅੰਕਤ ਹੈ। ਇਹ ਇਸ ਪ੍ਰਕਾਰ ਹੈ:

*ਤ੍ਰਿਪਤਾ ਦੇ ਸਨ ਪੇਕੇ ਚਾਹਲ ਪਿੰਡ ਵਿਚ*
*ਮੀਆਂ ਮੀਰ ਤੋਂ ਅੱਠ ਮੀਲ ਦੀ ਵਿੱਥ 'ਤੇ*
*ਪੂਰਬ ਦੱਖਣ ਵੱਲ ਵਸੇ ਘੁੱਗ ਜੋ।*
*ਜਨਮ ਲਿਆ ਸੀ ਸੰਨ ਚੌਦਾਂ ਚੌਂਹਠ ਵਿਚ।*
*ਬੁਹੜਾ ਵੱਡਾ ਹੋਇਆ ਉਸਦਾ ਵੀਰ ਜਾਂ*
*ਉਸੇ ਦੇ ਨਾਂ ਉੱਤੇ ਨਾਲ ਪਿਆਰ ਦੇ*
*ਨਾਨਕ ਰੱਖਿਆ ਨਾਂ ਉਸਦੇ ਮਾਪਿਆਂ।*

ਇਸ ਪ੍ਰਕਾਰ ਇਤਿਹਾਸ ਦੇ ਤਰਕ ਨੂੰ ਜੋ ਅੜਿਚਣ ਦਰਪੇਸ਼ ਸੀ, ਕਾਵਿ ਦੇ ਨਿੰਘ ਨੇ ਉਸਨੂੰ ਸੌਖਿਆਂ ਹੀ ਖੋਲ੍ਹ ਦਿੱਤਾ।

ਈਸ਼ਵਰ ਵੱਲੋਂ ਨਿਛਾਵਰ ਹੋਈ ਦਾਤ ਜਾਂ ਭੈਣ ਵੱਲੋਂ ਮਿਲੀ ਦੁਰਲੱਭ ਸੁਗਾਤ ਤੋਂ ਮਾਪਿਆਂ ਦੀਆਂ ਆਸਾਂ ਵੀ ਸਿਖਰ ਛੂਹ ਜਾਂਦੀਆਂ ਹਨ। ਬਾਲਕ ਨਾਨਕ ਦੇ ਮਾਤਾ ਪਿਤਾ, ਖਾਸ ਕਰਕੇ ਪਿਤਾ ਵੱਲੋਂ ਵਰੋਸਾਈਆਂ ਆਸਾਂ ਦੀ ਤਾਂ ਕੋਈ ਸੀਮਾ ਹੀ ਨਹੀਂ ਹੋਣੀ। ਅਜਿਹਾ ਹੋਣਾ ਸੁਭਾਵਕ ਸੀ ਕਿਉਂ ਜੋ ਜ਼ਮੀਨ ਤੋਂ ਉਗਰਾਹੇ ਜਾਣ ਵਾਲੇ ਮਾਲੀਏ ਦਾ ਉਹ ਸਿਰਫ ਹਿਸਾਬ ਕਿਤਾਬ ਹੀ ਨਹੀਂ ਸੀ ਰੱਖਦਾ ਜਿਸਦਾ ਅੱਗੇ ਨਿਰਨਾ ਸਰਕਾਰੇ ਦਰਬਾਰੇ ਹੋਣਾ ਹੁੰਦਾ ਸੀ, ਬਲਕਿ ਨਗਰ ਨਿਵਾਸੀਆਂ ਤੋਂ ਉਗਰਾਹੀ ਵੀ ਕਰਦਾ ਸੀ। ਉਸਦੀ ਜ਼ਮੀਨੀ ਜਾਇਦਾਦ ਵੀ ਸੀ ਜੋ ਉਸਦੇ ਬਾਪ ਨੇ ਜਿਊਂਦੇ ਜੀਅ ਉਸਦੀ ਸਾਂਭ ਸੰਭਾਲ ਵਸ ਕਰ ਦਿੱਤੀ ਸੀ। ਸੁਭਾਵਕ ਹੀ ਉਸਦੀ ਪ੍ਰਥਮ ਤਮੰਨਾ ਇਹ ਬਣਨੀ ਲਾਜ਼ਮੀ ਸੀ ਕਿ ਉਸਦਾ ਬਾਲਕ ਵਿੱਦਿਆ ਪ੍ਰਾਪਤ ਕਰਨ ਲੱਗ ਜਾਵੇ। ਸਫਲ ਜੀਵਨ ਜਿਉਣ ਅਤੇ ਸਮਾਜ ਵਿਚ, ਸਰਕਾਰੇ ਦਰਬਾਰੇ ਵੀ, ਨਾਮਣਾ ਖੱਟਣ ਦੀ ਇਹ ਬੁਨਿਆਦੀ ਸ਼ਰਤ ਸੀ। ਨਗਰ ਵਿਚ ਫਾਰਸੀ, ਸੰਸਕ੍ਰਿਤ ਅਤੇ ਕਿਸੇ ਹੋਰ ਵਿਸ਼ੇ ਦੀ ਸਿੱਖਿਆ ਦੇਣ ਖਾਤਰ ਜਿਹੜੇ ਵੀ ਤਿੰਨ ਵਿਦਿਆਲੇ ਉਪਸਥਿਤ ਸੀ, ਉਹਨਾਂ ਦੇ ਮੁਖੀਆਂ ਕੋਲ ਬਾਲਕ ਨਾਨਕ ਨੂੰ ਉਹ ਬੜੀ ਆਸ ਨਾਲ ਲੈ ਕੇ ਜਾਂਦਾ ਹੈ। ਕਿਸੇ ਵੀ ਵਿਦਿਆਲੇ ਵਿਚ ਉਸਦੀ ਉਮੰਗ ਨੂੰ ਬੂਰ ਨਹੀਂ ਪੈਂਦਾ। ਜਿਹੜਾ ਵੀ ਮੁਖੀ ਬਾਲਕ ਨਾਨਕ ਨੂੰ ਆਪਣੇ ਵਿਸ਼ੇ ਦੀ ਜਾਣ-ਪਛਾਣ ਕਰਵਾਉਂਦਾ ਹੈ, ਉਸਦੀਆਂ ਪਤੇ ਦੀਆਂ ਗੱਲਾਂ ਸੁਣਕੇ ਨਿਰ-ਉਤਰ ਹੋ ਕੇ ਰਹਿ ਜਾਂਦਾ ਹੈ।

ਇਹ ਨਹੀਂ ਕਿ ਬਾਲਕ ਨਾਨਕ ਨੂੰ ਵਿੱਦਿਆ ਵਿਚ ਕੋਈ ਦਿਲਚਸਪੀ ਨਹੀਂ ਸੀ, ਸੱਚੀ ਗੱਲ ਇਹ ਸੀ ਕਿ ਵਿੱਦਿਆ ਬਾਰੇ ਉਸਦੇ ਮਿਆਰ ਐਨੇ ਉੱਚ ਪਾਏ ਦੇ ਸਨ ਕਿ ਉਹਨਾਂ ਦੇ ਸਾਰ ਨੂੰ ਜਾਣਨਾ ਅਤੇ ਉਹਨਾਂ ਦੇ ਮੁੱਲ ਨੂੰ ਪਛਾਨਣਾ ਉਹਨਾਂ ਦੇ ਵੱਸ ਦੀ ਗੱਲ ਨਹੀਂ ਸੀ। ਇਸ ਚੇਤਨਾ ਦਾ ਸ੍ਰੋਤ ਕੀ ਸੀ, ਕਿਸੇ ਨੂੰ ਸਮਝ ਵਿਚ ਨਹੀਂ ਸੀ ਆਉਂਦਾ। ਸਾਖੀਕਾਰਾਂ ਦਾ ਨਿਰਣਾ ਹੈ ਕਿ ਇਹ ਈਸ਼ਵਰ ਦੀ ਰਹਿਮਤ ਸੀ। ਜੇ ਪਰਿਵਾਰਕ ਜੀਵਨ 'ਤੇ ਝਾਤੀ ਮਾਰੀ ਜਾਵੇ ਤਾਂ ਇਕ ਜਿਊਂਦੇ ਜਾਗਦੇ ਬੰਦੇ ਦੀ ਨਿਸ਼ਾਨਦੇਹੀ ਹੋ ਜਾਂਦੀ ਹੈ। ਉਹ ਸੀ ਬਾਲਕ ਨਾਨਕ ਦਾ ਦਾਦਾ ਜਿਸ ਦਾ ਨਾਂ ਸ਼ਿਵ ਰਾਮ ਸੀ ਅਤੇ ਗਹਿਰ-ਗੰਭੀਰ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਦੇ *ਮਹਾਨ ਕੋਸ਼* ਵਿਚ ਜਿਸ ਬਾਰੇ ਇਹ ਵੇਰਵਾ ਦਰਜ ਹੈ: *ਸ਼ਿਵ ਰਾਮ: ਰਾਮ ਨਾਰਾਯਣ ਵੇਦੀ ਦਾ ਸੁਪੁਤ, ਬਾਬਾ ਕਾਲੂ ਜੀ ਦਾ ਪਿਤਾ, ਮਾਤਾ ਬਨਾਰਸੀ ਜੀ ਦਾ ਪਤੀ ਅਤੇ ਸਤਿਗੁਰੂ ਨਾਨਕ ਦੇਵ ਜੀ ਦਾ ਦਾਦਾ। ਇਸ ਮਹਾਤਮਾ ਦਾ ਜਨਮ ਸੰਮਤ 1475 ਦਾ ਦੱਸਿਆ ਜਾਂਦਾ ਹੈ। ਕਈ ਲੇਖਕਾਂ ਨੇ ਨਾਮ ਸ਼ਿਵ ਨਾਰਾਯਣ ਵੀ ਲਿਖਿਆ ਹੈ।*

ਇਸ ਇੰਦਰਾਜ ਵਿਚ ਸਭ ਤੋਂ ਵੱਧ ਧਿਆਨ ਖਿੱਚਣ ਵਾਲਾ ਨੁਕਤਾ ਬਾਲਕ ਨਾਨਕ ਦੇ ਦਾਦਾ ਦਾ



ਮਹਾਤਮਾ ਕਿਹਾ ਜਾਣਾ ਹੈ। ਸੁਤੇ ਸਿੱਧ ਹੀ ਇਸ ਤੋਂ ਅਨੁਮਾਨ ਹੋ ਜਾਂਦਾ ਹੈ ਕਿ ਰਿਸ਼ੀ ਬਿਰਤੀ ਦੇ ਨਾਲ ਉਹ ਵਿੱਦਿਆ ਦੇ ਵੀ ਗਿਆਤਾ ਸਨ। ਪੁਰਾਤਨ ਗ੍ਰੰਥਾਂ ਦਾ ਗਿਆਨ ਉਨ੍ਹਾਂ ਦਾ ਕੀਮਤੀ ਸਰਮਾਇਆ ਸੀ। ਬਾਲਕ ਨਾਨਕ ਨੂੰ ਪੁਰਾਤਨ ਗ੍ਰੰਥਾਂ ਤੋਂ ਜਾਣੂ ਕਰਵਾਉਣਾ ਉਸ ਲਈ ਪਿਤਰੀ ਮੋਹ ਦਾ ਅੰਗ ਹੋ ਸਕਦਾ ਸੀ। ਪੇਸ਼ੇ ਵਜੋਂ ਪਟਵਾਰੀ ਹੋਣ ਕਰਨ ਉਸਦੇ ਪੁੱਤਰ ਮਹਿਤਾ ਕਾਲੂ ਦਾ ਤਾਂ ਸੰਭਵ ਹੈ ਬਹੁਤਾ ਕਰੂਰਾ ਹੀ ਨਾ ਰਲਦਾ ਹੋਵੇ। ਇਸ ਕਾਰਨ ਵੀ ਬਾਲਕ ਨਾਨਕ ਲਈ ਦਾਦੇ ਦੇ ਹਿਰਦੇ ਵਿਚ ਮੋਹ ਵਧੇਰੇ ਹੀ ਉਮੜਦਾ ਹੋਵੇ। ਘਰੇਲੂ ਸਥਿਤੀ ਪੇਚੀਦਾ ਜ਼ਰੂਰ ਸੀ ਪਰ ਇਸ ਦੀ ਕੁਲ ਪੇਚੀਦਗੀ ਬਾਲਕ ਨਾਨਕ ਦੇ ਪੱਖ ਵਿਚ ਹੀ ਭੁਗਤਦੀ ਹੋਵੇਗੀ। ਜੇ ਪੁਰਾਤਨ ਗਿਆਨ ਬਾਰੇ ਉਹ ਕੋਈ ਸੰਵਾਦੀ ਰੁਚੀ ਅਪਣਾ ਲੈਂਦਾ, ਕੋਈ ਨਘੋਚਵੀਂ ਧਾਰਨਾ ਬੋਲ ਦਿੰਦਾ ਤਾਂ ਉਸ 'ਤੇ ਵੀ ਕੋਈ ਉਜ਼ਰ ਨਹੀਂ ਸੀ ਹੋ ਸਕਦਾ।

ਉਪਰੋਕਤ ਇੰਦਰਾਜ ਵਿਚ ਭਾਈ ਕਾਨ੍ਹ ਸਿੰਘ ਨੇ ਇਸ ਤਰ੍ਹਾਂ ਦੇ ਪ੍ਰਮਾਣ ਵੱਲ ਕੋਈ ਸੰਕੇਤ ਨਹੀਂ ਕੀਤਾ। ਇਸ ਤੋਂ ਵਿੱਥ ਬਣਾ ਕੇ 'ਗੁਰੂ ਨਾਨਕ ਦੇਨ ਮਹਾਰਾਜ' ਨਾਂ ਦੇ ਇੰਦਰਾਜ ਵਿਚ ਜਿਵੇਂ ਸਾਖੀਆਂ ਵਿਚ ਘਟਨਾਵਾਂ ਨੂੰ ਵਰਨਣ ਕੀਤਾ ਗਿਆ ਸੀ, ਉਸੇ ਦਾ ਉਤਾਰਾ ਪੇਸ਼ ਕਰ ਦਿੱਤਾ ਹੈ। ਪਹਿਲੇ ਇੰਦਰਾਜ ਦੇ ਤੱਥ ਸੱਚ ਤੋਂ ਦੂਰੀ ਜ਼ਰੂਰ ਬਣਾਈ ਪ੍ਰੰਤੂ ਉਸ ਵਿਚਲੀ ਸੂਚਨਾ, ਜਿਸ ਨੂੰ ਪਹਿਲੀ ਵਾਰ ਪੇਸ਼ ਕਰਨ ਦਾ ਸਿਹਰਾ ਸ਼ਾਇਦ ਭਾਈ ਸਾਹਿਬ ਨੂੰ ਹੀ ਜਾਂਦਾ, ਉਸ ਰਾਹੀਂ ਜੋ ਨਵੀਂ ਧਾਰਨਾ ਬਣ ਸਕਦੀ ਸੀ, ਉਸ ਨੂੰ ਛੋਹਣ ਦਾ ਕੋਈ ਤਰੱਦਦ ਨਾ ਕੀਤਾ। ਇਸ ਦਾ ਕਾਰਨ ਭਾਈ ਸਾਹਿਬ ਦੀ ਅਧਿਐਨ-ਵਿਧੀ ਵਿਚ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਤੱਥਾਂ ਦੇ ਅਕਾਦਮਿਕ ਪੱਖ ਤੋਂ ਜੋ ਦੂਰਵਰਤੀ ਨਿਚੋੜ ਨਿਕਲਦੇ ਸਨ, ਸਭਿਆਚਾਰ, ਸਮਾਜ ਅਤੇ ਰਾਜਨੀਤੀ ਦੇ ਸੰਦਰਭ, ਉਹਨਾਂ ਪ੍ਰਤੀ ਇਹ ਅਧਿਐਨ-ਵਿਧੀ ਬੇਨਿਆਜ਼ ਹੋਣਾ ਹੀ ਠੀਕ ਸਮਝਦੀ ਸੀ। ਜੋ ਧਾਰਮਿਕ ਅਤੇ ਅਧਿਆਤਮਕ ਪ੍ਰਸੰਗ ਵਿਚ ਨਿਚੋੜ ਉਭਰਦੇ ਸਨ, ਉਹਨਾਂ ਨੂੰ ਉਭਾਰਨਾ ਇਸਦਾ ਮਨ-ਭਾਉਂਦਾ ਕਰਮ ਸੀ। ਇਸ ਤੋਂ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਪਹਿਲੇ ਇੰਦਰਾਜ ਦਾ ਬਾਅਦ ਵਿਚ ਭਾਈ ਸਾਹਿਬ ਲਈ ਕੋਈ ਮਹੱਤਵ ਨਹੀਂ ਸੀ ਬਣਦਾ। ਉਸਦੇ ਆਪਣੇ ਸੰਦਰਭ ਵਿਚ ਉਸਦਾ ਮਹੱਤਵ ਪ੍ਰਤੱਖ ਸੀ। ਦੂਜੇ ਇੰਦਰਾਜ ਲਈ ਜੋ ਉਸਦਾ ਮੁੱਲ ਹੋ ਸਕਦਾ ਸੀ, ਉਸਨੂੰ ਭਾਈ ਸਾਹਿਬ ਨੇ ਨਿਸ਼ਚੇ ਹੀ ਅੱਖੋਂ ਪਰੋਖੇ ਕੀਤਾ ਹੈ। ਜਿਸ ਪ੍ਰਕਾਰ ਦੇ ਗੂੜ੍ਹ ਗਿਆਨ ਲਈ ਉਹ ਜਾਣੇ ਜਾਂਦੇ ਸਨ, ਉਸ ਦੇ ਆਧਾਰ 'ਤੇ ਹੀ ਇਸ ਨੂੰ ਯੋਗ ਕਿਹਾ ਜਾ ਸਕਦਾ ਸੀ।

ਕਾਰੋਬਾਰ ਤੋਂ ਪਟਵਾਰੀ, ਜਾਇਦਾਦ ਨਾਲ ਮੋਹ ਰੱਖਣ ਵਾਲੇ ਮਹਿਤਾ ਕਾਲੂ ਨੂੰ ਤਾਂ ਦਾਦੇ ਪੋਤੇ ਦੀ ਨੇੜਤਾ ਖਾਸ ਚੰਗੀ ਨਹੀਂ ਲੱਗੀ ਹੋਵੇਗੀ। ਅਸਚਰਜ ਨਹੀਂ ਸੀ ਕਿ ਉਸਨੇ ਹੈਂਕੜ ਤੇ ਫਿਕਰ ਦੇ ਮਿਲੇ ਜੁਲੇ ਪ੍ਰਭਾਵ ਅਧੀਨ ਇਹ ਚਾਹਿਆ ਹੋਵੇ ਕਿ ਲੜਕਪਣ ਵਿਚ ਪੈਰ ਰੱਖ ਰਹੇ ਨਾਨਕ ਦੇ ਵਸ ਜੇ ਹੋਰ ਕੁਝ ਨਹੀਂ, ਮੱਝਾਂ ਚਰਾਉਣ ਦਾ ਹੀ ਜ਼ਿੰਮਾ ਹੋ ਜਾਵੇ। ਲੜਕਪਣ ਵਿਚ ਪੈਰ ਰੱਖ ਰਹੇ ਨਾਨਕ ਨੇ ਅਜਿਹਾ ਕਰਨਾ ਮੰਨ ਲਿਆ। ਸਾਖੀ ਅਨੁਸਾਰ ਭਾਣਾ ਇਹ ਵਾਪਰਿਆ ਕਿ ਇਕ ਦਿਨ ਮੱਝਾਂ ਘਾਹ ਚਰਦੀਆਂ ਚਰਦੀਆਂ ਇਕ ਕਿਸਾਨ ਦੇ ਖੇਤ ਵਿਚ ਜਾ ਵੜੀਆਂ। ਉਸਦੇ ਰੋਣ ਧੋਣ ਅਨੁਸਾਰ ਲਹਿਰਾਂਦੀ ਫਸਲ ਤਬਾਹ ਹੋ ਗਈ। ਉਹ ਰੋਂਦਾ ਕੁਰਲਾਂਦਾ ਨਗਰ ਦੇ ਮੁਖੀ ਕੋਲ ਜਾ ਪਹੁੰਚਾ ਅਤੇ ਦੁਹਾਈ ਪਾਉਣੀ ਸ਼ੁਰੂ ਕਰ ਦਿੱਤੀ। ਮੁਖੀ ਨੇ ਲੜਕਪਣ ਵਿਚ ਪੈਰ ਰੱਖ ਰਹੇ ਨਾਨਕ ਨੂੰ ਬੁਲਾ ਭੇਜਿਆ ਤੇ ਫਸਲ ਦੇ ਉਜਾੜੇ ਬਾਰੇ ਪੁੱਛਿਆ। ਨਾਨਕ ਨੇ ਦਾਅਵਾ ਕੀਤਾ ਕਿ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਵਾਪਰਿਆ। ਮੁਖੀ ਨੇ ਮੌਕੇ 'ਤੇ ਜਾ ਕੇ ਕੁਲ ਦ੍ਰਿਸ਼ ਦਾ ਜਾਇਜ਼ਾ ਲੈਣਾ ਯੋਗ ਸਮਝਿਆ।

ਜਾਇਜ਼ਾ ਲੈਣ ਤੇ ਪਤਾ ਚਲਿਆ ਕਿ ਫਸਲ ਤਾਂ ਪਹਿਲਾਂ ਨਾਲੋਂ ਵਧੇਰੇ ਲਸ਼-ਲਸ਼ ਕਰ ਰਹੀ ਸੀ। ਕੀ ਇਹ ਕਿਸੇ ਕਰਾਮਾਤ ਕਾਰਨ ਸੀ? ਸਾਖੀ ਵਿਚ ਤਾਂ ਇਹੋ ਮੰਨਿਆ ਗਿਆ, ਪ੍ਰੰਤੂ ਅਜੋਕੇ ਸੰਦਰਭ ਵਿਚ ਵਧੇਰੇ ਮਹੱਤਵ ਇਸਦਾ ਹੋਰ ਹੈ। ਉਹ ਹੈ ਪਰਵਾਨ ਚੜ੍ਹ ਰਹੇ ਨਾਨਕ ਦਾ ਪਸ਼ੂਆਂ ਨਾਲ ਵਤੀਰਾ ਅਤੇ ਪਸ਼ੂ-ਜਗਤ ਵੱਲ ਉਸਦਾ ਝੁਕਾਅ ਜੋ ਨਾ ਪਸ਼ੂ-ਪੂਜਾ ਅਤੇ ਨਾ ਪਸ਼ੂ-ਹੱਤਿਆ

ਵਿਚ ਆਸਥਾ ਰੱਖਦਾ ਸੀ। ਜਿਸ ਪ੍ਰਕਾਰ ਮਾਨਵ-ਹਿਤਕਾਰੀ ਹੋ ਨਿਬੜਨਾ ਲਖਸ਼ ਸੀ, ਇਸ ਦੇ ਘੇਰੇ ਵਿਚ ਹੀ ਪਸ਼ੂਆਂ ਨੂੰ ਲੈ ਆਉਣਾ ਉਨ੍ਹਾਂ ਲਈ ਸੁਭਾਵਕ ਬਣ ਰਿਹਾ ਸੀ। ਇਸ ਨਾਲ ਪਸ਼ੂ-ਪੂਜਾ ਅਤੇ ਨਾ ਪਸ਼ੂ-ਹੱਤਿਆ ਵਿਚ ਆਸਥਾ ਰੱਖਦਾ ਸੀ। ਜਿਸ ਪ੍ਰਕਾਰ ਮਾਨਵ-ਹਿਤਕਾਰੀ ਹੋ ਨਿਬੜਨਾ ਲਖਸ਼ ਸੀ, ਇਸ ਦੇ ਘੇਰੇ ਵਿਚ ਹੀ ਪਸ਼ੂਆਂ ਨੂੰ ਲੈ ਆਉਣਾ ਉਨ੍ਹਾਂ ਲਈ ਸੁਭਾਵਕ ਬਣ ਰਿਹਾ ਸੀ। ਇਸ ਨਾਲ ਪਸ਼ੂ-ਪੂਜਾ ਜਾਂ ਪਸ਼ੂ-ਹੱਤਿਆ ਦਾ ਕੋਈ ਸੰਬੰਧ ਨਹੀਂ ਸੀ ਬਣਦਾ। ਵਿਸਥਾਰ ਲਈ ਰਾਗ ਆਸਾ ਵਿਚ ਰਚੀ ਗਈ ਗੁਰੂ ਸਾਹਿਬ ਦੀ ਬਾਣੀ ਨੂੰ ਲਿਆ ਜਾ ਸਕਦਾ ਹੈ। ਇਸ ਵਿਚ ਪਸ਼ੂਆਂ, ਉਹ ਵੀ ਹਿਰਨ, ਘੋੜਾ ਅਤੇ ਗਾਂ ਆਦਿ ਕੁਝ ਦਾ ਬਹੁਤ ਹੀ ਸੰਕੇਤਕ ਵਰਨਣ ਹੈ। ਆਪਣੇ ਆਪ ਵਿਚ ਉਹਨਾਂ ਦਾ ਉਹ ਮਹੱਤਵ ਨਹੀਂ ਜੋ ਮਾਨਵ ਜਾਤੀ ਦੇ ਪ੍ਰਸੰਗ ਵਿਚ ਉਨ੍ਹਾਂ ਪ੍ਰਵਿਰਤੀਆਂ ਨੂੰ ਪੇਸ਼ ਕਰਨ ਵਿਚ ਹੈ ਜੋ ਮਾਨਵ-ਜਾਤੀ ਦੇ ਪ੍ਰਤੀਨਿਧਾਂ ਦੇ ਹਿੱਸੇ ਆਉਂਦਾ ਹੈ। ਸੁਭਾਵਕ ਹੀ ਜੇ ਕਿਸੇ ਪਸ਼ੂ ਦਾ ਤ੍ਰਿਸਕਾਰ ਹੁੰਦਾ ਹੈ ਜਾਂ ਉਸਨੂੰ ਵਡਿਆਇਆ ਜਾਂਦਾ ਹੈ ਤਾਂ ਇਸ ਕਾਰਨ ਕਿ ਮਰਦਾਂ-ਔਰਤਾਂ ਦੀਆਂ ਪ੍ਰਵਿਰਤੀਆਂ ਨਾਲ ਉਹਨਾਂ ਦਾ ਨਾਤਾ ਜੁੜਦਾ ਹੈ। ਇਸ ਆਧਾਰ 'ਤੇ ਗੁਰੂ ਨਾਨਕ ਦਾ ਪਸ਼ੂਆਂ ਪ੍ਰਤੀ ਦ੍ਰਿਸ਼ਟੀਕੋਣ ਹਿਤਕਾਰੀ ਹੋਣ ਦਾ ਸਪੱਸ਼ਟ ਪ੍ਰਮਾਣ ਪੇਸ਼ ਕਰਦਾ ਹੈ।

ਪੂਜਾ ਅਤੇ ਹੱਤਿਆ ਤੋਂ ਪਾਰ ਪਸ਼ੂ-ਜਗਤ ਬਾਰੇ ਦ੍ਰਿਸ਼ਟੀਗੋਚਰ ਹੋਇਆ ਵਿਹਾਰ ਲੜਕਪਣ ਵਿਚ ਵਿਚਰਦੇ ਨਾਨਕ ਦੇ ਜੀਵਨ-ਅਨੁਭਵ ਲਈ ਨਵਾਂ-ਦੁਆਰ ਖੋਲ੍ਹ ਦਿੰਦਾ ਹੈ। ਸੱਚਾ ਸੌਦਾ ਵਾਲੀ ਘਟਨਾ ਇਸਨੂੰ ਸਹਿਕ ਸਕੰਦੜਾ ਰੂਪ ਬਖਸ਼ ਦਿੰਦੀ ਹੈ। ਇਹ ਸੀ ਉਹਨਾਂ ਪ੍ਰਾਣੀਆਂ ਨਾਲ ਕਿਵੇਂ ਪੇਸ਼ ਆਇਆ ਜਾਵੇ ਜੋ ਸਮਾਜਕ ਵਰਤਾਰੇ ਤੋਂ ਅਲੱਗ ਥਲੱਗ ਹੋ ਕੇ ਖੋਖਲੇ ਆਦਰਸ਼ ਪਾਲਣ ਦਾ ਦਾਅਵਾ ਕਰਦੇ ਸਨ ਪਰ ਤਨ ਢਕਣ ਲਈ ਬਸਤਰ ਅਤੇ ਅਰੋਗ ਰਹਿਣ ਲਈ ਖਾਣ ਪੀਣ ਦਾ ਆਹੁਰ ਵੀ ਨਹੀਂ ਕਰ ਸਕਦੇ ਸਨ। ਅਜਿਹੇ ਸੌਦੇ ਦਾ ਜੁਗਾੜ ਕਰਨ ਦੀ ਥਾਂ ਜੋ ਉਸਦੇ ਬਾਪ ਨੂੰ ਧਰਵਾਸ ਦਿਵਾ ਸਕਦਾ ਕਿ ਜਵਾਨ ਹੋ ਰਿਹਾ ਉਸਦਾ ਪੁੱਤਰ ਦੁਨੀਆਦਾਰੀ ਦੇ ਮੇਚ ਦਾ ਹੋਣ ਲੱਗ ਪਿਆ ਸੀ, ਉਹ ਨਿਤਾਣੇ ਸਾਧੂਆਂ ਨੂੰ ਇਹ ਦਰਸਾਣ 'ਤੇ ਤੁਲ ਗਿਆ ਕਿ ਪਏ ਉਹ ਆਪਣਾ ਧਿਆਨ ਨਾ ਰੱਖ ਸਕਦੇ ਹੋਣ, ਮਾਨਵ-ਹਿਤੈਸ਼ੀ ਹੋਣ ਦੇ ਨਾਤੇ ਉਹ ਤਾਂ ਇਹ ਚੁਣੌਤੀ ਕਬੂਲ ਕਰਨ ਲਈ ਤਿਆਰ ਸੀ। ਤਸੱਵਰ ਵਿਚ ਆਉਂਦਾ ਹੈ ਕਿ ਜਵਾਨੀ ਵਿਚ ਦਾਖਲ ਹੋ ਰਹੇ ਨਾਨਕ ਲਈ ਇਸ ਘਟਨਾ ਦਾ ਨਾਟਕੀ ਮਹੱਤਵ ਸੀ। ਹੁਣ ਤਕ ਕਾਵਿਕ ਅੰਦਾਜ਼ ਵਾਲੇ ਹਾਵ-ਭਾਵ ਸਨ ਜਿਨ੍ਹਾਂ ਦਾ ਉਸਦੇ ਜੀਵਨ-ਅਨੁਭਵ ਵਿਚ ਸਗਵਾਂ ਸਥਾਨ ਰਿਹਾ ਸੀ। ਇਸ ਪੜਾਅ 'ਤੇ ਨਾਟਕੀ ਅੰਦਾਜ਼ ਦਾ ਦਾਖਲਾ ਨੁਮਾਇਆ ਹੋਣ ਲੱਗ ਪੈਂਦਾ ਹੈ ਜੋ ਭਵਿੱਖ ਵਿਚ ਮਹਾਂ ਕਾਵਿਕ ਪਾਸਾਰ ਗ੍ਰਹਿਣ ਕਰਦਾ ਚਲਾ ਜਾਵੇਗਾ।

(ੳ)

ਮੋਦੀਖਾਨੇ ਵਿਚਲਾ ਵਿਹਾਰ ਤਾਂ ਇਸ ਪਰਿਵਰਤਨ ਦਾ ਆਰੰਭ ਹੀ ਸੀ। ਇਤਿਹਾਸਕਾਰਾਂ ਦਾ ਮੱਤ ਹੈ ਕਿ ਬਚਪਨ ਵਿਚ ਬਾਲਕ ਨਾਨਕ ਨੇ ਵਿੱਦਿਆਲੇ ਪ੍ਰਤੀ ਜ਼ਰੂਰ ਅਸੰਤੋਸ਼ ਪ੍ਰਗਟ ਕੀਤਾ ਸੀ। ਵਾਸਤਵ ਵਿਚ ਉਹ ਪ੍ਰਵੀਨਤਾ ਵੀ ਗੁਰੂ ਸਾਹਿਬ ਦੇ ਹਿੱਸੇ ਆ ਗਈ ਸੀ, ਜਿਸਦੀ ਉਹਨਾਂ ਸਥਾਨਾਂ 'ਤੇ ਸਿੱਖਿਆ ਦਿੱਤੀ ਜਾਂਦੀ ਸੀ। ਉਹਨਾਂ ਦਾ ਦਾਅਵਾ ਹੈ ਕਿ ਮੋਦੀਖਾਨੇ ਵਿਚ ਆਸਾਮੀ ਦਾ ਮਿਲਣਾ ਗੁਰੂ ਸਾਹਿਬ ਦੇ ਬਹਿਨੋਈ ਦੇ ਰਸੂਖ ਦਾ ਨਤੀਜਾ ਸੀ। ਵਾਸਤਵ ਵਿਚ ਇਹੋ ਹੀ ਭਰਪੂਰ ਜ਼ਿੰਮੇਵਾਰੀ ਵਾਲੀ ਉਪਾਧੀ ਮਿਲਣ ਦਾ ਕਾਰਨ ਨਹੀਂ ਸੀ। ਇਸ ਨੂੰ ਬਲ ਦੇਣ ਵਾਲਾ ਤੱਤ ਇਹ ਵੀ ਸੀ ਕਿ ਉਪਰੋਕਤ ਵਿਦਿਆਲਿਆਂ ਵਿਚ ਜੋ ਸਿੱਖਿਆ ਦਿੱਤੀ ਜਾਂਦੀ ਸੀ, ਉਸਦੀ ਪ੍ਰਵੀਨਤਾ ਵੀ ਗੁਰੂ ਸਾਹਿਬ ਨੇ ਹਾਸਿਲ ਕਰ ਲਈ ਸੀ। ਜੇ ਇਹ ਸੱਚ ਸੀ ਤਾਂ ਲੋੜਵੰਦਾਂ ਨੂੰ ਉਦਾਰ ਚਿੱਤ ਹੋ ਕੇ ਸਮੱਗਰੀ ਵੰਡਣਾ ਉਪਰੋਕਤ ਸਿੱਖਿਆ ਦੇ ਉਪਯੋਗੀ ਸੁਭਾਅ ਨਾਲ ਮੇਲ ਹੀ ਨਹੀਂ ਸੀ ਖਾਂਦਾ, ਉਸਦੀਆਂ ਵਲਗਣਾਂ ਤੋਂ ਇਹ ਪਾਰ ਜਾਂਦਾ ਸੀ। ਕਬੀਲਦਾਰ ਹੋ ਚੁੱਕੇ ਨਾਨਕ ਲਈ ਇਹ ਅਵਸਰ



ਵੀ ਸੀ ਤੇ ਵੰਗਾਰ ਵੀ ਸੰਸਾਰ ਨੂੰ ਦੇਖਣ ਅਤੇ ਮਾਨਵ-ਹਿਤੈਸ਼ੀ ਰਾਹ 'ਤੇ ਲਿਆਉਣ ਦੀ, ਜਿਸ ਨੂੰ ਕਾਵਿਕ ਸਮੇਤ ਨਾਟਕੀ ਢੰਗ ਨਾਲ ਗੁਰੂ ਨਾਨਕ ਨੇ ਕਬੂਲ ਕਰਨ ਵਿਚ ਕੋਈ ਢਿੱਲ ਨਾ ਦਿਖਾਈ।

ਏਥੋਂ ਉਦਾਸੀਆਂ ਦਾ ਉਹ ਚੱਕਰ ਚਲਿਆ ਜਿਨ੍ਹਾਂ ਨੇ ਗੁਰੂ ਨਾਨਕ ਦੇ ਕਰਤਵ ਨੂੰ, ਭਾਈ ਗੁਰਦਾਸ ਦੇ ਕਹਿਣ ਅਨੁਸਾਰ ਬ੍ਰਹਿਮੰਡੀ ਆਕਾਰ ਪ੍ਰਦਾਨ ਕਰ ਦਿੱਤਾ:

*ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜਗਿ ਚਾਨਣ ਹੋਆ।*
*ਜਿਉਂ ਕਹਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ।*

ਇਸ ਤਰ੍ਹਾਂ ਦਾ ਬ੍ਰਹਿਮੰਡੀ ਆਕਾਰ ਗ੍ਰਹਿਣ ਕਰ ਕੇ ਗੁਰੂ ਨਾਨਕ ਜਨਤਾ ਨੂੰ ਜਾਗ੍ਰਿਤ ਕਰਨ ਦੀ ਮੁਹਿੰਮ 'ਤੇ ਚੜ੍ਹਿਆ ਸੀ ਕਿਉਂ ਜੋ ਹਰੇਕ ਦਿਸ਼ਾ ਵਿਚ ਕੂੜ ਪਸਰਿਆ ਹੋਇਆ ਸੀ। ਸਿੱਧ ਆਦਿ ਜਿਨ੍ਹਾਂ ਜਗਤ ਦਾ ਉਦਾਰ ਕਰਨ ਦੀ ਡੀਂਗ ਮਾਰ ਰੱਖੀ ਸੀ, ਪਰਬਤੀਂ ਜਾ ਛੁਪੇ ਸਨ। ਇਸੇ ਤਰ੍ਹਾਂ ਜੋਗੀ ਜੋ ਆਪਣੇ-ਆਪ ਨੂੰ ਗਿਆਨ ਦੇ ਭੰਡਾਰ ਕਹਿੰਦੇ ਸਨ, ਪਤਾ ਨਹੀਂ ਕਿੱਥੇ ਛਾਈਂ ਮਾਈਂ ਹੋ ਗਏ ਸਨ। ਸਫਰ ਦੇ ਆਗਾਜ਼ ਵੇਲੇ ਤਾਂ ਅਕਾਲ ਰੂਪ ਗੁਰੂ ਨਾਨਕ ਦੇ ਨਾਲ ਕੇਵਲ ਰਬਾਬੀ ਮਰਦਾਨਾ ਹੀ ਸੀ। ਜਿਉਂ-ਜਿਉਂ ਉਨ੍ਹਾਂ ਦਾ ਸਫਰ ਲੰਮਾ ਹੁੰਦਾ ਗਿਆ, ਜਨਤਾ ਵਿਚ ਜਾਗ੍ਰਿਤੀ ਆਉਂਦੀ ਗਈ। ਧਰਮਸ਼ਾਲਾ ਉਸਰਦੀਆਂ ਗਈਆਂ ਅਤੇ ਕੀਰਤਨ ਦਾ ਵਹਾ ਬਲ ਪਕੜਦਾ ਗਿਆ।

ਭਾਈ ਗੁਰਦਾਸ ਦੇ ਇਸ ਵਰਨਣ ਤੋਂ ਭੁਲੇਖਾ ਨਹੀਂ ਪੈਣਾ ਚਾਹੀਦਾ ਕਿ ਜਾਗ੍ਰਿਤੀ ਦਾ ਪਾਸਾਰ ਕਰਨ ਲਈ ਹੀ ਗੁਰੂ ਨਾਨਕ ਨੇ ਸਾਖੀਆਂ ਵਿਚ ਪ੍ਰਚੱਲਤ ਉਦਾਸੀ ਦਾ ਰਾਹ ਚੁਣਿਆ ਸੀ। ਜਿਸ ਤੋਂ ਪ੍ਰਭਾਵ ਜਾ ਸਕਦਾ ਹੈ ਕਿ ਉਚਾਰ ਹੀ ਇਕੋ ਇਕ ਮਾਧਿਅਮ ਸੀ, ਜਿਸ ਰਾਹੀਂ ਗੁਰੂ ਨਾਨਕ ਨੇ ਜਨਤਾ ਨਾਲ ਰਾਬਤਾ ਬਣਾਇਆ। ਕੀ ਸੁਲਤਾਨਪੁਰ ਰਹਿੰਦਿਆਂ ਉਨ੍ਹਾਂ ਨੂੰ ਜੋ ਗਿਆਨ ਹੋਇਆ ਸੀ, ਉਸੇ ਨੂੰ ਪ੍ਰਚਾਰਨ ਲਈ ਉਹ ਲੰਮੇ ਸਫਰ 'ਤੇ ਨਿਕਲੇ ਸਨ। ਇਸ ਦਾ ਸਾਰ ਇਹ ਹੋ ਨਿਬੜਦਾ ਹੈ ਕਿ ਆਪਣੀ ਅਨੁਭੂਤੀ ਰਾਹੀਂ ਗੁਰੂ ਸਾਹਿਬ ਨੇ ਭਿੰਨ ਪ੍ਰਕਾਰ ਦਾ ਗਿਆਨ ਗ੍ਰਹਿਣ ਕਰ ਲਿਆ ਸੀ, ਉਹ ਅਨੰਤ ਕਾਲ ਤੋਂ ਚਲੇ ਆ ਰਹੇ ਪੂਜਾ-ਪਾਠ ਅਤੇ ਕਰਮ-ਕਾਂਡ ਦੇ ਵਿਰੁੱਧ ਜਾਂਦਾ ਸੀ। ਗੂੜ੍ਹ ਗਿਆਨ ਦੇ ਪਰਦੇ ਹੇਠ ਪਸਰੇ, ਜਨਤਾ ਨੂੰ ਭਰਮ ਭੁਲੇਖਿਆਂ ਵਿਚ ਉਲਝਾਈ ਰੱਖਣ ਵਾਲੇ ਇਸ ਕੁੱਲ ਵਰਤਾਰੇ ਦਾ ਉਹ ਅੰਤ ਚਾਹੁੰਦੇ ਸਨ। ਨਿਸਚੇ ਹੀ ਉਦਾਸੀਆਂ ਦੀ ਵਿਉਂਤ ਘੜਨ ਸਮੇਂ ਇਹ ਨਿਰਣਾ ਉਨ੍ਹਾਂ ਦੇ ਧੁਰ ਅੰਦਰ ਵਿਗਸਿਆ ਹੋਵੇਗਾ। ਇਸ ਤੋਂ ਇਹ ਭਾਵ ਨਹੀਂ ਲੈਣਾ ਬਣਦਾ ਕਿ ਜੋ ਉਨ੍ਹਾਂ ਦੇ ਮਨ-ਮਸਤਕ 'ਤੇ ਉਕਰ ਆਇਆ ਸੀ, ਉਸੇ ਅਨੁਸਾਰ ਲੋਕਾਈ ਨੂੰ ਪ੍ਰੇਰਨ ਤਕ ਉਨ੍ਹਾਂ ਸਬਰ ਕਰ ਲੈਣਾ ਸੀ। ਅੱਜੋਕੀ ਸ਼ਬਦਾਵਲੀ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਕਿ ਜਿਸ ਵਿਚਾਰਧਾਰਾ ਦਾ ਸੂਤਰ ਉਨ੍ਹਾਂ ਦੇ ਪ੍ਰਾਕਰਮ ਵਿਚ ਵਿਚਰਦਾ ਪ੍ਰਤੀਤ ਹੁੰਦਾ ਸੀ ਉਸੇ ਦੀਆਂ ਸੀਮਾਵਾਂ ਦੇ ਅੰਤਰਗਤ ਵਿਚਰਨ ਦਾ ਨਿਰਣਾ ਇਸ ਨੂੰ ਸੀਮਾਬੱਧ ਨਹੀਂ ਸੀ ਕਰ ਸਕਦਾ।ਜੋ ਗ੍ਰਹਿਣ ਹੋ ਚੁੱਕਾ ਸੀ, ਉਹ ਵਿਧਾਨ ਵਿਧਾਨ ਬਣ ਕੇ ਉਨ੍ਹਾਂ ਦੀ ਕਾਰਜ-ਸ਼ੈਲੀ 'ਤੇ ਭਾਰੂ ਨਹੀਂ ਸੀ ਬਣ ਸਕਦਾ। ਕਾਰਨ ਇਸਦਾ ਇਹ ਸੀ ਕਿ ਜਿਸ ਵੀ ਅਚਨਚੇਤ, ਅਪਾਤਕਾਲੀ ਜਾਂ ਅਚਾਨਕ ਵਾਪਰਨ ਵਾਲੇ ਨੇ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਟੁੰਬਣਾ ਸੀ, ਉਸ ਨਾਲ ਵਾਸਤਾ ਦਰਸਾਣਾ ਵੀ ਉਨ੍ਹਾਂ ਲਈ ਅਨਿਵਾਰੀ ਹੋ ਜਾਣਾ ਸੀ। ਜੋ ਸੁਣਨ ਸ਼ਕਤੀ ਦੀ ਅਲਾਮਤ ਸੀ, ਉਸੇ ਤਕ ਹੀ ਉਨ੍ਹਾਂ ਆਪਣੇ-ਆਪ ਨੂੰ ਸੀਮਤ ਨਹੀਂ ਕਰ ਲੈਣਾ ਸੀ। ਜਿਸ ਨੇ ਉਨ੍ਹਾਂ ਦੀ ਦੇਖਣ ਸ਼ਕਤੀ ਨੂੰ ਟੁੰਬਣ ਦੀ ਵਿਲੱਖਣਤਾ ਦਾ ਧਾਰਨੀ ਹੋ ਸਕਣਾ ਸੀ, ਉਸ ਨਾਲ ਨਿਭਣ ਦਾ ਵੀ ਉਨ੍ਹਾਂ ਨਿਰਣਾ ਕਰ ਲੈਣਾ ਸੀ। ਭਾਈ ਗੁਰਦਾਸ ਦੀ ਇਕ ਹੋਰ ਵਾਰ ਵਿਚ ਇਸ ਬਾਰੇ ਸੰਕੇਤ ਇਸ ਪ੍ਰਕਾਰ ਪੇਸ਼ ਹੈ:

*ਬਾਬੇ ਕਹਿਆ ਨਾਥ ਜੀ ਸੱਚ ਚੰਦ੍ਰਮਾ ਕੂੜ ਅੰਧਾਰਾ।*
*ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜ੍ਹਿਆ ਸੰਸਾਰਾ।*

ਗੁਰੂ ਨਾਨਕ ਦੇ ਆਪਣੇ ਕਥਨ ਵਿਚ ਇਸ ਦਾ ਸਾਰ ਵਧੇਰੇ ਤੀਬਰਤਾ ਅਤੇ ਪ੍ਰਬਲਤਾ ਨਾਲ

ਲਬਰੇਜ਼ ਅਨੁਭਵ ਹੋਣ ਲੱਗ ਪੈਂਦਾ ਹੈ। ਗੁਰੂ ਸਾਹਿਬ ਦਾ ਕਥਨ ਇਸ ਪ੍ਰਕਾਰ ਹੈ:

*ਅਖੀਂ ਪਰਣੈਂ ਜੇ ਫਿਰਾਂ ਦੇਖਾਂ ਸਭ ਆਕਾਰ॥*

ਜਦੋਂ ਕਿਸੇ ਪ੍ਰਯੋਜਨ ਵਿਚ ਇਸ ਤਰ੍ਹਾਂ ਗਤੀਮਾਨ ਬਣੇ ਰਹਿਣ ਦੀ ਸਮਰੱਥਾ ਆ ਸਮਾਏ ਤਾਂ ਉਸਨੂੰ ਪੂਰਵ-ਨਿਸ਼ਚਿਤ ਵਿਧੀ ਅਨੁਸਾਰ ਨੇਪਰੇ ਚਾੜ੍ਹਨਾ ਅਸੰਭਵ ਨਹੀਂ ਤਾਂ ਦੁਰਗਮ ਜ਼ਰੂਰ ਹੋ ਜਾਂਦਾ ਹੈ। ਕਈ ਵਾਰੀ ਤਾਂ ਨੌਬਤ ਇਹ ਆ ਬਣਦੀ ਹੈ ਕਿ ਵਿਧੀ ਦਾ ਅਨੋਖਾ ਹੋਣਾ ਪ੍ਰਥਮ ਮਹੱਤਵ ਦਾ ਧਾਰਨੀ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਦਾ ਇਹ ਕਮਾਲ ਹੀ ਸਮਝੋ ਕਿ ਉਨ੍ਹਾਂ ਨੂੰ ਆਪਣੀ ਦ੍ਰਿਸ਼ਟੀ ਅਤੇ ਉਸ ਨੂੰ ਸਾਕਾਰ ਕਰਨ ਲਈ ਜੋ ਵਿਧੀ ਲੋੜੀਂਦੀ ਸੀ, ਉਨ੍ਹਾਂ ਵਿਚਕਾਰ ਕਿਸੇ ਘਾਟ ਨੂੰ ਪੂਰਨ ਦੀ ਨੌਬਤ ਕਦੇ ਵੀ ਨਾ ਬਣੀ। ਦੋਨਾਂ ਵਿਚਕਾਰ ਜਿਸ ਸੰਜੋਗ ਦੀ ਲੋੜ ਅਨਿਵਾਰੀ ਸੀ, ਉਹ ਜਿਵੇਂ ਖੁਦ ਚੱਲ ਕੇ ਉਨ੍ਹਾਂ ਦੀ ਦ੍ਰਿਸ਼ਟੀ ਅੱਗੇ ਸਾਕਾਰ ਹੋ ਜਾਂਦੀ ਸੀ। ਵਾਰਾਨਸੀ ਨਜ਼ਦੀਕ ਗੰਗਾ ਦੇ ਕੰਢੇ ਅਨੇਕ ਸ਼ਰਧਾਲੂਆਂ ਦੀ ਹਾਜ਼ਰੀ ਵਿਚ ਸਭ ਰੂੜ੍ਹੀਵਾਦੀ ਧਾਰਮਿਕ ਵਿਸ਼ਵਾਸਾਂ ਦੇ ਉਲਟ ਸੂਰਜ ਦੀ ਥਾਂ ਪੰਜਾਬ ਵੱਲ ਜਲ ਸੁੱਟਣਾ, ਇਸ ਦਾ ਐਸਾ ਪ੍ਰਮਾਣ ਸੀ, ਜਿਸ ਨੇ ਇਕ ਵਾਰ ਤਾਂ ਸੈਂਕੜੇ ਸਾਲਾਂ ਤੋਂ ਪ੍ਰਚਲੱਤ ਪਰਪੰਚ ਨੂੰ ਖੋਖਲਾ ਸਿੱਧ ਕਰ ਦਿੱਤਾ ਸੀ। ਆਪਣੀ ਧਾਰਨਾ ਨੂੰ ਸੱਚ ਸਿੱਧ ਕਰਨ ਲਈ ਜੇ ਗੁਰੂ ਸਾਹਿਬ ਸ਼ਬਦੀ ਵਾਦ-ਵਿਵਾਦ ਵਿਚ ਪੈਂਦੇ ਤਾਂ ਕੱਚੀਆਂ ਪੀਲੀਆਂ ਰਾਵਾਂ ਨੇ ਰੌਲੇ ਰੱਪੇ ਦਾ ਅੰਬਾਰ ਖੜ੍ਹਾ ਕਰ ਦੇਣਾ ਸੀ। ਗੁਰੂ ਸਾਹਿਬ ਦੀ ਨਾਟਕੀ ਅਤੇ ਨਾਲ ਹੀ ਕਾਵਿਕਤਾ ਨੂੰ ਪ੍ਰਣਾਈ ਵਿਧੀ ਨੇ ਸਭ ਨੂੰ ਨਿਰ-ਉਤਰ ਕਰ ਦਿੱਤਾ। ਇਕ ਵਾਰ ਤਾਂ ਭੀੜ ਨੂੰ ਲੱਗਿਆ ਹੋਵੇਗਾ ਕਿ ਕੱਚ ਦਾ ਕਿੰਨਾ ਨਿੱਗਰ ਅਡੰਬਰ ਉਨ੍ਹਾਂ ਦੇ ਬੁੱਧ-ਵਿਵੇਕ 'ਤੇ ਭਾਰੂ ਹੈ। ਇਹ ਵੱਖਰੀ ਗੱਲ ਹੈ ਕਿ ਗੁਰੂ ਸਾਹਿਬ ਵੱਲੋਂ ਪੇਸ਼ ਕੀਤੀ ਦ੍ਰਿਸ਼ਟੀ ਪੂਰੀ ਤਰ੍ਹਾਂ ਪੂਰਵਲੀ ਵਹਿਮ-ਪ੍ਰਸਤੀ ਨੂੰ ਉਖਾੜਦੀ ਨਹੀਂ ਸੀ। ਸਮਾਂ ਬੀਤਣ ਨਾਲ ਇਸ ਵਿਚ ਬਾਹਰੀ ਤਬਦੀਲੀ ਤਾਂ ਆਈ ਹੈ ਪ੍ਰੰਤੂ ਇਸ ਦਾ ਅੰਧ-ਵਿਸ਼ਵਾਸ ਕਾਇਮ ਹੈ। ਸੰਤੋਖ ਵਾਲੀ ਗੱਲ ਇਹ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਲੋਪ ਕਰ ਦੇਣ ਦੇ ਜਿਸ ਸਾਹਸ ਦੀ ਹੁਣ ਵੀ, ਸ਼ਾਇਦ ਪਹਿਲਾਂ ਨਾਲੋਂ ਵਧੇਰੇ ਤੀਖਣ ਲੋੜ ਹੈ, ਉਸ ਦਾ ਸ੍ਰੋਤ ਗੁਰੂ ਸਾਹਿਬ ਵੱਲੋਂ ਦਿਖਾਈ ਵਿਧੀ ਵਿਚ ਸੁਰੱਖਿਅਤ ਹੈ। ਦੂਜੀ ਉਦਾਹਰਨ ਗੁਰੂ ਸਾਹਿਬ ਦੀ ਮੱਕੇ ਦੀ ਯਾਤਰਾ ਨਾਲ ਸੰਬੰਧਤ ਹੈ। ਮੰਨਿਆ ਜਾਂਦਾ ਹੈ ਕਿ ਦਿਨ ਭਰ ਰੱਬ ਦੇ ਘਰ ਵਿਚ ਹਾਜ਼ਰੀ ਭਰ ਕੇ ਰਾਤ ਪੈਣ 'ਤੇ ਉਹ ਕਾਬ੍ਹੇ ਵੱਲ ਪੈਰ ਕਰਕੇ ਲੇਟ ਗਏ। ਪ੍ਰਬੰਧਕਾਂ ਦੀ ਨਜ਼ਰ ਵਿਚ ਇਹ ਘੋਰ ਕਿਸਮ ਦੀ ਅਵੱਗਿਆ ਸੀ। ਉਨ੍ਹਾਂ ਦੇ ਮੁਖੀ ਗੁਰੂ ਸਾਹਿਬ ਨੂੰ ਬੁਰਾ ਭਲਾ ਕਿਹਾ ਅਤੇ ਇਸ ਅਵੱਗਿਆ ਲਈ ਕਸੂਰਵਾਰ ਠਹਿਰਾਇਆ। ਸਹਿਜ ਭਾਵ ਨਾਲ ਗੁਰੂ ਸਾਹਿਬ ਦੇ ਪੈਰ ਘਸੀਟ ਕੇ ਉਸ ਦਿਸ਼ਾ ਵੱਲ ਕਰਨ ਦਾ ਸੁਝਾਅ ਦੇ ਦਿੱਤਾ ਜਿਸ ਵਿਚ ਖੁਦਾ ਦਾ ਮੁਕਾਮ ਨਹੀਂ ਸੀ। ਹਉਮੈ ਨਾਲ ਓਤ-ਪੋਤ ਮੁਖੀ ਨੇ ਗੁਰੂ ਸਾਹਿਬ ਦੇ ਪੈਰਾਂ ਨੂੰ ਕਾਬ੍ਹੇ ਤੋਂ ਉਲਟ ਦਿਸ਼ਾ ਵੱਲ ਘੁਮਾ ਦਿੱਤਾ। ਇਸ ਤਰ੍ਹਾਂ ਕਰਨ ਦੀ ਦੇਰ ਸੀ ਕਿ ਕਾਬ੍ਹਾ ਉਸੇ ਪਾਸੇ ਘੁੰਮ ਗਿਆ। ਉਸ ਨੇ ਆਪਣੀ ਹਰਕਤ ਜਾਰੀ ਰੱਖੀ ਪਰ ਕਾਬ੍ਹਾ ਉਸੇ ਪਾਸੇ ਘੁੰਮ ਜਾਂਦਾ ਜਿਸ ਪਾਸੇ ਵੱਲ ਗੁਰੂ ਸਾਹਿਬ ਦੇ ਪੈਰ ਹੁੰਦੇ ਸਨ। ਸਮੇਤ ਉਸਦੇ ਸਭ ਜੋ ਯਾਤਰਾ ਕਰਨ ਆਏ ਸਨ, ਇਸ ਗੱਲ ਤੋਂ ਕਾਇਲ ਹੋ ਗਏ ਕਿ ਕਾਇਨਾਤ ਦੀ ਹਰੇਕ ਦਿਸ਼ਾ ਵਿਚ ਰੱਬ ਦਾ ਵਾਸਾ ਹੈ।

ਅੱਜੋਕੇ ਪੜਾਅ ਤੇ ਮੱਧ ਏਸ਼ੀਆ ਜਿਸ ਦੇ ਦੱਖਣੀ ਅਰਬ ਨਾਮੀਂ ਮੁਲਕ ਵਿਚ ਮੱਕੇ ਦੀ ਮੁੱਖ ਮਸਜਿਦ ਵਿਚ ਕਾਬ੍ਹਾ ਅਜੇ ਵੀ ਸਥਿਤ ਹੈ, ਲੋਕਾਂ ਦੇ ਸਮੂਹ ਜ਼ਿਆਰਤ ਲਈ ਜਾਂਦੇ ਹਨ। ਉਦਾਲੇ ਦੇ ਮੁਲਕਾਂ ਵਿਚ ਘਮਸਾਨ ਦੇ ਯੁੱਧ ਹੋ ਰਹੇ ਹਨ, ਜਿਨ੍ਹਾਂ ਵਿਚ ਦੱਖਣੀ ਅਰਬ ਮੁੱਖ ਕਰਤਵ ਨਿਭਾਅ ਰਿਹਾ ਹੈ। ਸੁੰਨੀ, ਸ਼ੀਆ ਫਿਰਕਿਆਂ ਵਿਚਕਾਰ ਵੈਰ ਵਿਰੋਧ, ਜੋ ਸਦੀਆਂ ਤੋਂ ਚਲਿਆ ਆ ਰਿਹਾ ਸੀ, ਉਸ ਨੂੰ ਆਮ ਜਨਤਾ ਲਈ ਦੋਜ਼ਖ ਸਿੱਧ ਕਰਕੇ, ਪੂੰਜੀਵਾਦੀ ਦੇਸ਼ ਆਪੋ-ਆਪਣੇ ਰਾਜਸੀ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੇ ਦਾਅਵੇ ਕਰ ਰਹੇ ਹਨ। ਧਾਰਮਿਕ ਕੱਟੜਤਾ ਨੇ ਇਉਂ ਕੁੱਲ ਖੇਤਰ



ਨੂੰ ਆਪਣੀ ਲਪੇਟ ਵਿਚ ਲਿਆ ਹੋਵੇ ਜਿਵੇਂ ਕਾਬ੍ਹਾ ਇਕ ਧਿਰ ਦਾ ਹੀ ਹੋਵੇ ਅਤੇ ਦੂਜੀ ਧਿਰ ਦਾ ਉਸ ਨਾਲ ਕੋਈ ਵਾਸਤਾ ਹੀ ਨਾ ਹੋਵੇ। ਇਸ ਕੁੱਲ ਗੁਭ ਗੁਭਾਵ ਵਿਚ ਗੁਰੂ ਨਾਨਕ ਦੇਵ ਦਾ ਸੰਦੇਸ਼ ਉਸ ਤਾਰੇ ਵਾਂਗ ਮੱਧਮ ਜਿਹੀ ਲੋਅ ਛੱਡਦਾ ਅਨੁਭਵ ਹੁੰਦਾ ਜਿਸ ਦੇ ਪਿਛੋਕੜ ਵਿਚੋਂ ਆਕਾਸ਼ ਜੇ ਪੂਰੀ ਤਰ੍ਹਾਂ ਲੋਪ ਨਹੀਂ ਤਾਂ ਬੜੀ ਤੇਜ਼ੀ ਨਾਲ ਲੋਪ ਹੋ ਰਿਹਾ ਹੈ। ਇਸ ਦੇ ਬਾਵਜੂਦ ਜੇ ਟਿਮਕਣ ਤੋਂ ਪਲ ਭਰ ਦੇ ਸਹਿਜ ਦੀ ਕੋਈ ਆਸ ਬੱਝਦੀ ਹੈ ਤਾਂ ਉਸ ਦੀ ਲੋਅ ਦੀ ਹੈ ਜੋ ਗੁਰੂ ਸਾਹਿਬ ਦੇ ਬਚਨਾਂ ਨੇ ਉਸ ਵੇਲੇ ਹਾਜ਼ਰ ਜਨਤਾ ਦੇ ਚਿਹਰਿਆਂ 'ਤੇ ਲਿਆਂਦੀ ਹੋਵੇਗੀ। ਤੀਜੀ ਮਿਸਾਲ ਉਸ ਵੇਲੇ ਦੇ ਪੰਜਾਬ ਦੀ ਲਈ ਜਾ ਸਕਦੀ ਹੈ। ਐਮਨਾਬਾਦ ਨਗਰ ਵਿਚ ਗੁਰੂ ਸਾਹਿਬ ਆਪਣੇ ਅਨਿਨ ਸਿੱਖ ਭਾਈ ਲਾਲੋ ਦੇ ਘਰ ਠਹਿਰੇ ਹੋਏ ਸਨ। ਨਗਰ ਦੇ ਮੁਖੀ ਮਲਿਕ ਭਾਗੋ ਨੇ ਮਹਾਂਭੋਜ ਰੱਖਿਆ, ਜਿੱਥੇ ਵੱਡੀ ਗਿਣਤੀ ਵਿਚ ਸੰਤ-ਸਾਧ, ਕੰਨਪਾਟੇ, ਮਲੰਗ ਬੁਲਾਏ ਹੋਏ ਸਨ। ਗੁਰੂ ਸਾਹਿਬ ਨੂੰ ਵੀ ਸੱਦਾ ਗਿਆ, ਪਰ ਉਨ੍ਹਾਂ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਸ਼ਿਵ ਕੁਮਾਰ ਦੀ ਬੜੀ ਹੀ ਸੁੰਦਰ ਕਵਿਤਾ ਦੇ ਅੰਤ 'ਤੇ ਜਿਵੇਂ ਆਉਂਦਾ ਹੈ: *ਪਰ ਸੱਚਾ ਸਾਧ ਨਾ ਪਰਤਿਆ, ਉਸ ਕੋਧਰਾ ਖਾਧਾ ਮੰਗ।*

ਉਨ੍ਹਾਂ ਜੋ ਕੋਧਰੇ ਦੀ ਰੋਟੀ ਮੰਗੀ, ਉਹ ਭਾਈ ਲਾਲੋ ਦੇ ਘਰੋਂ ਸੀ। ਇਸ ਤੋਂ ਅੱਗੇ ਦੀ ਗੱਲ ਜੋ ਸ਼ਿਵ ਕੁਮਾਰ ਦੀ ਕਵਿਤਾ ਵਿਚ ਨਹੀਂ ਆਉਂਦੀ, ਇਹ ਹੈ ਕਿ ਮਲਿਕ ਭਾਗੋ ਨੇ ਤੈਸ਼ ਵਿਚ ਆ ਕੇ ਹੁਕਮ ਚਾੜ੍ਹ ਦਿੱਤਾ ਕਿ ਗੁਰੂ ਜੀ ਨੂੰ ਜਿਵੇਂ ਵੀ ਹੋ ਸਕੇ, ਉਸ ਦੇ ਹਜ਼ੂਰ ਲਿਆਂਦਾ ਜਾਵੇ। ਗੁਰੂ ਜੀ ਆ ਗਏ ਅਤੇ ਉਨ੍ਹਾਂ ਤੋਂ ਨਾ ਆਉਣ ਦਾ ਜਦ ਕਾਰਨ ਪੁੱਛਿਆ ਗਿਆ ਤਾਂ ਇਕ ਘਟਨਾ ਘਟਾ ਕੇ ਉਨ੍ਹਾਂ ਪਰਤੱਖ ਨੂੰ ਪ੍ਰਮਾਣ ਕੀ ਵਾਲੀ ਗੱਲ ਸੱਚੀ ਸਿੱਧ ਕਰ ਦਿੱਤੀ। ਉਨ੍ਹਾਂ ਇਕ ਹੱਥ ਵਿਚ ਮਲਿਕ ਭਾਗੋ ਦੇ ਮਹਾਂਭੋਜ ਦਾ ਨਮੂਨਾ ਲਿਆ ਅਤੇ ਦੂਜੇ ਹੱਥ ਵਿਚ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਦਾ। ਦੋਨਾਂ ਨੂੰ ਜਦ ਉਨ੍ਹਾਂ ਘੁੱਟਿਆ ਤਾਂ ਭਾਈ ਲਾਲੋ ਦੇ ਘਰ ਦੀ ਰੋਟੀ ਵਿਚ ਦੁੱਧ ਅਤੇ ਮਲਿਕ ਭਾਗੋ ਦੇ ਮਹਾਂਭੋਜ ਦੇ ਨਮੂਨੇ ਵਿਚੋਂ ਲਹੂ ਟਪਕ ਪਿਆ। ਗੱਲ ਦੁੱਧ ਵਾਂਗ ਸਪੱਸ਼ਟ ਹੋ ਗਈ। ਭਾਈ ਲਾਲੋ ਦੀ ਕਿਰਤ ਹਲਾਲ ਦੀ ਸੀ ਜਦਕਿ ਮਲਿਕ ਭਾਗੋ ਦੀ ਕਮਾਈ ਹਰਾਮ ਦੀ ਸੀ। ਪਹਿਲੇ ਦੀ ਕੋਧਰੇ ਦੀ ਰੋਟੀ ਖਾ ਕੇ ਉਸ ਨੇ ਨੇਕ ਕਮਾਈ ਦਾ ਪੱਖ ਪੂਰਿਆ ਸੀ ਅਤੇ ਦੂਜੇ ਦੇ ਮਹਾਂਭੋਜ ਵਿਚ ਹਾਜ਼ਰ ਹੋਣ ਤੋਂ ਨਾਂਹ ਕਰਕੇ ਉਸ ਨੇ ਹਰਾਮ ਦੀ ਲੁੱਟ-ਖਸੁੱਟ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ।

ਵਿਅੰਗ ਦੀ ਗੱਲ ਇਹ ਹੈ ਕਿ ਹਰੇਕ ਧਰਮ ਸਥਾਨ ਤੇ ਗੁਰੂ ਸਾਹਿਬ ਦੇ ਨਿਰਣੇ ਦੀ ਮਹਿਮਾ ਹੁੰਦੀ ਹੈ ਪਰ ਵਿਹਾਰ, ਸਮੇਤ ਧਰਮ ਸਥਾਨਾਂ, ਗੁਰਦੁਆਰਿਆਂ, ਮੰਦਰਾਂ ਅਤੇ ਡੇਰਿਆਂ ਦੇ ਇਸ ਦੇ ਬਿਲਕੁਲ ਉਲਟ ਹੈ। ਸਾਹਿਤ ਵਿਚ ਇਸ ਪ੍ਰਤੱਖਣ ਨੂੰ ਅੱਗੇ ਨਹੀਂ ਤੋਰਿਆ ਗਿਆ, ਭਾਵੇਂ ਇਸ ਖੇਤਰ ਵਿਚ ਗੁਰੂ ਸਾਹਿਬ ਨੂੰ ਸਰਬਉਚ ਸਥਾਨ ਪ੍ਰਾਪਤ ਹੈ। ਕੇਵਲ ਸੰਤ ਸਿੰਘ ਸੇਖੋਂ ਦੇ ਇਕਾਂਗੀ 'ਮਹਾਤਮਾ' ਵਿਚ ਇਹ ਦ੍ਰਿੜ ਕਰਵਾਇਆ ਗਿਆ ਕਿ ਜੇ ਕੋਧਰੇ ਦੀ ਰੋਟੀ ਗੁਰੂ ਸਾਹਿਬ ਨੂੰ, ਭਾਈ ਲਾਲੋ ਦੇ ਬਾਲਕ ਨੂੰ ਭੁੱਖਾ ਰੱਖ ਕੇ ਦਿੱਤੀ ਜਾਂਦੀ ਤਾਂ ਉਹ ਵੀ ਉਨ੍ਹਾਂ ਨੂੰ ਅਨਿਆਂ ਲੱਗਣਾ ਸੀ। ਲਹੂ ਦਾ ਵਗਣਾ ਭਾਵੇਂ ਨਾ ਮਹਿਸੂਸ ਹੁੰਦਾ, ਦੁੱਧ ਦਾ ਟਪਕਣਾ ਅਨੁਭਵ ਨਹੀਂ ਹੋਣਾ ਸੀ।

ਚੌਥੀ ਮਿਸਾਲ ਉੜੀਸਾ ਦੇ ਸ਼ਿਵ ਮੰਦਰ ਦੀ ਲਈ ਜਾ ਸਕਦੀ ਹੈ। ਆਪਣੀ ਉਦਾਸੀ ਦੌਰਾਨ ਜਦ ਗੁਰੂ ਸਾਹਿਬ ਉੱਥੇ ਪਹੁੰਚੇ ਤਾਂ ਆਰਤੀ ਰਸਮ ਨੇਪਰੇ ਚਾੜ੍ਹੀ ਜਾ ਰਹੀ ਸੀ। ਸੁਗੰਧੀਆਂ ਬਖੇਰੀਆਂ ਜਾ ਰਹੀਆਂ ਸਨ, ਦੀਵੇ ਜਗਮਗ ਕਰ ਰਹੇ ਸਨ, ਰੌਸ਼ਨੀਆਂ ਦਾ ਪਾਰਾਵਾਰ ਸੀ। ਦੇਵੀ-ਦੇਵਤਿਆਂ ਦੀ ਅਰਾਧਨਾ ਹੋ ਰਹੀ ਸੀ। ਬਹੁਤ ਹੀ ਅਦਭੁੱਤ ਮਾਹੌਲ ਬਣਿਆ ਹੋਇਆ ਸੀ। ਇਸ ਤੋਂ ਮੰਤਰ-ਮੁਗਧ ਹੋਣ ਦੀ ਥਾਂ ਗੁਰੂ ਸਾਹਿਬ ਨੇ ਆਪਣੀ ਅਦੁੱਤੀ ਰਚਨਾ 'ਆਰਤੀ' ਦਾ ਗਾਇਣ ਉਚਾਰਨ ਆਰੰਭ ਕਰ ਦਿੱਤਾ। ਗਿਆਰਾਂ ਸਤਰਾਂ ਵਿਚ ਸੰਪੰਨ ਹੋਈ ਇਸ ਰਚਨਾ ਵਿਚ ਕੁੱਲ ਕਾਇਨਾਤ ਦਾ ਚਿੱਤਰ ਪ੍ਰਤੱਖ ਹੋ ਜਾਂਦਾ ਹੈ। ਵੱਡੇ ਤੋਂ ਵੱਡੇ ਆਕਾਰ ਨਿੱਕੇ ਤੋਂ ਨਿੱਕੇ ਪਾਸਾਰ ਵਿਚ ਜਿਵੇਂ ਜੀਵੰਤ ਨਜ਼ਰ ਆਉਂਦੇ ਹਨ, ਉਸ ਨੂੰ ਗ੍ਰਹਿਣ ਕਰਕੇ ਮਨ ਸੱਚਮੁੱਚ ਦਾ ਵਿਸਮਾਦ ਅਨੁਭਵ ਕਰਨ ਲੱਗ ਪੈਂਦਾ ਹੈ।

ਕੁਦਰਤ ਦੇ ਰੰਗਾਂ ਅਤੇ ਪੱਤਿਆਂ ਤੋਂ ਚੱਲ ਕੇ ਬਿਰਖਾਂ, ਹਵਾਵਾਂ, ਕੁਦਰਤ ਦੇ ਨਜ਼ਾਰਿਆਂ ਦਾ ਜੋ ਪਾਰਾਵਾਰ ਸਿਰਜ ਹੋ ਜਾਂਦਾ ਹੈ ਉਹ ਪੜ੍ਹਨ-ਸੁਣਨ ਵਾਲੇ ਦੇ ਤਸੱਵੁਰ, ਤਰਕ, ਗਿਆਨ, ਸੁਹਜ ਆਦਿ ਨਾਲ ਨਾਤਾ ਸਿਰਜ ਲੈਂਦਾ ਹੈ। ਇਨ੍ਹਾਂ ਗੁਣਾਂ ਤੋਂ ਪ੍ਰਭਾਵਤ ਹੋ ਕੇ ਰਾਬਿੰਦਰ ਨਾਥ ਟੈਗੋਰ ਨੇ ਇਸ ਦੇ ਸਮਾਨ ਪੇਸ਼ ਕਰਨ ਤੋਂ ਲਾਚਾਰੀ ਪ੍ਰਗਟ ਕੀਤੀ ਸੀ। ਬੜੇ ਹੀ ਸਨਿਮਰ ਸ਼ਬਦਾਂ ਵਿਚ ਉਸ ਨੇ ਮੰਨਿਆ ਸੀ ਕਿ ਇਸ ਤੁਲ ਰਚਨਾ ਪੇਸ਼ ਕਰਨ ਦੀ ਕੋਈ ਤੁਕ ਨਹੀਂ ਸੀ ਬਣਦੀ।

*ਸ੍ਰੀ ਗੁਰੂ ਨਾਨਕ ਚਮਤਕਾਰ* (ਜਿਲਦ-2) ਦੇ ਅੰਤਲੇ ਪੰਨਿਆਂ ਵਿਚ ਭਾਈ ਵੀਰ ਸਿੰਘ ਨੇ 'ਆਰਤੀ' ਦੀ ਤੁਲਨਾ ਹੈਨਰੀ ਬਰਗਸਾਂ (Henry Bergson) ਦੇ ਕਾਲ-ਸਿਧਾਂਤ ਕੀਤੀ ਹੈ। ਬੁੱਧੀ ਦੀ ਖੋਜ ਦਾ ਨਤੀਜਾ ਹੋਣ ਕਾਰਨ, ਸਾਇੰਸ ਦੇ ਸਾਰੇ ਸਿਧਾਂਤ ਭਾਈ ਸਾਹਿਬ ਅਨੁਸਾਰ ਨਿਰੋਲ ਪਦਾਰਥਵਾਦੀ ਹਨ। ਭਾਈ ਸਾਹਿਬ ਦੇ ਵਿਚਾਰ ਵਿਚ ਬਰਗਸਾਂ ਦੀ ਇਹ ਖ਼ੂਬੀ ਹੈ ਕਿ ਉਸ ਨੇ ਤਰਕ ਦੀ ਥਾਂ ਸੁਧਿ (intuition) ਨੂੰ ਕਾਲ ਬਾਰੇ ਖੋਜ ਦਾ ਆਧਾਰ ਮਿਥਿਆ। ਮੁਸ਼ਕਲ ਇਹ ਆ ਬਣਦੀ ਹੈ ਕਿ ਉਹ ਸੁਧਿ ਨੂੰ ਹੋਸ਼ ਤਕ ਘਟਾ ਲੈਂਦਾ ਹੈ ਜੋ ਚੇਤਨਾ (consciousness) ਦਾ ਦੂਜਾ ਨਾਂ ਹੈ। ਬਿਨਾਂ ਕਿਸੇ ਤਰ੍ਹਾਂ ਦੇ ਸੰਕੋਚ ਦੇ ਉਹ ਇਹ ਮੰਨਣ ਲਈ ਤਿਆਰ ਹੈ ਕਿ ਕਮਾਲ ਗੁਰੂ ਸਾਹਿਬ ਦੇ ਹਿੱਸੇ ਆਇਆ। ਉਨ੍ਹਾਂ ਸੁਧਿ ਨੂੰ ਆਧਾਰ ਮਿਥਿਆ ਤੇ ਸਿਦਕ ਰਾਹੀਂ ਇਸ ਨਿਚੋੜ 'ਤੇ ਪਹੁੰਚ ਗਏ ਕਿ ਸੁਧਿ ਜੇ ਸਿਮਰਨ ਦਾ ਰਾਹ ਅਪਣਾ ਲਵੇ ਤਾਂ ਨਾਮ ਤੇ ਨਾਮੀਂ ਮਿਲ ਜਾਂਦੇ ਹਨ ਅਤੇ ਅੰਤਿਮ ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ।

ਦੋਨਾਂ ਹੀ ਪ੍ਰਬੰਧਾਂ ਵਿਚ ਕਾਲ ਦਾ ਅਭਾਵ ਹੈ। ਅਲੰਕਾਰਕ ਰੂਪ ਵਿਚ ਹੀ ਇਹ ਗੌਣ ਪ੍ਰਤੀਤ ਹੁੰਦਾ ਹੈ। ਬਰਗਸਾਂ ਦੇ ਸਿਧਾਂਤ ਵਿਚ ਕਾਇਨਾਤ ਤੋਂ ਨਿਜਾਤ ਪਾ ਕੇ ਇਹ ਅਨੁਭੂਤੀ ਦਾ ਅੰਗ ਬਣ ਜਾਂਦਾ ਹੈ। ਗੁਰੂ ਨਾਨਕ ਦੇਵ ਦੇ ਪ੍ਰਤੱਖਣ ਵਿਚ ਇਸ ਦੀ ਡੋਰ ਅਕਾਲਪੁਰਖ ਕੋਲ ਹੈ, ਜਿਸ ਦੇ ਹੁਕਮ ਵਿਚ ਰਹਿ ਕੇ ਉਸੇ ਦੀ ਨਦਰਿ ਅਧੀਨ ਕਾਇਨਾਤ ਵਿਚ ਇਸ ਦੀ ਤਰੰਗ ਚੱਲਦੀ ਹੈ। ਇਕ ਦੀ ਅੰਤਰਗਾਮੀ ਅਤੇ ਦੂਜੇ ਦੀ ਪਾਰਗਾਮੀ ਦ੍ਰਿਸ਼ਟੀ ਵਿਚ ਵਿਰੋਧ ਕੋਈ ਨਹੀਂ, ਅੰਤਰ ਅਵੱਸ਼ ਹੈ। ਇਸ ਅੰਤਰ ਵੱਲ ਧਿਆਨ ਦਿਵਾਉਣ ਲਈ ਭਾਈ ਸਾਹਿਬ ਨੇ ਬਰਗਸਾਂ ਦੇ ਉਰਵਾਰ ਅਤੇ ਗੁਰੂ ਸਾਹਿਬ ਦੇ ਪਾਰ ਵਿਚਰਨ ਦੀ ਗੱਲ ਕੀਤੀ ਹੈ। ਅੰਤਿਮ ਨਿਰਣੇ ਦਾ ਅਭਿਲਾਖੀ ਇਹ ਦਵੰਦ ਉਸ ਪਲ ਬਣਦਾ ਹੈ ਜਦ ਦੋਨਾਂ ਦ੍ਰਿਸ਼ਟੀਆਂ ਨੂੰ ਆਈਨਸਟਾਈਨ (Einstein) ਦੇ ਸਾਪੇਖਤਾ-ਸਿਧਾਂਤ ਨਾਲ ਮੇਚਣ ਦਾ ਪ੍ਰਯਾਸ ਕੀਤਾ ਜਾਵੇ। ਸਾਪੇਖਤਾ-ਸਿਧਾਂਤ, ਜਿਸ ਨੂੰ ਤਸੱਵੁਰ ਵਿਚ ਲਿਆਉਣ ਲਈ ਕਲਮ ਨੇ ਹੀ ਪ੍ਰਯੋਗਸ਼ਾਲਾ ਦਾ ਕਰਤਵ ਨਿਭਾਇਆ, ਅੰਤਰਗਾਮੀ ਅਤੇ ਪਾਰਗਾਮੀ ਅਵਸਥਾਵਾਂ ਵਿਚਕਾਰ ਕੋਈ ਨਿਖੇੜ ਨਹੀਂ ਕਰਦਾ। ਪਦਾਰਥ ਅਤੇ ਊਰਜਾ ਦੇ ਸੁਮੇਲ ਨੂੰ ਆਧਾਰ ਮਿੱਥਦਾ ਹੈ। ਨਾਲ ਹੀ ਪਰ ਇਹ ਦਾਅਵਾ ਕਰਦਾ ਹੈ ਕਿ ਸੰਗੀਤ ਦੀ ਧੁਨ ਅਨੁਸਾਰ ਬੁੱਧ-ਵਿਵੇਕ ਨੂੰ ਇਸ ਦਾ ਭਰਪੂਰ ਅਹਿਸਾਸ ਹੋ ਸਕਦਾ ਹੈ।

(ਅ)

ਜਗਤ ਜਲੰਦੇ ਨੂੰ ਆਪਣੇ ਚਿੰਤਨ ਅਨੁਸਾਰ ਢਾਲਣ ਦਾ ਗੁਰੂ ਨਾਨਕ ਦੇਵ ਜੋ ਪ੍ਰਯਾਸ ਕੀਤਾ, ਉਸ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਨੂੰ ਸਿੱਖ ਧਰਮ ਦਾ ਬਾਨੀ ਮੰਨਣਾ ਯੋਗ ਹੀ ਨਹੀਂ ਜ਼ਰੂਰੀ ਵੀ ਹੈ। ਪਰ ਉਨ੍ਹਾਂ ਦੇ ਪ੍ਰਾਕ੍ਰਮ ਨੂੰ ਏਥੋਂ ਤਕ ਸੀਮਤ ਕਰ ਦੇਣਾ ਵੀ ਠੀਕ ਨਹੀਂ। ਪੰਜਾਬੀ ਭਾਸ਼ਾ ਅਤੇ ਕਾਵਿ ਨੂੰ ਜੋ ਉਨ੍ਹਾਂ ਦੀ ਦੇਣ ਹੈ, ਇਸ ਉਪਾਧੀ ਦੇ ਅੰਤਰਗਤ ਲੋਪ ਹੋ ਕੇ ਰਹਿ ਜਾਂਦਾ ਹੈ। ਜੇ ਇਹ ਕਹਿਣਾ ਰਤਾ ਕੁ ਅਯੋਗ ਹੈ ਤਾਂ ਇਹ ਕਹਿਣਾ ਪੂਰੀ ਤਰ੍ਹਾਂ ਯੋਗ ਹੈ ਕਿ ਇਸ ਦਿਸ਼ਾ ਵਿਚ ਜੋ ਉਨ੍ਹਾਂ ਦੀ ਅਦਭੁੱਤ ਦੇਣ ਹੈ ਉਸ ਦਾ ਸਿੱਖਾਂ ਸਮੇਤ ਪੰਜਾਬ ਵਾਸੀ ਪੂਰਾ ਮੁੱਲ ਨਹੀਂ ਪਾ ਸਕੇ। ਭਾਵੇਂ ਸਿੱਖ ਧਰਮ ਦੀ ਵਿਸ਼ਵ ਭਰ ਵਿਚ ਪਛਾਣ ਬਣੀ ਹੋਈ ਹੈ ਅਤੇ ਉਸ ਦੀ ਨੀਂਹ ਗੁਰੂ ਨਾਨਕ ਦੇਵ ਦੀ ਦ੍ਰਿਸ਼ਟੀ ਹੈ ਪਰ ਪੰਜਾਬੀ ਕਾਵਿ ਅਤੇ ਭਾਸ਼ਾ ਨੂੰ ਉਨ੍ਹਾਂ ਦੀ ਜੋ ਦੇਣ ਹੈ ਉਹ ਦੂਰਵਰਤੀ ਵਧੇਰੇ ਹੈ



ਭਾਵੇਂ ਉਸ ਦੀ ਪਛਾਣ ਨੂੰ ਅਜੇ ਉਡੀਕ ਕਰਨੀ ਪੈ ਰਹੀ ਹੈ।

ਤੇਰ੍ਹਵੀਂ ਸਦੀ ਦੇ ਆਰੰਭ ਵਿਚ ਸ਼ੇਖ ਫਰੀਦ ਦੇ ਸ਼ਲੋਕਾਂ ਨਾਲ ਲਿਖਤੀ ਰੂਪ ਵਿਚ ਪੰਜਾਬੀ ਕਾਵਿ ਦੀ ਨੀਂਹ ਰੱਖੀ ਗਈ, ਉਹ ਮੁਬਾਰਕ ਗੱਲ ਸੀ। ਉਸ ਵੇਲੇ ਤਕ ਲੰਡੇ ਆਦਿ ਵਿਚ ਨਿਤਾ-ਪ੍ਰਤੀ ਰਹਿਣ ਸਹਿਣ ਦਾ ਸੰਖੇਪ ਵੇਰਵਾ ਦਰਜ ਕਰਨ ਦਾ ਰਿਵਾਜ ਸੀ। ਖੜੀ ਬੋਲੀ ਵਿਚ ਸ਼ੇਖ ਫਰਦੀ ਦੇ ਸ਼ਲੋਕ ਜਿਨ੍ਹਾਂ ਵਿਚ ਲਫਜ਼ਾਂ ਦੀ ਗਿਣਤੀ ਅੱਠ ਸੌ ਤੋਂ ਵੱਧ ਨਹੀਂ ਸੀ, ਸ਼ੁਭ ਸ਼ਗਨ ਸਨ, ਭਾਵੇਂ ਉਨ੍ਹਾਂ ਦਾ ਪੂਰਾ ਮੁੱਲ *ਆਦਿ ਗ੍ਰੰਥ* ਵਿਚ ਸ਼ਾਮਲ ਹੋ ਜਾਣ ਨਾਲ ਪਿਆ ਜਿਸ ਦਾ ਆਧਾਰਾ ਗੁਰੂ ਨਾਨਕ ਦੇਵ ਦੀ ਬਾਣੀ ਸੀ ਜੋ ਸਰਲ ਜਿਹੇ ਅਨੁਮਾਨ ਅਨੁਸਾਰ ਵੀਹ ਹਜ਼ਾਰ ਲਫ਼ਜ਼ਾਂ ਨੂੰ ਕਲਾਵੇ ਵਿਚ ਲਏ ਹੋਏ ਸੀ। ਤੱਤ ਸਮਵਿਧੀ ਅਨੁਸਾਰ ਕਾਫੀ ਲਫ਼ਜ਼ ਸੰਸਕ੍ਰਿਤ, ਪਾਲੀ, ਸਿੰਧੀ, ਅਰਬੀ ਅਤੇ ਫ਼ਾਰਸੀ ਤੋਂ ਲਏ ਗਏ। ਵਧੇਰੇ ਗਿਣਤੀ ਉਨ੍ਹਾਂ ਲਫਜ਼ਾਂ ਦੀ ਸੀ, ਜਿਨ੍ਹਾਂ ਦੇ ਉਚਾਰ, ਸ਼ਬਦ-ਜੋੜ ਅਤੇ ਇੱਥੋਂ ਤਕ ਭਾਵ-ਅਰਥ ਵਿਚ ਵੀ ਤਬਦੀਲੀ ਨੂੰ ਯੋਗ ਮੰਨਿਆ ਗਿਆ। ਇਹ ਮੰਨਣ ਵਿਚ ਸੰਕੋਚ ਦੀ ਥਾਂ ਫਿਕਰ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਵਿਚੋਂ ਕਾਫੀ ਸ਼ਬਦ ਸਾਡੀ ਬੋਲਚਾਲ ਵਿਚੋਂ ਕਿਰ ਚੁੱਕੇ ਹਨ। ਜਦੋਂ ਇਸ ਤਰ੍ਹਾਂ ਦਾ ਭਾਣਾ ਵਾਪਰਦਾ ਹੈ ਤਾਂ ਇਸ ਆਧਾਰ 'ਤੇ ਤਸੱਲੀ ਨਹੀਂ ਕਰ ਲੈਣੀ ਚਾਹੀਦੀ ਕਿ ਉਚਾਰ ਦੇ ਅਣਅਨੁਕੂਲ ਹੋਣ ਕਾਰਨ ਉਹ ਸ਼ਬਦ ਲੋਪ ਹੋਏ ਹਨ। ਇਹ ਫਿਕਰ ਕਰਨਾ ਵੀ ਬਣਦਾ ਹੈ ਕਿ ਉਨ੍ਹਾਂ ਲਫਜ਼ਾਂ ਦੇ ਭਾਵ ਅਰਥ ਵੀ ਸਨ ਜੋ ਸਾਡੇ ਸੋਚਣ, ਮਹਿਸੂਸਣ ਆਦਿ ਨੂੰ ਟੁੰਬਦੇ ਸਨ। ਉਨ੍ਹਾਂ ਦੇ ਕਿਰ ਜਾਣ ਨਾਲ ਅਸੀਂ ਨਵੀਨ ਜਾਂ ਆਧੁਨਿਕ ਨਹੀਂ ਬਣ ਗਏ, ਨਵੀਨ ਜਾਂ ਆਧੁਨਿਕ ਦੇ ਭੇਖ ਹੇਠ ਬੌਧਿਕ ਅਤੇ ਭਾਵੁਕ ਤੌਰ 'ਤੇ ਸੁੰਗੜ ਜ਼ਰੂਰ ਗਏ ਹਾਂ।

ਆਪਣੇ ਪ੍ਰਯਤਨ ਨਾਲ ਸਿਰਜੀ ਭਾਸ਼ਾ ਨੂੰ ਗੁਰੂ ਸਾਹਿਬ ਨੇ ਅਜਿਹੀ ਰੰਗਤ ਵਿਚ ਢਾਲਿਆ ਜੋ ਕਾਲ ਅਤੇ ਅਕਾਲ, ਸ੍ਰਿਸ਼ਟੀ, ਕਾਇਨਾਤ ਤੇ ਦੁਨੀਆ, ਇਸ ਵਿਚ ਵਿਚਰਦੇ ਜੀਵਾਂ ਵਿਚਕਾਰ ਸਹਿਜ ਦੀ ਅਭਿਲਾਖੀ ਸੀ। ਪੁਰਾਤਨ ਗ੍ਰੰਥਾਂ ਵਿਚਲੇ ਗਿਆਨ ਭੰਡਾਰ ਅਤੇ ਮਿੱਥਾਂ ਆਦਿ ਵਿਚ ਜੜ੍ਹ-ਵਸਤੂਕਰਨ ਦਾ ਸ਼ਿਕਾਰ ਹੋ ਗਏ ਸਰੋਕਾਰ ਨੂੰ ਅਨੂਠੇ ਰੂਪ ਵਿਚ ਵਿਚਰਦਾ ਦੇਖਣ ਦੇ ਗੁਰੂ ਸਾਹਿਬ ਅਭਿਲਾਖੀ ਸਨ। ਦੇਵੀ-ਦੇਵਤਿਆਂ ਦੀ ਪੂਜਾ ਨੂੰ ਉਹ ਅਜਾਈਂ ਸਮਝਦੇ ਸਨ। ਨਾ ਪਸ਼ੂ-ਪੂਜਾ ਅਤੇ ਨਾ ਪਸ਼ੂ-ਹੱਤਿਆ ਦੇ ਉਹ ਪੱਖ ਵਿਚ ਸਨ। ਪਸ਼ੂ-ਜਗਤ ਸਮੇਤ ਬਨਸਪਤੀ ਦਾ ਜਿਨ੍ਹਾਂ ਮਾਨਵੀ ਉਦਗਾਰਾਂ ਨਾਲ ਸੰਬੰਧ ਜੁੜਦਾ ਸੀ, ਉਨ੍ਹਾਂ ਨੂੰ ਸਮਝਣਾ ਅਤੇ ਸਲਾਹੁਣਾ ਉਨ੍ਹਾਂ ਲਈ ਬਹੁਤ ਮਹੱਤਵ ਰੱਖਦਾ ਸੀ। ਹਰ ਪੱਧਰ 'ਤੇ ਨਿਆਂ ਦਾ ਵਰਤਾਰਾ ਉਨ੍ਹਾਂ ਲਈ ਬੁਨਿਆਦੀ ਮੁੱਲ ਰੱਖਦਾ ਸੀ।

ਇਹ ਸਭ ਸਰੋਕਾਰ ਉਨ੍ਹਾਂ ਦੀ ਬਾਣੀ ਵਿਚ ਨਗੀਨਿਆਂ ਵਾਂਗ ਜੜੇ ਪਏ ਹਨ। ਬਾਣੀ ਦਾ ਮਾਧਿਅਮ ਲਫ਼ਜ਼ ਤਾਂ ਹਨ ਹੀ ਜਿਨ੍ਹਾਂ ਦੇ ਭੰਡਾਰ ਵਿਚ ਉਨ੍ਹਾਂ ਨੂੰ ਕੋਈ ਤੋਟ ਅਨੁਭਵ ਨਹੀਂ ਹੁੰਦੀ। ਭਿੰਨ-ਭਿੰਨ ਰੁਚੀਆਂ ਨੂੰ ਸਾਧਾਰਣੀਕਰਨ ਦੇ ਸਪੁਰਦ ਕਰਨ ਦੀ ਥਾਂ, ਉਨ੍ਹਾਂ ਦੀ ਸਾਂਝ ਦੇ ਨਾਲ ਭਿੰਨਤਾ ਦਰਸਾਣ ਵਿਚ ਉਨ੍ਹਾਂ ਨੂੰ ਕਮਾਲ ਹਾਸਲ ਸੀ।

*ਲਬੁ ਕੁਤਾ, ਕੂੜੁ ਚੂਹੜਾ, ਠਗਿ ਖਾਧਾ ਮੁਰਦਾਰੁ*
*ਪਰਨਿੰਦਾ ਪਰਮਲੁ ਸੁਧੀ, ਅਗਨ ਕ੍ਰੋਧੁ ਚੰਡਾਲੁ॥*

ਸਭ ਨਾਲ ਨਿਆਂ ਕਿਵੇਂ ਕੀਤਾ ਜਾਵੇ, ਉਸ ਦਾ ਉਪਾਅ ਵੀ ਸੁਝਾਣ ਵਿਚ ਦੇਰ ਨਹੀਂ ਸੀ ਹੁੰਦੀ:

*ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।*
*ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ।*
*ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤ ਨ ਪਾਰਾਵਾਰ॥*

ਇਸ ਤਰ੍ਹਾਂ ਵਾਪਰਨਾ ਸੁਭਾਵਕ ਸੀ। ਸਾਖੀਕਾਰਾਂ, ਭਾਈ ਗੁਰਦਾਸ ਅਤੇ ਹੋਰ ਪ੍ਰਸ਼ੰਸਕਾਂ ਦੇ ਉਲਟ ਗੁਰੂ ਨਾਨਕ ਦੇਵ ਨੇ ਆਪਣੇ ਆਪ ਨੂੰ 'ਨਾਨਕ ਸ਼ਾਇਰ ਇਵ ਕਹਿਤ ਹੈ' ਵਜੋਂ ਤਸੱਵੁਰ ਵਿਚ ਲਿਆਂਦਾ ਸੀ। ਇਸ ਦਾ ਵਿਸਥਾਰ ਵੀ ਉਨ੍ਹਾਂ ਕਰਨਾ ਯੋਗ ਸਮਝਿਆ ਸੀ:

*ਧੰਨ ਸੁ ਕਾਗਦੁ ਕਲਮ ਧੰਨ ਭਾਂਡਾ ਧਨ ਮਸੁ।*
*ਧੰਨ ਲੇਖਾਰੀ ਨਾਨਕਾ ਜਿਨਿ ਨਾਮ ਲਿਖਾਇਆ ਸਚੁ॥*

ਕਾਵਿ ਦੇ ਨਾਲ ਉਸ ਦੇ ਅੰਤਰਗਤ ਗੁਰੂ ਸਾਹਿਬ ਨੇ ਸੰਗੀਤ ਅਤੇ ਚਿੱਤਰਕਾਰੀ ਦਾ ਬਰਾਬਰ ਸੰਜੋਗ ਬਣਾਈ ਰੱਖਿਆ। ਉਂਝ ਤਾਂ ਲਫ਼ਜ਼ ਉਹ ਦੁਵੱਲਾ ਕਾਰਜ ਨੇਪਰੇ ਚਾੜ੍ਹਨ ਲਈ ਤੱਤਪਰ ਹੁੰਦਾ ਹੈ ਜੋ ਸੁਰ ਅਤੇ ਚਿੱਤਰ ਇਕੱਲਾ-ਇਕੱਲਾ ਕਰਦੇ ਹਨ। ਸੁਰ ਨੰਗੇ ਧੜ ਉਸ ਭਾਵ ਨੂੰ ਤੱਤਪਰ ਕਰ ਦਿੰਦਾ ਜੋ ਲਫ਼ਜ਼ ਵਿਚ ਦਬਵੇਂ ਰੂਪ ਵਿਚ ਵਿਚਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਚਿੱਤਰ ਉਸ ਸੂਰਤ ਨੂੰ ਪ੍ਰਤੱਖ ਕਰ ਦਿੰਦਾ ਹੈ ਜੋ ਲਫ਼ਜ਼ ਵਿਚ ਵੀ ਸਥਿਤ ਹੁੰਦੀ ਹੈ ਪਰ ਉਘੜਵੇਂ ਰੂਪ ਵਿਚ ਨਹੀਂ ਜੋ ਚਿੱਤਰ ਦੇ ਹਿੱਸੇ ਆਉਂਦਾ ਹੈ। ਜਦੋਂ ਕਾਵਿ ਕਲਾ, ਜੋ ਮੂਲ ਰੂਪ ਵਿਚ ਲਫ਼ਜ਼ਾਂ ਦੀ ਖੇਡ ਹੈ, ਚਿੱਤਰ ਅਤੇ ਸੁਰ ਨੂੰ ਸਰਗਰਮ ਸਹਿਯੋਗੀ ਬਣਾ ਲੈਂਦੀ ਹੈ ਤਾਂ ਉਸ ਰਾਹੀਂ ਜੋ ਉਚਾਰਿਆ ਜਾਂਦਾ ਹੈ, ਉਹ ਕਿਤੇ ਵਧੇਰੇ ਕਾਵਿਮਈ, ਲਿਸ਼ਕਦਾ ਅਤੇ ਸਹਿਕ ਸਕੰਦੜਾ ਹੋ ਨਿਬੜਦਾ ਹੈ। ਗੁਰੂ ਨਾਨਕ ਦੇਵ ਦੀ ਬਾਣੀ ਵਿਚ ਇਹ ਅਜੂਬਾ ਵਰਤਦਾ ਹੀ ਰਹਿੰਦਾ ਹੈ।

ਇਸ ਗੱਲ ਤੋਂ ਵੀ ਇਨਕਾਰ ਨਹੀਂ ਹੋ ਸਕਦਾ ਕਿ ਕਈ ਵਾਰ ਤੋਲ-ਤੁਕਾਂਤ ਦਾ ਜੋ ਜ਼ਾਬਤਾ ਮਿਥਿਆ ਹੁੰਦਾ ਹੈ, ਉਹ ਡੋਲ ਜਾਂਦਾ ਹੈ। ਇਹ ਕਿਸੇ ਕਚਿਆਈ ਕਰਕੇ ਨਹੀਂ ਸਗੋਂ ਇਸ ਕਾਰਨ ਹੁੰਦਾ ਹੈ ਕਿ ਸੰਗੀਤ ਅਤੇ ਚਿੱਤਰਕਲਾ ਨੂੰ ਆਪਣੀ ਕਾਵਿਕਲਾ ਵਿਚ ਯੋਗ ਸਥਾਨ ਦੇਣ ਖਾਤਰ ਇਸ ਪ੍ਰਵਾਨਤ ਬੰਧੇਜ ਤੋਂ ਦੂਰ ਜਾਣਾ ਪੈਂਦਾ ਹੈ। ਭਾਵੇਂ *ਜਪੁਜੀ* ਬਾਰੇ ਇਹ ਧਾਰਨਾ ਬਣੀ ਹੋਈ ਹੈ ਕਿ ਇਸ ਦੇ ਨਿਰਮਾਣ ਵਿਚ ਕਿਸੇ ਤੋਲ-ਤੁਕਾਂਤ ਦੀ ਵਰਤੋਂ ਨਹੀਂ ਹੋਈ ਅਤੇ ਨਾ ਹੀ ਸੰਗੀਤ ਦੀ ਕੋਈ ਲੈਅ ਇਸ ਦੇ ਧੁਰ ਅੰਦਰ ਸਮਾਈ ਹੋਈ ਹੈ। ਇਨ੍ਹਾਂ ਪ੍ਰਵਾਨਤ ਵਿਚਾਰਾਂ ਨੂੰ ਲਾਂਭੇ ਰੱਖ ਕੇ ਜੇ ਇਸ ਮਹਾਨ ਰਚਨਾ ਦਾ ਇਕਾਗਰ ਚਿੱਤ ਅਧਿਐਨ ਕੀਤਾ ਜਾਵੇ ਤਾਂ ਅਨੁਭਵ ਹੋਣ ਲੱਗ ਪੈਂਦਾ ਹੈ ਕਿ ਵਿਸ਼ੇਸ਼ ਪ੍ਰਕਾਰ ਦਾ ਪੱਕਾ ਰਾਗ ਹੈ ਜਿਸ ਦੀਆਂ ਧੁਨਾਂ ਇਸ ਦੇ ਸ਼ਬਦਾਂ ਦੇ ਦਹੁਰਾਉ ਵਿਚੋਂ ਉਠਦੀਆਂ ਅਨੁਭਵ ਹੋ ਸਕਦੀਆਂ ਹਨ।

ਇਸ ਪ੍ਰਕਾਰ ਅਪਹੁੰਚ ਨੂੰ ਪਹੁੰਚਣ ਦਾ ਪਰਿਯਾਸ ਹੈ ਜੋ ਗੁਰੂ ਸਾਹਿਬ ਦੇ ਚਿੰਤਨ ਅਤੇ ਉਨ੍ਹਾਂ ਦੀ ਕਾਵਿ-ਕਲਾ ਦਾ ਮੀਰੀ ਗੁਣ ਹੈ। ਇਸ ਦੀ ਪੈੜ ਨਪਦਿਆਂ ਇਹ ਵੀ ਪ੍ਰਤੀਤ ਹੋ ਸਕਦਾ ਹੈ ਕਿ ਕਈ ਥਾਵਾਂ 'ਤੇ ਗੁਰੂ ਸਾਹਿਬ ਜੋ ਅੰਤਿਮ ਮਹੱਤਵ ਅਤੇ ਮੁੱਲ ਦੇ ਧਾਰਨੀ ਪ੍ਰਸ਼ਨ ਉਠਾਂਦੇ ਹਨ, ਉਨ੍ਹਾਂ ਦੇ ਉਤਰ ਉਸ ਨੂੰ ਪਾਰ ਨਹੀਂ ਕਰਦੇ। ਸੰਤ ਸਿੰਘ ਸੇਖੋਂ ਦੇ ਵਿਚਾਰ ਵਿਚ *ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ* ਦਾ ਜੋ ਸਮਾਧਾਨ ਸੁਝਾਇਆ ਗਿਆ ਹੈ, ਉਹ ਇਸ ਤੋਂ ਉਜਾਗਰ ਹੁੰਦੇ ਦੀਰਘ ਪ੍ਰਸ਼ਨ ਤੋਂ ਉਰਵਾਰ ਰਹਿ ਜਾਂਦਾ ਹੈ। ਇਸੇ ਤਰ੍ਹਾਂ *ਭੰਡ ਜੰਮੀਐ ਭੰਡ ਸਲਾਹੀਐ* ਦੇ ਅੰਤ 'ਤੇ ਜੋ ਨਿਸ਼ਕਰਸ਼ ਕੱਢਿਆ ਗਿਆ ਹੈ- *ਸੋ ਕਿਉਂ ਮੰਦਾ ਆਖੀਐ, ਜਿਤ ਜੰਮੈ ਰਾਜਾਨ*, ਉਹ ਇਸ ਤੋਂ ਝਲਕਦੇ ਨਿਰਣੇ ਤੋਂ ਪਾਰ ਨਹੀਂ ਜਾਂਦਾ। ਦਰਅਸਲ ਇਹ ਮਾਨਵਤਾ ਦੇ ਧੁਰਾਂ ਤੋਂ ਵਿੱਢੇ ਅਤੇ ਇਤਿਹਾਸ ਵਿਚੋਂ ਚਲੇ ਆ ਰਹੇ ਪ੍ਰਸ਼ਨ-ਉਤਰ ਦੇ ਸਮਤੋਲ ਵਿਚ ਵਿਚਰ ਰਹੇ ਦਵੰਦ ਵੱਲ ਸੰਕੇਤ ਕਰਨ ਦਾ ਉਪਾਉ ਹੈ। ਮੇਰੀ ਮੱਤ ਅਨੁਸਾਰ ਇਤਿਹਾਸ ਦੀ ਕੁੱਲ ਚਾਲ ਦੌਰਾਨ ਪ੍ਰਸ਼ਨਾਂ ਦੀ ਪੂਰੀ ਤਰ੍ਹਾਂ ਪੈੜ ਨੱਪਣ ਵਿਚ ਉਤਰ ਸਫਲ ਨਹੀਂ ਹੋਏ। ਗੁਰੂ ਸਾਹਿਬ ਦੇ ਉਪਰੋਕਤ ਕਥਨਾਂ ਵਿਚ ਜੋ ਉਤਰ ਪੂਰੀ ਤਰ੍ਹਾਂ ਉਠਾਏ ਗਏ ਪ੍ਰਸ਼ਨਾਂ ਤੋਂ ਪਾਰ ਨਹੀਂ ਜਾਂਦੇ ਤਾਂ ਉਹ ਪਿਛਾਂਹ ਰਹਿ ਜਾਣ ਦਾ ਪ੍ਰਭਾਵ ਵੀ ਨਹੀਂ ਦਿੰਦੇ। ਇਹ ਲਾਸਾਨੀ ਗੁਣ ਆਪਣੇ ਸਭਿਆਚਾਰ ਅਤੇ ਇਤਿਹਾਸ ਵਿਚ ਕੇਵਲ ਗੁਰੂ ਨਾਨਕ ਦੇਵ ਦੇ ਹੀ ਹਿੱਸੇ ਆਇਆ ਹੈ। 000

***(5200/3 ਮਾਡਰਨ ਹਾਊਸਿੰਗ ਕੰਪਲੈਕਸ, ਮਨੀ ਮਾਜਰਾ - ਚੰਡੀਗੜ੍ਹ***
***Phone: 98150 86016  Email: tejwant.gill@yahoo.com)***



# ਦੇਵ ਦੀ ਕਵਿਤਾ ਦਾ ਨਿਵੇਕਲਾਪਨ: ਲੇਖ: ਯੋਗ ਰਾਜ

ਆਧੁਨਿਕ ਪੰਜਾਬੀ ਕਵਿਤਾ ਵਿਚ ਦੇਵ ਦੀ ਕਵਿਤਾ ਅਸਲੋਂ ਨਿਵੇਕਲੀ ਕਾਵਿ-ਭਾਸ਼ਾ ਵਾਲੀ ਹੈ ਜਿਸ ਦੀਆਂ ਅਰਥ-ਸਿਰਜਣਾ ਦੀਆਂ ਅਸੀਮ ਧੁਨੀਆਂ ਦੀ ਗਰਜ ਨੂੰ ਪਛਾਣਨ ਲਈ ਸੁਜੱਗ ਅਤੇ ਗਿਆਨਵਾਨ ਪਾਠਕ ਦੀ ਜ਼ਰੂਰਤ ਹੈ। ਚਿੰਤਨ ਦੀ ਕਾਵਿ-ਭਾਸ਼ਾ 'ਤੇ ਉਸਰੇ ਦੇਵ ਦੇ ਸ਼ਬਦ-ਚਿੱਤਰ ਕਿਉਂਕਿ ਪੰਜਾਬੀ ਪਰੰਪਰਾ 'ਚੋਂ ਖਹਿੜਾ ਨਾ ਛੱਡ ਰਹੀ ਉਪ-ਭਾਵੁਕਤਾ ਅਤੇ ਰੋਮਾਂਸ ਨੂੰ ਖਾਰਿਜ ਕਰਕੇ ਨਵਾਂ ਪ੍ਰਤੀਰੋਧਕ ਸੰਵਾਦ ਪੈਦਾ ਕਰਦੇ ਹਨ, ਇਸ ਲਈ ਉਸਦੀ ਕਵਿਤਾ ਦੇ ਦਾਇਰੇ 'ਚੋਂ ਚਸਕੇ ਲੈਣ ਵਾਲੇ ਪਾਠਕਾਂ ਅਤੇ ਸਰੋਤਿਆਂ ਦੀ ਭੀੜ ਆਪਣੇ ਆਪ ਮਨਫ਼ੀ ਹੋ ਜਾਂਦੀ ਹੈ। ਪੰਜਾਬੀ ਕਵਿਤਾ ਨੂੰ ਅਜਿਹੀ ਕਾਵਿ-ਭਾਸ਼ਾ ਦੀ ਜ਼ਰੂਰਤ ਹੈ ਜਿਸ ਰਾਹੀਂ ਪੰਜਾਬੀ ਬੰਦਾ ਹਕੀਕਤਾਂ ਪਿੱਛੇ ਲੁਕੇ ਵਰਤ-ਵਰਤਾਰਿਆਂ ਦੀ ਥਾਹ ਪਾ ਸਕੇ। ਦੇਵ ਦੀ ਕਵਿਤਾ ਦੀ ਰੇਂਜ ਵੱਡੀ ਹੈ। ਇਹ ਪੰਜਾਬੀ ਖਿੱਤੇ ਵਿਚ ਵਾਪਰ ਰਹੀਆਂ ਘਟਨਾਵਾਂ ਤੋਂ ਲੈ ਕੇ ਸੰਸਾਰ ਨੂੰ ਪਿਛਲੇ 40-50 ਸਾਲਾਂ 'ਚ ਬਣੀਆਂ ਮਨੁੱਖ-ਵਿਰੋਧੀ ਪਰਿਸਥਿਤੀਆਂ ਨੂੰ ਆਪਣੇ ਕਲੇਵਰ 'ਚ ਲੈਂਦੀ ਹੈ। *ਵਿਦਰੋਹ* (1970), *ਦੂਸਰੇ ਕਿਨਾਰੇ ਦੀ ਤਲਾਸ਼* (1978), *ਮਤਾਬੀ ਮਿੱਟੀ* (1983), *ਪ੍ਰਸ਼ਨ ਤੇ ਪਰਵਾਜ਼* (1992), *ਸ਼ਬਦਾਂਤ* (1999), *ਉਤਰਾਇਣ* (2011) ਅਤੇ *ਤਿਕੋਨਾ ਸਫ਼ਰ* (2016) ਤਕ ਦੀ ਉਸ ਦੀ ਕਾਵਿ-ਯਾਤਰਾ ਨੂੰ ਵਾਚਦਿਆਂ ਦੇਵ ਦੀ ਕਵਿਤਾ ਦੀ ਵਿਸ਼ਾਲਤਾ ਦਾ ਪਤਾ ਲਗਦਾ ਹੈ। ਗਿਆਨ ਪ੍ਰਵਚਨਾਂ ਨੂੰ ਕਾਵਿ-ਭਾਸ਼ਾ ਵਿਚ ਕਿਵੇਂ ਢਾਲਣਾ ਹੈ, ਦੇਵ ਦੀ ਕਵਿਤਾ ਪੜ੍ਹਦਿਆਂ ਇਸ ਦਾ ਡੂੰਘਾ ਅਹਿਸਾਸ ਹੁੰਦਾ ਹੈ। ਮੁੱਖ ਤੌਰ 'ਤੇ ਦੇਵ ਦੀ ਕਾਵਿ-ਭਾਸ਼ਾ ਦੇ ਸੁਹਜ ਦਾ ਆਧਾਰ ਉਸ ਦੇ ਉਹ ਕਾਵਿਕ-ਬਿੰਬ ਹਨ ਜਿਨ੍ਹਾਂ ਰਾਹੀਂ ਰੱਦਣ ਅਤੇ ਉਸਾਰਨ ਦੀ ਵਿਸਫ਼ੋਟਕੀ ਕਾਵਿ-ਭਾਸ਼ਾ ਦਾ ਨਿਰਮਾਣ ਹੁੰਦਾ ਹੈ। ਇਹ ਵਿਸਫ਼ੋਟਕੀ ਕਾਵਿ-ਭਾਸ਼ਾ ਆਪਣੇ ਕਾਵਿ-ਚਿੰਤਨ ਦੀ ਸੂਝ ਨਾਲ ਉਨ੍ਹਾਂ ਤਮਾਮ ਮਹਾਂ-ਬਿਰਤਾਂਤਾਂ ਦੇ ਭਰਮਿਕ ਆਦਰਸ਼ਾਂ ਨੂੰ ਰੱਦ ਦਿੰਦੀ ਹੈ ਜਿਹੜੇ ਡਿਕਟੇਟਰੀ ਹਨ, ਸੱਤਾਵਾਦੀ ਹਨ, ਸਥਾਪਨਾਵਾਂ ਦੇ ਮੋਹਰੇ ਹਨ ਅਤੇ ਘੇਰਾਵਾਦੀ ਸੱਭਿਆਚਾਰ ਦੀ ਸਿਰਜਣਾ ਹਨ।

ਦੇਵ ਪਰਿਸਥਿਤੀਆਂ ਦੇ ਚਿੱਤਰ ਪੇਸ਼ ਨਹੀਂ ਕਰਦਾ ਸਗੋਂ ਜਿਹੜੇ ਕਾਵਿ-ਚਿੱਤਰ ਘੜਦਾ ਹੈ, ਉਹ ਜੋ ਵਾਪਰ ਰਿਹਾ ਹੈ ਜਾਂ ਵਾਪਰਦਾ ਹੈ, ਦੇ ਅਸਲੇ ਦੇ ਦੀਦਾਰ ਕਰਵਾਉਂਦੇ ਹਨ। ਵਿਖੰਡਨ ਜਾਂ ਰੱਦਣ ਦੀ ਇਹ ਕਾਵਿ-ਭਾਸ਼ਾ, ਕਿਸੇ ਨਿਸ਼ਚਿਤ ਆਦਰਸ਼ ਨੂੰ ਨਹੀਂ ਘੜਦੀ ਸਗੋਂ ਮਾਨਵੀ ਰੈਲ਼ ਦੀ ਤਲਾਸ਼ ਕਰਦਿਆਂ, ਮਾਨਵ ਦੀਆਂ ਸੰਵੇਗੀ ਤਰੰਗਾਂ ਨੂੰ ਜਗਾਉਣ ਦਾ ਵਸੀਲਾ ਬਣਦੀ ਹੈ। ਦੇਵ ਦੀ ਕਾਵਿ-ਅਭਿਵਿਅਕਤੀ ਤੋਂ ਸੁਜੱਗ-ਪਾਠਕ ਅਸਲ (essence) ਦੀ ਥਾਹ ਪਾਉਂਦਿਆਂ, ਸੋਚਣ ਲਈ ਮਜਬੂਰ ਹੋ ਜਾਂਦਾ ਹੈ। *ਸ਼ਬਦਾਂਤ* ਦੇ ਅੰਦਰਲੇ ਟਾਈਟਲ ਪੰਨੇ 'ਤੇ ਛਪੀ ਸਤੀ ਕੁਮਾਰ ਦੀ ਦੇਵ ਦੀ ਕਵਿਤਾ ਬਾਰੇ ਕੀਤੀ ਟਿੱਪਣੀ ਮੈਨੂੰ, ਉਸਦੀ ਕਾਵਿ-ਭਾਸ਼ਾ ਬਾਰੇ ਬੜੀ ਢੁਕਵੀਂ ਲੱਗਦੀ ਹੈ: "ਉਹ ਵਿਆਖਿਆਤਾ ਹੋਣ ਦੀ ਥਾਵੇਂ ਕਾਵਿ-ਅਭਿਵਿਅਕਤੀ ਦੀ ਸ਼ੁੱਧਤਾਈ ਨੂੰ ਤਰਜੀਹ ਦਿੰਦਾ ਹੈ... ਉਸ ਦੀ ਕਵਿਤਾ ਪੂਰਵ ਨਿਰਧਾਰਤ 'ਯਥਾਰਥ' ਦਾ ਚਿਤਰਨ ਨਹੀਂ ਬਲਕਿ 'ਯਥਾਰਥ' ਦੀ ਐਬਸਟ੍ਰੈਕਸ਼ਨ ਦਾ ਮਾਧਿਅਮ ਹੈ... ਦੇਵ ਇਸ ਅਪਰੋਖ-ਯਥਾਰਥ ਨੂੰ ਕਾਵਿਕ-ਬਿੰਬਾਂ ਰਾਹੀਂ ਮੂਰਤੀਮਾਨ ਕਰਦਾ ਹੈ।"

ਦੇਵ ਦੀ ਕਵਿਤਾ ਪੜ੍ਹਦਿਆਂ, ਇਹ ਅਹਿਸਾਸ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਉਹ ਵਰਤਮਾਨ ਰਾਜਨੀਤੀ, ਸੱਭਿਆਚਾਰਕ ਰਵਾਇਤਾਂ, ਪ੍ਰਵਚਨਾਂ, ਸੱਤਾ, ਧਾਰਮਿਕ ਪ੍ਰਪੰਚਾਂ 'ਤੇ ਕਾਟਾ ਫੇਰਦਾ ਹੈ। ਇਹ ਕਾਟਾ ਫੇਰਦਿਆਂ ਉਹ ਇਨ੍ਹਾਂ ਉਪਰੋਕਤ ਪੱਖਾਂ ਦੇ ਉਨ੍ਹਾਂ ਅਮਾਨਵੀ ਪੱਖਾਂ ਨੂੰ ਨਸ਼ਰ ਕਰ

ਦਿੰਦਾ ਹੈ ਜਿਨ੍ਹਾਂ ਨੇ ਰਵਾਇਤਾਂ, ਧਰਮ, ਲੋਕਾਚਾਰ ਅਤੇ ਰਾਜਨੀਤੀ ਦੇ ਨਾਂ 'ਤੇ ਮਨੁੱਖੀ ਸੱਭਿਅਤਾ ਦਾ ਘਾਣ ਕੀਤਾ ਹੈ। ਦੇਵ ਦੀ ਕਵਿਤਾ ਦੇ ਵਿਸ਼ਿਆਂ ਦਾ ਸੰਸਾਰ, ਭਾਰਤੀ ਪੰਜਾਬ ਤੋਂ ਲੈ ਕੇ ਵਿਸ਼ਵ ਦੇ ਮਸਲਿਆਂ ਤਕ ਫੈਲਿਆ ਹੋਇਆ ਹੈ ਜਿਨ੍ਹਾਂ ਵਿਚ ਪਰਵਾਸ, ਪੰਜਾਬ ਸੰਕਟ, ਅਸਤਿਤਵ ਦੀ ਪਰਵਾਜ਼, ਵਿਸ਼ਵ ਮਹਾਂ-ਵਿਚਾਰਧਾਰਾ ਦੀਆਂ ਅਸਫਲਤਾਵਾਂ ਆਦਿ ਸਰੋਕਾਰ ਸ਼ਾਮਿਲ ਹਨ। ਦੇਵ ਦੀ ਕਵਿਤਾ ਦਾ ਕੇਂਦਰੀ ਕੋਡ ਮੁਕਤੀ, ਯਾਨੀ ਪਰਵਾਜ਼ ਹੀ ਰਹਿੰਦਾ ਹੈ। ਉਸਨੂੰ ਆਪਨੀ ਪਰਵਾਜ਼ ਐਨੀ ਪਿਆਰੀ ਹੈ ਕਿ ਉਹ ਕਿਸੇ ਬੰਦ ਵਿਚਾਰਧਾਰਾ ਦੇ ਚੌਖ਼ਟੇ ਨੂੰ ਕਦੇ ਆਪਨਾ ਆਦਰਸ਼ ਨਹੀਂ ਬਣਾਉਂਦਾ, ਉਸਦਾ ਕਾਵਿ-ਆਦਰਸ਼ ਮਾਨਵੀ ਰੈਲ ਵਾਲਾ ਇਨਸਾਨ ਹੈ ਜਿਹੜਾ ਸੰਵੇਗੀ, ਸੰਵੇਦਨੀ ਹੋਣ ਦੇ ਨਾਲ-ਨਾਲ ਭੀੜ ਤੋਂ ਵੱਖਰਾ ਹੈ। ਭੀੜ ਤੋਂ ਵੱਖਰੇ ਇਨਸਾਨ ਦੀ ਤਲਾਸ਼ ਵਿਚ ਉਹ ਜਿਸ ਨਾਇਕ ਨੂੰ ਘੜਦਾ ਹੈ, ਉਸ 'ਚੋਂ ਦੇਵ ਦੇ ਨਕਸ਼ ਵੀ ਉਭਰਦੇ ਹਨ ਜਿਸਦਾ ਅਹਿਸਾਸ ਉਸਦੀ ਸਵੈ-ਜੀਵਨੀਪਰਕ ਲੰਮੀ ਕਵਿਤਾ *ਤਿਕੋਨਾ ਸਫ਼ਰ* ਪੜ੍ਹਦਿਆਂ ਹੁੰਦਾ ਹੈ। *ਵਿਦਰੋਹ* ਤੋਂ *ਤਿਕੋਨਾ ਸਫ਼ਰ* ਦੀ ਕਾਵਿ-ਯਾਤਰਾ ਤਕ ਦੇਵ, ਪੰਜਾਬੀ ਦੀ ਆਧੁਨਿਕ ਕਵਿਤਾ ਦੀ ਵਿਲੱਖਣ ਪਰਵਾਜ਼ ਨਿਰੰਤਰ ਜਾਰੀ ਹੈ। ਮੈਂ ਇਸ ਪਰਚੇ ਰਾਹੀਂ ਦੇਵ ਦੀ ਕਵਿਤਾ ਦੇ ਤਿਕੋਨੇ ਸਫ਼ਰ ਦੀ ਪਰਵਾਜ਼ ਦੇ ਅਰਥਾਂ ਨੂੰ ਸਮਝਣ ਦਾ ਯਤਨ ਕੀਤਾ ਹੈ।

000

'ਪਰਵਾਜ਼' ਦੇਵ ਲਈ ਮਾਨਵੀ ਮੁਕਤੀ ਦੀ ਆਧਾਰਸ਼ਿਲਾ ਹੈ ਜਿਸ ਰਾਹੀਂ ਉਹ ਸੱਤਾ ਅਤੇ ਸਥਾਪਤੀ ਦੀਆਂ ਸਰਦਲਾਂ ਉਲੰਘ ਕੇ ਮਾਨਵੀ ਸੰਵੇਦਨਾਵਾਂ ਨਾਲ ਜੁੜਦਾ ਹੈ। ਸੱਤਾ ਅਤੇ ਸਥਾਪਤੀ ਦੀਆਂ ਘੜੀਆਂ ਸੰਸਥਾਵਾਂ ਨੂੰ ਉਹ ਆਪਨੀ ਵਿਸਫ਼ੋਟਕ ਕਾਵਿ-ਭਾਸ਼ਾ ਰਾਹੀਂ ਭੰਨਦਾ ਤੋੜਦਾ ਹੋਇਆ ਸੰਵੇਗੀ ਸੰਸਾਰ ਦੀ ਉਸਾਰੀ ਦੀ ਥਾਹ ਪਾ ਲੈਂਦਾ ਹੈ। ਅੱਜ ਦੇ ਮਾਨਵ ਦਾ ਇਹ ਸੰਵੇਗੀ ਸੰਸਾਰ, ਹਰ ਪੜਾਅ 'ਤੇ ਸੱਤਾ-ਸਥਾਪਤੀ ਨਾਲ ਗੁੱਥਮ-ਗੁੱਥਾ ਨਜ਼ਰ ਆਉਂਦਾ ਹੈ। ਇੱਥੋਂ ਤਕ ਕਿ ਦੇਵ ਦੀ ਚੁੱਪ ਵੀ, ਇਸ ਸੰਵੇਗੀ ਨਾਇਕ ਦਾ ਅਜਿਹਾ ਪ੍ਰਵਚਨ ਹੈ ਜਿਹੜਾ ਆਪਨੇ ਅੰਦਰ ਚੀਕ ਚੁੱਕੀ ਫਿਰਦਾ ਹੈ। ਚੀਕ ਦੀ ਇਹ ਜੁਆਲਾ ਦੇਵ ਦੀ ਕਾਵਿ-ਭਾਸ਼ਾ ਨੂੰ ਖਾਸ ਅਰਥ ਦਿੰਦੀ ਹੈ। ਅੰਮ੍ਰਿਤਾ ਪ੍ਰੀਤਮ ਦੇ ਇਹ ਸ਼ਬਦ ਬੜੇ ਢੁਕਵੇਂ ਹਨ ਜਦੋਂ ਉਹ ਕਹਿੰਦੀ ਹੈ, "ਦੇਵ ਜਦੋਂ ਆਖਦਾ ਏ - 'ਅੰਤਾਂ ਦੀ ਚੁੱਪ ਦੇ ਹੇਠਾਂ ਇਕ ਚੀਕ ਮੈਂ ਚਿਰਾਂ ਤੋਂ ਚੁੱਕੀ ਫਿਰ ਰਿਹਾ ਹਾਂ'- ਤਾਂ ਅਹਿਸਾਸ ਦੇ ਪੱਤੇ ਕੁਮਲਾ ਕੇ ਉਹਦੇ ਵੱਲ ਵੇਖਣ ਲੱਗ ਪੈਂਦੇ ਨੇ, ਉਹਦੇ ਮੋਢਿਆਂ ਵੱਲ, ਜੋ ਚੁੱਪ ਦੇ ਭਾਰ ਨਾਲ ਜੁੜੇ ਹੋਏ ਇਕ ਚੀਕ ਨੂੰ ਚੁੱਕੀ ਫਿਰ ਰਹੇ ਨੇ... ਜਿਨ੍ਹਾਂ ਸ਼ਾਇਰਾਂ ਦੇ ਅੱਖਰਾਂ ਨੂੰ ਅੱਗ ਦੀ ਅਸੀਸ ਮਿਲਦੀ ਏ, ਦੇਵ ਉਹਨਾਂ ਸ਼ਾਇਰਾਂ ਵਿਚੋਂ ਹੈ, ਇਸ ਲਈ ਜਦੋਂ ਆਖਦਾ ਏ - 'ਸਭ ਕੁਝ ਹਾਰ ਗਿਆ ਹਾਂ ਮੈਂ - ਦੇਸ਼, ਸ਼ਬਦ, ਘਰ ...' ਤਾਂ ਉਹ ਹਾਰਿਆ ਹੋਇਆ ਵੀ ਹੱਸ ਕੇ ਆਪਨੇ ਝੋਲੇ ਵਿਚ ਹੱਥ ਪਾਂਦਾ ਏ, ਤੇ ਆਖਦਾ ਏ 'ਪਰ ਅਜੇ ਮੇਰੇ ਕੋਲ ਸਫ਼ਰ, ਸੁਪਨਾ ਤੇ ਚਿੱਟਾ ਖੰਭ ਹੈ' - ਉਦੋਂ ਤੁਸੀਂ ਵੇਖ ਸਕਦੇ ਹੋ ਕਿ ਓਸ ਚਿੱਟੇ ਖੰਭ ਵਿਚ ਅੱਗ ਲੁਕਾ ਕੇ ਜਦੋਂ ਉਹ ਕਵਿਤਾ ਦੇ ਅੱਖਰ ਤੁਹਾਡੇ ਅਹਿਸਾਸ ਦੀਆਂ ਝਾੜੀਆਂ ਵਿਚੋਂ ਲੰਘਦੇ ਨੇ - ਤਾਂ ਉਥੇ ਚਾਨਣ ਦੀ ਲੀਕ ਪਾ ਜਾਂਦੇ ਨੇ।" (ਅੰਮ੍ਰਿਤਾ ਪ੍ਰੀਤਮ, ਪ੍ਰਸ਼ਨ ਤੇ ਪਰਵਾਜ਼, ਜਗਦੇ ਬੁਝਦੇ ਅੱਖਰ, ਪੰਨਾ: 7)। ਦੇਵ ਦੀ ਇਹ ਕਾਵਿ-ਸੰਵੇਦਨਾ ਉਸ ਬੰਦੇ ਦੀ ਹੈ ਜਿਹੜਾ ਕਿਸੇ ਚੁੱਲ੍ਹੇ ਦੀ ਅੱਗ ਬੁਝਣ ਨਾਲ, ਸੋਗੀ ਹਨੇਰਿਆਂ ਅੰਦਰ ਕਈ ਕਈ ਦਿਨ ਮੋਨ ਤੇ ਗੁੰਗਾ ਹੋ ਜਾਂਦਾ ਹੈ। ਇਹ ਮੋਨ ਤੇ ਗੁੰਗਾ ਹੋਣਾ ਐਸੀ ਚੁੱਪ ਹੈ ਜਿਹੜੀ ਸਾਧਾਰਨ ਮਾਨਵ ਨੂੰ ਸੰਘਰਸ਼ ਦੇ ਰਸਤੇ 'ਤੇ ਤੋਰਨ ਲਈ ਤਿਆਰ ਕਰਦੀ ਹੈ:

*ਸ਼ਬਦ ਜੋ ਚੁੱਪ-ਚਾਪ ਪਏ ਨੇ/ ਮਘ ਰਹੇ ਨੇ/ ਜਾਗ ਰਹੇ ਨੇ*
*ਭਰਮ ਦੇ ਪਾਣੀਆਂ 'ਚ ਡੁੱਬੀ ਸੱਤਾ ਨੂੰ/ ਪਰ ਉੱਕਾ ਪਤਾ ਨਹੀਂ*

ਦੇਵ ਦੀ ਇਹ ਕਾਵਿ-ਚੇਤਨਾ ਦਾ ਤਿਕੋਨਾ ਸਫ਼ਰ ਪਿੱਤਰੀ-ਸੱਤਾ ਦੇ ਪ੍ਰੇਤੀ ਕਿਲ੍ਹੇ ਨੂੰ ਢਾਹ ਕੇ



ਦੁਨੀਆਂ ਨਾਲ ਆਢਾ ਲਾਉਣ ਦਾ ਅਗਲਾ ਸਫ਼ਰ ਤੈਅ ਕਰਦੀ ਹੈ। ਪਿਤਾ-ਸੱਤਾ ਵਾਲਾ ਘਰ ਉਸ ਲਈ ਘਰ ਨਹੀਂ, ਸਗੋਂ ਨਫ਼ਰਤ ਅਤੇ ਜ਼ਿੱਲਤ ਹੈ, ਜਿੱਥੇ ਉਸਦਾ ਸਾਹ ਘੁਟਦਾ ਹੈ। ਜਿਸ ਪਿਤਾ-ਸੱਤਾ ਦੇ ਕਿਲ੍ਹੇ ਅੰਦਰ ਜਲਾਵਤਨ ਹੋਣ ਲਈ ਮਾਂ ਛੱਡੀ ਗਈ ਸੀ, ਦੇਵ ਨੂੰ ਉਹ ਹੋਣੀ ਮਨਜ਼ੂਰ ਨਹੀਂ। ਇਸ ਲਈ ਘਰ ਉਸ ਲਈ ਸਿਰਨਾਵਾਂ ਵੀ ਨਹੀਂ ਆਪਨੇ ਘਰ ਦੀ ਗਵਾਹੀ ਦੇਣ ਦਾ ਕਿਉਂ ਕਿ ਉਸਨੇ ਪਿਤਾ-ਸੱਤਾ ਨੂੰ ਤੋੜਨ ਲਈ ਆਵਾਰਗੀਆਂ ਨੂੰ ਆਪਨੀ ਦਿਸ਼ਾ ਮਰਕਜ਼ ਮੰਨ ਲਿਆ। ਅਸਲ ਵਿਚ ਦੇਵ ਦੀ ਕਵਿਤਾ ਉਸ ਬੰਦੇ ਦੀ ਸਿਰਜਣਾ ਹੈ ਜਿਹੜਾ ਹਰ ਤਰ੍ਹਾਂ ਦੀ ਗ਼ੁਲਾਮੀ ਦੀਆਂ ਸਰਦਲਾਂ ਤੋੜ ਕੇ ਪਰਵਾਜ਼ ਭਰਦਾ ਹੈ। ਉਹ ਪੰਜਾਬ ਵਿਚਲੇ ਆਪਨੇ ਜਨਮ ਸਥਾਨ ਜਗਰਾਉਂ ਨੂੰ ਛੱਡ ਕੇ ਕੀਨੀਆ, ਨੈਰੋਬੀ ਹੁੰਦਾ ਹੋਇਆ ਸਵਿਟਰਜ਼ਲੈਂਡ ਵਾਸ ਕਰਦਾ ਹੈ। ਪਰ ਨਾ ਉਸਦਾ ਕੋਈ ਪੱਕਾ ਸਿਰਨਾਵਾਂ ਨਾ ਕੋਈ ਪੱਕਾ ਟਿਕਾਣਾ ਹੈ ਕਿਉਂਕਿ ਉਹ ਤਾਂ ਘੁਮੱਕੜੀ ਕਵਿਤਾ ਅਤੇ ਚਿਤਰਕਾਰੀ ਤੇ ਨਕਸ਼ੇ ਤੱਕਣ ਨੂੰ ਹੀ ਆਪਨਾ ਸਿਰਨਾਵਾਂ ਮੰਨਦਾ ਹੈ। 'ਆਮ ਜਿਹਾ ਆਦਮੀ' ਦੇਵ ਖਾਸ ਹੈ ਜਿਸ ਨੂੰ ਅਸਤਿਤਵੀ ਪਛਾਣ ਨਾਲ ਅੰਤਾਂ ਦਾ ਮੋਹ ਹੈ। ਅਸਤਿਤਵੀ ਪਛਾਣ ਨਾਲ ਮੋਹ ਕਰਨ ਵਾਲਾ ਬੰਦਾ ਹੀ ਸਰਦਲਾਂ ਨੂੰ ਉਲੰਘ ਕੇ ਤਿਕੋਨੇ ਸਫ਼ਰ 'ਤੇ ਤੁਰਨ ਦਾ ਹੌਸਲਾ ਕਰਦਾ ਹੈ :

*ਘਰ ਨਹੀਂ ਹੁੰਦਾ ਸਰਨਾਵਾਂ/ ਉਹਨਾਂ ਦਾ ਜਿਨ੍ਹਾਂ ਮਿੱਥ ਲਿਆ*
*ਆਵਾਰਗੀਆਂ ਨੂੰ ਆਪਨੀ ਦਿਸ਼ਾ ਮਰਕਜ਼* (ਪ੍ਰਸ਼ਨ ਤੇ ਪ੍ਰਵਾਜ਼, ਪੰਨਾ 15)

*ਉਹ ਇਕ ਅਵਾਰਾ ਵਾਵਰੋਲਾ/ ਜਿੱਥੇ ਵੀ ਜਾਂਦੈ/*
*ਚੇਤਿਆਂ ਦੇ ਪੁਲ ਉਸਾਰ ਕੇ/ ਹੋਰ ਬੰਦਰਗਾਹਾਂ ਦੀ ਤਲਾਸ਼ ਲਈ*
*ਧੁਰ ਆਪਨੇ ਹੀ ਅੰਦਰ/ ਚਿਰਾਂ ਤੀਕ ਜਲਾਵਤਨ ਹੋ ਜਾਂਦੈ* (ਉਹੀ, ਪੰਨਾ 13)

*ਸਭ ਕੁਝ ਹਾਰ ਗਿਆ ਹਾਂ ਮੈਂ/ ਦੇਸ਼ : ਸ਼ਬਦ : ਘਰ*
*ਅਜੇ ਬਾਕੀ ਹੈ ਪਰ ਮੇਰੇ ਕੋਲ/ ਸਫ਼ਰ ਸੁਪਨਾ ਚਿੱਟਾ ਖੰਭ* (ਉਹੀ, ਪੰਨਾ 18)

ਦੇਸ਼, ਸ਼ਬਦ ਅਤੇ ਘਰ ਹਾਰ ਕੇ ਜਦੋਂ ਕੋਈ ਕਵੀ ਸਫ਼ਰ, ਸੁਪਨੇ ਅਤੇ ਚਿੱਟੇ ਖੰਭ ਦੀ ਮਹਾਂ-ਆਸ਼ਾ ਦਾ ਲਕਸ਼ ਸਾਹਮਣੇ ਰੱਖਦਾ ਹੈ ਤਾਂ ਉਸਦਾ ਅਸਤਿਤਵ ਅਜਿਹੇ ਜਾਗਰੂਕ ਸਿਰਜਕ ਦਾ ਹੁੰਦਾ ਹੈ ਜਿਹੜਾ ਵਿਪਰੀਤ ਪਰਿਸਥਿਤੀਆਂ ਨੂੰ ਚੀਰ ਕੇ, ਆਪਨੀ ਮੈਂ ਨੂੰ ਸਥਾਪਤ ਕਰ ਲੈਂਦਾ ਹੈ। ਇਹ ਅਸਤਿਤਵੀ ਮੈਂ ਸਮਾਜੀ ਵਰਤਾਰਿਆਂ ਦੇ ਅਸਲ ਨੂੰ ਸਮਝਣ ਵਿਚ ਵਧੇਰੇ ਸਮਰੱਥ ਹੁੰਦੀ ਹੈ। ਦੇਵ ਦੀ ਇਸ ਜਾਗਰੂਕ ਅਸਤਿਤਵੀ ਮੈਂ ਨੇ ਅਤੀਤ ਦੇ ਮਚਦੇ ਸਿਵਿਆਂ, ਸੁੰਨੀਆਂ ਰਾਤਾਂ, ਸਰਾਪੇ ਪਰਛਾਵਿਆਂ, ਉਦਾਸ ਬਿਸਤਰਿਆਂ ਦੀ ਸੁੰਨਸਰਾਂ ਤੋਂ ਸਵੈ-ਚੇਤਨਾ ਗ੍ਰਹਿਣ ਕੀਤੀ ਹੈ। ਦੇਵ ਆਪਨੀਆਂ ਕਵਿਤਾਵਾਂ, ਖਾਸ ਕਰ *ਪ੍ਰਸ਼ਨ ਤੇ ਪਰਵਾਜ਼* ਦੀਆਂ ਕਵਿਤਾਵਾਂ ਵਿਚ ਆਪਨੇ ਅਸਤਿਤਵ ਨੂੰ ਪਰਿਭਾਸ਼ਤ ਕਰਦਾ ਹੋਇਆ, ਸਵੈ ਬਾਰੇ ਵਾਰ-ਵਾਰ ਐਲਾਨ ਕਰਦਾ ਹੈ। ਇਹ ਐਲਾਨ ਆਪਨੇ ਹੋਣ ਬਾਰੇ ਸੋਝੀ ਦਾ ਐਲਾਨ ਹੈ ਜਿਹੜਾ ਇਕ ਸੰਵੇਗੀ ਮਾਨਵ ਦੀ ਆਧਾਰਸ਼ਿਲਾ ਹੈ। ਇਹੀ ਅਸਤਿਤਵੀ ਚੇਤਨਾ ਦੇਵ ਦੀ ਕਵਿਤਾ ਨੂੰ ਖਾਸ ਬਣਾਉਂਦੀ ਹੈ। ਇਵੇਂ ਇਹ ਕਵਿਤਾ 'ਸਾਧਾਰਨ' ਬੰਦੇ ਰਾਹੀਂ ਖਾਸ ਬੰਦੇ ਦੀ ਖਾਸ ਕਵਿਤਾ ਬਣ ਜਾਂਦੀ ਹੈ। ਪਰ ਇਹ ਖਾਸ ਬੰਦਾ ਸੱਤਾ ਦਾ ਵਿਰੋਧੀ ਹੈ - ਹਰ ਤਰ੍ਹਾਂ ਦੀ ਸੱਤਾ ਦਾ। ਆਪਨੀ ਕਵਿਤਾ ਵਿਚ ਦੇਵ ਖ਼ੁਦ ਕਾਵਿ-ਨਾਇਕ ਹੈ। ਉਹ ਕਾਵਿ-ਨਾਇਕ ਬਣ ਕੇ, ਸਮਾਜੀ ਵਰਤਾਰਿਆਂ ਦਾ ਐਕਸਰੇ ਕਰਦਾ ਹੈ; ਬੰਦੇ ਦੀਆਂ ਮਰਜ਼ਾਂ ਨੂੰ ਡਾਇਗਨੋਜ਼ ਕਰਦਾ ਹੈ। ਉਸਦਾ ਇਹ ਵਿਸ਼ਲੇਸ਼ਣ ਕਿਤੇ ਇਕ ਦਾਰਸ਼ਨਿਕ ਦੀ ਭੂਮਿਕਾ 'ਚ ਹੈ, ਕਿਤੇ ਤਿੱਖੇ ਕਰਤਾ ਰਾਹੀਂ ਜ਼ਹਿਰੀ ਵਿਅੰਗਕਾਰ ਦੀ ਭੂਮਿਕਾ 'ਚ ਹੈ ਅਤੇ ਕਿਤੇ ਧਰਮ ਦੇ ਨਾਂ 'ਤੇ ਲੜਦੇ ਪੰਜਾਬੀਆਂ ਨੂੰ ਮੱਤਾਂ ਦੇਣ ਵਾਲੇ ਦਾਨੇ ਪੁਰਸ਼ ਦੀ ਭੂਮਿਕਾ 'ਚ। ਦੇਵ ਹਰ ਭੂਮਿਕਾ 'ਚ

ਮਾਨਵੀ ਸੱਭਿਅਤਾ ਦੀ ਸਥਾਪਤੀ ਦਾ ਲਕਸ਼ ਸਾਹਮਣੇ ਰੱਖਦਾ ਹੈ ਕਿਉਂਕਿ ਉਹ ਦੇਖਦਾ ਹੈ ਕਿ ਬੰਦਾ ਅਸੱਭਿਅਕ, ਜਾਂਗਲੀ ਹੁੰਦਾ ਜਾ ਰਿਹਾ ਹੈ। ਅਜਿਹੀ ਕਵਿਤਾ ਦੀ ਸਮਾਜੀ ਭੂਮਿਕਾ ਵੱਡੀ ਹੈ। ਅਜਿਹੀ ਕਵਿਤਾ ਉਦੋਂ ਸਿਰਜੀ ਜਾਂਦੀ ਹੈ ਜਦੋਂ ਸਿਰਜਕ ਨੂੰ ਇਹ ਸੋਝੀ ਹੋਵੇ ਕਿ ਕੁਝ ਵੱਡਾ ਲਿਖਣ ਲਈ ਵੱਡਾ ਹੋਣਾ ਪੈਂਦਾ ਹੈ, ਵੱਡੇ ਕਦਮ ਪੁੱਟਣੇ ਪੈਂਦੇ ਹਨ। ਦੇਵ ਦੀ ਸਮੁੱਚੀ ਕਵਿਤਾ 'ਚ, ਉਸਦੇ ਪੁੱਟੇ ਗਏ ਵੱਡੇ ਕਦਮਾਂ ਦੀ ਆਹਟ ਥਾਂ ਪਰ ਥਾਂ ਸੁਣਾਈ ਦਿੰਦੀ ਹੈ। ਉਸਦੀ ਕਵਿਤਾ ਹਰ ਤਰ੍ਹਾਂ ਦੇ ਬੌਣੇਪਣ ਦਾ ਵਿਸਫੋਟ ਕਰਦੀ ਹੈ। ਇੱਥੋਂ ਤਕ ਕਿ ਉਹ ਤਾਂ ਕੇਂਦਰਵਾਦੀ ਵਿਚਾਰਧਾਰਾਵਾਂ ਦੇ ਬੌਣੇਪਣ ਨੂੰ ਆਪਣੀ ਕਵਿਤਾ ਦਾ ਸਬਜੈਕਟ ਬਣਾਉਂਦਾ ਹੈ। ਪੰਜਾਬੀ 'ਚਿੰਤਨ' ਵਿਚ ਦੋ ਤਰ੍ਹਾਂ ਬੌਣੇਪਣ ਦੇ ਕੇਂਦਰਵਾਦੀ ਵਿਚਾਰਾਂ ਦੀ ਸਰਦਾਰੀ ਰਹੀ ਹੈ। ਇਕ ਗੁਟਬੰਦਕ ਵਿਚਾਰਧਾਰਕ ਕੇਂਦਰਵਾਦ ਦੀ, ਦੂਜੀ ਇਸਦੇ ਸਮਾਨਾਂਤਰ ਕਦੇ ਸੁਹਜਵਾਦ, ਕਦੇ ਆਧੁਨਿਕਤਾਵਾਦ, ਕਦੇ ਰੂਪਵਾਦ ਸੰਰਚਨਾਵਾਦ ਅਤੇ ਹੁਣ ਉੱਤਰ ਆਧੁਨਿਕਵਾਦ ਇਤਿਆਦਿ। ਪਰ ਪੰਜਾਬੀ ਦੇ ਪ੍ਰਤਿਭਾਸ਼ੀਲ ਗਿਆਨਵਾਨ ਲੇਖਕ ਨੇ ਇਨ੍ਹਾਂ ਦੋਨਾਂ ਕੇਂਦਰਵਾਦੀ ਵਿਚਾਰਧਾਰਾਵਾਂ ਤੋਂ ਪਾਰ ਜਾ ਕੇ ਪ੍ਰਤੀਬੱਧਤਾ (commitment) ਦਾ ਸਾਹਿਤ ਰਚਿਆ ਹੈ। ਦੇਵ ਇਸੇ ਤੀਜੀ ਤਰ੍ਹਾਂ ਦਾ ਕਵੀ ਹੈ ਜਿਸਨੂੰ ਹਰ ਤਰ੍ਹਾਂ ਦੇ ਕੇਂਦਰਵਾਦ ਨਾਲ ਨਫ਼ਰਤ ਹੈ। ਉਸਦੀ ਇਹ ਨਫ਼ਰਤ ਅਸਲ ਵਿਚ ਕੇਂਦਰਵਾਦੀ ਸੱਤਾ ਦੇ ਪੁਰੋਹਿਤਾਂ ਪ੍ਰਤੀ ਹੈ ਜਿਹੜੇ ਬਹੁਤੀ ਵਾਰ 'ਝੂਠੀ ਵਿਚਾਰਧਾਰਾ' ਦਾ ਸਹਾਰਾ ਲੈਂਦੇ ਹਨ ਸਗੋਂ ਦੇਵ ਦੀ ਕਵਿਤਾ ਦੀ ਰੀੜ੍ਹ ਹੀ ਸੱਤਾਵਾਦੀ ਪ੍ਰਵਚਨਾਂ ਨੂੰ ਡਿਸਮੈਂਟਲ ਕਰਨਾ, ਯਾਨੀ ਭੰਨਣਾ ਹੈ। ਦੇਵ ਦੀ ਕਵਿਤਾ *ਲਾਲ ਜਿਲਦ* ਦੇਖਦੇ ਹਾਂ। ਅਜਿਹੀਆਂ ਕਵਿਤਾਵਾਂ ਪੰਜਾਬੀ ਦੀ ਕੇਂਦਰਵਾਦੀ ਪ੍ਰਗਤੀਵਾਦੀ ਪਰੰਪਰਾ ਨੂੰ ਡਿਸਮੈਂਟਲ ਕਰਦੀਆਂ ਹਨ। ਪੰਜਾਬੀ ਦੀ ਕੇਂਦਰਵਾਦੀ ਪਰੰਪਰਾ ਨੂੰ ਹੀ ਨਹੀਂ, ਉਹ ਸੋਵੀਅਤ ਯੂਨੀਅਨ ਦੀ ਕੇਂਦਰਵਾਦੀ ਵਿਚਾਰਧਾਰਾ ਨੂੰ ਵੀ ਵਿਖੰਡਤ (deconstruct) ਕਰਦਾ ਹੈ :

*ਮੈਂ ਅੱਖਰ ਨਹੀਂ ਬਦਲੇ: ਅੱਖ ਬਦਲੀ ਹੈ*
*ਮੱਧਵਰਗੀ ਅੱਖਰਾਂ ਦਾ ਸਨਾਤਨੀ ਸੁਆਰਥ...*
*ਬੜੀਆਂ ਸਿਫ਼ਤਾਂ ਸੀ ਲਾਲ ਜਿਲਦ ਦੀਆਂ*
*ਜਦੋਂ ਤਕ ਮਹਿਫੂਜ਼ ਰਹੀ ਇਸਪਾਤੀ ਸ਼ੈਲਫ਼ ਅੰਦਰ*
*ਹੁਣ ਨੰਗੇ ਹੋ ਗਏ ਨੇ ਇਸਦੇ ਸਾਰੇ ਦੇ ਸਾਰੇ ਸਫ਼ੇ ਸ਼ਰੇਆਮ*
*ਦਿਨ ਪ੍ਰਤੀ ਦਿਨ ਉਧੜ ਰਹੀ ਜਿਲਦ*
*ਅੱਖਰਾਂ ਅੰਦਰ ਪਤਝੜ ਚਿਰਾਂ ਦੀ ਧੂੜ*
*ਇਤਿਹਾਸ ਨੂੰ ਪੁੱਠਾ ਸਿੱਧਾ 'ਸਾਫ਼' ਕਰਨ ਦੀ ਕਾਹਲ 'ਚ*
*ਤੁਸੀਂ ਨਾ ਕੀਤੇ ਆਪਣੇ ਸਦੀਵੀ ਅਰਥਾਂ ਨੂੰ ਪ੍ਰਸ਼ਨ*
*ਕੀਤਾ ਕਿੰਤੂ ਜਿਨ੍ਹਾਂ ਨੇ*
*ਉਹਨਾਂ ਨੂੰ ਪਿਲਾਇਆ/ ਕਾਲ਼ੇ ਪਾਣੀਆਂ ਦਾ ਅਰਕ...*
*ਸਾਨੂੰ ਵੀ ਧਾਰਮਿਕ ਅੱਖਰਾਂ ਵਾਲੀ ਨੀਂਦ ਦੀ ਪੀਨਕ ਲੱਗ ਚੁੱਕੀ ਹੈ*
*ਬਹੁਤ ਸਾਰੇ ਤੱਤੇ ਬੱਚਿਆਂ ਦਾ 'ਖਿਡੌਣਾ' ਟੁੱਟ ਗਿਆ ਹੈ*
*ਇਸ ਮਨੋਰੰਜਨ ਨਾਲ ਉਹਨਾਂ ਚਿਰਾਂ ਤੀਕ ਆਪਣੇ ਆਪ ਨੂੰ*
*ਪਰਚਾਈ ਅਤੇ ਪਰਚਾਰੀ ਰੱਖਿਆ*
*ਇਸ ਸ਼ੌਕ ਅੰਦਰ ਉਹ ਭਰਮ ਦੇ ਪਾਣੀਆਂ 'ਤੇ ਤੁਰਦੇ ਰਹੇ*
*ਸ਼ੀਸ਼ਾ ਟੁੱਟ ਗਿਆ / ਹੁਣ ਮੁੜ ਇਕੱਠੇ ਕਰਨੇ ਨੇ*
*ਇਸ ਸ਼ੀਸ਼ੇ 'ਚ ਖਿਲਰ ਗਏ ਨਕਸ਼ਾਂ ਦੇ ਟੁਕੜੇ*
*ਨਕਸ਼ਿਆਂ ਦੇ ਸੁਪਨੇ* (ਸ਼ਬਦਾਂਤ, ਪੰਨਾ 153)



ਪੰਜਾਬੀ ਸਾਹਿਤ ਅਤੇ ਚਿੰਤਨ ਵਿਚ ਵਿਆਪਤ ਭਰਮ ਚੇਤਨਾ ਨੂੰ ਵੀ ਦੇਵ ਆਪਣੇ ਕਾਵਿ-ਸੰਵਾਦ ਰਾਹੀਂ ਪ੍ਰਗਟਾਉਂਦਾ ਹੈ। ਨਿਸ਼ਚਤ ਵਿਚਾਰਧਾਰਕ ਦਾਅਵਿਆਂ ਦੀ ਸੰਕੀਰਨਤਾ ਅਤੇ ਭਰਮਿਕ ਦ੍ਰਿਸ਼ਟੀ ਨੂੰ ਤੋੜਦੀ ਦੇਵ ਦੀ ਕਵਿਤਾ ਜਿੱਥੇ ਆਜ਼ਾਦੀ ਦੇ ਚਿਹਨ ਰਾਹੀਂ, ਸਦੀਵੀ ਪਰਵਾਜ਼ ਨਾਲ ਜੁੜਦੀ ਹੈ ਉਥੇ ਉਹ ਪੰਜਾਬੀ ਜਗਤ ਦੀ ਉਸ ਭੀੜ ਮਾਨਸਿਕਤਾ 'ਤੇ ਵੀ ਪਰਹਾਰ ਕਰਦੀ ਹੈ ਜੋ ਲੋਕ-ਦ੍ਰਿਸ਼ਟੀਕੋਣ ਦੇ ਨਾਂ ਉੱਤੇ ਲੋਕਮੁਖਤਾ ਤੋਂ ਕੋਰੀ ਹੈ। ਅਜਿਹੀ ਭੀੜ ਮਾਨਸਿਕਤਾ ਪਿਛਲੱਗ ਹੁੰਦੀ ਹੈ, ਚੇਤਨਾ ਤੋਂ ਕੋਰੀ। ਚੇਤਨਾ ਵਿਹੂਣੀ ਭੀੜ ਨੂੰ ਦੇਵ ਆਪਣੀ ਕਟਾਖ਼ਸ਼ੀ ਕਾਵਿ-ਭਾਸ਼ਾ ਰਾਹੀਂ ਵਿਸਥਾਪਤ ਕਰ ਦਿੰਦਾ ਹੈ। ਜੇਕਰ ਅਸੀਂ ਮਾਰਕਸਵਾਦੀ ਸੁਹਜ-ਸ਼ਾਸਤਰ ਅਤੇ ਵਿਚਾਰਧਾਰਾ ਦਾ ਗਹਿਨ ਅਧਿਐਨ ਕਰੀਏ ਤਾਂ ਖ਼ੁਦ ਮਾਰਕਸ ਵੀ ਚੇਤਨਾ ਵਿਹੂਣੀ 'ਭੀੜ' ਅਤੇ ਲੋਕਾਈ ਵਿਚ ਫਰਕ ਕਰਦਾ ਹੈ। 'ਭੀੜ' ਚੇਤਨਾ ਤੋਂ ਖਾਲੀ ਹੁੰਦੀ ਹੈ ਪਰ ਲੋਕਾਈ (ਪ੍ਰੋਲੇਤਾਰੀ ਲੋਕਾਈ) ਚੇਤਨ ਹੁੰਦੀ ਹੈ। ਦੇਵ ਅਜਿਹੀ ਚੇਤਨਾ ਵਿਹੂਣੀ (amorphous) ਭੀੜ ਨੂੰ ਵਿਸਥਾਪਤ ਕਰਕੇ, ਅਸਾਧਾਰਨ (ਵਿਸ਼ੇਸ਼) ਨਾਇਕਤਵ ਨੂੰ ਅਗਰਭੂਮਿਤ ਕਰਦਾ ਹੈ। ਕਾਲਪਨਿਕ ਕਥਾ ਦੇ ਮਨਘੜਤ ਇਤਿਹਾਸ ਅਤੇ ਸੰਸਕਾਰਾਂ ਦੇ ਨਾਂ 'ਤੇ ਉਨ੍ਹਾਂ ਪਰੰਪਰਾਵਾਂ ਨੂੰ ਜਿਹੜੀਆਂ ਗ਼ੁਲਾਮ ਬਣਾਉਣ ਦੀ ਸਾਜ਼ਿਸ਼ ਹਨ, ਨੂੰ ਤੋੜ ਕੇ ਦੇਵ ਦੀ ਕਵਿਤਾ ਮਾਨਵ ਦੀ ਮੁਕਤੀ ਦਾ ਸ਼ਕਤੀਸ਼ਾਲੀ ਕਾਵਿ-ਪ੍ਰਵਚਨ ਸਿਰਜਦੀ ਹੈ:

*ਮੈਂ ਸਿੱਧੀ ਸਾਦੀ ਮੂਲ ਧਾਰਾ ਦਾ/ ਪਾਰਦਰਸ਼ੀ ਪਾਣੀ*
*ਛਾਂ ਤੇ ਪਤਝੜ ਦਾ ਦੁਖਸੁਖੀ ਬਿਰਖ*
*ਕਿਸੇ ਕਾਲਪਨਿਕ ਕਥਾ ਦਾ/ ਮਨਘੜਤ ਇਤਿਹਾਸ ਨਹੀਂ....*
*ਉਹ ਸਭ ਕੁਝ 'ਰੱਦ' ਕਰ ਦਿੱਤਾ*
*ਜੋ ਰਵਾਇਤ ਦੇ ਨਾਂ 'ਤੇ ਗ਼ੁਲਾਮ ਬਣਾਉਣ ਦੀ*
*ਸਾਜ਼ਿਸ਼ ਅਤੇ ਸ਼ਰਾਰਤ ਸੀ* (ਸ਼ਬਦਾਂਤ, ਪੰਨਾ 15)

ਦੇਵ ਦੀ ਕਵਿਤਾ ਵਿਚਲਾ ਮੁਕਤੀ ਦਾ ਪ੍ਰਵਚਨ ਨਿਜੀ ਪਰਵਾਜ਼ ਨਹੀਂ, ਇਹ ਗੰਭੀਰ ਚਿੰਤਨ ਦਾ ਪ੍ਰਵਚਨ ਹੈ। ਵਿਚਾਰਧਾਰਾ ਦੇ ਖੇਤਰ ਵਿਚ ਘੇਰਾਵਾਦੀ ਸੱਭਿਆਚਾਰ ਨੇ ਇਤਿਹਾਸ ਦੀ ਜੋ ਵਿਆਖਿਆ ਪੇਸ਼ ਕੀਤੀ ਹੈ, ਦੇਵ ਉਸਨੂੰ ਵਿਸਥਾਪਤ ਕਰ ਦਿੰਦਾ ਹੈ।...

ਇਸ ਘੇਰਾਵਾਦੀ ਸਭਿਆਚਾਰ ਨੂੰ ਪ੍ਰਚਾਰਨ ਲਈ ਪੰਜਾਬੀ 'ਚਿੰਤਕ' ਦੀ ਭੂਮਿਕਾ ਵੀ, ਦੇਵ ਦੀ ਕਵਿਤਾ ਵਿਚ ਆਪਣੇ ਵਿਅੰਗੀ ਬਾਣਾਂ ਨਾਲ ਐਕਸਪੋਜ਼ ਹੁੰਦੀ ਹੈ। ਪੰਜਾਬੀ ਸਾਹਿਤ ਅਤੇ ਚਿੰਤਨ ਦੇ ਅਖੌਤੀ ਬੁੱਧੀਜੀਵੀ 'ਆਲੋਚਕ' ਅਸਲ ਵਿਚ ਆਪਣੀ ਬਾਂਦਰੀ ਵਿਆਕਰਨ ਉਸਾਰਨ 'ਚ ਲੱਗੇ ਹੋਏ ਹਨ। ਇਨ੍ਹਾਂ 'ਆਲੋਚਕਾਂ' ਦੀ 'ਬਾਂਦਰੀ ਵਿਆਕਰਨ' ਅਸਲ ਵਿਚ ਕੇਂਦਰਵਾਦੀ ਅਤੇ ਸੱਤਾਵਾਦੀ ਪ੍ਰਵਚਨਾਂ ਨੂੰ ਹੀ ਪੱਕਿਆਂ ਕਰ ਰਹੀ ਹੈ। ਇਹ 'ਕੇਂਦਰ ਕੁਮਾਰ' ਹਾਸ਼ੀਏ 'ਤੇ ਪਈ ਸਾਹ ਲੈ ਰਹੀ ਜ਼ਿੰਦਗੀ ਦੇ ਅਰਥਾਂ ਦੀ ਥਾਹ ਨਹੀਂ ਪਾ ਸਕਦੇ। ਬਾਂਦਰੀ ਵਿਆਕਰਨ 'ਚ ਉਲਝੇ ਇਹ 'ਗਿਆਨੀ' ਗਿਆਨ ਨੂੰ ਨਿਸ਼ਚਤਾਵਾਦ ਦੇ ਘੇਰਿਆਂ ਤੋਂ ਬਾਹਰ ਨਹੀਂ ਦੇਖ ਸਕਦੇ:

*ਮਰਕਜ਼ 'ਚ ਖੜ੍ਹੇ*
*ਸਿਖ਼ਰ ਦੁਪਹਿਰਲੇ ਸੂਰਜ ਦੀ / ਅਸੀਸ ਥੱਲੇ*
*ਮੈਨੂੰ ਪਤਾ ਤੁਸੀਂ ਸ਼ੀਸ਼ੀਆਂ ਦਾ ਪਾਣੀ ਪੀਤੈ*
*ਅਬਰਕੀ ਅਕਾਰਾਂ ਦੀਆਂ ਜ਼ਰਬਾਂ ਨਾਲ*
*ਤੁਸੀਂ ਕੇਂਦਰ-ਕੁਮਾਰ*
*ਕੀ ਜਾਣੋ ਹਾਸ਼ੀਏ 'ਤੇ ਤੁਰਨ ਦੀਆਂ ਦੁਸ਼ਵਾਰੀਆਂ....*
*ਚੱਲ ਕਿਤੇ ਹੋਰ ਚੱਲੀਏ*

*ਇਸ ਗਰਾਂ ਅੰਦਰ ਤਾਂ 'ਪੰਡਿਤ' ਹੀ ਪੰਡਿਤ ਨੇ*
*ਅਰਥਾਂ ਦੇ ਖੰਡਰ / ਰਚਨਾ ਰਸਾਤਲ*
*ਸੁੱਕੀਆਂ ਨਦੀਆਂ ਦਾ ਰੇਤਾ ਹੈ ...*
*ਅੱਗ ਬਲਦੀ ਹੈ ਹਾਸ਼ੀਏ 'ਤੇ*
*ਸ਼ਬਦ ਦਾ ਜਾਦੂ ਸਿਰ ਚੜ੍ਹ ਕੇ ਬੋਲੇ*
*ਕੇਂਦਰ ਦੇ ਪੰਡਿਤ ਗੁਣੀ ਗਿਆਨੀ*
*ਗੁਲਾਬ ਨੂੰ ਪੱਤੀ ਪੱਤੀ ਕਰਨ ਵਿਚ ਰੁੱਝੇ ਹੋਏ ਨੇ*
*ਆਪਣੀ ਬਾਂਦਰੀ ਵਿਆਕਰਨ ਨਾਲ* (ਸ਼ਬਦਾਂਤ, ਪੰਨਾ 82)

000

ਦੇਵ ਦੀ ਕਵਿਤਾ ਦਾ ਮਹੱਤਵਪੂਰਨ ਪੱਖ ਪੰਜਾਬੀਅਤ ਦਾ ਵੀ ਬਣਦਾ ਹੈ। ਪੰਜਾਬੀ ਕਾਵਿ-ਪਰੰਪਰਾ ਵਿਚ ਮੱਧਕਾਲ ਤੋਂ ਲੈ ਕੇ ਸਮਕਾਲ ਤਕ ਪੰਜਾਬੀਅਤ ਦਾ ਸੰਕਲਪ ਕਈ ਤਰ੍ਹਾਂ ਨਾਲ ਪਰਿਭਾਸ਼ਤ ਹੁੰਦਾ ਰਿਹਾ ਹੈ। ਪ੍ਰੋ. ਪੂਰਨ ਸਿੰਘ ਨੇ ਪੰਜਾਬੀਅਤ ਨੂੰ ਅਤੀਤ ਦੇ ਹਵਾਲੇ ਨਾਲ ਰੋਮਾਂਟਿਕ ਸੁਰ ਵਿਚ ਪਰਿਭਾਸ਼ਤ ਕੀਤਾ ਹੈ। ਪ੍ਰੋ. ਪੂਰਨ ਸਿੰਘ ਦਾ ਅਤੀਤਮੁਖੀ ਪੰਜਾਬ ਸੋਹਣਾ, ਗੌਰਵਸ਼ਾਲੀ, ਨੱਚਦਾ-ਖੇਡਦਾ ਸਰਬ-ਸਾਂਝਾ ਪੰਜਾਬ ਹੈ, ਜਿਸਦਾ ਰੋਮਾਂਟਿਕ ਕਾਲਪਨਿਕ ਬਿੰਬ ਰੋਮਾਂਸ ਦੀ ਕਲਪਨਾ 'ਤੇ ਆਧਾਰਤ ਹੈ। ਇਸੇ ਆਧੁਨਿਕ ਪਰੰਪਰਾ ਵਿਚ ਇਕ ਹੋਰ ਪ੍ਰਮੁੱਖ ਕਵੀ ਧਨੀ ਰਾਮ ਚਾਤ੍ਰਿਕ ਦਾ ਨਾਂ ਵੀ ਸ਼ੁਮਾਰ ਹੁੰਦਾ ਹੈ। ਪਰ ਦੇਵ ਪੰਜਾਬੀਅਤ ਦੇ ਸੰਕਲਪ ਨੂੰ ਬੌਧਿਕ ਚਿੰਤਨ-ਚੇਤਨਾ ਨਾਲ ਪਰਿਭਾਸ਼ਤ ਕਰਦਾ ਹੈ। ਦੇਵ ਪੰਜਾਬੀਅਤ ਨੂੰ ਮੱਧਕਾਲੀ ਸਾਹਿਤ ਅਤੇ ਚਿੰਤਨ ਵਿਚ ਪਏ ਪੰਜਾਬ ਦੀ ਵਿਸ਼ਾਲਤਾ ਨੂੰ ਹਵਾਲੇ ਵਜੋਂ ਵਰਤਦਾ ਹੈ। ਦੇਵ ਇਸ ਮੱਧਕਾਲੀ ਪਰੰਪਰਾ ਦੇ ਮਾਨਵਵਾਦੀ ਅਤੇ ਸੰਵਾਦੀ ਚਰਿੱਤਰ ਨੂੰ ਰੋਮਾਂਟਿਕ ਬਿਰਤੀ ਅਤੇ ਉਪਭਾਵੁਕਤਾ ਰਾਹੀਂ ਪੇਸ਼ ਨਹੀਂ ਕਰਦਾ ਸਗੋਂ ਮੱਧਕਾਲੀ ਚਿੰਤਨ ਦੇ ਠੋਸ ਆਧਾਰਾਂ ਨੂੰ ਆਪਣੀ ਕਵਿਤਾ ਦੀ ਜ਼ਮੀਨ ਬਣਾਉਂਦਾ ਹੈ। ਇਸ ਪਰੰਪਰਾ ਨੂੰ ਦੇਵ ਵਰਤਮਾਨ ਵਿਚ ਪੰਜਾਬੀਅਤ ਦੇ ਡੂੰਘੇ ਅਰਥਾਂ ਨਾਲ ਜੋੜਦਾ ਹੈ। ਦੇਵ ਪੰਜਾਬੀਅਤ ਨੂੰ ਕਿਉਂ ਤੇ ਕਿਵੇਂ ਪਰਿਭਾਸ਼ਤ ਕਰਦਾ ਹੈ, ਇਸ ਪ੍ਰਸ਼ਨ ਦੇ ਉਤਰ ਵੀ ਉਸਦੀ ਕਵਿਤਾ ਵਿਚ ਸ਼ਾਮਿਲ ਹਨ। ਪੰਜਾਬੀ ਜਨ-ਮਾਨਸ ਅਤੇ ਮੱਧਕਾਲੀ ਪੰਜਾਬੀ ਚਿੰਤਕ ਦੀ ਮੂਲ ਵਿਆਕਰਨ ਸੰਗਤ, ਸੰਵਾਦ, ਅਰਦਾਸ, ਸਰਬੱਤ ਦਾ ਭਲਾ ਚਾਹੁਣ ਵਾਲੀ ਬੌਧਿਕ ਪਰੰਪਰਾ ਹੈ ਜਿਸਨੂੰ ਪੱਛਮੀ ਬਸਤੀਵਾਦ ਅਤੇ ਆਧੁਨਿਕਤਾ ਦੇ ਸੰਪਰਦਾਇਕ ਪ੍ਰਵਚਨਾਂ ਨੇ ਤਹਿਸ-ਨਹਿਸ ਕੀਤਾ ਹੈ। ਪੰਜਾਬ ਦੀ ਮੱਧਕਾਲੀਨ ਚਿੰਤਨ ਪਰੰਪਰਾ ਦਾ ਅਧਿਆਤਮਵਾਦ ਵੀ ਮੌਲਿਕ ਅਤੇ ਵਿਲੱਖਣ ਹੈ, ਜਿਸ ਦੀ ਟੇਕ ਭਾਰਤੀ ਮਿੱਥਕ ਪਰੰਪਰਾ ਦੇ ਮਾਇਆਵੀ ਸੁਭਾਅ ਤੋਂ ਉਲਟ, ਸੰਸਾਰ ਦੇ ਯਥਾਰਥ 'ਤੇ ਟਿਕੀ ਹੋਈ ਹੈ। ਪੰਜਾਬੀ ਸੱਭਿਅਤਾ ਦਾ ਮੂਲ ਸੁਭਾਅ ਜੰਗਲਾਂ ਦੀ ਬਜਾਏ ਸੰਸਾਰ ਦੀ ਵਾਸਤਵਿਕਤਾ ਨੂੰ ਆਧਾਰ ਬਣਾਉਂਦਾ ਹੈ। ਦੇਵ ਦੀ ਕਵਿਤਾ 'ਪੰਜਾਬੀ ਰਬਾਬੀ' ਉਸਦੀ ਪੰਜਾਬੀਅਤ ਦੀ ਸੰਕਲਪਨਾ ਦਾ ਮੂਲ ਆਧਾਰ ਬਣਦੀ ਹੈ। ਅੰਨ੍ਹੇ ਅਰਥਾਂ ਦੀ ਭੀੜ 'ਚ ਗੁਆਚੀ ਵਰਤਮਾਨ ਪੰਜਾਬੀ ਪੀੜ੍ਹੀ ਲਈ, ਦੇਵ ਦੀ ਪੰਜਾਬੀਅਤ ਦੀ ਸੰਕਲਪਨਾ ਵਿਚਾਰਧਾਰਾਈ ਆਦਰਸ਼ ਵਜੋਂ ਮਾਡਲ ਬਣਦੀ ਹੈ ਜਿਸਦੀ ਸਮਕਾਲੀ ਪ੍ਰਸੰਗ ਵਿਚ ਖਾਸ ਮਹੱਤਤਾ ਹੈ:

*ਕੀ ਵੇਈਂ ਨਦੀ ਅੰਦਰ*
*ਅਜੇ ਵੀ 'ਕੁਝ' ਪਾਣੀ ਬਚਿਆ ਰਹਿ ਗਿਆ ਹੈ*
*ਮੈਂ ਕੋਈ ਤਾਰੂ ਨਹੀਂ*
*ਇਸ ਕੰਢੇ ਤੋਂ ਉਸ ਕਿਨਾਰੇ ਨੂੰ 'ਪਾਰ' ਕਰਨ ਦਾ*
*ਰਿਆਜ਼ ਹੀ ਕਰਦਾ ਰਹਿੰਦਾ ਹਾਂ*



*ਪਰਮ ਬਾਬਾ ਜੀ: ਤੂੰ ਤਾਂ ਸਮਿਆਂ ਦਾ ਤੈਰਾਕ ਸੀ*
*ਪਾਣੀ ਦੀ ਬੂੰਦ ਬੂੰਦ ਤੋਂ ਵਾਕਿਫ਼*
*ਅਰਥਾਂ ਤੋਂ ਆਕਾਸ਼ ਤੱਕ ਦਾ ਮਹਾਂਕੋਸ਼*
*ਮੈਂ ਤੇਰੇ ਸ਼ਬਦ ਦਾ ਸਿੱਖ ਹਾਂ / ਦੱਸ ਕਿਵੇਂ ਤਰਾਂ*
*ਆਪਣੇ ਸਮੇਂ ਤੇ ਸਵੈ ਦੇ ਸ਼ੇਸ਼ਨਾਗੀ ਵਾਵਰੋਲਿਆਂ ਨੂੰ?*
*ਸ਼ਾਇਰਾਂ ਦੇ ਸ਼ਾਇਰ ਤੇਰੇ ਸ਼ਬਦ ਦੀ ਨਦੀ ਅੰਦਰ ਰੋਜ਼ ਉਤਰਦਾ ਹਾਂ*
*ਤੂੰ ਆਪਣੀ ਕਲਪਨਾ ਦੇ ਕ੍ਰਿਸ਼ਮੇ ਦੀ ਅਸੀਸ ਦੇ*
*ਕਿ ਅਸੀਂ ਅੰਨ੍ਹੇ ਅਰਥਾਂ ਦੀ ਭੀੜ ਨਾ ਬਣੀਏ*
*ਕਿ ਅਸੀਂ ਤੇਰੇ ਸ਼ਬਦ ਰਹੀਏ/ ਸੰਗਤ ਤੇ ਸੰਵਾਦ ਦੇ*

(ਸ਼ਬਦਾਂਤ, ਪੰਨਾ 95)

ਪੰਜਾਬ ਜਦੋਂ ਨੱਬੇ ਦੇ ਦਹਾਕੇ ਵਿਚ ਦਹਿਸ਼ਤਗਰਦੀ ਅਤੇ ਆਤੰਕਵਾਦ ਦੇ ਸੰਤਾਪ ਨਾਲ ਸੰਤਾਪਿਆ ਜਾਂਦਾ ਹੈ ਤਾਂ ਵੀ ਦੇਵ ਮੱਧਕਾਲੀ ਪੰਜਾਬੀ ਚਿੰਤਨ ਪਰੰਪਰਾ ਨੂੰ ਸਾਂਝੀਵਾਲਤਾ ਦੇ ਵਿਸ਼ਾਲ ਮੈਟਾਫ਼ਰ ਰਾਹੀਂ ਪਰਿਭਾਸ਼ਤ ਕਰ ਕੇ ਧਾਰਮਿਕ ਸੰਪਰਦਾਇਕਤਾ ਦੇ ਖਿਲਾਫ਼ ਲਿਖਦਾ ਹੈ। ਪੰਜਾਬ ਕਿਸੇ ਧਰਮ, ਫ਼ਿਰਕੇ ਜਾਂ ਸਮੂਹ ਦਾ ਨਾਂ ਨਹੀਂ, ਇਸ ਦੀ ਖੇਤਰੀ ਰਹਿਤਲ ਵਿਚ ਪੰਜਾਂ ਪਾਣੀਆਂ ਦਾ ਵਹਾਅ ਹੈ ਅਤੇ ਪਰਮ ਬਾਬਾ (ਗੁਰੂ ਨਾਨਕ ਦੇਵ ਜੀ) ਪੰਦਰਵੀਂ ਸਦੀ ਵਿਚ ਇਸ ਮਾਨਵਵਾਦੀ ਪਰੰਪਰਾ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਦਾ ਹੈ। ਭਾਵੇਂ ਦੇਵ ਕਈ ਵਾਰ ਇਹ ਕਹਿ ਦਿੰਦਾ ਹੈ ਕਿ ਉਹ ਪੰਜਾਬੀ ਦਾ ਕਵੀ ਨਹੀਂ, ਪੰਜਾਬੀ ਵਿਚ ਲਿਖਣ ਵਾਲਾ ਕਵੀ ਹੈ, ਇਸ ਦੇ ਡੂੰਘੇ ਮੈਟਾਫ਼ੋਰੀਕਲ (metaohirucal) ਅਰਥ ਹਨ। ਉਸ ਦਾ ਪੰਜਾਬ ਵਿਸ਼ਾਲ ਦੇਸ਼ ਹੈ ਜਿਸ ਦੀ ਚਿੰਤਨੀ ਸੂਝ ਦੀ ਪਰੰਪਰਾ, ਧਰਮ, ਸੰਪਰਦਾਇ, ਹੱਦਾਂ-ਸਰਹੱਦਾਂ ਅਤੇ ਖੇਤਰ ਦੀਆਂ ਸੀਮਾਵਾਂ ਤੋਂ ਮੁਕਤ ਹੈ। ਵਿਚਾਰਧਾਰਾ ਦੀ ਖੁੱਲ੍ਹੀ, ਮੋਕਲੀ, ਸੰਵਾਦੀ, ਬ੍ਰਹਿਮੰਡੀ ਚੇਤਨਾ ਦੇਵ ਦੀ ਕਵਿਤਾ ਦੀ ਧਰੋਹਰ ਹੈ, ਜਿਸ ਰਾਹੀਂ ਪੰਜਾਬੀਅਤ ਵੀ ਇਸ ਬ੍ਰਹਿਮੰਡੀ ਸੋਚ ਰਾਹੀਂ ਪਰਿਭਾਸ਼ਤ ਹੁੰਦੀ ਹੈ:

*ਪੰਜਾਬ / ਮੈਂ ਤੇਰੇ ਦੇਸ਼ ਆਇਆ*
*ਤੂੰ ਮੈਨੂੰ ਲਿੱਪੀ ਸਿਖਾਈ/ ਵੱਡਾ ਕੀਤਾ/ ਨਾਂ ਦਿੱਤਾ ਦੇਵ*
*ਕਿਹਾ ਉੱਜੜ ਜਾ ਤੇ ਭਟਕ*
*ਪੰਜਾਬੀ ਨੂੰ ਨਾਲ ਨਾਲ ਰੱਖੀਂ*
*ਸਿੱਖੀਂ ਹੋਰਾਂ ਦੇ ਨਵੇਂ-ਨਵੇਂ ਅੱਖਰ ਵੀ*
*ਪਿਆਸ ਦੇ ਪੰਜ ਪਾਣੀ*
*ਨਵੇਂ ਦਰਿਆਵਾਂ ਨਾਲ ਦੋਸਤੀ ਲਾਉਂਦਿਆਂ*
*ਪਾਰ ਮਿੱਟੀ, ਨਵੀਂ ਮਿੱਟੀ, ਨਵੀਂ ਥਾਂ* (ਉਤਰਾਇਣ, ਪੰਨਾ 75)

000

ਦੇਵ ਸੱਤਾ ਦੀਆਂ ਡਿਕਟੇਟਰੀ ਵਿਚਾਰਧਾਰਾਵਾਂ ਨੂੰ ਰੋਹਪੂਰਨ ਕਾਵਿ-ਭਾਸ਼ਾ ਵਿਚ ਡਿਸਮੈਂਟਲ ਕਰਦਾ ਹੈ। ਮਹਾਂ-ਬਿਰਤਾਂਤਾਂ ਨੂੰ ਨਕਾਰਨ ਦੀ ਉਸਦੀ ਕਾਵਿ-ਚੇਤਨਾ ਉੱਤਰ ਆਧੁਨਿਕਤਾਵਾਦ ਦੇ ਇਸ ਪ੍ਰਵਚਨ ਨੂੰ ਵੀ ਨਹੀਂ ਸਵੀਕਾਰਦੀ ਕਿ ਵਰਤਮਾਨ ਵਿਕਸਤ ਪੂੰਜੀਵਾਦ, ਇਤਿਹਾਸ ਦੀ ਅੰਤਮ ਸਟੇਜ ਹੈ। ਦੇਵ ਵਰਤਮਾਨ 'ਚ ਪਈਆਂ ਅਮਾਨਵੀ ਪਰਿਸਥਿਤੀਆਂ ਦਾ ਰੋਹਪੂਰਨ ਵਿਸ਼ਲੇਸ਼ਣ ਕਰਦਾ ਹੈ। ਉਸਦੀ ਬ੍ਰਹਿਮੰਡੀ ਚੇਤਨਾ, ਵਿਸ਼ਵ ਨੂੰ ਜਦੋਂ ਆਪਣੀਆਂ ਕਵਿਤਾਵਾਂ ਰਾਹੀਂ ਦੇਖਦੀ ਹੈ ਤਾਂ ਉਸਦੀ ਕਾਵਿ-ਚੇਤਨਾ, ਰਾਜਨੀਤਕ ਪ੍ਰਸੰਗਾਂ ਨੂੰ ਵਾਹਣ ਬਣਾਉਂਦੀ ਹੈ। ਦੇਵ ਕਿਉਂਕਿ ਕਿਸੇ ਇਕ ਮੋਨੋਲਿਥਕ (ਇਕਹਿਰੀ ਅਤੇ ਨਿਸ਼ਚਤਾਵਾਦੀ) ਵਿਚਾਰਧਾਰਾ ਨੂੰ ਆਪਣਾ

ਮਾਡਲ ਨਹੀਂ ਬਣਾਉਂਦਾ, ਇਸ ਲਈ ਉਸਦੀ ਪ੍ਰਮੁੱਖ ਕਾਵਿ-ਜੁਗਤ ਵਿਖੰਡਨ (deconstruction) ਦੀ ਬਣ ਜਾਂਦੀ ਹੈ। ਇਸ ਵਿਖੰਡਨੀ ਕਾਵਿ-ਜੁਗਤ ਵਿਚ ਕਾਵਿ-ਭਾਸ਼ਾ ਰੋਹ ਅਤੇ ਵਿਅੰਗ ਨੂੰ ਪ੍ਰਮੁੱਖ ਬਣਾਉਂਦੀ ਹੈ। ਦੇਵ ਦਾ ਵਿਅੰਗ ਚਿੰਤਨੀ ਹੈ ਜਿਸ ਰਾਹੀਂ ਉਸਦੀ ਮਾਨਵਵਾਦੀ ਬ੍ਰਹਿਮੰਡੀ ਵਿਚਾਰਧਾਰਾ ਦੀ ਧੁਨੀ ਸੁਣਾਈ ਦਿੰਦੀ ਹੈ। ਕੌਮਾਂਤਰੀ ਪਰਿਪੇਖ ਵਿਚ ਪਿਛਲੇ ਲਗਪਗ ਤਿੰਨ ਦਹਾਕਿਆਂ ਤੋਂ ਸੱਭਿਅਤਾਵਾਂ ਦੇ ਭੇੜ (clashes between civilizations) ਦੀ ਹਿੰਸਾਤਮਕ ਰਾਜਨੀਤੀ ਨੇ ਚਿੰਤਕਾਂ ਅਤੇ ਸਾਹਿਤਕਾਰਾਂ ਦਾ ਵਿਸ਼ੇਸ਼ ਧਿਆਨ ਖਿੱਚਿਆ ਹੈ। ਵਿਚਾਰਧਾਰਾ ਦੀ ਸਰਦਾਰੀ ਅਤੇ ਗਲਬੇ (hegemony) ਨੂੰ ਕਾਇਮ ਰੱਖਣ ਲਈ ਅਮਰੀਕਾ 'ਲੋਕਤੰਤਰ ਦੀ ਬਹਾਲੀ' ਦੇ ਨਾਂ 'ਤੇ ਅਰਬ ਦੇ ਮੁਲਕਾਂ ਉੱਤੇ ਹਮਲੇ ਕਰਦਾ ਹੈ। ਅਮਰੀਕਾ ਇਨ੍ਹਾਂ ਹਮਲਿਆਂ ਦੇ ਤਰਕ ਵਿਚ, ਸੱਭਿਅਤਾ ਦੀ ਸਥਾਪਤੀ ਅਤੇ ਲੋਕਤੰਤਰ ਦੀ ਬਹਾਲੀ ਦੇ ਸੰਕਲਪਾਂ ਨੂੰ ਆਪਣੇ ਗ਼ਲਬੇ ਲਈ ਵਰਤਦਾ ਹੈ। ਇਸ ਗ਼ਲਬੇ ਦੀ ਰਾਜਨੀਤੀ ਵਿਚ ਅਮਰੀਕਾ ਇਹਨਾਂ ਮੁਲਕਾਂ ਨੂੰ ਗ਼ੈਰ-ਲੋਕਤੰਤਰੀ, ਜਾਹਲ, ਅਸੱਭਿਅਕ ਅਤੇ ਹਿੰਸਾਵਾਦੀ ਗਰਦਾਨ ਦਿੰਦਾ ਹੈ ਅਤੇ ਧਾਰਮਿਕ ਤੌਰ 'ਤੇ ਮੁਸਲਿਮ ਸਮੁਦਾਇ ਦੇ ਇਕ ਵੱਡੇ ਹਿੱਸੇ ਨੂੰ ਆਤੰਕਵਾਦੀ ਘੋਸ਼ਿਤ ਕਰ ਦਿੰਦਾ ਹੈ। ਇਸ ਗ਼ਲਬੇ ਦੀ ਰਾਜਨੀਤੀ ਦੇ ਆਰਥਿਕ ਅਤੇ ਸੰਸਕ੍ਰਿਤਕ ਸੰਦਰਭਾਂ ਨੂੰ ਦੇਵ ਦੀ ਕਵਿਤਾ, ਚਿੰਤਨੀ ਸੂਝ ਨਾਲ ਨੰਗਿਆਂ ਕਰਦੀ ਹੈ। ਦੇਵ ਦੀ ਕਵਿਤਾ ਦੀ ਇਹ ਵਿਖੰਡਨੀ ਕਾਵਿ-ਜੁਗਤ ਡੂੰਘੇ ਰਾਜਨੀਤਕ ਅਰਥਾਂ ਅਤੇ ਚਿੰਤਨ-ਚੇਤਨਾ ਦੇ ਸੰਵਾਦ ਨੂੰ ਸ਼ੁਰੂ ਕਰਦੀ ਹੈ:

*ਅਮਰੀਕਾ ਨੇ ਕਦੇ ਕੋਈ ਜੰਗ ਨਹੀਂ ਲੜੀ*
*ਉਹ ਨਿੱਕੇ ਨਿੱਕੇ ਦੇਸ਼ਾਂ 'ਚ ਜਾਂਦੈ*
*ਅਮਰੀਕੀ ਭਰਮ ਦੀ ਚਮਕ ਪਹਿਨ ਕੇ*
*ਉਸਨੂੰ ਹੋਰਾਂ ਦੇ ਕੱਚੇ ਮਾਲ ਦੀ ਹਲਕਾਈ ਹਾਬੜ*
*ਪੈਪਸੀ ਮੈਕ ਕੋਕਾਕੋਲਾ ਦਾ ਨਕਾਬ*
*ਹੋਰਾਂ ਦੀਆਂ ਰਹਿਤਲਾਂ 'ਚ ਸੰਨ੍ਹ ਲਾਉਂਦਾ*
*ਪ੍ਰਚਾਰ ਲੋਕਤੰਤਰ ਦਾ ਕਰਦਾ...*
*ਚੱਤੇ ਪਹਿਰ ਕਾਲਪਨਿਕ ਦੁਸ਼ਮਣ ਦੀ ਘਾੜਤ ਕਰਦੈ*
*ਫਿਰ ਉਸਦੀ ਤਲਾਸ਼ ਲਈ*
*ਤਰ੍ਹਾਂ ਤਰ੍ਹਾਂ ਦੇ ਮੌਤ ਦੇ ਸਮਾਨ ਦਾ ਪ੍ਰਯੋਗ ਕਰਦੈ...*
*ਉਸਦੇ ਇਰਦ-ਗਿਰਦ ਕਾਲੀਆਂ ਚਿੱਟੀਆਂ ਇੱਲ੍ਹਾਂ*
*ਕਾਲੀਆਂ ਜਿਲਦਾਂ/ ਚਿੱਟੇ ਨਕਾਬ ਪਹਿਨ ਕੇ*
*'ਆਪਣਿਆਂ' ਦਾ/ ਜਬਰ-ਜਿਨਾਹ ਕਰਨਗੀਆਂ*
*ਸੱਤਾ ਦੇ ਸੁਨਹਿਰੀ ਮੁਕਟ ਪਹਿਨ ਕੇ*
*ਅਮਰੀਕਾ ਕਦੇ ਕੋਈ 'ਜੰਗ' ਨਹੀਂ ਲੜਦਾ*
*ਉਹ ਤਾਂ ਬਸ ਤੁਹਾਨੂੰ ਚਾਹੁੰਦੈ*
*ਤੁਹਾਡੀ ਸਮੁੱਚੀ ਹੋਂਦ ਨੂੰ ਹਜ਼ਮ ਕਰ ਜਾਣ ਦੇ ਲਈ*
*ਅਮਰੀਕਾ ਕਦੇ 'ਜੰਗ' ਨਹੀਂ ਕਰਦਾ* (ਉਤਰਾਇਣ, ਪੰਨਾ 105)

000

ਦੇਵ ਦੀ ਕਾਵਿ-ਸੰਵੇਦਨਾ ਦਾ ਮਹੱਤਵਪੂਰਨ ਥੀਮ, ਪੰਜਾਬ ਦੀ ਗੁਆਚ ਰਹੀ ਰਹਿਤਲ ਦੀ ਮਾਨਵੀ ਰੈਲ ਦਾ ਫ਼ਿਕਰ ਹੈ। ਆਧੁਨਿਕਤਾ ਨੇ ਵਿਕਾਸ ਦੇ ਨਾਂ 'ਤੇ ਸਥਾਨਕ ਸੰਸਕ੍ਰਿਤੀਆਂ 'ਚ ਪਏ ਮਾਨਵੀ ਭਾਈਚਾਰੇ ਦੀਆਂ ਸਾਂਝਾਂ ਉੱਤੇ ਵੀ ਹਮਲਾ ਹੋਇਆ ਹੈ। ਉੱਤਰ ਆਧੁਨਿਕਤਾ



ਦਾ ਇਕ ਵਿਚਾਰਧਾਰਾਈ ਪ੍ਰਵਚਨ ਸਥਾਨਕ ਸੰਸਕ੍ਰਿਤੀਆਂ 'ਤੇ ਆਧੁਨਿਕਤਾ ਦੇ ਇਸ ਹਮਲੇ ਨੂੰ "ਪਛਾਣਾਂ" ਨੂੰ ਮਿਟਾ ਦੇਣ ਦੇ ਅਮਲ ਵਜੋਂ ਵੀ ਦੇਖਦਾ ਹੈ। ਪੰਜਾਬੀ ਚਿੰਤਨ ਦੀ ਇਕ ਪਰੰਪਰਾ ਇਸਨੂੰ ਧਰਮ ਦੀ ਦ੍ਰਿਸ਼ਟੀ ਤੋਂ ਵੀ ਦੇਖਦੀ ਹੈ। ਦੇਵ ਉੱਤਰ ਆਧੁਨਿਕਤਾ ਦੇ ਇਸ ਧਰਮ ਆਧਾਰਤ ਚਿੰਤਨ ਦੀ ਸੰਪਰਦਾਇਕਤਾ ਦਾ ਵੀ ਵਿਰੋਧ ਕਰਦਾ ਹੈ ਅਤੇ ਆਧੁਨਿਕਤਾ ਦੇ ਉਸ ਵਿਕਾਸ ਮਾਡਲ ਦਾ ਵੀ ਨਕਾਰਨ ਕਰਦਾ ਹੈ ਜਿਹੜਾ ਸੰਸਕ੍ਰਿਤੀਆਂ ਦੇ ਭਾਈਚਾਰਕ ਰੂਪਾਂ ਨੂੰ ਨਿਗਲ ਰਿਹਾ ਹੈ। ਪੂੰਜੀਵਾਦੀ ਪੈਸਾ ਆਧਾਰਤ ਇਸ ਆਧੁਨਿਕਤਾ ਨੇ ਭਾਈਚਾਰਿਆਂ ਦੀ ਸਮੂਹਕ ਭਾਵਨਾ ਦੇ ਖਾਤਮੇ ਰਾਹੀਂ ਵਿਅਕਤੀ ਨੂੰ ਇਕੱਲਿਆਂ ਕਰ ਕੇ "ਵਿਅਕਤੀਵਾਦੀ" ਬਣਾ ਦਿੱਤਾ ਹੈ। 'ਆਦਿ ਅੱਖਰਾਂ ਦੀ ਸੰਗਤ ਤੇ ਸੰਵਾਦ' ਦੀ ਸਮੂਹਕ ਭਾਈਚਾਰਕ ਸਾਂਝ ਨੂੰ, ਪੰਜਾਬ ਦੀ ਸਾਂਝੀ ਰਹਿਤਲ ਦੇ ਤੌਰ 'ਤੇ ਦੇਖਦਿਆਂ ਦੇਵ, ਵਰਤਮਾਨ ਦੇ ਵਿਅਕਤੀਵਾਦੀ ਵਰਤਾਰੇ ਨੂੰ ਨਕਾਰਦਾ ਹੈ। ਦੇਵ ਦਾ ਇਹ ਕਾਵਿ-ਉਚਾਰ, ਬੀਤ ਗਏ ਦਾ ਮੋਹ ਜਾਂ ਹੇਰਵਾ ਨਹੀਂ ਸਗੋਂ ਵਰਤਮਾਨ ਆਧੁਨਿਕਤਾ ਦੀ ਮਾਨਵੀ ਭਾਇਚਾਰਿਆਂ ਨੂੰ ਨਿਗਲਣ ਦੀ ਬਿਰਤੀ ਦਾ ਫ਼ਿਕਰ ਹੈ। ਸੰਵਾਦ ਅਤੇ ਸੰਗਤ ਦੀ ਪਰੰਪਰਾ ਨੂੰ ਖ਼ਤਮ ਕਰਨ ਦੇ ਪ੍ਰਪੰਚ ਦਾ ਪ੍ਰਤੀਰੋਧਕ ਕਾਵਿ-ਉਚਾਰ ਹੈ ਅਜਿਹੀ ਕਵਿਤਾ:

*ਰਹਿਤਲ ਦੇ ਸਭ ਜ਼ੈਤੂਨ/ ਉਖਾੜ ਦਿੱਤੇ ਗਏ ਨੇ*
*ਇਨ੍ਹਾਂ ਬਿਰਖੀ ਛਾਵਾਂ ਥੱਲੇ*
*ਆਦਿ ਅੱਖਰਾਂ ਦੀ ਸੰਗਤ ਤੇ ਸੰਵਾਦ ਹੁੰਦਾ ਸੀ*
*ਏਥੇ ਹੁਣ ਉਜਾੜ ਲਹੂ-ਲੁਹਾਨ ਚੇਤੇ/ ਸੰਵਾਦ ਕਿਸ ਨਾਲ*
*ਪੁਰਾਤਨ ਪੁਸਤਕ ਦੇ 'ਯਾਦਗਾਰੀ'*
*ਖ਼ੁਦ ਹੀ ਜ਼ੈਤੂਨਾਂ, ਆਦਿ ਕਾਲੀ ਗ਼ਲੀਆਂ*
*ਚੁਰਾਹੇ ਵਿਹੜਿਆਂ 'ਚ ਨੱਚਦੇ ਹਾਸਿਆਂ*
*ਦਾ ਨਾਮੋ-ਨਿਸ਼ਾਨ ਮਿਟਾ ਰਹੇ ਨੇ...* (ਉਤਰਾਇਣ, ਪੰਨਾ 72)

000

ਆਧੁਨਿਕਤਾ ਦੀ ਵਿਅਕਤੀਵਾਦੀ ਸਵਾਰਥੀ ਹਉਂ ਨੂੰ ਦੇਵ, ਸਾਂਝੀਵਾਲਤਾ ਦੇ ਸੁਨੇਹੇ ਰਾਹੀਂ, ਮੁਹੱਬਤੀ ਪ੍ਰਵਚਨ ਵਿਚ ਬਦਲ ਦਿੰਦਾ ਹੈ। ਦੇਵ ਸਾਡੇ ਖੇਤੀ ਅਰਥਚਾਰੇ ਦੀਆਂ ਭਾਈਚਾਰਕ ਸਾਂਝਾਂ ਦੀ ਬੁਨਿਆਦ ਨੂੰ ਸਾਡੇ ਚੇਤਿਆਂ 'ਚ ਵਸਾਉਣਾ ਚਾਹੁੰਦਾ ਹੈ। ਭਾਰਤੀ ਅਤੇ ਪੰਜਾਬੀ ਸਮਾਜ ਦੇ ਸਾਮੰਤੀ ਆਰਥਿਕ-ਸਮਾਜਕ ਢਾਂਚਿਆਂ ਵਿਚ ਵੀ ਇਕ ਸਮੂਹਕ ਭਾਵਨਾ ਅਤੇ ਸਾਂਝ ਦੀ ਰੈਲ ਸੀ। ਸਾਂਝੀ ਜਾਂ ਸੀਰੀ ਸ਼ਬਦ ਇਸੇ ਜਗੀਰੂ ਰੈਲ ਦੇ ਰੂਪਕ ਹਨ। ਦੇਵ ਇਹ ਚੇਤਨਾ ਦ੍ਰਿੜ ਕਰਵਾਉਣਾ ਚਾਹੁੰਦਾ ਹੈ ਕਿ ਸਾਂਝੀ (ਨੌਕਰ) ਦੇ ਘਰ ਵੀ ਰੱਬ ਵਸਦੈ। ਵਿਅਕਤੀਵਾਦੀ ਰੁਝਾਨ 'ਚ ਅਸੀਂ ਦੂਜੇ ਦੀ ਮੁਸੀਬਤ 'ਤੇ ਖ਼ੁਸ਼ ਹੁੰਦੇ ਹਾਂ, ਗੁਆਂਢੀ ਦੀਆਂ ਮੁਸੀਬਤਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਪੜੋਸ ਤੇ ਪੜੋਸੀ ਦੀਆਂ ਰਵਾਇਤਾਂ ਖਤਮ ਹੋ ਰਹੀਆਂ ਹਨ। ਦੇਵ ਮਾਨਵੀ ਰੈਲ ਦੀਆਂ ਗੁਆਚ ਰਹੀਆਂ ਇਨ੍ਹਾਂ ਪਰੰਪਰਾਵਾਂ ਤੋਂ ਖ਼ਬਰਦਾਰ ਕਰਦਾ ਹੈ:

*ਹਵਾਵਾਂ ਨੂੰ ਆਉਣ ਦਿਉ ... ਜਾਣ ਦਿਉ*
*ਪੰਛੀ ਰਾਹਦਾਰੀ ਦੇ ਬੰਦੀ ਨਹੀਂ/ ਰੋਕ ਨਾ ਲਾਉ*
*ਪੌਣਾਂ ਗੰਧਲਾ ਜਾਣਗੀਆਂ*
*ਪੜੋਸੀ ਦੇ ਘਰ ਅੱਗ ਲੱਗੀ ਏ ਅੱਜ*
*ਉਸ 'ਤੇ ਆਇਤਾਂ ਦਾ ਜਲ ਪਾਉ*
*ਮੁਹੱਬਤ ਨੂੰ ਮਰਨ ਨਾ ਦਿਉ*

*ਗੁਆਂਢੀ ਦੇ ਘਰ ਲੱਗੀ ਅੱਗ*
*ਕਦੇ ਸਾਡੀ ਸਰਦਲ ਅੰਦਰ ਵੀ ਆ ਸਕਦੀ* (ਉਤਰਾਇਣ, ਪੰਨਾ 7)

000

ਦੇਵ ਦੀ ਕਵਿਤਾ ਦਾ ਨਾਇਕਤਵ ਉਸਦੀ ਨਿਜੀ ਹਉਂ ਅਤੇ ਅਸਤਿਤਵ ਦਾ ਹੈ ਜਿਸ ਰਾਹੀਂ ਉਸਦੀ ਕਵਿਤਾ ਸਿਰਜਤ ਹੁੰਦੀ ਹੈ। ਇਹ ਉਸਦੀ ਕਾਵਿ-ਸਿਰਜਣਾ ਦੀ ਪ੍ਰਮਾਣਿਕਤਾ ਹੈ ਜਿਸ ਰਾਹੀਂ ਕਾਵਿ-ਨਾਇਕ ਆਪਣੇ ਆਪੇ ਅਤੇ ਕਾਇਨਾਤ ਨੂੰ ਮੁਖ਼ਾਤਿਬ ਹੁੰਦਾ ਹੈ। ਦੇਵ ਦਾ ਇਹ ਨਿਜੀ ਆਪਾ ਇਕ ਕਲਾਕਾਰ, ਕਵੀ ਅਤੇ ਚਿੰਤਕ ਦਾ ਹੈ ਜਿਸ ਰਾਹੀਂ ਉਹ ਸਥਾਪਤੀ ਅਤੇ ਸੱਤਾ ਦੀਆਂ ਸੰਸਥਾਵਾਂ ਨੂੰ ਵੰਗਾਰਦਾ ਹੈ। ਮਹਾਂ-ਬਿਰਤਾਂਤਾਂ ਦੀਆਂ ਵਿਚਾਰਧਾਰਾਵਾਂ ਦੇ ਤਲਿੱਸਮੀ ਆਦਰਸ਼ ਦੇਵ ਦੀ ਕਵਿਤਾ ਵਿਚ ਇਕ-ਇਕ ਕਰ ਕੇ ਰੱਦ ਹੁੰਦੇ ਚਲੇ ਜਾਂਦੇ ਹਨ। ਸੰਸਕ੍ਰਿਤਕ ਵਿਆਕਰਨ ਵੱਲੋਂ ਉਸਾਰੀਆਂ ਘਰੇਲੂ ਸੰਸਥਾਵਾਂ ਵੀ ਉਸਦੀ ਕਵਿਤਾ ਵਿਚ ਰੱਦਣਯੋਗ ਮੈਟਾਫ਼ਰ ਬਣਕੇ ਪੇਸ਼ ਹੁੰਦੀਆਂ ਹਨ। ਇਸ ਨਾਇਕਤਵ ਦੀ ਵਿਲੱਖਣਤਾ ਹੀ ਇਹ ਹੈ ਕਿ ਇਹ ਨਾਇਕ ਸੱਤਾ ਦੀਆਂ ਸੰਸਥਾਵਾਂ ਨੂੰ ਆਦਰਸ਼ਾਂ ਦੇ ਭਰਮ ਨਾਲ ਨਹੀਂ ਵੰਗਾਰਦਾ ਸਗੋਂ ਆਪਣੀ ਬੌਧਿਕ ਸਮਰੱਥਾ ਦੇ ਬਲਬੂਤੇ ਇਨ੍ਹਾਂ ਸੰਸਥਾਵਾਂ ਦੇ ਖੋਖਲੇ ਰੂਪਾਂ ਨੂੰ ਨੰਗਿਆਂ ਕਰਦਾ ਹੈ। ਘਰ, ਪਰਿਵਾਰ, ਰਿਸ਼ਤੇ ਵੀ ਇਸ ਨਾਇਕ ਦੀਆਂ ਬੌਧਿਕ ਸੰਭਾਵਨਾਵਾਂ ਨਾਲ ਟਕਰਾਉਂਦੇ ਹਨ। ਦੇਵ ਦੀ ਬੌਧਿਕ ਸਮਰੱਥਾ ਅਤੇ ਪ੍ਰਤਿਭਾ ਹੀ ਨਾਇਕਤਵ ਨੂੰ ਸਿਰਜਦੀ ਹੋਈ ਨਿੱਜ ਤੋਂ ਵਿਸ਼ਵ ਤਕ ਦੇ ਵਰਤਾਰਿਆਂ ਦੇ ਮਾਨਵ ਵਿਰੋਧੀ ਚਰਿੱਤਰ ਨੂੰ ਵਿਗਠਤ ਕਰਨ ਦਾ ਜ਼ਰੀਆ ਬਣਦੀ ਹੈ। ਇਹ ਦੇਵ ਦੀ ਅਹੰ ਵੀ ਹੈ, ਸਵੈ (self) ਵੀ ਹੈ ਅਤੇ ਸਮਾਜਕ ਵਰਤਾਰਿਆਂ ਦੀ ਸਮਝਣ ਦੀ ਚਿੰਤਕੀ ਸਮਰੱਥਾ ਵੀ। ਦੇਵ ਦੀ ਕਵਿਤਾ ਪੜ੍ਹਦਿਆਂ ਇਹ ਅਹਿਸਾਸ ਹੋਰ ਡੂੰਘਾ ਹੁੰਦਾ ਹੈ ਕਿ ਕਵਿਤਾ ਪ੍ਰਤਿਭਾ+ਗਿਆਨ ਦਾ ਸੁਹਜਾਤਮਕ ਮਿਸ਼ਰਨ ਹੈ। ਕਾਵਿਕਾਰੀ ਸਿਰਫ਼ ਸ਼ਬਦਾਂ ਦੀ ਖੇਡ ਨਹੀਂ, ਇਹ ਤਾਂ ਵਿਸ਼ਵ ਨੂੰ ਸਮਝਣ ਦਾ ਗਿਆਨਮਈ ਧਰਾਤਲ ਹੈ। ਗਿਆਨ ਦਾ ਪ੍ਰਵਚਨ ਕਿਵੇਂ ਵਿਚਾਰਧਾਰਾ 'ਚ ਦਾਖ਼ਲ ਹੋ ਕੇ ਸੱਤਾਵਾਦੀ ਬਣ ਜਾਂਦਾ ਹੈ ਅਤੇ ਕਿਵੇਂ ਗਿਆਨ ਵਿਚਾਰਧਾਰਾ ਦੀ ਭੂਮਿਕਾ ਰਾਹੀਂ ਛੁਪੇ ਹੋਏ ਪਾਰਦਰਸ਼ੀ ਸੱਚਾਂ ਦੀ ਪਛਾਣ ਕਰ ਲੈਂਦਾ ਹੈ, ਦੇਵ ਦੀ ਕਵਿਤਾ ਸ਼ਬਦ ਦੇ ਇਸ ਦੋਹਰੇ ਚਰਿੱਤਰ ਨੂੰ ਪੇਸ਼ ਕਰਦੀ ਹੈ। ਕਿਉਂਕਿ ਦੇਵ ਦਾ ਨਿੱਜ ਇਕ ਬੌਧਿਕ, ਗਿਆਨਵਾਨ ਪ੍ਰਤਿਭਾ ਦੇ ਤੌਰ 'ਤੇ ਕਵਿਤਾ 'ਚ ਹਾਜ਼ਰ ਰਹਿੰਦਾ ਹੈ, ਇਸ ਲਈ ਕਵਿਤਾ ਦਾ ਨਾਇਕਤਵ ਵੀ ਬੌਧਿਕ ਚਰਿੱਤਰ ਵਾਲਾ ਹੈ ਅਤੇ ਮਾਨਵੀ ਉਦੇਸ਼ ਵਿਚ ਉਹ ਇਕ ਭਾਵੁਕ ਅਤੇ ਸੰਵੇਦਨਸ਼ੀਲ ਇਨਸਾਨ ਹੈ। ਡਾ. ਰਘਬੀਰ ਸਿੰਘ (ਸਿਰਜਣਾ) ਦੇ ਸ਼ਬਦਾਂ ਨੂੰ ਮੈਂ ਇੱਥੇ ਹਵਾਲੇ ਵਜੋਂ ਲੈ ਰਿਹਾ ਹਾਂ, "ਬਹੁਤ ਹੀ ਸੰਵੇਦਨਸ਼ੀਲ ਹੋਣ ਦੇ ਨਾਲ ਨਾਲ ਉਹ ਬੇਹੱਦ ਚਿੰਤਨਸ਼ੀਲ ਤੇ ਪ੍ਰਬੁੱਧ ਮਨੁੱਖ ਹੈ ਜੋ ਸੰਸਾਰ ਵਿਚ ਵਾਪਰਦੇ ਹਰ ਨਵੇਂ ਵਰਤਾਰੇ ਪ੍ਰਤੀ ਸੁਜੱਗ ਰਹਿੰਦਾ ਹੈ। ਦੇਵ ਦੀ ਸੰਵੇਦਨ-ਸ਼ੀਲਤਾ ਉਸਨੂੰ ਅਜਿਹਾ ਕਵੀ ਬਣਾਉਂਦੀ ਹੈ ਜਿਸ ਦੀ ਕਾਵਿ-ਸਿਰਜਣਾ ਵਿਚ ਜਜ਼ਬਿਆਂ ਦਾ ਦਰਿਆ ਵਗਦਾ ਹੈ ਅਤੇ ਉਸਦੀ ਪ੍ਰਬੁੱਧ ਚਿੰਤਨਸ਼ੀਲਤਾ ਉਸਦੇ ਕਾਵਿ ਨੂੰ ਭਰਪੂਰ ਗਹਿਰਾਈ ਪ੍ਰਦਾਨ ਕਰਦੀ ਹੈ।" (ਉਤਰਾਇਣ, ਸਰਵਰਕ ਦਾ ਅੰਦਰਲਾ ਵਰਕਾ) ਦੇਵ ਨੂੰ ਆਪਣੇ ਇਸ ਸਵੈ (self) ਦੀ ਸਮਰੱਥਾ ਦੀ ਚੇਤਨਾ ਵੀ ਹੈ ਤਾਂ ਹੀ ਤਾਂ ਉਹ ਇਕ ਪ੍ਰੌਢ, ਸਮਰੱਥਾਵਾਨ, ਪ੍ਰਤਿਭਾਸ਼ਾਲੀ, ਚਿੰਤਨਸ਼ੀਲ ਅਤੇ ਸੰਵੇਦਨਸ਼ੀਲ/ਸੰਵੇਗੀ ਨਾਇਕ ਆਪਣੀ ਕਵਿਤਾ ਵਿਚ ਸਿਰਜ ਲੈਂਦਾ ਹੈ। ਬੌਣੇ ਕਵੀਆਂ ਅਤੇ ਵਿਚਾਰਾਂ ਦੇ ਬੌਣੇਪਣ ਨੂੰ ਉਹ ਨਫ਼ਰਤ ਕਰਦਾ ਹੈ:

*ਕਵੀ ਕਿਵੇਂ ਮਰਦੈ*
*ਸ਼ਬਦੋਂ ਬਿਨਾਂ ਬੌਣਾ ਹੋ ਕੇ/ ਮਰ ਜਾਂਦੈ ਕਵੀ*
*ਕਿਉਂ ਨਾ ਉਹ ਭਾਵੇਂ/ ਸਾਰੀ 'ਉਮਰ' ਹੀ ਲਿਖਦਾ ਰਹੇ।....*

(ਉਤਰਾਇਣ, ਪੰਨਾ 91)



*ਇਹ ਸ਼ਾਇਰ ਨੇ ਬਹੁਤ ਪਹਿਲਾਂ / ਆਪਣਾ ਆਪ ਵੇਚ ਲਿਆ*
*ਮਾਂ ਨੂੰ ਗਿਰਵੀ ਰੱਖ ਕੇ*
*ਸ਼ਾਮ ਦੀਆਂ ਤਾੜੀਆਂ ਲਈ...* (ਉਤਰਾਇਣ, ਪੰਨਾ 93)

ਦੇਵ ਕਵਿਤਾ ਰਾਹੀਂ ਡਿਕਟੇਟਰੀ ਸੱਤਾਵਾਦੀ ਪ੍ਰਵਚਨਾਂ ਅਤੇ ਆਦਰਸ਼ਾਂ ਦੇ ਭਰਮਜਾਲ ਨੂੰ ਤੋੜ (dismantal) ਕੇ ਮਾਨਵੀ ਸੰਵੇਦਨਾਵਾਂ ਦੀਆਂ ਧੁਨੀਆਂ ਨਾਲ ਕਵਿਤਾ ਨੂੰ ਦਗਣ ਲਾ ਦਿੰਦਾ ਹੈ। ਕਿਉਂਕਿ ਉਹ ਹਰ ਤਰ੍ਹਾਂ ਦੇ ਬੌਣੇਪਣ, ਕਾਇਰਤਾ ਦਾ ਵਿਰੋਧੀ ਹੈ। ਉਸਨੂੰ ਗੁਨਾਹ ਦੇ ਪਾਣੀਆਂ ਨੂੰ ਤਰ ਕੇ, ਪਸ਼ੂ ਤੋਂ ਪੁਰਸ਼ ਬਣਨ ਦੀ ਸੋਝੀ ਹੈ, ਇਸੇ ਲਈ ਉਹ ਆਪਣੇ ਪਿਤਾ ਨਾਲ ਦਸਤਪੰਜਾ ਲੈਂਦਾ ਹੈ; ਰਵਾਇਤਾਂ ਨੂੰ ਤੋੜ ਕੇ, ਸੰਵੇਗੀ ਪਰਵਾਜ਼ ਭਰਦਾ ਹੈ। *'ਤੇਜ਼ਾਬੀ ਚੁੱਪਾਂ ਅੰਦਰ ਗੁੰਗਾ ਪੈਗ਼ੰਬਰ ਅੱਖਰਾਂ ਨੂੰ ਤਰਾਸ਼ ਕੇ'* ਕਿਵੇਂ ਅਰਥਾਂ ਦੀਆਂ ਨਵੀਆਂ ਨਕੋਰ ਪਰਤਾਂ ਉਜਾਗਰ ਹੁੰਦੀਆਂ ਹਨ, ਦੇਵ ਨੂੰ ਇਸ ਦੀ ਡੂੰਘੀ ਚੇਤਨਾ ਹੈ। ਦੇਵ ਦੇ ਨਾਇਕਤਵ ਦੀ ਕੋਈ ਸੀਮਾ ਨਹੀਂ - ਪਰਵਾਜ਼ ਦੀ ਕੋਈ ਸੀਮਾ ਨਹੀਂ ਹੁੰਦੀ। ਪਰਵਾਜ਼ ਹਰ ਨਵੀਂ ਤਲਾਸ਼ ਨਾਲ ਜੁੜੀ ਹੁੰਦੀ ਹੈ। ਤਲਾਸ਼ ਰਿਸ਼ਤਿਆਂ ਤੋਂ ਮੁਕਤ ਹੋ ਕੇ, ਸੁਨਹਿਰੀ ਲਿਸ਼ਕ ਰਾਹੀਂ ਮੈਂ ਤੇ ਤੂੰ ਤੋਂ ਵੀ ਮੁਕਤ ਹੋ ਜਾਂਦੀ ਹੈ। ਦੇਵ ਦੀ ਕਵਿਤਾ ਵਿਚ ਅਜਿਹੇ ਸ਼ਕਤੀਸ਼ਾਲੀ ਨਾਇਕਤਵ ਦੀ ਊਰਜਾ ਦਾ ਵਾਹਣ ਖ਼ੁਦ ਦੇਵ ਦੀ ਆਪਣੀ ਸਮਰੱਥਾ ਹੈ। ਦੇਵ ਦੀ ਕਵਿਤਾ ਪੜ੍ਹਦਿਆਂ ਵਾਰ-ਵਾਰ ਇਹ ਅਹਿਸਾਸ ਹੁੰਦਾ ਹੈ ਕਿ ਵੱਡਾ ਬੰਦਾ ਹੀ ਵੱਡੀ ਕਵਿਤਾ ਲਿਖ ਸਕਦਾ ਹੈ। ਵੱਡੇ ਬੰਦੇ ਤੋਂ ਮੇਰਾ ਭਾਵ ਦੇਵ ਦੀ ਚਿੰਤਨਸ਼ੀਲ ਅਤੇ ਸੰਵੇਦਨਸ਼ੀਲ ਪ੍ਰਤਿਭਾ ਤੋਂ ਹੈ। ਦੇਵ ਦੀ ਕਵਿਤਾ ਦੀ ਇਸ ਸਮਰੱਥਾ ਨੂੰ ਉਸਦੀ ਕਵਿਤਾ ਰਾਹੀਂ ਸਮਝਿਆ ਜਾ ਸਕਦਾ ਹੈ। ਕਿਉਂਕਿ ਦੇਵ ਕਵਿਤਾ ਲਿਖ ਹੀ ਨਹੀਂ ਰਿਹਾ ਸਗੋਂ ਇਹ ਵੀ ਦੱਸ ਰਿਹਾ ਹੈ ਕਿ ਮੈਂ ਕਿਵੇਂ, ਕਿਉਂ ਅਤੇ ਕਿਨ੍ਹਾਂ ਬਾਰੇ ਲਿਖ ਰਿਹਾ ਹਾਂ। ਉਹ ਆਪਣੀ ਕਵਿਤਾ ਦਾ ਕਾਵਿ-ਸ਼ਾਸਤਰ ਖ਼ੁਦ ਹੈ। ਬਾਹਰੀ ਆਲੋਚਨਾ ਜਾਂ ਸਮੀਖਿਆ ਇਸ ਕਵਿਤਾ ਦੀਆਂ ਪਰਤਾਂ ਖੋਲ੍ਹਣ ਲਈ ਅਧੂਰੀ ਪ੍ਰਤੀਤ ਹੁੰਦੀ ਹੈ; ਦੇਵ ਦੀ ਕਵਿਤਾ ਪੜ੍ਹਦਿਆਂ ਮੈਨੂੰ ਵਾਰ-ਵਾਰ ਆਪਣੀ ਇਸ ਸੀਮਾ ਦਾ ਅਹਿਸਾਸ ਹੋਇਆ ਹੈ। ਮੈਂ ਇਹ ਲੇਖ ਉਸਦੀ ਕਵਿਤਾ ਨਾਲ ਹੀ ਮੁਕੰਮਲ ਕਰਨਾ ਚਾਹੁੰਦਾ ਹਾਂ:

*ਜਿਨ੍ਹਾਂ ਨੇ ਜਾਣੈ ਚਲੇ ਜਾਣ*
*ਪਰ ਮੈਂ ਤਾਂ ਕਿਤੇ ਵੀ ਨਹੀਂ ਜਾਣਾ/ਆਪਣੀ ਤਲਾਸ਼ ਤੋਂ ਪਾਰ*
*ਇਨ੍ਹਾਂ ਭਰੀਆਂ ਥਾਵਾਂ/ ਦਿਸ਼ਾਵਾਂ ਅੰਦਰ*
*ਵਸਤੂਆਂ ਦੀ ਸੁਨਹਿਰੀ ਲਿਸ਼ਕ ਵਿਚਕਾਰ/ ਖ਼ਿਲਾਅ ਹੈ*
*ਰਿਸ਼ਤਿਆਂ ਤੋਂ ਮੁਕਤ/ ਨਾਵਾਂ ਦੇ ਜੰਗਲ ਦੇ ਉਸ ਪਾਰ*
*ਤਲਾਸ਼ ਕੋਈ ਮਰਕਜ਼ ਨਹੀਂ/ ਨਾ ਹੀ ਕੋਈ ਅਕੀਦਾ*
*ਇਹ ਤਲਾਸ਼ 'ਧੁਰੇ' ਚੋਂ / ਅਸੰਖ ਚਸ਼ਮੇ ਬਣ ਫੁੱਟਦੀ ਹੈ*
*ਮੱਥੇ ਦੇ ਉਸ ਮੁਕਾਮ ਉੱਤੇ*
*ਜਿੱਥੇ ਸੁਰਤ ਸੋਚ ਤੋਂ ਸੁਤੰਤਰ/ ਮੋਹ ਦੀ ਮਿੱਟੀ ਤੋਂ ਵੀ*
*ਉਨਮਾਦ ਜਿਲਦ ਤੇ ਚਰਾਗ ਜਗਾਉਂਦੀ ਹੈ/ ਬੁਝਦੀ ਨਹੀਂ*
*ਪਹਿਚਾਨ ਹੈ / ਥਾਂ ਦੀ/ ਸ਼ਬਦ ਦੀ*
*ਤੂੰ ਤੇ ਮੈਂ ਦੇ ਵਿਚਕਾਰ*
*ਮੈਂ ਤੇ ਤੂੰ ਤੋਂ ਮੁਕਤ ਖ਼ਾਮੋਸ਼ੀ ... ਦੀ ਤਲਾਸ਼ ਹੈ ...*1000

***(ਪ੍ਰੋਫ਼ੈਸਰ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)***

# ਆਰਸੀ ਤੇ ਸੁਖਬੀਰ: ਰਿਵਿਊ ਲੇਖ: ਕੁਲਦੀਪ ਸਿੰਘ ਧੀਰ

ਬੀਤੀ ਸਦੀ ਵਿਚ ਸਾਹਿਤਕ ਰੁਚੀਆਂ ਵਾਲਾ ਸ਼ਾਇਦ ਹੀ ਕੋਈ ਅਜਿਹਾ ਬੰਦਾ ਹੋਵੇ ਜਿਸ ਨੇ ਲੇਖਕ ਵਜੋਂ ਸੁਖਬੀਰ ਅਤੇ ਸਾਹਿਤਕ ਮੈਗਜ਼ੀਨ ਵਜੋਂ 'ਆਰਸੀ' ਦਾ ਨਾਮ ਨਾ ਪੜ੍ਹਿਆ ਸੁਣਿਆ ਹੋਵੇ। ਦੋਹਾਂ ਦੀ ਵੱਖਰੀ ਮਟਕ ਤੇ ਪਛਾਣ ਸੀ। 'ਆਰਸੀ' ਸੰਪਾਦਕੀ ਤੋਂ ਬਿਨਾਂ ਛਪਦਾ ਸੀ। ਸੁਖਬੀਰ ਤਾਂ ਉਂਝ ਹੀ ਆਪਣਾ ਨਾਂ ਬਦਲ ਕੇ ਲਿਖਣ ਵਾਲਾ ਲੇਖਕ ਸੀ। ਬਹੁਤ ਘੱਟ ਲੋਕਾਂ ਨੂੰ ਉਸ ਦੇ ਅਸਲ ਨਾਂ ਦਾ ਪਤਾ ਹੈ। ਇਨਾਮਾਂ ਸਨਮਾਨਾਂ ਦੀ ਸਿਆਸਤ ਤੇ ਦੌੜ ਤੋਂ ਦੂਰ, ਵਿਚਾਰਧਾਰਾ ਦੇ ਲੇਬਲ ਨਾਲ ਜੁੜਨ ਤੋਂ ਇਨਕਾਰੀ ਹੋਣ ਦੇ ਬਾਵਜੂਦ, ਸਾਹਿਤ ਤੇ ਆਮ ਆਦਮੀ ਦੇ ਹਰ ਗੰਭੀਰ ਸਰੋਕਾਰ ਪ੍ਰਤੀ ਵਚਨਬੱਧ ਲੇਖਕ ਸੀ ਸੁਖਬੀਰ। ਸ਼ਬਦਾਂ ਦੇ ਸੌਂਦਰਯ, ਸਾਹਿਤ ਦੀ ਸਾਹਿਤਕਤਾ, ਚਿੰਤਨ ਦੇ ਗੌਰਵ, ਰਚਨਾ ਦੀ ਸਾਰਥਕਤਾ ਤੇ ਸਾਹਿਤਕਾਰ ਦੀ ਸਮੇਂ/ਸਮਾਜ ਪ੍ਰਤੀ ਜਵਾਬਦੇਹੀ ਹਰ ਪੱਖੋਂ ਉਸ ਵਿਚ ਸਹਿਜ ਸੰਤੁਲਨ ਸੀ। ਉਸ ਨੂੰ ਆਪਣੇ ਆਪ ਉੱਤੇ, ਆਪਣੀ ਕਲਮ ਉੱਤੇ ਵਿਸ਼ਵਾਸ ਸੀ। ਆਪਣੀ ਸੋਚ ਅਤੇ ਚਿੰਤਨ ਦੀ ਸਮਾਜਕ ਭੂਮਿਕਾ ਦਾ ਫ਼ਿਕਰ ਸੀ। ਪੈਸੇ ਤੇ ਪਦਾਰਥ ਦੇ ਯੁਗ ਵਿਚ ਮੁੰਬਈ ਵਰਗੇ ਮਹਾਂਨਗਰ ਵਿਚ ਰਹਿ ਕੇ ਵੀ ਉਸ ਨੇ ਨਿਰੋਲ ਲੇਖਣ ਨੂੰ ਹੀ ਆਪਣੀ ਰੋਜ਼ੀ ਰੋਟੀ ਦਾ ਕਿੱਤਾ ਬਣਾ ਕੇ ਸਤਾਸੀ ਸਾਲ ਦੀ ਲੰਬੀ ਉਮਰ ਭੋਗੀ। ਈਰਖਾ, ਪਛਤਾਵੇ, ਗਿਲ਼ੇ ਗੁਜ਼ਾਰੀ ਤੋਂ ਬੇਪ੍ਰਵਾਹ ਸੰਤੁਸ਼ਟ ਉਹ ਜਿਵੇਂ ਦਾ ਜੀਵਨ ਜੀਵਿਆ, ਉਸ 'ਤੇ ਕੋਈ ਵੀ ਲੇਖਕ ਰਸ਼ਕ ਕਰ ਸਕਦਾ ਹੈ। ਲੇਖਣ ਦੇ ਖੇਤਰ ਵਿਚ ਪੈਰ ਧਰਨ ਦੀ ਸੋਚਣ ਵਾਲੇ ਕਿਸੇ ਵੀ ਬੰਦੇ ਲਈ ਉਹ ਪ੍ਰੇਰਨਾ ਸ੍ਰੋਤ ਤੇ ਚਾਨਣ ਮੁਨਾਰੇ ਤੋਂ ਘੱਟ ਨਹੀਂ।

'ਆਰਸੀ" ਮਈ 1958 ਤੋਂ ਜੂਨ 2000 ਤਕ ਪੰਜਾਬੀ ਲੇਖਕਾਂ/ਪਾਠਕਾਂ ਵੱਲੋਂ ਤਾਂਘ ਨਾਲ ਉਡੀਕਿਆ ਜਾਂਦਾ ਪੰਜਾਬੀ ਸਾਹਿਤਕ ਪੱਤਰ ਰਿਹਾ। ਇਸ ਪੱਤਰ ਦੇ ਆਰ-ਪਾਰ 1925 ਤੋਂ 2012 ਤਕ ਸਾਹਿਤਕ ਖੇਤਰ ਵਿਚ ਸੁਖਬੀਰ ਦਾ ਜੀਵਨ ਵ੍ਰਿਤ ਹੈ। 'ਆਰਸੀ' ਨਾਲ ਉਸ ਦਾ ਨਾਤਾ 1964 ਤੋਂ 2000 ਤਕ ਦੇ ਲੰਬੇ ਕਾਲ ਖੰਡ ਦੌਰਾਨ ਰਿਹਾ। ਯਾਨੀ 'ਆਰਸੀ' ਦੀ ਕੁਲ ਉਮਰ ਦੇ ਪਹਿਲੇ ਛੇ ਸਾਲ ਛੱਡ ਕੇ ਉਹ ਨਿਰੰਤਰ ਇਸ ਨਾਲ ਜੁੜਿਆ ਰਿਹਾ। ਇਸ ਪੱਖੋਂ ਕਮਾਲ ਇਹ ਹੈ ਕਿ ਉਸ ਨੇ ਇਸ ਪੱਤਰ ਦੀ ਸਫਲਤਾ, ਲੋਕਪ੍ਰਿਯਤਾ ਤੇ ਗੌਰਵ ਲਈ ਸਖਤ ਮਿਹਨਤ ਕਰਨ ਅਤੇ ਢੇਰ ਮਾਤਰਾ ਵਿਚ ਲਿਖਣ ਦੇ ਬਾਵਜੂਦ ਨਾ ਇਸ ਪੱਤਰ ਉੱਤੇ ਕਦੇ ਸੰਪਾਦਕ ਦੇ ਰੂਪ ਵਿਚ ਆਪਣਾ ਨਾਮ ਦਿੱਤਾ ਅਤੇ ਨਾ ਕਿਸੇ ਲਿਖਤ ਉੱਤੇ। ਉਸ ਲਈ ਲਿਖਤ ਤੇ ਵਿਚਾਰ ਮਹੱਤਵਪੂਰਨ ਸਨ ਨਾ ਕਿ ਲਿਖਤਾਂ ਦਾ ਲੇਖਕ, ਚੋਣਕਾਰ, ਪੇਸ਼ਕਾਰ ਜਾਂ ਅਨੁਵਾਦਕ। ਉਸ ਦੀਆਂ ਪਾਈਆਂ ਪਿਰਤਾਂ ਦਾ ਅਨੁਸਰਨ ਕਰਦੇ ਹੋਏ ਅੱਜ ਵੀ ਵਧੀਆ ਸਾਹਿਤਕ ਪੱਤਰ ਪੱਤਰਕਾਵਾਂ ਅਕਸਰ ਉਸ ਵਰਗੇ ਕਾਲਮਾਂ ਦੇ ਪ੍ਰਕਾਸ਼ਨ ਲਈ ਯਤਨ ਕਰਦੇ ਦੇਖੇ ਜਾ ਸਕਦੇ ਹਨ। ਇਹੋ ਜਿਹੇ ਕਾਲਮਾਂ ਦੇ ਲੇਖਕ ਆਪਣੇ ਨਾਮ ਪ੍ਰਤੀ ਤਾਂ ਚੇਤੰਨ ਹਨ ਹੀ, ਉਨ੍ਹਾਂ ਵਿਚ ਸੁਖਬੀਰ ਵਾਲੀ ਮਿਹਨਤ, ਪ੍ਰਤਿਬੱਧਤਾ ਅਤੇ ਸਾਰਥਕਤਾ ਵੀ ਨਹੀਂ।

'ਆਰਸੀ' ਲਈ ਗੁੰਮਨਾਮ ਰਹਿ ਕੇ ਲਿਖਣ ਤਕ ਸੁਖਬੀਰ ਕਵੀ, ਕਹਾਣੀਕਾਰ ਤੇ ਨਾਵਲਕਾਰ ਵਜੋਂ ਆਪਣੀ ਵਿਲੱਖਣ ਪਛਾਣ ਬਣਾ ਚੁੱਕਾ ਸੀ। 'ਪੈੜਾਂ' ਤੇ 'ਨੈਣ ਨਕਸ਼' ਨਾਂ ਦੇ ਦੋ ਕਾਵਿ-ਸੰਗ੍ਰਹਿ, 'ਡੁੱਬਦਾ ਚੜ੍ਹਦਾ ਸੂਰਜ' ਨਾਂ ਦੇ ਕਹਾਣੀ-ਸੰਗ੍ਰਹਿ ਤੋਂ ਇਲਾਵਾ ਉਸ ਦੇ ਚਾਰ ਨਾਵਲ ਬਹੁ-ਚਰਚਿਤ ਹੋ ਚੁੱਕੇ ਸਨ। ਇਹ ਸਨ: 'ਰਾਤ ਦਾ ਚਿਹਰਾ', 'ਪਾਣੀ ਤੇ ਪੁਲ', 'ਗਰਦਸ਼' ਅਤੇ 'ਸੜਕਾਂ ਤੇ ਕਮਰੇ'। 'ਆਰਸੀ' ਨੂੰ ਮੁੱਢਲੇ ਕੁੱਝ ਵਰ੍ਹੇ ਸੰਪਾਦਕ ਅਤੇ ਨਿਗਰਾਨ ਵਜੋਂ ਸੰਭਾਲ ਕੇ



ਅੰਮ੍ਰਿਤਾ ਪ੍ਰੀਤਮ ਪਾਸੇ ਹੋ ਚੁੱਕੀ ਸੀ। 'ਆਰਸੀ' ਨੂੰ ਚਲਾ ਰਹੇ ਨਵਯੁਗ ਪਬਲਿਸ਼ਰਜ਼ ਵਾਲੇ ਭਾਪਾ ਪ੍ਰੀਤਮ ਸਿੰਘ ਨੂੰ ਤਲਾਸ਼ ਸੀ ਕਿਸੇ ਨਿਰਪੱਖ, ਸੰਤੁਲਤ ਵਿਸ਼ਵ ਸਾਹਿਤ ਦੇ ਗੰਭੀਰ ਅਧਿਏਤਾ ਅਤੇ ਸਾਹਿਤ ਕਲਾ ਤੇ ਸਭਿਆਚਾਰ ਨੂੰ ਸਮਰਪਤ ਸ਼ਖ਼ਸੀਅਤ ਦੀ, ਜੋ 'ਆਰਸੀ' ਨੂੰ ਨਿੱਕੇ-ਨਿੱਕੇ ਨਿੱਜੀ ਮੁਫਾਦਾਂ, ਵਿਵਾਦਾਂ ਤੇ ਗੁੱਟਬੰਦੀਆਂ ਤੋਂ ਬਚਾ ਕੇ ਉੱਚੇ ਸਾਹਿਤਕ ਪ੍ਰਤਿਮਾਨ ਸਥਾਪਤ ਕਰ ਸਕੇ। ਉਸ ਦੀ ਪਾਰਖੂ ਨਜ਼ਰ ਸੁਖਬੀਰ ਉੱਤੇ ਟਿਕੀ। ਉਸ ਨੇ ਸੁਖਬੀਰ ਨੂੰ ਇਹ ਜ਼ਿੰਮੇਵਾਰੀ ਸੰਭਾਲਣ ਲਈ ਮਨਾਇਆ। ਸੁਖਬੀਰ ਨੇ ਪੂਰੀ ਤਰ੍ਹਾਂ ਗੁੰਮਨਾਮ ਰਹਿ ਕੇ ਇਸ ਕਾਰਜ ਲਈ ਆਪਣੀ ਸਹਿਮਤੀ ਦਿੱਤੀ। ਨਾਮ ਪਛਾਣ ਤੇ ਸਥਾਪਤੀ ਲਈ ਹਰ ਹਰਬਾ ਵਰਤਣ ਵਾਲੇ ਸਾਹਿਤ ਜਗਤ ਵਿਚ ਗੁੰਮਨਾਮ ਰਹਿ ਕੇ ਵਿਚਰਨ ਦਾ ਸੁਖਬੀਰ ਦਾ ਇਹ ਨਿਰਣਾ ਤੇ ਇਸ ਉੱਤੇ ਛੱਤੀ ਸਾਲ ਪਹਿਰਾ ਦੇਣਾ ਸਾਡੇ ਸਮਿਆਂ ਦਾ ਅਜਿਹਾ ਵਰਤਾਰਾ ਹੈ ਜਿਸ ਦੀ ਮਿਸਾਲ ਸ਼ਾਇਦ ਹੀ ਕੋਈ ਹੋਰ ਹੋਵੇ।

ਇਨ੍ਹਾਂ ਛੱਤੀ ਵਰ੍ਹਿਆਂ ਵਿਚ 'ਆਰਸੀ' ਦੇ ਮੁੱਖ ਪੰਨੇ ਦੀ ਤਾਜ਼ਗੀ ਵਿਚ ਕਦੇ ਕਮੀ ਨਾ ਆਈ। ਡੱਬੀ ਬਣਾ ਕੇ ਦੂਜੇ ਪੰਨੇ ਉੱਤੇ ਸਜੇ ਮਹਾਨ ਲੇਖਕਾਂ ਦੇ ਵਿਚਾਰ ਹਰ ਕਿਸੇ ਨੂੰ ਟੁੰਬਦੇ। ਵਿਸ਼ਵ ਸਾਹਿਤ/ਸਾਹਿਤਕਾਰਾਂ/ਚਿਤਰਕਾਰਾਂ/ਕਲਾਕਾਰਾਂ/ਚਿੰਤਕਾਂ ਦੀਆਂ ਆਪਣੀਆਂ ਰਚਨਾਵਾਂ ਤੇ ਉਨ੍ਹਾਂ ਬਾਰੇ ਰਚਨਾਵਾਂ ਦੇ ਅਨੁਵਾਦਤ ਟੋਟੇ/ਸਾਰ/ਟਿੱਪਣੀਆਂ 'ਆਰਸੀ' ਵਿਚ ਮੋਤੀਆਂ ਵਾਂਗ ਥਾਂ-ਥਾਂ ਬਿਖਰਦੇ ਰਹੇ। ਕਦੇ ਕਿਸੇ ਸਿਰਲੇਖ ਨਾਲ, ਕਦੇ ਬਿਨਾਂ ਸਿਰਲੇਖ, ਕਦੇ ਸਿੱਪੀਆਂ ਤੇ ਮੋਤੀ ਦੇ ਵਿਆਪਕ ਸਿਰਲੇਖ ਹੇਠ ਪਾਠਕਾਂ ਨੂੰ ਵਿਸ਼ਵ ਦੇ ਕਲਾਸਕੀ ਸਾਹਿਤ ਦੇ ਰੂ-ਬ-ਰੂ ਹੋਣ ਦਾ ਅਵਸਰ ਮਿਲਦਾ ਰਿਹਾ। ਕਦੇ ਵੀ ਕਿਸੇ ਨੂੰ ਇਹ ਪਤਾ ਨਹੀਂ ਲੱਗਾ ਕਿ ਇਹ ਸਾਰਾ ਕੁਝ ਕਿਸ ਦੀ ਮਿਹਨਤ ਦਾ ਫਲ ਹੈ। ਇਸ ਦੇ ਰਾਜ਼ਦਾਰ ਕੇਵਲ ਤੇ ਕੇਵਲ ਭਾਪਾ ਪ੍ਰੀਤਮ ਸਿੰਘ ਅਤੇ ਸੁਖਬੀਰ ਆਪ ਸਨ, ਜਿਨ੍ਹਾਂ ਇਸ ਨੂੰ ਪੂਰੇ ਛੱਤੀ-ਵਰ੍ਹੇ ਰਾਜ਼ ਬਣਾਈ ਰੱਖਿਆ। ਜੂਨ 2000 ਵਿਚ 'ਆਰਸੀ' ਦੇ ਅੰਤਿਮ ਅੰਕ ਦੇ ਪ੍ਰਕਾਸ਼ਤ ਹੋਣ ਨਾਲ ਇਸ ਪੱਤਰ ਦੇ ਬੰਦ ਹੋਣ ਉਪਰੰਤ ਇਸ ਦੇ ਸੰਪਾਦਕ ਭਾਪਾ ਪ੍ਰੀਤਮ ਸਿੰਘ ਦੀ ਨਿਰੰਤਰ ਇਹ ਇੱਛਾ ਰਹੀ ਕਿ ਇਸ ਸਮੱਗਰੀ ਨੂੰ ਪੁਸਤਕ ਰੂਪ ਵਿਚ ਸਾਂਭ ਲਿਆ ਜਾਵੇ। ਵਡੇਰੀ ਉਮਰ ਕਹੋ ਜਾਂ ਰੁਝੇਵੇਂ, ਉਹ ਇਸ ਇੱਛਾ ਨੂੰ ਅਮਲੀ ਰੂਪ ਦੇਣ ਤੋਂ ਪਹਿਲਾ ਹੀ 2005 ਵਿਚ ਅਕਾਲ ਚਲਾਣਾ ਕਰ ਗਏ। ਬੇਪ੍ਰਵਾਹ ਤੇ ਗੁੰਮਨਾਮ ਰਹਿਣ ਦੇ ਸੁਭਾਅ ਵਾਲੇ ਸੁਖਬੀਰ ਨੇ ਵੀ ਇਸ ਕਾਰਜ ਲਈ ਉਦਮ ਨਾ ਕੀਤਾ ਤੇ 2012 ਵਿਚ ਉਹ ਵੀ ਚਲਦਾ ਬਣਿਆ। ਨਵਯੁਗ ਪਬਲਿਸ਼ਰਜ਼ ਦੀ ਮਾਲਕ ਰੇਣੂਕਾ ਸਿੰਘ ਨੇ ਆਪਣੇ ਪਿਤਾ ਦੀ ਇੱਛਾ ਨੂੰ ਅਮਲੀ ਜਾਮਾ ਪੁਆਉਣ ਲਈ ਸੁਖਬੀਰ ਦੇ ਪਰਿਵਾਰ ਨਾਲ ਸੰਪਰਕ ਕੀਤਾ। ਸੁਖਬੀਰ ਦੀ ਪਤਨੀ ਜਸਬੀਰ, ਪੁੱਤਰ ਨਵਰਾਜ ਅਤੇ ਸੁਖਬੀਰ ਰਚਿਤ ਸਾਹਿਤ ਦੇ ਗੰਭੀਰ ਅਧਿਏਤਾ ਡਾ. ਚੰਦਰ ਮੋਹਨ ਨੇ ਇਸ ਕਾਰਜ ਲਈ 'ਆਰਸੀ' ਦੀਆਂ ਫ਼ਾਈਲਾਂ ਫਰੋਲ਼ੀਆਂ। ਬੇਨਾਮ ਰਚਨਾਵਾਂ ਵਿਚੋਂ ਸੁਖਬੀਰ ਦੀ ਸ਼ੈਲੀ ਅਤੇ ਨਿੱਜੀ ਗਵਾਹੀ/ਅਨੁਭਵ ਨੂੰ ਆਧਾਰ ਬਣਾ ਕੇ ਸੁਖਬੀਰ ਦੀਆਂ ਲਿਖਤਾਂ ਨਿਖੇੜੀਆਂ ਅਤੇ ਇਨ੍ਹਾਂ ਵਿਚੋਂ ਚੁਣਵੀਆਂ ਲਿਖਤਾਂ ਦਾ ਸੰਪਾਦਨ ਕਰਨ ਦੀ ਜ਼ਿੰਮੇਵਾਰੀ ਡਾ. ਚੰਦਰ ਮੋਹਨ ਨੇ ਨਿਭਾਈ। ਉਹ ਪਹਿਲਾਂ ਵੀ ਸੁਖਬੀਰ ਬਾਰੇ ਕਾਫ਼ੀ ਕੰਮ ਕਰ ਚੁੱਕਾ ਹੈ। ਇਕ ਲੇਖਕ ਵਜੋਂ ਸੁਖਬੀਰ ਉਸ ਦਾ ਆਦਰਸ਼ ਹੈ ਜਿਸ ਬਾਰੇ ਉਹ ਅਕਸਰ ਗੱਲ ਕਰਦਾ ਹੈ। ਸੁਖਬੀਰ ਵਾਂਗ ਹੀ ਉਸ ਨੇ ਵੀ 'ਆਰਸੀ ਤੇ ਸੁਖਬੀਰ' ਪੁਸਤਕ ਦੀ ਆਧਾਰ ਸਮੱਗਰੀ ਦੇ ਸੰਕਲਨ, ਚੋਣ ਤੇ ਸੰਪਾਦਨ ਵਿਚ ਆਪਣੇ ਰੋਲ ਜਾਂ ਨਾਮ ਬਾਰੇ ਕਿਤੇ ਉਚੇਚਾ ਜ਼ਿਕਰ ਨਹੀਂ ਕੀਤਾ। ਪੁਸਤਕ ਵਿਚ ਕੇਵਲ ਤੇ ਕੇਵਲ ਸੁਖਬੀਰ, ਉਸ ਦਾ ਪਰਿਵਾਰ, 'ਆਰਸੀ' ਜਾਂ ਭਾਪਾ ਪ੍ਰੀਤਮ ਸਿੰਘ ਬੋਲਦਾ ਹੈ, ਚੰਦਰ ਮੋਹਨ ਦਾ ਜ਼ਿਕਰ ਤਾਂ ਬਸ ਪ੍ਰਸੰਗ ਵਸ ਹੀ ਹੈ।

'ਆਰਸੀ ਤੇ ਸੁਖਬੀਰ' ਦੀ ਪ੍ਰਵੇਸ਼ਿਕਾ ਚੰਦਰ ਮੋਹਨ ਦੀ ਹੈ ਅਤੇ 'ਆਰਸੀ ਤੇ ਸੁਖਬੀਰ' ਨਾਂ ਦੀ ਸੰਪਾਦਕੀ ਲਿਖਤ ਸੁਖਬੀਰ ਦੀ ਪਤਨੀ ਦੀ ਹੈ। ਉਕਤ ਦੋਵੇਂ ਲਿਖਤਾਂ ਪੁਸਤਕ ਦੇ ਮਹੱਤਵ ਤੇ

ਆਧਾਰ ਸਮੱਗਰੀ ਨਾਲ ਜਾਣ-ਪਛਾਣ ਕਰਵਾਣ ਦਾ ਉਪਰਾਲਾ ਕਰਦੀਆਂ ਹਨ। ਸੰਕਲਤ ਲਿਖਤਾਂ ਨੂੰ ਸੰਪਾਦਕ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਸਾਹਿਤ ਦੀ ਪ੍ਰਕ੍ਰਿਤੀ ਬਾਰੇ ਸੁਖਬੀਰ ਦਾ ਨਿਬੰਧ 'ਸਾਹਿਤ ਤੇ ਸੱਚ' ਪੇਸ਼ ਹੈ। ਦੂਜੇ ਭਾਗ ਦਾ ਸਿਰਲੇਖ ਹੈ 'ਆਰਸੀ ਤੇ ਚਿਹਰੇ' ਜਿਸ ਵਿਚ ਵਿਸ਼ਵ ਭਰ ਦੇ ਸਾਹਿਤਕਾਰਾਂ ਕਲਾਕਾਰਾਂ ਸ਼ਾਇਰਾਂ ਦੇ ਸੁਭਾਅ ਵਿਹਾਰ ਤੇ ਸੋਚ ਦਾ ਦਰਸ਼ਨ ਕਰਵਾਣ ਵਾਲੀਆਂ ਨਿੱਕੀਆਂ-ਨਿੱਕੀਆਂ ਲਿਖਤਾਂ ਹਨ। ਕੁਲ ਦੋ ਢਾਈ ਸੌ ਸ਼ਬਦਾਂ ਦੇ ਆਸ-ਪਾਸ ਸੀਮਤ ਹਰ ਲਿਖਤ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲਾ ਕਾਰਜ ਕਰਦੀ ਹੈ। ਇਨ੍ਹਾਂ ਦੀ ਸੰਖੇਪਤਾ ਪਾਠਕ ਦਾ ਧਿਆਨ ਖਿੰਡਣ ਤੋਂ ਬਚਾਂਦੀ ਹੈ। ਵੱਧ ਤੋਂ ਵੱਧ ਪਾਠਕ ਇਸ ਨੂੰ ਝੱਟ ਪੜ੍ਹ ਕੇ ਇਸ ਦੇ ਬੀਜ ਵਿਚਾਰ ਬਾਰੇ ਰਤਾ ਮਾਸਾ ਸੋਚਣ ਲਈ ਮਜਬੂਰ ਹੁੰਦੇ ਹਨ। ਤੀਜੇ ਭਾਗ ਵਿਚ 'ਸਿੱਪੀਆਂ ਤੇ ਮੋਤੀ' ਦੇ ਵਿਆਪਕ ਸ਼ੀਰਸ਼ਕ ਨਾਲ ਪਿਆਰ, ਜ਼ਿੰਦਗੀ, ਮੌਤ, ਗੁੱਸਾ, ਕਰੋਧ, ਇਨਕਲਾਬ, ਸਚਾਈ, ਖਿਆਲ, ਜਵਾਨੀ, ਹੰਕਾਰ, ਮਨੁੱਖ, ਆਜ਼ਾਦੀ, ਮੁਕਤੀ, ਵਿਆਹ, ਕਾਰੋਬਾਰ, ਡਰ, ਦਿਲ, ਸਿਆਣਪ ਆਦਿ ਸੰਕਲਪਾਂ ਬਾਰੇ ਵਿਸ਼ਵ ਭਰ ਦੇ ਚਿੰਤਕਾਂ/ਲੇਖਕਾਂ ਦੇ ਵਿਚਾਰ ਅੰਕਤ ਹਨ। ਤਿੰਨੇ ਹੀ ਭਾਗਾਂ ਦੀਆਂ ਲਿਖਤਾਂ ਦੇ ਤਿੱਖੇਪਣ ਤੇ ਸਦੀਵਤਾ ਦਾ ਸਾਂਝਾ ਸੂਤਰ ਇਨ੍ਹਾਂ ਦੀ ਸੰਖੇਪਤਾ ਹੈ। ਛਿਛੋਰੇਪਣ ਜਾਂ ਅਸ਼ਲੀਲਤਾ ਤੋਂ ਮੁਕਤ, ਭਾਵਾਂ ਤੇ ਵਿਚਾਰਾਂ ਨਾਲ ਯੁਕਤ, ਸ਼ਬਦਾਂ ਦੇ ਸੰਜਮ ਵਾਲੀ ਇਸ ਸਾਰੀ ਸਮੱਗਰੀ ਨੂੰ ਕਿਸੇ ਵੀ ਉਮਰ, ਲਿੰਗ, ਵਰਗ ਦਾ ਪਾਠਕ ਇਕੱਲੇ ਜਾਂ ਸਾਥੀਆਂ ਵਿਚ ਬਹਿ ਕੇ ਇਸ ਵਿਚਲੇ ਗੌਰਵਮਈ ਚਿੰਤਨ ਤੇ ਸ਼ਬਦਾਂ ਦੇ ਸੁਹਜ ਨੂੰ ਪੜ੍ਹ ਮਾਣ ਸਕਦਾ ਹੈ। ਮਾਣ ਨਾਲ ਉਸ ਬਾਰੇ ਕਿਸੇ ਵੀ ਮਹਿਫ਼ਲ ਵਿਚ ਗੱਲ ਕਰ ਸਕਦਾ ਹੈ।

ਹੁਣ ਰਤਾ ਕੁ ਵਿਸਤਾਰ ਨਾਲ ਇਸ ਸਮੱਗਰੀ ਬਾਰੇ ਕੁਝ ਗੱਲਾਂ ਪਰਿਚਯਾਤਮਕ ਰੂਪ ਵਿਚ ਕਰ ਲਈਏ। ਪਹਿਲ ਭਾਗ ਵਾਲੇ ਸੁਖਬੀਰ ਦੇ ਨਿਬੰਧ 'ਸਾਹਿਤ ਤੇ ਸੱਚ' ਤੋਂ ਗੱਲ ਸ਼ੁਰੂ ਕਰੀਏ। ਪੰਜਾਬੀ ਸਾਹਿਤ ਦੇ ਪ੍ਰਥਮ ਗੌਰਵਮਈ ਚਿੰਤਕ ਬਾਬਾ ਨਾਨਕ ਨੇ ਸੱਚ ਨੂੰ ਰੱਬ ਦਾ ਪਰਿਆਇ ਵਾਚੀ ਮੰਨ ਕੇ ਲੇਖਕ ਨੂੰ 'ਸਚ ਸੁਣਾਇਸੀ ਸਚ ਕੀ ਬੇਲਾ' ਦਾ ਸੰਦੇਸ਼ ਦਿੱਤਾ ਹੈ। ਸੱਚ ਕਹਿਣ, ਸਮੇਂ ਉੱਤੇ ਨਾ ਕਿ ਸਮਾਂ ਲੰਘੇ ਉਪਰੰਤ ਸੱਚ ਕਹਿਣ, ਨਿਡਰ ਹੋ ਕੇ ਸੱਚ ਕਹਿਣ ਤੇ ਸੱਚ ਕਹਿਣ ਦੀ ਕੀਮਤ ਤਾਰਨ ਲਈ ਜਾਨ ਤਕ ਦੇਣ ਦੀ ਗੱਲ ਗੁਰੂ ਨਾਨਕ ਬਾਣੀ ਦੀ ਕੇਂਦਰੀ ਸੁਰ ਹੈ। ਸੁਖਬੀਰ ਨੇ ਪੰਜਾਬੀ ਵਿਚ ਪ੍ਰਗਤੀਵਾਦੀ ਲਹਿਰ ਦੇ ਸਿਖਰ ਸਮੇਂ ਜਦੋਂ ਸਾਹਿਤ ਦੇ ਨਾਅਰੇਬਾਜ਼ੀ ਤੇ ਫਾਰਮੂਲੇਬਾਜ਼ੀ ਤਕ ਡਿਗਣ ਦੇ ਖ਼ਤਰੇ ਸਨ, ਸਾਹਿਤਕਾਰ ਨੂੰ ਸੱਚ ਤੇ ਯਥਾਰਥ ਨੂੰ ਸਪਾਟ ਰੂਪ ਵਿਚ ਵੇਖਣ ਚਿਤਰਨ ਦੀ ਥਾਂ ਸਮੁੱਚੀ ਵਾਸਤਵਿਕਤਾ ਨਾਲ ਪਕੜਨ ਲਈ ਸੁਚੇਤ ਕੀਤਾ। ਵਿਚਾਰਧਾਰਕ ਕੱਟੜਤਾ ਦੀ ਥਾਂ ਈਮਾਨਦਾਰੀ ਨਾਲ ਸਾਹਿਤ ਵਿਚ ਸਤਿਅਮ, ਸੁੰਦਰਮ ਤੇ ਸਰਬ ਕਲਿਆਨ ਵੱਲ ਧਿਆਨ ਦੇਣ ਲਈ ਕਿਹਾ। ਸਾਦਗੀ, ਸ਼ਬਦ/ਲਿਖਤ ਦੇ ਸੁਹਜ ਪ੍ਰਤੀ ਜਾਗਰੂਕ ਕੀਤਾ। ਖੁਲ੍ਹੀ ਕਵਿਤਾ ਨੂੰ ਘਟੀਆ ਵਾਰਤਕ ਬਣਨ ਤੋਂ ਬਚਾਣ ਦੀ ਵਕਾਲਤ ਕੀਤੀ। ਸੀਮਿਤ ਵਿਚਾਰਧਾਰਾ ਤੋਂ ਮੁਕਤ ਹੋ ਕੇ ਸਮੁੱਚੇ ਵਿਸ਼ਵ ਸਾਹਿਤਕ ਵਿਰਸੇ ਨਾਲ ਸਾਂਝ ਪਾਣ ਲਈ ਵੰਗਾਰਿਆ।

'ਆਰਸੀ ਤੇ ਚਿਹਰੇ' ਵਾਲੇ ਦੂਜੇ ਭਾਗ ਦੇ ਪੰਜ ਉਪਭਾਗ ਹਨ। ਪਹਿਲੇ ਤਿੰਨ ਉਪਭਾਗਾਂ ਵਿਚ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਪੰਨੇ ਉੱਤੇ ਸਮੇਂ-ਸਮੇਂ ਪ੍ਰਕਾਸ਼ਤ ਲਿਖਤਾਂ ਹਨ। ਚੌਥੇ ਤੇ ਪੰਜਵੇਂ ਉਪਭਾਗ ਵਿਚ ਕ੍ਰਮਵਾਰ ਕੁਝ ਸਿਰਲੇਖ ਵਾਲੀਆਂ ਅਤੇ ਕੁਝ ਸਿਰਲੇਖ ਵਿਹੂਣੀਆਂ ਫੁਟਕਲ ਲਿਖਤਾਂ ਹਨ। ਚੌਥੇ/ਪੰਜਵੇਂ ਉਪਭਾਗਾਂ ਵਾਲੀਆਂ ਲਿਖਤਾਂ ਮਿਤੀਹੀਣ ਹਨ। ਪਹਿਲੇ ਤਿੰਨ ਉਪਭਾਗਾਂ ਉੱਤੇ ਉਨ੍ਹਾਂ ਦੀ ਪ੍ਰਕਾਸ਼ਨ ਮਿਤੀ (ਮਹੀਨਾ/ਸਾਲ) ਅੰਕਤ ਹੈ। ਇਹ ਵੇਰਵੇ ਅਕਤੂਬਰ 1982 ਤੋਂ ਜੂਨ 2000 ਤਕ ਪਸਰੇ ਹੋਏ ਹਨ। ਦੂਜਾ ਭਾਗ ਪੁਸਤਕ ਦਾ ਮੁਖ ਭਾਗ ਕਿਹਾ ਜਾ ਸਕਦਾ ਹੈ ਕਿਉਂ ਜੁ ਇਹ ਪੰਨਾ 25 ਤੋਂ 190 ਤਕ ਪਸਰਿਆ ਹੋਇਆ ਹੈ। ਇਸ ਵਿਚ ਸੰਕਲਤ ਸਮੱਗਰੀ ਬਾਰੇ ਇਸ ਲਈ ਜ਼ਰਾ ਵਿਸਤਾਰ ਨਾਲ ਗੱਲ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ।



ਇਹ ਸਮੱਗਰੀ ਕੇਵਲ ਸਾਹਿਤ/ਸਾਹਿਤਕ ਲਿਖਤਾਂ/ਸਾਹਿਤਕ ਸਰੋਕਾਰਾਂ ਤਕ ਸੀਮਤ ਨਹੀਂ ਸਗੋਂ ਜ਼ਿੰਦਗੀ ਜੀਣ ਦੇ ਅੰਦਾਜ਼, ਸਲੀਕੇ ਤੇ ਉਦੇਸ਼ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਸੰਕੇਤ ਸ਼ੁਰੂ ਤੋਂ ਹੀ ਦੇਣ ਲਗਦੀ ਹੈ। ਪੰਜ ਸੌ ਸਾਲ ਪਹਿਲਾਂ ਹੋਇਆ ਨਰਸੀ ਮਹਿਤਾ ਜਾਤ ਪਾਤ/ ਛੂਤ ਛਾਤ ਰੱਦ ਕਰ ਕੇ ਬਰਾਬਰੀ ਤੇ ਪਿਆਰ ਦਾ ਸੰਦੇਸ਼ ਦੇਣ ਦਾ ਆਪਣਾ ਕਾਰਜ ਕਰਦੇ ਸਮੇਂ ਆਪਣੇ ਬੇਟੇ ਜਾਂ ਬੀਵੀ ਦੀ ਮੌਤ ਨੂੰ ਰੁਕਾਵਟ ਨਹੀਂ ਬਣਨ ਦਿੰਦਾ। ਮਹਾਤਮਾ ਬੁਧ ਬਾਦਸ਼ਾਹਾਂ/ਅਮੀਰਾਂ ਦੇ ਹੀਰੇ ਮੋਤੀ ਤੇ ਕੀਮਤੀ ਤੋਹਫ਼ੇ ਆਪਣੇ ਆਸਣ ਉੱਤੇ ਬੈਠਾ ਹੀ ਸਵੀਕਾਰੀ ਜਾਂਦਾ ਹੈ। ਇਕ ਬਜ਼ੁਰਗ ਬੇਬੇ ਆਪਣੇ ਖਾਣ ਵਾਸਤੇ ਰਖਿਆ ਇਕੋ ਇਕ ਅੰਬ ਬੁੱਧ ਦਾ ਨਾਮ ਸੁਣ ਕੇ ਉਸ ਨੂੰ ਭੇਟ ਕਰਨ ਆ ਜਾਂਦੀ ਹੈ। ਬੁੱਧ ਆਪ ਉਸ ਬੇਬੇ ਕੋਲ਼ ਜਾ ਕੇ ਅੰਬ ਲੈ ਕੇ ਉਸ ਨੂੰ ਆਸ਼ੀਰਵਾਦ ਦਿੰਦਾ ਹੈ। ਨਰਸੀ ਉਦੇਸ਼ ਦੇ ਜਨੂੰਨ ਦਾ ਸੰਦੇਸ਼ ਦਿੰਦਾ ਹੈ। ਬੁੱਧ ਸੱਚੇ ਪਿਆਰ ਅਤੇ ਸਮਰਪਣ ਦਾ ਮਹੱਤਵ ਦ੍ਰਿੜਾਂਦਾ ਹੈ। ਵਾਲਤੇਅਰ ਆਪਣੇ ਜੀਵਨ ਉੱਤੇ ਮੌਤ ਦੇ ਨਿਸ਼ਚਤ ਖ਼ਤਰੇ ਸਮੇਂ ਵੀ ਆਪਣੀ ਬੁੱਧੀ ਤੇ ਹਾਜ਼ਰ ਜਵਾਬੀ ਕਾਰਨ ਬਚ ਜਾਂਦਾ ਹੈ। ਸਾਰਤਰ ਨਾ ਆਪਣੇ ਮੁਲਕ ਦੀ ਸੇਵਾ ਲਈ ਮਿਲੇ ਕਿਸੇ ਸਨਮਾਨ ਨੂੰ ਸਵੀਕਾਰਦਾ ਹੈ ਤੇ ਨਾ ਸਾਹਿਤਕ ਪ੍ਰਾਪਤੀਆਂ ਲਈ ਮਿਲੇ ਨੋਬਲ ਪੁਰਸਕਾਰ ਨੂੰ।

ਡਾ. ਐਲਬਰਟ ਸ਼ਵਾਈਟਜ਼ਰ ਨੂੰ ਅਫ਼ਰੀਕਾ ਦੇ ਗ਼ਰੀਬ ਬੇਸਹਾਰਾ ਲੋਕਾਂ ਦੀ ਸੇਵਾ, ਪਿਆਰ ਅਤੇ ਸ਼ਾਂਤੀ ਲਈ ਨੋਬਲ ਪੁਰਸਕਾਰ ਦਿੱਤਾ ਗਿਆ। ਕਮੇਟੀ ਦੀ ਸ਼ਰਤ ਹੈ ਕਿ ਇਨਾਮ ਲੈਣ ਵਾਲਾ ਇਨਾਮ ਸਮਾਗਮ ਵਿਚ ਆਪ ਇਨਾਮ ਲੈਣ ਆਵੇ, ਨਹੀਂ ਤਾਂ ਇਨਾਮ ਨਹੀਂ ਮਿਲੇਗਾ। ਇਸ ਦੇ ਬਾਵਜੂਦ ਸ਼ਵਾਈਟਜ਼ਰ ਨੇ ਕਮੇਟੀ ਨੂੰ ਲਿਖਿਆ ਕਿ ਗਰੀਬ ਤੇ ਬੇਇਲਾਜ ਲੋਕਾਂ ਨੂੰ ਮੇਰੀ ਵਧੇਰੇ ਲੋੜ ਹੈ। ਮੈਂ ਸਮਾਗਮ ਵਿਚ ਨਹੀਂ ਆ ਸਕਦਾ। ਕਮੇਟੀ ਨੇ ਸ਼ਰਤ ਉਲੰਘ ਕੇ ਇਨਾਮ ਦੀ ਰਾਸ਼ੀ ਉਸ ਕੋਲ਼ ਭੇਜੀ। ਉਸ ਨੇ ਉਹ ਰਾਸ਼ੀ ਵੀ ਇਲਾਜ ਵਾਸਤੇ ਹੀ ਦੇ ਦਿੱਤੀ। ਬੜੇ ਗ਼ੁਲਾਮ ਅਲੀ ਖਾਂ ਦਾ ਵਿਹਾਰ ਦੱਸਦਾ ਹੈ ਕਿ ਸੰਗੀਤ ਸਿੱਖਣ ਲਈ ਉਹ ਪਹਿਲੀ ਸ਼ਰਤ ਨਿਰਮਾਣਤਾ ਮੰਨਦੇ ਸਨ। ਐੱਚ. ਜੀ. ਵੈੱਲਜ਼ ਆਪਣੇ ਨੌਕਰਾਂ ਨੂੰ ਆਪਣੇ ਨਾਲੋਂ ਵੀ ਚੰਗੀਆਂ ਸਹੂਲਤਾਂ ਦਿੰਦਾ ਸੀ। ਉਹ ਕਹਿੰਦਾ ਸੀ ਮੇਰੀ ਮਾਂ ਨੇ ਲੰਡਨ ਵਿਚ ਨੌਕਰਾਣੀ ਵਜੋਂ ਬੜੀ ਤੰਗੀ ਕੱਟੀ ਹੈ। ਡਾ. ਪੀ.ਸੀ. ਰਾਏ ਜੋ ਨਿੱਜੀ ਲੋੜ ਲਈ ਇਕ ਆਨੇ ਦੀ ਥਾਂ ਦੋ ਆਨੇ ਖਰਚੇ ਜਾਣ ਉੱਤੇ ਖਫ਼ਾ ਹੋ ਜਾਂਦਾ ਹੈ, ਯਤੀਮ ਖਾਨੇ ਲਈ ਆਪਣੇ ਖਾਤੇ ਵਿਚ ਪਈ ਤਿੰਨ ਹਜ਼ਾਰ ਦੀ ਪੂਰੀ ਰਾਸ਼ੀ ਦੇ ਦਿੰਦਾ ਹੈ।

ਸ਼ਾਇਰ ਮੀਰ ਨੂੰ ਨਵਾਬ ਸਆਦਤ ਅਲੀ ਖਾਂ ਇਕ ਹਜ਼ਾਰ ਰੁਪਏ ਤੇ ਖ਼ਿਲਅਤ ਨੌਕਰ ਹੱਥ ਭੇਜਦਾ ਹੈ ਤਾਂ ਮੀਰ ਕਹਿ ਭੇਜਦਾ ਹੈ ਕਿਸੇ ਮਸਜਿਦ ਨੂੰ ਭਿਜਵਾ ਦਿਓ। ਮੈਂ ਮੁਹਤਾਜ ਨਹੀਂ। ਨਵਾਬ ਹੋਰ ਵਧੇਰੀ ਰਕਮ ਇਨਸ਼ਾ ਉਲਾ ਖਾਂ ਦੇ ਹੱਥ ਭੇਜਦਾ ਹੈ। ਮੀਰ ਫਿਰ ਉਹੀ ਜਵਾਬ ਦਿੰਦਾ ਹੈ। ਕਹਿੰਦਾ ਹੈ ਕਿ ਜੇ ਨਵਾਬ ਇਲਾਕੇ ਦਾ ਬਾਦਸ਼ਾਹ ਹੈ ਤਾਂ ਮੈਂ ਸ਼ਾਇਰੀ ਦਾ ਬਾਦਸ਼ਾਹ ਹਾਂ। ਦਸ ਰੁਪਏ ਦੇ ਮੁਲਾਜ਼ਮ ਹੱਥ ਖਿਲਅਤ! ਮੇਰੀ ਇਹੀ ਕਦਰ ਹੈ। ਇਨਸ਼ਾ ਉਲਾ ਕਹਿੰਦਾ ਹੈ ਕਿ ਹੁਣ ਤਾਂ ਉਸ ਨੇ ਇਕ ਸ਼ਾਇਰ ਭੇਜਿਆ ਹੈ। ਮੀਰ ਖ਼ਿਲਅਤ ਪ੍ਰਵਾਨ ਕਰ ਲੈਂਦਾ ਹੈ। ਅੰਦੋਲਨਾਂ ਵਿਚ ਭੀੜ ਦਾ ਹਿੱਸਾ ਬਣੇ ਲੋਕ ਬਿਨਾਂ ਸ਼ਰਮ ਅੰਨ੍ਹੀ ਨਫ਼ਰਤ ਵਿਚ ਰੁੜ੍ਹੇ ਬਿਨਾਂ ਪਛਤਾਵੇ ਦੇ ਮਾਰ-ਧਾੜ/ਜੁਰਮ ਕਰਦੇ ਹਨ। ਐਰਿਕ ਹੌਫਰ ਅਜਿਹੇ ਵਿਹਾਰ ਤੋਂ ਸੁਚੇਤ ਕਰਦਾ ਹੈ। ਹਜ਼ਰਤ ਇਮਾਮ ਹਸਨ ਅਨੁਸਾਰ ਮਰਦ ਤਿੰਨ ਕਿਸਮ ਦੇ ਹਨ: ਪੂਰੇ ਮਰਦ, ਨੀਮ ਮਰਦ ਤੇ ਨਾਮਰਦ। ਪੂਰਾ ਮਰਦ ਉਹ ਹੈ ਜਿਸ ਦੀ ਖੁਦ ਦੀ ਰਾਏ ਵੀ ਹੋਵੇ ਤੇ ਜੋ ਦੂਜਿਆਂ ਦੀ ਰਾਏ ਵੀ ਲੈਂਦਾ ਹੋਵੇ। ਨੀਮ ਮਰਦ ਉਹ ਹੈ ਜਿਸ ਦੀ ਆਪਣੀ ਰਾਏ ਤਾਂ ਹੋਵੇ, ਪਰ ਕਿਸੇ ਹੋਰ ਦੀ ਰਾਏ ਨਾ ਲੈਂਦਾ ਹੋਵੇ। ਨਾ ਮਰਦ ਉਹ ਹੈ ਜਿਸ ਦੀ ਨਾ ਆਪਣੀ ਰਾਏ ਹੋਵੇ ਤੇ ਨਾ ਹੀ ਉਹ ਕਿਸੇ ਤੋਂ ਰਾਏ ਲੈਂਦਾ ਹੋਵੇ। ਮੁਨਸ਼ੀ ਪ੍ਰੇਮ ਚੰਦ ਵਿਚ ਕਾਗ਼ਜ਼/ਕਲਮ ਬਾਰੇ ਕੋਈ ਨਖਰਾ ਨਹੀਂ ਸੀ। ਉਹ ਆਪਣੇ ਆਪ ਨੂੰ ਕਲਮ ਦਾ ਮਜ਼ਦੂਰ ਕਹਿੰਦਾ।

ਆਈਨਸਟਾਈਨ ਅਨੁਸਾਰ ਹਰ ਉਹ ਸੱਤਾ ਮਨੁੱਖ ਦੀ ਦੁਸ਼ਮਣ ਹੈ ਜੋ ਬੰਦੇ ਨੂੰ ਡਰ ਜਾਂ ਜ਼ੋਰ ਜਬਰ ਨਾਲ ਗੁਲਾਮ ਬਣਾਵੇ। ਉਸਤਾਦ ਅਲਾਉਦੀਨ ਖਾਨ ਦਾ ਕਹਿਣਾ ਸੀ ਜਿਸ ਬੰਦੇ ਵਿਚ ਗ਼ਰੀਬਾਂ ਲਈ ਦਰਦ ਨਹੀਂ, ਉਸ ਵਿਚ ਸੰਗੀਤ ਜਨਮ ਨਹੀਂ ਲੈ ਸਕਦਾ। ਮੁਲਕ ਦੀ ਵੰਡ ਵੇਲੇ ਦੰਗਿਆਂ ਫਸਾਦਾਂ ਦੇ ਦਿਨੀਂ ਮੁਸਲਮਾਨਾਂ ਨੇ ਗਾਂਧੀ ਜੀ ਕੋਲ ਫਰਿਆਦ ਕੀਤੀ। ਗਾਂਧੀ ਜੀ ਨੇ ਉਨ੍ਹਾਂ ਨੂੰ ਹੌਸਲਾ ਦੇ ਕੇ ਤੋਰਿਆ: ਮੈਂ ਤੁਹਾਨੂੰ ਹੋਰ ਤਾਂ ਕੀ ਗਰੰਟੀ ਦੇਣੀ ਹੈ, ਇਹੀ ਕਹਾਂਗਾ ਕਿ ਜੇ ਤੁਹਾਡੇ ਵਿਚੋਂ ਕੋਈ ਕਤਲ ਹੋਇਆ ਤਾਂ ਹਿੰਦੂਆਂ ਨੂੰ ਉਸ ਦੀ ਕੀਮਤ ਗਾਂਧੀ ਦੀ ਜਾਨ ਨਾਲ ਚੁਕਾਣੀ ਪੈ ਸਕਦੀ ਹੈ। ਰਾਸ਼ਟਰਪਤੀ ਲਿੰਕਨ ਦੁਸ਼ਮਣਾਂ ਦਾ ਦਿਲ ਪਿਆਰ ਨਾਲ ਜਿੱਤਣ ਉੱਤੇ ਜ਼ੋਰ ਦਿੰਦਾ ਸੀ। ਹਜ਼ਰਤ ਮੁਹੰਮਦ ਦੁਸ਼ਮਣੀ/ਨਫ਼ਰਤ ਕਰਨ ਵਾਲਿਆਂ ਵਾਸਤੇ ਵੀ ਦੁਆ ਕਰਦਾ। ਫ਼ਾਦਰ ਦਾਮਿਏਨ ਮੋਲੋਕਾਈ ਟਾਪੂ ਦੇ ਕੋਹੜਿਆਂ ਦੀ ਸੇਵਾ ਕਰਦੇ, ਕੋਹੜ ਰੋਗੀ ਬਣ ਕੇ ਵੀ ਦੁਖੀ ਨਹੀਂ ਸੀ। ਰਾਬੀਆ ਖ਼ੁਦਾ ਦੀ ਮੁਹੱਬਤ ਦੇ ਰਾਹ ਤੁਰ ਕੇ ਇੰਨੀ ਉਦਾਰ ਹੋ ਗਈ ਕਿ ਉਹ ਸ਼ੈਤਾਨ ਨੂੰ ਵੀ ਨਫ਼ਰਤ ਨਹੀਂ ਕਰਦੀ। ਹਿੰਦੀ ਦਾ ਮਹਾਂਕਵੀ ਨਿਰਾਲਾ ਗ਼ਰੀਬ ਸੀ ਪਰ ਅਣਖੀ, ਮਾਣਮੱਤਾ ਤੇ ਮਨੁੱਖੀ ਹਮਦਰਦੀ ਨਾਲ ਭਰਪੂਰ। ਆਪਣੇ ਕਪੜੇ, ਜੇਬ ਦੀ ਸਾਰੀ ਰਕਮ ਉਹ ਲੋੜਵੰਦਾਂ ਨੂੰ ਵੰਡ ਦਿੰਦਾ। ਰਾਇਲਟੀ ਦੇ ਇਕ ਹਜ਼ਾਰ ਰੁਪਏ ਉਸ ਇਕ ਦੁਪਹਿਰੇ ਇਕ-ਇਕ ਕਰਕੇ ਬੁੱਢੀ ਮੰਗਤੀ ਨੂੰ ਭੇਟ ਕਰ ਦਿੱਤੇ ਤੇ ਕਿਹਾ: ਤੇਰੇ ਪੁੱਤਰ ਕੋਲ ਇੰਨੇ ਹੀ ਰੁਪਏ ਸਨ। ਜਦ ਤਕ ਇਹ ਨਾ ਮੁੱਕਣ, ਭਿੱਖਿਆ ਨਾ ਮੰਗੀਂ। ਪੀਰ ਸ਼ਾਹ ਅਸ਼ਰਫ਼ ਗੱਡੀ ਦੇ ਗਾਰਡ ਦੀ ਉਸ ਦਾ ਕਿਰਾਇਆ ਬਚਾਣ ਦੀ ਪੇਸ਼ਕਸ਼ ਅਸਵੀਕਾਰ ਕਰ ਦਿੰਦੇ ਹਨ। "ਨਾਜਾਇਜ਼ ਪੈਸੇ ਦੀ ਸਜ਼ਾ ਜਦੋਂ ਖ਼ੁਦਾ ਨੇ ਦਿੱਤੀ ਤਾਂ ਕੌਣ ਬਚਾਏਗਾ ਮੈਨੂੰ।" ਉਸ ਦਾ ਤਰਕ ਸਭ ਨੂੰ ਚੁੱਪ ਕਰਾ ਦਿੰਦਾ ਹੈ।

ਈਸ਼ਵਰ ਚੰਦਰ ਵਿਦਿਆਸਾਗਰ ਬਿਨਾਂ ਦੱਸੇ ਕਰਜ਼ ਤੇ ਮੁਕੱਦਮੇ ਵਿਚ ਫਸੇ ਬਿਰਧ ਬਾਬੇ ਦਾ ਕਰਜ਼ ਚੁਕਾ ਦਿੰਦਾ ਹੈ। ਤੁਰਗਨੇਵ ਮੰਗਤੇ ਨੂੰ ਆਪਣੇ ਖਾਲੀ ਬਟੂਏ ਵਿਚੋਂ ਕੁਝ ਨਹੀਂ ਦੇ ਸਕਦਾ ਪਰ ਉਸ ਦਾ ਦਿਲ ਆਪਣੀ ਹਮਦਰਦੀ ਤੇ ਪ੍ਰੇਮ ਨਾਲ ਹੀ ਜਿੱਤ ਲੈਂਦਾ ਹੈ। ਯੂਨਾਨੀ ਦਾਰਸ਼ਨਿਕ ਡਾਇਓਜਨੀਜ਼ ਆਪਣੀ ਨਿਡਰਤਾ ਤੇ ਮਲੰਗੀ ਕਾਰਨ ਗ਼ੁਲਾਮਾਂ ਵਾਂਗ ਵਿਕ ਕੇ ਵੀ ਗ਼ੁਲਾਮ ਨਹੀਂ ਬਣਾਇਆ ਜਾਂਦਾ। ਜਗਦੀਸ਼ ਚੰਦਰ ਬੋਸ ਆਪਣੀਆਂ ਖੋਜਾਂ ਉੱਤੇ ਪੇਟੈਂਟ ਲਈ ਇਸ ਸ਼ਰਤ ਉੱਤੇ ਕੋਈ ਪੈਸਾ ਨਹੀਂ ਲੈਂਦੇ ਕਿ ਇਹ ਲੋਕਾਂ ਦੀ ਭਲਾਈ ਲਈ ਵਰਤੀਆਂ ਜਾਣਗੀਆਂ। ਲਿਲੀਅਨ ਰੌਥ, ਪ੍ਰਸਿੱਧ ਗਾਇਕਾ ਪ੍ਰਸਿੱਧੀ ਦੀ ਸਿਖਰ ਤੋਂ ਡਿੱਗ ਕੇ ਸ਼ਰਾਬ ਤੇ ਜ਼ਿਲਤ ਵਿਚ ਡੁੱਬ ਕੇ ਵਰ੍ਹਿਆਂ ਬਾਅਦ ਮੁੜ ਗਵਾਚੀ ਸ਼ੁਹਰਤ ਬਹਾਲ ਕਰਨ ਵਿਚ ਸਫਲ ਹੋਈ। ਇਹ ਸਫ਼ਲਤਾ ਉਸ ਨੇ ਉਨ੍ਹਾਂ ਲੋਕਾਂ ਦੀ ਮਦਦ ਨਾਲ ਹਾਸਲ ਕੀਤੀ ਜੋ ਉਸ ਕੋਲੋਂ ਮਦਦ ਲੈਣ ਆਏ। ਉਹ ਆਏ ਤਾਂ ਉਸ ਤੋਂ ਮਦਦ ਲੈਣ ਸਨ ਪਰ ਉਸ ਦੀ ਮਦਦ ਕਰ ਕੇ ਗਏ। ਅਮਰੀਕਨ ਏਅਰਲਾਈਨਜ਼ ਦਾ ਨਿਰਮਾਤਾ ਸਮਿਥ ਚੁਹੱਤਰ ਸਾਲ ਦੀ ਉਮਰ ਵਿਚ ਘਾਟਾ ਖਾ ਰਹੀ ਕੰਪਨੀ ਨੂੰ ਈਮਾਨਦਾਰੀ, ਹਿੰਮਤ ਤੇ ਕੰਮ ਕਰਨ ਦੀ ਇੱਛਾ ਆਸਰੇ ਮੁੜ ਪੈਰਾਂ ਉੱਤੇ ਖੜ੍ਹੀ ਕਰਦਾ ਹੈ। ਰਾਮ ਕ੍ਰਿਸ਼ਨ ਪਰਮ ਹੰਸ ਵੇਸਵਾ ਵਿਚ ਵੀ ਉਸੇ ਕਾਲੀ ਮਾਤਾ ਨੂੰ ਵੇਖਦਾ ਹੈ ਜਿਵੇਂ ਸਾਧਾਰਨ ਗ੍ਰਹਿਸਤੀ ਔਰਤਾਂ ਵਿਚ।ਆਈਨ ਸਟਾਈਨ ਸਾਪੇਖਤਾ ਸਿਧਾਂਤ ਵਾਲਾ ਖੋਜ ਪੱਤਰ ਲਿਖਣ ਤੋਂ ਪਹਿਲਾਂ ਖਾਸੇ ਬੇਚੈਨ ਰਹੇ। ਕਾਫੀ ਪੀਂਦੇ ਪੀਂਦੇ ਛੱਡ ਪਿਆਨੋ ਵਜਾਣ ਲੱਗੇ। ਵਜਾਂਦੇ-ਵਜਾਂਦੇ ਰੁਕਦੇ। ਅੱਧਾ ਘੰਟਾ ਇੰਝ ਹੀ ਕਰਦੇ ਉਹ ਘਰ ਦੀ ਛੱਤੇ 'ਤੇ ਆਪਣੇ ਕਮਰੇ ਵਿਚ ਜਾ ਵੜੇ ਤੇ ਕਹਿ ਗਏ, ਮੈਨੂੰ ਕੋਈ ਨਾ ਬੁਲਾਏ। ਦੋ ਹਫ਼ਤੇ ਉਹ ਥੱਲੇ ਨਾ ਉਤਰੇ। ਖਾਣਾ ਕਮਰੇ ਵਿਚ ਹੀ ਪੁੱਜਦਾ ਰਿਹਾ। ਉਤਰੇ ਤਾਂ ਉਹ ਭੌਤਿਕ ਵਿਗਿਆਨ ਵਿਚ ਕ੍ਰਾਂਤੀ ਲਿਆਣ ਵਾਲਾ ਖੋਜ ਪੱਤਰ ਲਿਖ ਚੁੱਕੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਮਨੁੱਖ ਤਾਂ ਦੁਨੀਆਂ ਵਿਚ ਆਉਂਦਾ ਹੀ ਦੂਜਿਆਂ ਦੇ ਕੰਮ ਆਉਣ ਲਈ ਹੈ।

ਸ੍ਰੀਮਤੀ ਰੂਜ਼ਵੈਲਟ ਨੂੰ ਉਸ ਦੀ ਹੀਣ ਭਾਵਨਾ (inferiority complex) ਤੋਂ ਛੁਟਕਾਰਾ



ਨੌਜਵਾਨ ਰੂਜ਼ਵੈਲਟ ਦੇ ਉਸ ਪ੍ਰਤੀ ਪਿਆਰ ਭਰੇ ਬੋਲ ਤੇ ਵਿਹਾਰ ਨੇ ਦਿਵਾਇਆ। ਮਹਾਨ ਪ੍ਰਤਿਭਾ ਸਿਰਫ਼ ਲੰਮਾ ਧੀਰਜ ਹੈ। ਆਗਸਤ ਰੋਦੈਂ ਨਾਂ ਦੇ ਮੂਰਤੀਕਾਰ ਨੇ ਫਰਾਂਸੀਸੀ ਸਰਕਾਰ ਦੇ ਕਹਿਣ ਉੱਤੇ ਇਕ ਇਮਾਰਤ ਲਈ ਪ੍ਰਵੇਸ਼ ਦਵਾਰ ਤਰਾਸ਼ਣਾ ਸ਼ੁਰੂ ਕੀਤਾ। ਦਿੱਤੀ-ਮਿਆਦ ਤੇ ਮਿਥੀ ਰਕਮ ਦੀ ਪ੍ਰਵਾਹ ਨਾ ਕਰ ਕੇ ਉਸ ਕੰਮ ਜਾਰੀ ਰੱਖਿਆ। ਸਰਕਾਰ/ਨੌਕਰਸ਼ਾਹੀ ਨੇ ਇਤਰਾਜ਼ ਕੀਤਾ ਤੇ ਉਸ ਉੱਤੇ ਮੁਕੱਦਮਾ ਕਰ ਦਿੱਤਾ। ਉਸ ਨੇ ਚੁੱਪ ਕਰ ਕੇ ਸਾਰੇ ਪੈਸੇ ਮੋੜ ਦਿੱਤੇ ਪਰ ਵੀਹ ਸਾਲ ਕੰਮ ਨਾ ਬੰਦ ਕੀਤਾ। ਬਿਨਾਂ ਮਿਹਨਤਾਨੇ ਤਰਾਸ਼ੇ ਉਸ ਪ੍ਰਵੇਸ਼ ਦੁਆਰ ਦੀ ਚਰਚਾ ਬਾਅਦ ਵਿਚ ਸਾਰੇ ਯੂਰਪ ਵਿਚ ਹੋਈ। ਜੇਨ ਆਸਟਿਨ ਤੇ ਹਾਰਡੀ ਜਿਹੇ ਵੱਡੇ ਲੇਖਕਾਂ ਨੂੰ ਵੀ ਦੇਰ ਤਕ ਲਿਖਣ ਤੋਂ ਉਨੀ ਕਮਾਈ ਨਹੀਂ ਹੋਈ ਜਿੰਨੀ ਕੋਈ ਮਜ਼ਦੂਰ ਆਸਾਨੀ ਨਾਲ ਕਰ ਲਵੇ। ਫਿਰ ਵੀ ਉਹ ਦਿਲ ਜਾਨ ਨਾਲ ਲੇਖਣ ਵਿਚ ਲੱਗੇ ਰਹੇ ਅਤੇ ਵੱਡੇ ਲੇਖਕਾਂ ਵਜੋਂ ਪ੍ਰਵਾਨ ਹੋਏ। ਨਿਰਾਲਾ ਜੀ ਚਾਲੀ ਸਾਲ ਰੱਖੜੀ ਵਾਲੇ ਦਿਨ ਮਹਾਂਦੇਵੀ ਦੇ ਘਰ ਰੱਖੜੀ ਬੰਨ੍ਹਵਾਣ ਆਉਂਦੇ ਰਹੇ।ਮਹਾਂਦੇਵੀ ਨੂੰ ਦੇਣ ਵਾਸਤੇ ਪੈਸੇ ਵੀ ਉਸੇ ਤੋਂ ਲੈਂਦੇ ਅਤੇ ਆਉਣ ਜਾਣ ਲਈ ਕੀਤੇ ਰਿਕਸ਼ੇ/ਸਵਾਰੀ ਦੇ ਪੈਸੇ ਵੀ। ਮਹਾਂਦੇਵੀ ਤੇ ਨਿਰਾਲਾ ਦੋਵੇਂ ਮਹਾਨ ਸਨ, ਕਵੀ ਵਜੋਂ ਵੀ ਅਤੇ ਮਨੁੱਖ ਵਜੋਂ ਵੀ।

ਸੇਂਟ ਲਾਰੈਂਸ ਅਨੁਸਾਰ ਰੱਬ ਨੂੰ ਸਭ ਤੋਂ ਚੰਗਾ ਲਗਦਾ ਹੈ ਪਿਆਰ। ਪਿਆਰ ਵਿਹੂਣੀ ਪਾਠ ਪੂਜਾ ਬੇਕਾਰ ਹੈ। ਆਸਕਰ ਵਾਈਲਡ ਅਤੇ ਆਂਦਰੇ ਯੀਦ ਅਨੁਸਾਰ ਕਲਾ ਵਿਚ ਹਉਮੈ ਲਈ ਕੋਈ ਥਾਂ ਨਹੀਂ। ਬਰਟਰੰਡ ਰਸਲ ਅਨੁਸਾਰ ਉਸ ਦੇ ਸਫਲ ਲੇਖਣ ਦਾ ਰਹੱਸ ਉਸ ਦਾ ਗਣਿਤ ਸ਼ਾਸਤਰੀ ਸੰਜਮ ਹੈ। ਹਰ ਗੱਲ ਸਪੱਸ਼ਟ ਸੌਖੇ ਤੇ ਸੰਜਮ ਭਰੇ ਸ਼ਬਦਾਂ ਵਿਚ ਕਹਿਣ ਦਾ ਹੁਨਰ। ਸਾਮਰ ਸੈੱਟ ਮਾਮ ਅਨੁਸਾਰ ਪੇਸ਼ਾਵਰ ਲੇਖਕ ਲਈ ਸਭ ਤੋਂ ਵੱਡਾ ਖਤਰਾ ਉਸ ਦੀ ਸਫ਼ਲਤਾ ਹੈ। ਸਫ਼ਲਤਾ ਉਸ ਨੂੰ ਹੰਕਾਰੀ, ਆਤਮ ਸੰਤੁਸ਼ਟ ਤੇ ਨਿਕੰਮਾ ਬਣਾ ਸਕਦੀ ਹੈ। ਹੈਮਿੰਗਵੇ ਕਹਿੰਦਾ ਹੈ: ਮੈਂ ਇਕ ਸਫ਼ਾ ਸ਼ਾਹਕਾਰ ਲਿਖਦਾ ਹਾਂ ਤੇ ਨੜ੍ਹਿੰਨਵੇਂ ਸਫ਼ੇ ਬਕਵਾਸ ਅਤੇ ਉਹ ਬਕਵਾਸ ਮੈਂ ਰੱਦੀ ਦੀ ਟੋਕਰੀ ਵਿਚ ਸੁੱਟ ਦਿੰਦਾ ਹਾਂ। ਪਿਕਾਸੋ ਪੁੱਛਦਾ ਹੈ ਕਿ ਲੋਕ ਮੇਰੇ ਚਿਤਰਾਂ ਨੂੰ ਪਿਆਰ ਕਰਨ ਲਈ, ਉਨ੍ਹਾਂ ਨੂੰ ਸਮਝਣਾ ਕਿਉਂ ਚਾਹੁੰਦੇ ਹਨ। ਕੌਣ ਸਮਝਦਾ ਹੈ ਚਿੜੀਆਂ ਦੇ ਗੀਤ, ਖਿਲਦੇ ਫੁੱਲਾਂ ਤੇ ਕੁਦਰਤ ਦੇ ਸੌਂਦਰਯ ਨੂੰ। ਪ੍ਰਸਿੱਧ ਮਲਿਆਲਮ ਲੇਖਕ ਪੌਂਟੇਕਾਟ ਦੱਸਦਾ ਹੈ ਕਿ ਮੈਂ ਲੇਖਕ ਇਸ ਲਈ ਬਣ ਗਿਆ ਕਿਉਂਕਿ ਨੌਕਰੀ ਨਾ ਮਿਲੀ। ਨੌਕਰੀ ਮਿਲੀ ਹੁੰਦੀ ਤਾਂ ਸਾਧਾਰਨ ਬੰਦਾ ਬਣ ਕੇ ਰਹਿ ਜਾਂਦਾ। ਬੇਢੰਗੀ ਸ਼ਖ਼ਸੀਅਤ ਵਾਲੇ ਬੋਲੇ ਬੀਥੋਵਾਨ ਨੇ ਇਕੱਲ, ਗ਼ਰੀਬੀ ਤੇ ਚੁੱਪ ਨਾਲ ਸੰਘਰਸ਼ ਕਰ ਕੇ ਮਹਾਨ ਸੰਗੀਤਕਾਰ ਵਜੋਂ ਪ੍ਰਸਿੱਧੀ ਹਾਸਲ ਕੀਤੀ।ਗੋਗੋਲ, ਪਾਦਰੇਵਸਕੀ, ਹਾਈਨ, ਓਸਤਰੋਵਸਕੀ ਸਾਰੇ ਹੀ ਕਲਾ/ਲੇਖਣ ਲਈ ਨਿਰੰਤਰ ਲੇਖਣ/ਰਿਆਜ਼ ਨੂੰ ਪ੍ਰੇਰਨਾ ਨਾਲੋਂ ਵੱਧ ਮੁੱਲਵਾਨ ਮੰਨਦੇ ਸਨ।

ਆਈਨ ਰੈਂਡ ਦੇ ਨਾਵਲ 'ਵੀ ਦਿ ਲਿਵਿੰਗ' ਦੀ ਤਾਨਾਸ਼ਾਹੀ ਦੀ ਥੀਮ ਨੂੰ ਰੂਸ ਵਿਰੋਧੀ ਮੰਨ ਕੇ ਇਟਲੀ ਵਿਚ ਫਿਲਮ ਬਣਾਈ ਗਈ ਤਾਂ ਕਿ ਲੋਕ ਰੂਸ ਵਿਰੁੱਧ ਜੋਸ਼ ਨਾਲ ਲੜਨ, ਹੋਇਆ ਉਲਟ। ਨਾਵਲ/ਫਿਲਮ ਤਾਨਾਸ਼ਾਹੀ ਦੇ ਵਿਰੁੱਧ ਸਨ। ਲੋਕ ਆਪਣੀ ਹੀ ਹਕੂਮਤ ਦੀ ਤਾਨਾਸ਼ਾਹੀ ਦੇ ਵਿਰੁੱਧ ਆਵਾਜ਼ ਉਠਾਉਂਦੇ ਲੱਗੇ ਤਾਂ ਸਰਕਾਰ ਨੇ ਨਾਵਲ/ਫਿਲਮ ਦੋਹਾਂ ਉੱਤੇ ਪਾਬੰਦੀ ਲਾ ਦਿੱਤੀ। ਹੈਮਿੰਗਵੇ ਨੇ 'ਓਲਡ ਮੈਨ ਐਂਡ ਦ ਸੀ' ਸੌ ਤੋਂ ਵੱਧ ਵਾਰ ਸੋਧ ਕੇ ਛਾਪਿਆ। ਸੰਗੀਤਕਾਰ ਸਤਰਾਵਿੰਸਕੀ ਅੱਸੀ ਸਾਲ ਦਾ ਹੋ ਕੇ ਵੀ ਚੁਸਤ ਦਰੁਸਤ ਸੀ ਅਤੇ ਕਹਿੰਦਾ ਸੀ: ਤੁਸੀਂ ਸ਼ਾਇਦ ਮੈਨੂੰ ਬੁੱਢਾ ਸਮਝਦੇ ਹੋ। ਮੈਂ ਅਜੇ ਅੱਸੀ ਸਾਲ ਹੀ ਪੂਰੇ ਕੀਤੇ ਹਨ। ਸਵਾਮੀ ਤੀਰਥ ਨੇ ਪ੍ਰੋਫੈਸਰ ਵਜੋਂ ਆਪਣੇ ਵਿਦਿਆਰਥੀਆਂ ਨੂੰ ਸਮਝਾਇਆ ਕਿ ਕਿਸੇ ਨੂੰ ਛੋਟਾ ਸਾਬਤ ਕਰਨ ਲਈ, ਉਸ ਤੋਂ ਵੱਡਾ/ਚੰਗਾ ਬਣ ਕੇ ਵਿਖਾਓ। ਇਕ ਔਰਤ ਡੀ. ਵਾਈਚੈਨਜ਼ੋ ਕੋਲੋਂ ਬਹੁਤ ਵੱਡੀ ਰਕਮ ਇਹ ਕਹਿ ਕੇ ਲੈ ਗਈ ਕਿ ਮੇਰੀ ਧੀ ਲਿਊਕੀਮੀਆ ਤੋਂ ਪੀੜਤ ਹੈ। ਅਗਲੇ ਦਿਨ ਕਿਸੇ ਬੰਦੇ ਨੇ ਵਾਈਚੈਨਜ਼ੋ ਨੂੰ ਕਿਹਾ, ਉਸ ਔਰਤ ਨੇ ਤੁਹਾਨੂੰ ਠੱਗ ਲਿਆ ਹੈ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਉਸ ਦੀ ਧੀ ਨੂੰ

ਕੈਂਸਰ (ਲਿਊਕੀਮੀਆ) ਨਹੀਂ। ਵਾਈਚੈਨਜ਼ੋ ਨੇ ਕਿਹਾ ਇਹ ਤਾਂ ਤੂੰ ਚੰਗੀ ਖ਼ਬਰ ਸੁਣਾਈ ਹੈ। ਪੈਸੇ ਛੱਡ। ਖ਼ੁਸ਼ੀ ਇਸ ਗੱਲ ਦੀ ਹੈ ਕਿ ਉਸ ਦੀ ਧੀ ਨੂੰ ਘਾਤਕ ਬੀਮਾਰੀ ਨਹੀਂ। ਟੌਮਸ ਐਡੀਸਨ ਦੇ ਕਾਰਖਾਨੇ/ਲੈਬ ਨੂੰ ਅੱਗ ਲੱਗ ਗਈ। ਕਈ ਕੀਮਤੀ ਖੋਜਾਂ/ਦਸਤਾਵੇਜ਼ ਖ਼ਤਮ ਹੋ ਗਏ। ਸਤਾਹਠ ਸਾਲ ਦਾ ਐਡੀਸਨ ਸੁਆਹ ਹੋਏ ਸੁਪਨਿਆਂ ਨੂੰ ਵੇਖ ਕੇ ਵੀ ਘਬਰਾਇਆ ਨਹੀਂ। ਬੋਲਿਆ: ਦੋਸਤੋ, ਤਬਾਹੀ ਦਾ ਲਾਭ ਹੈ ਕਿ ਸਾਡੀਆਂ ਗ਼ਲਤੀਆਂ ਵੀ ਸੜ ਕੇ ਸੁਆਹ ਹੋ ਗਈਆਂ ਹਨ। ਹੁਣ ਅਸੀਂ ਨਵੇਂ ਸਿਰਿਉਂ ਕੰਮ ਸ਼ੁਰੂ ਕਰ ਸਕਦੇ ਹਾਂ। ਜੇਮਜ਼ ਮਿਚਨਰ ਅਨੁਸਾਰ ਨਵੇਂ ਕਲਾਕਾਰਾਂ ਨੂੰ ਕੇਵਲ ਨਕਲ ਮਾਰਨ ਜਾਂ ਉਸਤਾਦਾਂ ਦੀਆਂ ਲੀਹਾਂ ਉੱਤੇ ਤੁਰਨ ਤਕ ਸੀਮਤ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਨੂੰ ਮਿਹਨਤ ਨਾਲ ਕੁਝ ਨਵਾਂ ਕਰਕੇ ਉਸਤਾਦਾਂ ਤੋਂ ਅੱਗੇ ਨਿਕਲਣ ਲਈ ਯਤਨ ਕਰਨਾ ਚਾਹੀਦਾ ਹੈ। ਫ਼ਾਕਨਰ ਅਨੁਸਾਰ ਚੰਗੇ ਲੇਖਕ ਨੂੰ ਸਫ਼ਲ ਹੋਣ ਜਾਂ ਅਮੀਰ ਬਣਨ ਦੀ ਕੋਈ ਪ੍ਰਵਾਹ ਨਹੀਂ ਹੁੰਦੀ।

ਪੁਸਤਕ ਦੇ ਤੀਜੇ ਭਾਗ ਵਿਚ 'ਸਿੱਪੀਆਂ ਤੇ ਮੋਤੀ' ਸ਼ੀਰਸ਼ਕ ਹੇਠ 'ਆਰਸੀ' ਵਿਚ ਵਿਭਿੰਨ ਵਿਸ਼ਿਆਂ ਉੱਤੇ ਵਿਸ਼ਵ ਭਰ ਦੇ ਪ੍ਰਸਿੱਧ ਚਿੰਤਕਾਂ ਦੇ ਵਿਚਾਰ ਹਨ। ਇਹ ਚਿੰਤਕ ਇਕੋ ਵਸਤੂ/ਸੰਕਲਪ ਨੂੰ ਵੱਖ-ਵੱਖ ਜ਼ਾਵੀਆਂ ਤੋਂ ਵੇਖਦੇ ਵਿਖਾਂਦੇ ਹਨ। ਉਦਾਹਰਨ ਲਈ ਆਦਮੀ ਬਾਰੇ ਅਰਨੈਸਟ ਜੋਨਜ਼ ਕਹਿੰਦਾ ਹੈ ਕਿ ਆਦਮੀ ਦਾ ਸਭ ਤੋਂ ਵੱਡਾ ਦੁਸ਼ਮਣ ਹੈ, ਉਸ ਦਾ ਆਪਣਾ ਅੱਥਰਾ ਸੁਭਾਅ ਤੇ ਉਸ ਦੇ ਅੰਦਰ ਕੈਦ ਅੰਨ੍ਹੀਆਂ ਸ਼ਕਤੀਆਂ। ਜਾਰਜ ਆਰਵੈਲ ਕਹਿੰਦਾ ਹੈ ਕਿ ਸਾਨੂੰ ਰੱਬ ਤੇ ਮਨੁੱਖ ਵਿਚੋਂ ਇਕ ਦੀ ਚੋਣ ਕਰਨੀ ਪਏਗੀ, ਤੇ ਸਾਰੇ ਇਨਕਲਾਬੀਆਂ, ਤੇ ਅਗਾਂਹਵਧੂ ਲੋਕਾਂ ਨੇ ਆਦਮੀ ਨੂੰ ਚੁਣਿਆ ਹੈ। ਰੌਬਰਟ ਲਿੰਡਨਰ ਅਨੁਸਾਰ ਵਿਦਰੋਹ ਆਦਮੀ ਦੇ ਸੁਭਾਅ ਦਾ ਲਾਜ਼ਮੀ ਅੰਗ ਹੈ। ਵਿਦਰੋਹ ਤੋਂ ਮੂੰਹ ਮੋੜ ਕੇ ਉਹ ਆਦਮੀ ਨਹੀਂ ਕਹਾ ਸਕਦਾ। ਗੋਰਕੀ ਅਨੁਸਾਰ ਆਦਮੀ ਦਾ ਆਪਣੇ ਬਾਰੇ ਅਸੰਤੋਖ ਤੇ ਖ਼ੁਦ ਨੂੰ ਚੰਗਾ ਬਣਾਉਣ ਦਾ ਯਤਨ ਪਵਿੱਤਰ ਕਾਰਜ ਹੈ। ਐਡਲਰ ਅਨੁਸਾਰ ਆਦਮੀ ਦੀਆਂ ਕੇਵਲ ਉਹੀ ਪ੍ਰਾਪਤੀਆਂ ਸਾਰਥਕ ਹਨ ਜੋ ਸਮਾਜ ਲਈ ਲਾਹੇਵੰਦ ਹਨ।

ਤੀਵੀਂ ਉੱਤੇ ਫੋਕਸ ਕਰ ਕੇ ਵੀ ਇੰਝ ਹੀ ਉਸ ਬਾਰੇ ਵੱਖ-ਵੱਖ ਦ੍ਰਿਸ਼ਟੀਕੋਣ ਪੇਸ਼ ਹਨ। ਮਾਰਕਸ ਅਨੁਸਾਰ ਤੀਵੀਆਂ ਤੋਂ ਬਿਨਾਂ ਮਹਾਨ ਸਮਾਜਕ ਤਬਦੀਲੀਆਂ ਅਸੰਭਵ ਹਨ। ਸਿਮੋਨ ਦ ਬੁਆ ਕਹਿੰਦੀ ਹੈ ਕਿ ਤੀਵੀਆਂ ਕੇਵਲ ਕੰਮ ਆਸਰੇ ਉਸ ਖਾਈ ਨੂੰ ਪਾਰ ਕਰ ਸਕਦੀਆਂ ਹਨ ਜੋ ਉਨ੍ਹਾਂ ਤੇ ਮਰਦਾਂ ਵਿਚਾਲੇ ਹੈ। ਇਬਸਨ ਅਨੁਸਾਰ ਮਰਦ ਤੇ ਤੀਵੀਂ ਇਕ ਦੂਜੇ ਤੋਂ ਬਿਲਕੁਲ ਵੱਖ ਹਨ ਪਰ ਸਮਾਜ ਵਿਚ ਹਰ ਫੈਸਲਾ ਮਰਦ ਦੇ ਕਾਨੂੰਨਾਂ ਅਨੁਸਾਰ ਹੁੰਦਾ ਹੈ। ਇੰਗਰਸੋਲ ਕਹਿੰਦਾ ਹੈ ਕਿ ਮੈਂ ਸਿਰਫ਼ ਮਰਦਾਂ ਨਾਲ ਸਵਰਗ ਵਿਚ ਰਹਿਣ ਨਾਲੋਂ, ਪਿਆਰ ਕਰਨ ਵਾਲੀ ਤੀਵੀਂ ਨਾਲ ਮੁਸੀਬਤਾਂ ਦੁੱਖਾਂ ਭਰੀ ਦੁਨੀਆਂ ਵਿਚ ਰਹਿਣਾ ਪਸੰਦ ਕਰਾਂਗਾ। ਅਲਿਜ਼ਾਬੈਥ ਸਟੈਂਫਨ ਅਨੁਸਾਰ ਤੀਵੀਆਂ ਦੇ ਧਾਰਮਿਕ ਅੰਧ ਵਿਸ਼ਵਾਸ ਉਨ੍ਹਾਂ ਦੇ ਸਭ ਤੋਂ ਵੱਡੇ ਬੰਧਨ ਹਨ। ਫਰਾਇਡ ਮੰਨਦਾ ਹੈ ਕਿ ਤੀਹ ਵਰ੍ਹੇ ਤੀਵੀਂ ਦੇ ਮਨ ਵਿਚ ਝਾਕ ਕੇ ਵੀ ਮੈਂ ਨਹੀਂ ਸਮਝ ਸਕਿਆ ਕਿ ਤੀਵੀਂ ਕੀ ਚਾਹੁੰਦੀ ਹੈ। ਹੈਨਰੀ ਕਾਨਸ਼ੀਏਂਸ ਦਾ ਵਿਸ਼ਵਾਸ ਹੈ ਕਿ ਤੀਵੀਂ ਨੂੰ ਸਿਰਜਦੇ ਸਮੇਂ ਰੱਬ ਨੇ ਪਿਆਰ, ਨਰਮੀ ਤੇ ਮਿਠਾਸ ਦੀ ਵਿਸ਼ੇਸ਼ ਰੂਪ ਵਿਚ ਵਰਤੋਂ ਕੀਤੀ। ਥੀਓਕ੍ਰਾਈਟਸ ਅਨੁਸਾਰ ਤੀਵੀਆਂ ਸਭ ਕੁਝ ਜਾਣਦੀਆਂ ਹਨ। ਜੁਸਟ ਵਾਨ ਡੇਨ ਵੋਡੇਲ ਕਹਿੰਦਾ ਹੈ ਕਿ ਇਕ ਤੀਵੀਂ ਹਜ਼ਾਰ ਮਰਦਾਂ ਤੋਂ ਵੱਧ ਤਾਕਤਵਰ ਹੁੰਦੀ ਹੈ। ਤੁਰਗਨੇਵ ਅਨੁਸਾਰ ਤੀਵੀਂ ਆਤਮ ਬਲੀਦਾਨ ਨੂੰ ਕੇਵਲ ਸਮਝ ਹੀ ਨਹੀਂ ਸਕਦੀ, ਆਤਮ ਬਲੀਦਾਨ ਕਰ ਵੀ ਸਕਦੀ ਹੈ। ਲੈਸਿੰਗ ਅਨੁਸਾਰ ਇਕ ਤੀਵੀਂ ਸੌ ਮਰਦਾਂ ਨਾਲੋਂ ਕਿਤੇ ਵੱਧ ਤੇਜ਼ ਅਕਲ ਵਾਲੀ ਹੁੰਦੀ ਹੈ। ਸੈਮੂਅਲ ਬਟਲਰ ਕਹਿੰਦਾ ਹੈ ਕਿ ਡਾਕੂ ਤੁਹਾਡੀ ਦੌਲਤ ਜਾਂ ਜਾਨ ਚਾਹੁੰਦੇ ਹਨ। ਤੀਵੀਆਂ ਦੋਵੇਂ ਚੀਜ਼ਾਂ ਚਾਹੁੰਦੀਆਂ ਹਨ।



ਤੀਵੀਂ/ਮਰਦ ਦੇ ਰਿਸ਼ਤੇ ਬਾਰੇ ਵੀ ਰੋਚਕ ਟਿੱਪਣੀਆਂ ਹਨ। ਪਹਿਲਾ ਚੁੰਮਣ ਤੀਵੀਂ ਲਈ ਸ਼ੁਰੂਆਤ ਦਾ ਅੰਤ ਹੁੰਦਾ ਹੈ ਤੇ ਮਰਦ ਲਈ ਅੰਤ ਦੀ ਸ਼ੁਰੂਆਤ। ਤੀਵੀਂ ਪਹਿਲੀ ਸ਼ਾਦੀ ਪਿਆਰ ਖਾਤਰ ਕਰਦੀ ਹੈ, ਦੂਜੀ ਸਾਥ ਲਈ, ਤੀਜੀ ਸਹਾਰੇ ਲਈ ਤੇ ਚੌਥੀ ਸਿਰਫ਼ ਆਦਤ ਵਜੋਂ। ਮਰਦ ਵਿਆਹ ਤੋਂ ਪਹਿਲਾਂ ਤੀਵੀਂ ਦੀ ਕਿਸੇ ਗੱਲ ਬਾਰੇ ਸੋਚਦਾ ਹੋਇਆ ਰਾਤ ਭਰ ਜਾਗਦਾ ਰਹਿੰਦਾ ਹੈ, ਵਿਆਹ ਪਿੱਛੋਂ ਉਹ ਤੀਵੀਂ ਦੀ ਗੱਲ ਖ਼ਤਮ ਹੋਣ ਤੋਂ ਪਹਿਲਾਂ ਹੀ ਸੌਂ ਜਾਂਦਾ ਹੈ। ਮਰਦ ਕਦੀ ਨਹੀਂ ਸਮਝ ਸਕਦਾ ਕਿ ਅਲਵਿਦਾ ਕਿਵੇਂ ਕਹੀ ਜਾਏ ਤੇ ਤੀਵੀਂ ਕਦੇ ਨਹੀਂ ਸਮਝ ਸਕਦੀ ਕਿ ਅਲਵਿਦਾ ਕਦੋਂ ਕਹੀ ਜਾਏ। ਵਿਆਹ ਇਕ ਸੌਦਾ ਹੈ, ਪਤੀ/ਪਤਨੀ ਵਿਚੋਂ ਕਿਸੇ ਇਕ ਨੂੰ ਇਸ ਵਿਚੋਂ ਘਾਟਾ ਖਾਣਾ ਹੀ ਪੈਂਦਾ ਹੈ। ਇਕ ਚੰਗੀ ਤੀਵੀਂ ਦੀ ਪਛਾਣ ਹੈ ਕਿ ਉਹ ਕੀ ਕਰਦੀ ਹੈ ਅਤੇ ਇਕ ਚੰਗੇ ਮਰਦ ਦੀ ਪਛਾਣ ਹੈ ਕਿ ਉਹ ਕੀ ਨਹੀਂ ਕਰਦਾ। ਤੀਵੀਂ ਭਵਿੱਖ ਬਾਰੇ ਤਦ ਤਕ ਚਿੰਤਾ ਕਰੀ ਜਾਂਦੀ ਹੈ ਜਦ ਤਕ ਕਿ ਉਸ ਨੂੰ ਪਤੀ ਨਹੀਂ ਮਿਲ ਜਾਂਦਾ। ਮਰਦ ਭਵਿੱਖ ਬਾਰੇ ਤਦ ਤਕ ਚਿੰਤਾ ਨਹੀਂ ਕਰਦਾ ਜਦ ਤਕ ਕਿ ਉਸ ਨੂੰ ਪਤਨੀ ਨਹੀਂ ਮਿਲ ਜਾਂਦੀ। ਜੇ ਮਰਦ ਕੋਈ ਮੂਰਖਤਾ ਕਰੇ ਤਾਂ ਲੋਕ ਕਹਿੰਦੇ ਹਨ, ਕਿੰਨਾ ਮੂਰਖ ਹੈ ਇਹ ਆਦਮੀ। ਜੇ ਤੀਵੀਂ ਕੋਈ ਮੂਰਖਤਾ ਕਰੇ ਤਾਂ ਲੋਕ ਕਹਿੰਦੇ ਹਨ ਕਿੰਨੀਆਂ ਮੂਰਖ ਹੁੰਦੀਆਂ ਹਨ ਤੀਵੀਆਂ। ਦੁੱਖ ਤੀਵੀਂ ਨੂੰ ਕਦੇ ਵੀ ਹਰਾਂਦਾ ਜਾਂ ਕਮਜ਼ੋਰ ਨਹੀਂ ਕਰਦਾ ਜਦ ਕਿ ਮਰਦ ਨੂੰ ਮੌਤ ਤਕ ਲੈ ਜਾਂਦਾ ਹੈ। ਮਰਦ ਵਿਆਹ ਕਰਦੇ ਹਨ ਅਕੇਵਾਂ ਮਿਟਾਣ ਲਈ ਤੇ ਤੀਵੀਆਂ ਉਤਾਵਲ ਮਿਟਾਣ ਲਈ, ਪਰ ਦੋਵੇਂ ਹੀ ਨਿਰਾਸ਼ ਹੁੰਦੇ ਹਨ। ਵਿਆਹ ਨਾਲ ਪਿਆਰ ਦਾ ਕੋਈ ਸੁਭਾਵਕ ਸੰਬੰਧ ਨਹੀਂ। ਕੁਝ ਵੀ ਹੋਵੇ, ਵਿਆਹ ਜ਼ਰੂਰ ਕਰੋ। ਚੰਗੀ ਪਤਨੀ ਮਿਲ ਗਈ ਤਾਂ ਖ਼ੁਸ਼ ਰਹੋਗੇ, ਮਾੜੀ ਮਿਲ ਗਈ ਤਾਂ ਫਿਲਾਸਫ਼ਰ ਬਣ ਜਾਓਗੇ। ਤੀਵੀਂ ਨੂੰ ਹਰ ਹਾਲਤ ਵਿਚ ਵਿਆਹ ਕਰ ਲੈਣਾ ਚਾਹੀਦਾ ਹੈ। ਪਤੀ ਨਾਲ ਹੋਣ ਵਾਲੇ ਝਗੜੇ ਇਕੱਲ ਦੇ ਦੁੱਖ ਨਾਲੋਂ ਕਿਤੇ ਚੰਗੇ ਹਨ। ਇਕ ਚੰਗਾ ਵਿਆਹ ਬੋਲ਼ੇ ਪਤੀ ਤੇ ਅੰਨ੍ਹੀ ਪਤਨੀ ਵਿਚ ਹੋ ਸਕਦਾ ਹੈ। ਚੰਗਾ ਵਿਆਹ ਆਦਮੀ ਨੂੰ ਖੰਭ ਲਾ ਦਿੰਦਾ ਹੈ, ਬੁਰਾ ਵਿਆਹ ਬੇੜੀਆ ਪਾ ਦਿੰਦਾ ਹੈ। ਬਹੁਤੇ ਮਹਾਨ ਬੰਦੇ ਅਸਫ਼ਲ ਵਿਆਹਾਂ ਦੀ ਦੇਣ ਹਨ।

ਜ਼ਿੰਦਗੀ ਦੇ ਅਨੇਕ ਰੰਗਾਂ ਤੇ ਰਾਜ਼ਾਂ ਦੀ ਗੱਲ ਹੈ 'ਸਿੱਪੀਆਂ ਤੇ ਮੋਤੀ' ਸ਼ੀਰਸ਼ਕ ਹੇਠ। ਆਲਿਵ ਸ਼ਰੀਨਰ ਅਨੁਸਾਰ ਜਿਹੜਾ ਕੋਈ ਆਪਣੇ ਲਈ ਜੀਂਦਾ ਹੈ, ਉਹ ਮਰਦਾ ਹੈ, ਭਾਵੇਂ ਉਹ ਅਜੇ ਕਬਰ ਵਿਚ ਨਹੀਂ ਪਿਆ। ਜੈਕਬ ਕਲਾਟਜਕਿਨ ਵੰਗਾਰਦਾ ਹੈ ਕਿ ਜ਼ਿੰਦਗੀ ਨਾਲ ਖੇਡੋ। ਖ਼ਤਰੇ ਲੱਭੋ। ਜੇ ਨਹੀਂ ਲੱਭਦੇ ਤਾਂ ਪੈਦਾ ਕਰੋ। ਡਰ ਉੱਤੇ ਹੱਸਣਾ ਸਿੱਖੋ। ਦਿਲ ਦੇ ਬੂਹੇ ਖੋਲ੍ਹ ਕੇ ਰੱਖੋ। ਸ਼ਵਾਈਟਜ਼ਰ ਅਨੁਸਾਰ ਤੁਹਾਡੀ ਮੁਸਕਰਾਹਟ ਕਿਸੇ ਦੇ ਮਨ ਵਿਚੋਂ ਖ਼ੁਦਕਸ਼ੀ ਦਾ ਖਿਆਲ ਕੱਢ ਸਕਦੀ ਹੈ। ਆਦਮੀ ਪੀੜ ਅਤੇ ਡਰ ਵਿਚ ਹੋਰ ਪ੍ਰਾਣੀਆਂ ਵਾਂਗ ਰੋਂਦਾ ਕੁਰਲਾਂਦਾ ਹੈ। ਐਰਿਕ ਹੌਫਰ ਅਨੁਸਾਰ ਕੇਵਲ ਆਦਮੀ ਹੀ ਹੱਸ ਮੁਸਕਰਾ ਸਕਦਾ ਹੈ। ਟਾਮਸ ਮਾਨ ਦਾ ਵਿਚਾਰ ਹੈ ਕਿ ਸਵੈ ਪੜਚੋਲ ਆਦਮੀ ਦਾ ਤਬਦੀਲੀ ਵੱਲ ਪਹਿਲਾ ਕਦਮ ਹੈ। ਮਾਨ ਇਹ ਵੀ ਕਹਿੰਦਾ ਹੈ ਕਿ ਉਹ ਵਿਚਾਰ ਜਿਉਂਦੇ ਨਹੀਂ ਰਹਿ ਸਕਦੇ, ਜਿਨ੍ਹਾਂ ਲਈ ਆਦਮੀ ਨੂੰ ਲੜਨ ਦਾ ਮੌਕਾ ਨਹੀਂ ਮਿਲਦਾ। ਸੱਤਾ/ਸਮਾਜ/ਸਿਆਸਤ ਬਾਰੇ ਵੀ ਕਈ ਮੋਤੀ ਇਸ ਭਾਗ ਵਿਚ ਬਿਖਰੇ ਹੋਏ ਹਨ। ਬਾਲਜ਼ਾਕ ਦੀ ਟਿੱਪਣੀ ਹੈ ਕਿ ਨੌਕਰਸ਼ਾਹੀ ਇਕ ਵਿਸ਼ਾਲ ਮਸ਼ੀਨ ਹੈ ਜਿਸ ਨੂੰ ਬੌਣੇ ਚਲਾਂਦੇ ਹਨ। ਵਾਲਤੇਅਰ ਅਨੁਸਾਰ ਦੇਸ਼ ਦੀ ਕਿਸਮਤ ਉਸ ਦੇ ਪ੍ਰਧਾਨ ਮੰਤਰੀ ਦੇ ਚੰਗੇ ਮਾੜੇ ਹਾਜ਼ਮੇ ਉੱਤੇ ਨਿਰਭਰ ਹੈ। ਖਲੀਲ ਜਿਬਰਾਨ ਕਹਿੰਦਾ ਹੈ ਕਿ ਲੋਕ ਪਲੇਗ ਦੇ ਡਰ ਤੋਂ ਕੰਬਦੇ ਹਨ ਪਰ ਸਿਕੰਦਰ ਤੇ ਨੈਪੋਲੀਅਨ ਵਰਗੇ ਕਾਤਲਾਂ ਦਾ ਜ਼ਿਕਰ ਖ਼ੁਸ਼ੀ ਤੇ ਇੱਜ਼ਤ ਨਾਲ ਕਰਦੇ ਹਨ। ਆਈਨਸਟਾਈਨ ਦਾ ਵਿਸ਼ਵਾਸ ਹੈ ਕਿ ਸੁਤੰਤਰ ਤੇ ਵਿਵੇਕਸ਼ੀਲ ਬੰਦਾ ਕਿਸੇ ਦਾ ਹੱਥ ਠੋਕਾ ਬਣਨ ਦੀ ਥਾਂ ਤਬਾਹ ਹੋਣਾ ਪ੍ਰਵਾਨ ਕਰਦਾ ਹੈ। ਮਾਰਕਸ ਧਰਮ ਨੂੰ ਅਫ਼ੀਮ ਨਾਲ ਤੁਲਨਾ ਦਿੰਦਾ ਹੈ। ਡੇਨੀਅਲ ਲਿਓਨ ਕਹਿੰਦਾ ਹੈ ਕਿ

ਧਰਮ ਜਿਉਂ ਹੀ ਇਕ ਸੰਪਰਦਾਏ ਦਾ ਰੂਪ ਧਾਰਦਾ ਹੈ, ਉਹ ਇਕ ਰਾਜਨੀਤਕ ਤਾਕਤ ਬਣ ਜਾਂਦਾ ਹੈ। ਸੈਨੇਕਾ ਅਨੁਸਾਰ ਆਮ ਲੋਕਾਂ ਲਈ ਧਰਮ ਸਚਾਈ ਹੈ, ਅਕਲਮੰਦਾਂ ਦੀ ਨਜ਼ਰ ਵਿਚ ਝੂਠ ਅਤੇ ਹਾਕਮਾਂ ਦੀ ਨਜ਼ਰ ਵਿਚ ਲਾਹੇਵੰਦੀ ਚੀਜ਼। ਬਰਨਾਰਡ ਸ਼ਾਅ ਸਮਝਾਂਦਾ ਹੈ ਕਿ ਈਮਾਨਦਾਰ ਬੰਦੇ ਨੂੰ ਸੱਚੀ ਗੱਲ ਕਹਿਣ ਲਈ ਜਾਨ ਤਲੀ ਉੱਤੇ ਧਰਨੀ ਪੈਂਦੀ ਹੈ।

ਤੇ ਅੰਤ, ਮੂਲ ਮਨੁੱਖੀ ਪ੍ਰਵਿਰਤੀਆਂ ਬਾਰੇ ਕੁਝ ਮੁੱਲਵਾਨ ਟਿੱਪਣੀਆਂ। ਮਨੁੱਖ ਦਲੀਲ ਦੀ ਘਾਟ ਗੁੱਸੇ ਨਾਲ ਪੂਰੀ ਕਰਦਾ ਹੈ। ਸਾਬਰ ਮਨੁੱਖ ਦੇ ਗੁੱਸੇ ਤੋਂ ਬਚੋ। ਗੁੱਸਾ ਤੇ ਅਸਹਿਣਸ਼ੀਲਤਾ ਸਹੀ ਸੋਚ ਦੇ ਦੁਸ਼ਮਣ ਹਨ। ਵਿਕਟਰ ਹਿਊਗੋ ਅਨੁਸਾਰ ਖਿਆਲ/ਵਿਚਾਰ ਸੰਸਾਰ ਭਰ ਦੀਆਂ ਫੌਜਾਂ ਨਾਲੋਂ ਤਾਕਤਵਰ ਹੁੰਦੇ ਹਨ। ਚੁੱਪ ਵਿਚ ਬੜੀ ਤਾਕਤ ਹੈ, ਪਰ ਸਹੀ ਮੌਕੇ ਬੋਲੇ ਗਏ ਸਹੀ ਸ਼ਬਦਾਂ ਵਿਚ ਉਸ ਤੋਂ ਵੀ ਵੱਡੀ ਤਾਕਤ ਹੈ। ਡੈਂਟਨ ਅਨੁਸਾਰ ਇਨਕਲਾਬ ਵਿਚ ਸਭ ਤੋਂ ਵੱਡੀ ਤਾਕਤ ਸਭ ਤੋਂ ਵੱਧ ਦਮਨ ਦੇ ਸ਼ਿਕਾਰ ਲੋਕਾਂ ਵਿਚ ਹੁੰਦੀ ਹੈ। ਲਿੰਕਨ ਸਾਵਧਾਨ ਕਰਦਾ ਹੈ ਕਿ ਇਨਕਲਾਬ ਕਦੇ ਪਿਛਲਖੁਰੇ ਨਹੀਂ ਹੁੰਦੇ।ਮਾਓ ਅਨੁਸਾਰ ਇਨਕਲਾਬ ਸਿੱਧੀ ਸਰਲ ਰੇਖਾ ਵਿਚ ਅਗਾਂਹ ਨਹੀਂ ਵਧਦਾ। ਜਿਧਰ ਰਾਹ ਮਿਲਦਾ ਹੈ, ਉਧਰੋਂ ਹੀ ਅਗਾਂਹ ਤੁਰ ਪੈਂਦਾ ਹੈ। ਹਥਿਆਰਬੰਦ ਇਨਕਲਾਬ ਤੋਂ ਪਹਿਲਾਂ ਖਿਆਲਾਂ ਦਾ ਇਨਕਲਾਬ ਆਉਂਦਾ ਹੈ। ਖਲੀਲ ਜਿਬਰਾਨ ਉਸ ਮੁਲਕ ਨੂੰ ਲਾਹਨਤਾਂ ਪਾਂਦਾ ਹੈ ਜਿਸ ਦੀ ਰਾਜਨੀਤੀ ਮੱਕਾਰੀ ਹੈ ਤੇ ਦਾਰਸ਼ਨਿਕਤਾ ਲਫ਼ਜ਼ਾਂ ਦਾ ਗੋਰਖ ਧੰਦਾ।ਜਿਸ ਦਾ ਸੰਤ ਬੇਆਵਾਜ਼ ਹੈ, ਸੈਨਾਪਤੀ ਅੰਨ੍ਹਾ ਤੇ ਵਕੀਲ ਬੜਬੋਲਾ। ਲੂਥਰ ਬਰਬੈਂਕ ਅਨੁਸਾਰ ਵਿਗਿਆਨ ਸਚਾਈ ਦਾ ਪ੍ਰੇਮੀ ਹੈ। ਯੂਜੀਨ ਡੈਬਸ ਅਨੁਸਾਰ ਸਚਾਈ ਮੱਕਾਰਾਂ, ਜ਼ਾਲਮਾਂ ਤੇ ਲੁਟੇਰਿਆਂ ਦੀ ਸੱਤਾ ਨੂੰ ਖ਼ਤਰਨਾਕ ਲਗਦੀ ਹੈ। ਜੇਮਜ਼ ਲਾਵੇਲ ਕਹਿੰਦਾ ਹੈ ਕਿ ਸਚਾਈ ਲਈ ਹਮੇਸ਼ਾ ਫ਼ਾਂਸੀ ਦਾ ਤਖਤਾ ਹੁੰਦਾ ਹੈ ਅਤੇ ਝੂਠ ਲਈ ਰਾਜ ਸਿੰਘਾਸਨ। ਬਰਨਾਰਡ ਸ਼ਾਅ ਦਾ ਕਹਿਣਾ ਹੈ ਕਿ ਮਜ਼ਾਕ ਕਰਨ ਦਾ ਮੇਰਾ ਤਰੀਕਾ ਹੈ ਸੱਚ ਬੋਲਣਾ।

'ਆਰਸੀ ਤੇ ਸੁਖਬੀਰ' ਪੁਸਤਕ ਵਿਚਲੀਆਂ ਸਾਰੀਆਂ ਲਿਖਤਾਂ ਦਾ ਸਾਂਝਾ ਲੱਛਣ ਹੈ ਇਨ੍ਹਾਂ ਦੀ ਸੰਖੇਪਤਾ ਅਤੇ ਸਮੇਂ/ਸਥਾਨ ਤੋਂ ਪਾਰ ਜਾ ਕੇ ਆਮ ਆਦਮੀ ਨੂੰ ਪ੍ਰਭਾਵਤ/ਪ੍ਰੇਰਤ ਕਰਨ ਦੀ ਸ਼ਕਤੀ। ਇਹ ਲਿਖਤਾਂ ਵਸਤਾਂ/ਵਰਤਾਰਿਆਂ/ਸੰਕਲਪਾਂ/ਵਿਸ਼ਵਾਸਾਂ/ਵਿਹਾਰਾਂ ਨੂੰ ਇਕੋ ਜ਼ਾਵੀਏ ਤੋਂ ਵੇਖਣ ਵਿਖਾਣ ਦੀ ਆਦਤ ਛੱਡ ਕੇ ਨਵੇਂ ਦ੍ਰਿਸ਼ਟੀਕੋਣ ਤੋਂ ਜਾਣਨ ਸਮਝਣ ਵੱਲ ਤੋਰਦੀਆਂ ਹਨ। ਤਸਵੀਰ ਦਾ ਅਣਗੌਲਿਆ ਪਹਿਲੂ ਦੇਖਣ ਲਈ ਪ੍ਰੇਰਦੀਆਂ ਹਨ। ਬੱਧੇ-ਰੁੱਧੇ ਅੰਧ ਵਿਸ਼ਵਾਸ ਵਾਲੇ ਲਕੀਰ ਦੇ ਫਕੀਰ ਚਿੰਤਨ ਉੱਤੇ ਪ੍ਰਸ਼ਨ ਚਿੰਨ੍ਹ ਲਾਂਦੀਆਂ ਹਨ। ਨਿਰਾਸ਼ਾ ਬੇਬਸੀ ਤੇ ਜੜ੍ਹਤਾ ਵਿਚ ਹਿੰਮਤ ਹੌਸਲਾ ਦੇ ਕੇ ਨਵੇਂ ਜੋਸ਼ ਉਤਸ਼ਾਹ ਨਾਲ ਵਿਅਕਤੀਗਤ, ਸਮਾਜਕ ਤੇ ਸਿਆਸੀ ਜੀਵਨ ਵਿਚ ਸਾਰਥਕ ਰੋਲ ਅਦਾ ਕਰਨ ਦੀ ਚਿਣਗ ਮਘਾਂਦੀਆਂ ਹਨ। ਨਿੱਕੇ-ਨਿੱਕੇ ਨਿੱਜੀ ਹਿਤਾਂ/ਸੁੱਖਾਂ/ਸਵਾਰਥਾਂ ਨੂੰ ਭੁੱਲ ਕੇ ਸਮਾਜ ਦੇ ਦੂਜੇ ਲੋਕਾਂ ਦੇ ਚੰਗੇਰੇ ਭਵਿੱਖ ਬਾਰੇ ਫ਼ਿਕਰਮੰਦ ਕਰਦੀਆਂ ਹਨ। ਸੰਪਰਦਾਇਕ ਸੰਕੀਰਨਤਾ, ਧਾਰਮਿਕ ਕੱਟੜਤਾ, ਅੰਨ੍ਹੀ ਦੇਸ਼ ਭਗਤੀ ਅਤੇ ਨਫ਼ਰਤ ਤੋਂ ਉੱਪਰ ਉੱਠ ਕੇ ਨਿਆਇਸ਼ੀਲ, ਸਵੱਛ ਸੈਕੂਲਰ ਸ਼ਾਂਤੀਪੂਰਨ ਸਹਿਹੋਂਦ, ਪਿਆਰ ਤੇ ਅਮਨ ਵਾਲੀ ਦੁਨੀਆਂ ਸਿਰਜਣ ਲਈ ਝੰਜੋੜਨ ਵਾਲੀਆਂ ਇਹ ਲਿਖਤਾਂ ਅੱਜ ਬੁਰੀ ਤਰ੍ਹਾਂ ਸੰਕਟ ਗ੍ਰਸਤ ਭਾਰਤੀ ਲੋਕਤੰਤਰ ਵਾਸਤੇ ਨਿਸ਼ਚੇ ਹੀ ਬਹੁਤ ਮੁੱਲਵਾਨ ਹਨ।000

***(ਸਾਬਕਾ ਪ੍ਰੋਫ਼ੈਸਰ ਅਤੇ ਡੀਨ ਅਕਾਦਮਿਕ ਮਾਮਲੇ, ਪੰਜਾਬੀ ਯੂਨੀਵਰਸਿਟੀ,***
***ਮਕਾਨ ਨੰਬਰ 2, ਗਲੀ ਨੰਬਰ 9, ਗੁਰੂ ਨਾਨਕ ਨਗਰ, ਪਟਿਆਲਾ;***
***ਫ਼ੋਨ: 98722-60550)***



# ***ਪੁਸਤਕ ਰਿਵਿਊ***

## ਗੁਲਬੀਨ (ਗ਼ਜ਼ਲ ਸੰਗ੍ਰਹਿ) ਅਮਰੀਕ ਡੋਗਰਾ

ਮੈਂ ਅਮਰੀਕ ਡੋਗਰਾ ਨੂੰ ਦਿੱਲੀ ਤੋਂ ਜਾਣਦਾ ਹਾਂ। ਹੁਣ ਅਸੀਂ ਦੋਵੇਂ ਬੇਦਿੱਲੀ ਦਿਲਦਾਰ ਹਾਂ। ਮੈਂ ਚੰਡੀਗੜ੍ਹ ਹਾਂ ਤੇ ਉਹ ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ 'ਚ। ਦੋਨਾਂ ਦੀ ਜੱਦੀ ਪੁਸ਼ਤੀ ਸਾਹਿਤਕ ਵਿਧਾ ਵੱਖੋ ਵੱਖਰੀ। ਉਹ ਉੱਚੀਆਂ ਉਡਾਰੀਆਂ ਮਾਰਦਾ ਹੈ, ਮੈਨੂੰ ਨਹੀਂ ਸੀ ਪਤਾ। ਮੈਂ ਉਸਨੂੰ ਉਸਦੀਆਂ ਗ਼ਜ਼ਲਾਂ ਦੇ ਸੰਗ੍ਰਹਿ 'ਗੁਲਬੀਨ' (5ਆਬ ਪ੍ਰਕਾਸ਼ਨ, ਜਲੰਧਰ, ਪੰਨੇ 96, ਮੁੱਲ 100 ਰੁਪਏ) ਵਿਚੋਂ ਲੱਭਿਆ ਹੈ। ਪੁਸਤਕ ਦੇ ਅੱਧ ਵਿਚਕਾਰ ਛਪੀ ਗ਼ਜ਼ਲ ਨੂੰ ਮੈਂ ਆਪਣੀ ਟਿੱਪਣੀ ਦੇ ਮੰਗਲਚਾਰਨ ਵਜੋਂ ਪੇਸ਼ ਕਰਦਾ ਹਾਂ:

*ਕਲਮ ਬਖਸ਼ੀ ਤਾਂ ਅਜ਼ਮਤ ਵਾਸਤੇ ਤਲਵਾਰ ਵੀ ਬਖਸ਼ੀਂ*
*ਮੇਰੇ ਖ੍ਵਾਬਾਂ ਲਈ ਮੌਲਾ ਨਵਾਂ ਸੰਸਰ ਵੀ ਬਖਸ਼ੀਂ*
*ਹਰਿੱਕ ਉਡਦੇ ਪਰਿੰਦੇ ਨੂੰ ਉਹਦਾ ਅਸਮਾਨ ਮਿਲ ਜਾਵੇ*
*ਅਤੇ ਹਰ ਆਦਮੀ ਨੂੰ ਰਹਿਣ ਨੂੰ ਘਰ-ਬਾਰ ਮਿਲ ਜਾਵੇ*
*ਕੋਈ ਵੀ ਬਾਜ਼ ਨੋਚੇ ਨਾ ਕਦੀ ਮਾਸੂਮ ਚਿੜੀਆਂ ਨੂੰ*
*ਜਿਨ੍ਹਾਂ ਨੂੰ ਜਾਨ ਬਖਸ਼ੀ ਜੀਣ ਦਾ ਅਧਿਕਾਰ ਵੀ ਬਖਸ਼ੀਂ*

ਇਹਨਾਂ ਬਖਸ਼ਿਸ਼ਾਂ ਦੀ ਮੰਗ ਨਿਰਾਧਾਰ ਨਹੀਂ:

*ਕਿਤੇ ਕਾਨੂੰਨ ਵਿਕਦਾ ਹੈ ਕਿਤੇ ਆਸਾਂ ਜ਼ਿਬਾਹ ਹੋਵਣ*
*ਇਹੀ ਸੰਸ 'ਚ ਹੁੰਦਾ ਹੈ , ਇਹੀ ਕੁੱਝ ਕਤਲਗਾਹਾਂ ਵਿਚ*
*ਭਲਾ ਮੱਛੀਆਂ ਦੀ ਕੀ ਔਕਾਤ ਉਹ ਗ਼ਲਕੇ ਬੇੜੀਆਂ ਉਲਟਣ*
*ਹਕੀਕਤ ਹੈ, ਨਹੀਂ ਏਕਾ ਰਿਹਾ ਅੱਜ ਦੇ ਮਲਾਹਾਂ ਵਿਚ*

ਅਮਰੀਕ ਡੋਗਰਾ ਉਪਰੋਕਤ ਸੱਚ ਦੇ ਭੇਤ ਨੂੰ ਪਹਿਚਾਣਦਾ ਹੈ:

*ਜ਼ਖਮੀ ਪੰਛੀ ਮਰ ਗਿਆ, ਪਰ ਉਸਦੀਆਂ ਅੱਖਾਂ ਦੇ ਵਿਚ*
*ਉਸਦੇ ਖ੍ਵਾਬਾਂ ਤੋਂ ਵੀ ਵੱਡਾ ਉਸਦਾ ਅੰਬਰ ਰਹਿ ਗਿਆ*
*ਜੇ ਤੂੰ ਸਿਰਜਣਹਾਰ ਹੈਂ ਤਾਂ ਮੈਂ ਵੀ ਸਿਰਜਕ ਹਾਂ ਤੇਰਾ*
*ਤੂੰ ਵੀ ਲੁਕ ਕੇ ਬਹਿ ਗਿਆ ਹੈਂ, ਮੈਂ ਵੀ ਬੇਘਰ ਰਹਿ ਗਿਆ*

ਇਨ੍ਹਾਂ ਗਿਲੇ ਗੁਜ਼ਾਰੀਆਂ ਵਿਚੋਂ ਬਾਹਰ ਆਈਏ ਤਾਂ ਅਮਰੀਕ ਦੀ ਗ਼ਜ਼ਲਗੋਈ ਵਿਚ ਮਰਹਮ ਦੀ ਕੋਈ ਕਮੀ ਨਹੀਂ:

*ਉਨ੍ਹਾਂ ਦੇ ਆਉਣ 'ਤੇ ਵਿਹੜੇ ਵਿਚ ਚਾਨਣ ਫੈਲ ਜਾਂਦਾ ਹੈ*
*ਮੈਂ ਐਵੇਂ ਦੀਵਿਆਂ ਨੂੰ ਹੁਣ ਜਗਾਉਂਦਾ ਹਾਂ, ਬੁਝਾਉਂਦਾ ਹਾਂ*
*ਉਨ੍ਹਾਂ ਦੀ ਯਾਦ ਜਦ ਆਈ ਡਕਾਨ੍ਹੂੰ ਹੋ ਗਏ ਮਿੱਠੇ*
*ਪਤਾਸੇ ਨਿੰਮ ਨੂੰ ਲੱਗੇ ਚੱਲ ਆਓ ਵਿਖਾਉਂਦਾ ਹਾਂ*

ਅਮਰੀਕ ਡੋਗਰਾ ਲੰਮੀ ਬਹਿਰ ਦੀਆਂ ਗ਼ਜ਼ਲਾਂ ਵੀ ਲਿਖਦਾ ਹੈ ਤੇ ਛੋਟੀ ਬਹਿਰ ਦੀਆਂ ਵੀ। ਲੰਮੀ ਵਾਲੀਆਂ ਵਿਚ ਸੰਦੇਸ਼ ਹੁੰਦਾ ਹੈ ਤੇ ਛੋਟੀ ਵਾਲੀਆਂ ਵਿਚ ਕਾਵਿਕ ਉੱਤਮਤਾਈ। ਛੋਟੀ ਬਹਿਰ ਵਿਚ ਗ਼ਜ਼ਲ ਕਹਿਣਾ ਸੂਈ ਦੇ ਨੱਕੇ ਵਿਚੋਂ ਲੰਘਣ ਵਾਂਗ ਹੈ। ਅਮਰੀਕ ਡੋਗਰਾ ਦੀਆਂ ਗ਼ਜ਼ਲਾਂ ਦੇ ਚੋਣਵੇਂ ਸ਼ਿਅਰ ਪੇਸ਼ ਹਨ:

*ਮੇਰੀ ਦੁਨੀਆਂ ਹਨੇਰ ਹੋਈ ਹੈ*
*ਮਿਹਰ ਵਾਲੇ ਦੀ ਮਿਹਰ ਹੋਈ ਹੈ*
*ਕੀ ਪਤਾ ਸੀ ਖ਼ੁਦਾ ਮਰੂ ਐਦਾਂ*
*ਅੱਖ ਝਮਕਣ ਦੀ ਦੇਰ ਹੋਈ ਹੈ ....*

*ਯਾਰ ਹੀ ਛੱਡ ਕੇ ਚਲਾ ਗਿਆ ਜਦ, ਦੁਨੀਆਂ ਸਾਰੀ ਕੀ ਕਰਨੀ ਹੈ*
*ਬੋਲ ਸ਼ਰੀਕਾਂ ਦੇ ਕਾਫੀ ਨੇ, ਤਿੱਖੀ ਆਰੀ ਕੀ ਕਰਨੀ ਹੈ*
*ਉੱਡ ਚੱਲੇ ਸਾਹਾਂ ਦੇ ਪੰਛੀ, ਚੋਗ ਖਿਲਾਰੀ ਕੀ ਕਰਨੀ ਹੈ*
*ਯਾਰ ਨੂੰ ਜਿਹੜਾ ਪੌੜੀ ਸਮਝੇ, ਉਸਦੀ ਯਾਰੀ ਕੀ ਕਰਨੀ ਹੈ ...*

*ਮੇਰਾ ਦਰਦ ਹੀ ਮਹਿਕਿਆ ਹੈ ਚੁਫੇਰੇ*
*ਕਿਤੇ ਵੀ ਤਾਂ ਫੁੱਲਾਂ ਜਿਹਾ ਕੁਝ ਨਹੀਂ ਹੈ*
*ਭਰੇ ਮੇਲੇ ਵਿਚ ਕੋਈ ਹੈ ਇਕੱਲਾ*
*ਇਹਦੇ ਤੋਂ ਵੱਡੀ ਸਜ਼ਾ ਕੁਝ ਨਹੀਂ ਹੈ...*

*ਭੇਜ ਵੀ ਦੇ ਮੌਤ ਦਾ ਪੈਗ਼ਾਮ ਹੁਣ*
*ਦੋ ਘੜੀ ਤਾਂ ਕਰ ਲਵਾਂ ਆਰਾਮ ਹੁਣ*
*ਆਫਤਾਬਾਂ ਵਾਲਿਆ ਹੁਣ ਪਰਤ ਆ*
*ਹੋ ਗਈ ਹੈ ਜ਼ਿੰਦਗੀ ਦੀ ਸ਼ਾਮ ਹੁਣ*
*ਡਰ ਤਾਂ ਨਹੀਂਉਂ ਫੇਰ ਵੀ ਹੈ ਤੌਖਲਾ*
*ਡੁਲ੍ਹ ਨਾ ਜਾਵੇ ਜ਼ਿੰਦਗੀ ਦਾ ਜਾਮ ਹੁਣ...*

ਅਮਰੀਕ ਡੋਗਰਾ ਦੀ ਸਿਰਜਣਾ ਦੀ ਵੱਡੀ ਖ਼ੂਬੀ ਇਹ ਹੈ ਕਿ ਉਸਦੀ ਮਹਿਕ ਆਪਣੇ ਆਪ ਹੀ ਚੁਗਿਰਦੇ ਵਿਚ ਫੈਲਦੀ ਹੈ। ਇਹ ਵਿਆਖਿਆ ਤੇ ਵਰਣਨ ਦੀ ਮੁਹਤਾਜ ਨਹੀਂ। ਉਸਨੇ ਕਿਹੋ ਜਿਹਾ ਦਰਦ ਭੋਗਿਆ ਹੈ, ਮੈਂ ਉਸ ਤੋਂ ਜਾਣੂੰ ਨਹੀਂ। ਉਸ ਦਾ ਜਾਣੂੰ ਹੁੰਦਿਆਂ ਵੀ ਨਹੀਂ। ਪਰ ਇਹ ਦਰਦ ਉਸਦੀ ਰਚਨਾਕਾਰੀ ਵਿਚ ਖ਼ੂਬ ਨੁਮਾਇਆ ਹੈ। ਉਸਨੇ ਇਸਨੂੰ ਹੰਢਾਇਆ ਤੇ ਮਾਣਿਆ ਹੈ। ਉਸਦੇ ਆਪਣੇ ਸ਼ਬਦਾਂ ਵਿਚ *'ਨਾ ਢਿੱਡ ਕਬਰਾਂ ਦਾ ਭਰਦਾ ਹੈ, ਨਾ ਅੱਗ ਸਿਵਿਆਂ ਦੀ ਠਰਦੀ ਹੈ। ਇਵੇਂ ਜੀਣੇ ਦੀ ਸੱਧਰ ਹੈ, ਜੋ ਮਰ ਕੇ ਵੀ ਨਾ ਮਰਦੀ ਹੈ'*। ਮੈਂ ਆਪਣੇ ਆਪ ਨੂੰ ਕਵਿਤਾ ਦਾ ਰਸੀਆ ਮੰਨ ਕੇ ਵਧਾਈ ਦਿੱਤੇ ਬਿਨਾਂ ਨਹੀਂ ਰਹਿ ਸਕਦਾ। ਜਾਂਦੇ ਜਾਂਦੇ ਉਸਦਾ ਸੱਦਾ ਵੀ ਸੁਣ ਲਈਏ:

*ਆਏ ਹਾਂ ਤਾਂ ਪਿੰਡ ਆਪਣੇ ਨੂੰ ਸੀਸ ਨਿਵਾ ਕੇ ਤੁਰ ਚੱਲੀਏ*
*ਪਾਕਿ ਪਵਿੱਤਰ ਮਿੱਟੀ ਮੱਥੇ ਨਾਲ ਛੁਹਾ ਕੇ ਤੁਰ ਚੱਲੀਏ*
*ਸਾਰੀ ਉਮਰ ਦੇ ਸ਼ਿਕਵੇ ਮਿਹਣੇ ਭੁੱਲ-ਭੁਲਾ ਕੇ ਤੁਰ ਚੱਲੀਏ*
*ਚੰਗੈ, ਬੀਤੀਆਂ ਗੱਲਾਂ ਉੱਤੇ ਮਿੱਟੀ ਪਾ ਕੇ ਤੁਰ ਚੱਲੀਏ*
*ਨਹੀਉਂ ਲੱਭਣੇ ਲਾਲ ਗੁਆਚੇ ਤਾਂ ਵੀ ਆਪਾਂ ਇਕ ਵਾਰੀ*
*ਮਿੱਟੀ ਫੋਲ ਕੇ ਦੇਖ ਲਈਏ ਫਿਰ ਨੀਵੀਂ ਪਾ ਕੇ ਤੁਰ ਚੱਲੀਏ*
*ਰੇਤ ਦੇ ਵਾਂਗੂੰ ਜੋ ਸਰਮਾਇਆ ਮੁੱਠੀ 'ਚੋਂ ਕਿਰ ਜਾਂਦਾ ਹੈ*
*ਜੇ ਚੁਗ ਹੁੰਦਾ ਤਾਂ ਉਹ ਚੁਗ ਕੇ ਝੋਲ਼ੀ ਪਾ ਕੇ ਤੁਰ ਚੱਲੀਏ*



*ਯਾਦਾਂ ਦੀ ਬਉਲੀ 'ਤੇ ਨ੍ਹਾ ਕੇ ਤਨ-ਮਨ ਨਿਰਮਲ ਕਰ ਲਈਏ*
*ਹੰਝੂਆਂ ਦੀ ਵਾਛੜ ਵਿਚ ਦਿਲ ਦੀ ਅੱਗ ਬੁਝਾ ਕਾ ਤੁਰ ਚੱਲੀਏ*
*ਬੀਤ ਗਈ ਜੋ ਬੀਤ ਗਈ ਹੁਣ ਉਸ ਉੱਤੇ ਪਛਤਾਉਣਾ ਕੀ*
*ਹੁਣ ਤਾਂ ਬਿਹਤਰ ਇਹੀਉ ਸਭ ਦੀ ਖੈਰ ਮਨਾ ਕੇ ਤੁਰ ਚੱਲੀਏ।*

**-ਗੁਲਜ਼ਾਰ ਸਿੰਘ ਸੰਧੂ**

## ਅਜੇ ਵਕਤ ਨਹੀਂ ਆਇਆ (ਕਵਿਤਾ ਸੰਗ੍ਰਹਿ) ਡਾ. ਰਵਿੰਦਰ

'ਅਜੇ ਵਕਤ ਨਹੀਂ ਆਇਆ' ਬਟਾਲੇ ਵਸਦੇ ਸ਼ਾਇਰ ਡਾ. ਰਵਿੰਦਰ ਦਾ ਨਵਾਂ ਕਾਵਿ ਸੰਗ੍ਰਹਿ ਹੈ। ਪਰਦੇਸੀਂ ਵੱਸਦੇ ਬੱਚਿਆਂ ਨੂੰ ਸਮਰਪਤ ਇਸ ਪੁਸਤਕ ਵਿਚ ਅੱਜ ਦੀਆਂ ਹਕੀਕਤਾਂ ਥਾਂ-ਪੁਰ-ਥਾਂ ਝਾਤੀਆਂ ਮਾਰਦੀਆਂ ਦਿਸਦੀਆਂ ਹਨ। ਪੁਸਤਕ ਦੀ ਪਿੱਠ 'ਤੇ ਆਪਣੀ ਹੱਥਲਿਖਤ ਵਾਲੀ ਕਵਿਤਾ ਇਸ ਪੁਸਤਕ ਦੀ ਕੁੰਜੀ ਬਣ ਗਈ ਜਾਪਦੀ ਹੈ:

*ਏਨੇ ਵੱਡੇ ਬ੍ਰਹਿਮੰਡ ਵਿਚ / ਮੈਂ ਵੀ ਉਡਾਣ ਵਿਚ ਹਾਂ*
*ਕਦੀ ਤੁਹਾਨੂੰ ਨਜ਼ਰ ਆਉਂਦਾ। ਤੁਹਾਡੇ ਬਹੁਤ ਨੇੜਿਓਂ ਲੰਘਦਾ*
*ਤੁਹਾਡੇ ਬਨੇਰੇ 'ਤੇ ਬਹਿੰਦਾ*
*ਤੁਹਾਡੇ ਬੂਹੇ 'ਤੇ / ਆਪਣੇ ਸਾਹਾਂ ਦੀ ਦਸਤਕ ਦੇਂਦਾ*

*ਕਦੇ ਮੈਂ ਬਹੁਤ ਦੂਰ*
*ਤੁਹਾਡੇ ਚੇਤਿਆਂ ਦੀ ਪਕੜ ਤੋਂ ਬਹੁਤ ਪਰ੍ਹੇ*
*ਤੁਸੀਂ ਯਾਦ ਕਰਦੇ*
*ਪਤਾ ਨਹੀਂ ਉਹ ਹੈ ਵੀ ਕਿ ਨਹੀਂ*
*ਮਿੱਤਰਾਂ ਨੂੰ ਡਰਦੇ ਡਰਦੇ ਪੁੱਛਦੇ*
*ਉਹ ਕਿਵੇਂ ਹੈ- ਠੀਕ ਠਾਕ ਤਾਂ ਹੈ?*

ਬ੍ਰਹਿਮੰਡ ਦੀ ਉਡਾਣ ਸੱਚਮੁੱਚ ਬਹੁਤ ਉੱਚੀ ਅਤੇ ਤਾਣ ਵਾਲੀ ਹੈ। ਇਹ ਉਡਾਣ ਜਦੋਂ ਘਾਹ ਅਤੇ ਹਵਾ ਦੇ ਰਿਸ਼ਤੇ ਦੀ ਗੱਲ ਕਰਦੀ ਹੈ, ਤੇ ਹਵਾ ਨੀਵੀਂ ਹੋ ਕੇ ਘਾਹ ਦਾ ਮੱਥਾ ਚੁੰਮਦੀ ਹੈ, ਮੀਂਹ ਦੀ ਵਾਛੜ 'ਚ ਰਲ਼ ਕੇ ਉਹਦਾ ਮੂੰਹ ਧੋਂਦੀ ਹੈ, ਉਹਦੇ ਸੁੱਕ ਜਾਣ ਤੋਂ ਡਰਦੀ ਉਹਨੂੰ ਸਿੱਲ੍ਹੇ ਸਿੱਲ੍ਹੇ ਚੁੰਮਣ ਦਿੰਦੀ ਹੈ, ਤਾਂ ਇਹ ਉਡਾਣ ਦੂਣ-ਸਵਾਈ ਹੋਈ ਜਾਪਦੀ ਹੈ। ਕਵੀ ਦੀ ਇਹ ਕਲਪਨਾ ਜਦ *'ਨਾ ਮੈਂ ਕਿਸੇ ਤਲਵਾਰ ਨਾਲ / ਚੀਰੀ ਜਾਵਾਂ / ਨਾ ਤੂੰ ਲੱਖ ਵਾਰ ਕੱਟੇ ਮਿੱਧੇ ਜਾਣ ਨਾਲ / ਉੱਗਣੋਂ ਰੁਕਦਾ'* ਸ਼ਬਦਾਂ ਦੀ ਚਿਣਾਈ ਰਾਹੀਂ ਕਵਿਤਾ ਦਾ ਹਿੱਸਾ ਬਣਦੀ ਹੈ ਤਾਂ ਕਿਸੇ ਸ਼ਾਹਕਾਰ ਕਵਿੰਤਾ ਦੀਆਂ ਗੂੰਜਾਰਾਂ ਪੈਣ ਲਗਦੀਆਂ ਹਨ। ਇਸ ਤਰ੍ਹਾਂ ਦੀਆਂ ਗੂੰਜਾਰਾਂ 'ਇਤਿਹਾਸ ਆਪੋ ਆਪਣਾ', 'ਤੂੰ ਏਦਾਂ ਆਵੀਂ', 'ਜ਼ਿੰਦਗੀ ਤੇ ਕਵਿਤਾ', 'ਕੂੰਜ' ਵਰਗੀਆਂ ਕਵਿਤਾਵਾਂ ਵਿਚ ਵੀ ਸੁਣਾਈ ਦਿੰਦੀਆਂ ਹਨ, ਜਿਨ੍ਹਾਂ ਅੰਦਰ 'ਕੁਝ ਹੋਰ ਨਵਾਂ ਨਰੋਆ ਸਿਰਜਣ' ਦੀ ਦਸਤਕ ਹੈ।

ਉਂਝ, ਇਸ ਉਡਾਣ ਦਾ ਇਕ ਹੋਰ ਜ਼ਾਵੀਆ ਵੀ ਹੈ ਜੋ 'ਤੂੰ ਏਦਾਂ ਆਵੀਂ' ਕਵਿਤਾ ਪੜ੍ਹਦਿਆਂ ਜ਼ਿਹਨ ਅੰਦਰ ਉਭਰਦਾ ਹੈ। ਜਾਪਦਾ ਹੈ, ਜਦੋਂ ਉਡਾਣ ਦਾ ਤਾਣ ਮੁੱਕਦਾ ਜਾਂ ਘਟਦਾ ਜਾਂਦਾ ਹੈ ਤਾਂ ਇਸ ਤਰ੍ਹਾਂ ਦੀ ਰਵਾਇਤੀ ਜਿਹੀ ਕਵਿਤਾ ਜਨਮ ਲੈਂਦੀ ਹੈ। ਇਹ ਗੱਲ ਵੱਖਰੀ ਹੈ ਕਿ ਸ਼ਾਇਰ ਇਸ ਕਿਤਾਬ ਦੀ ਅਗਲੀ ਹੀ ਰਚਨਾ 'ਕਵਿਤਾ ਉਡੀਕਦੀ' ਨਾਲ ਇਸ ਉਡਾਣ ਨੂੰ ਫਿਰ ਜ਼ਰਬ ਦੇ ਦਿੰਦਾ ਹੈ। 'ਤੂੰ ਏਦਾਂ ਆਵੀਂ' ਵਾਲੀ ਕਵਿਤਾ ਵਿਚ ਉਡੀਕ ਹੈ ਅਤੇ ਇਹ ਕਵਿਤਾ ਮੁੱਕਦੀ ਵੀ ਉਡੀਕ ਨਾਲ ਹੀ ਹੈ ਪਰ 'ਕਵਿਤਾ ਉਡੀਕਦੀ' ਵਿਚ ਇਹ 'ਮੈਂ ਤੈਨੂੰ ਲੱਭਦਾ ਰਹਿੰਨਾਂ'

ਵਿਚ ਤਬਦੀਲ ਹੋ ਜਾਂਦੀ ਹੈ। ਉਡੀਕ ਦੀ ਜੂਨ ਅਸਲ ਵਿਚ ਸਥਿਰਤਾ ਵਾਲੀ ਹੈ, ਦੂਜੇ ਬੰਨੇ ਲੱਭਣ-ਲਭਾਉਣ ਦਾ ਅਮਲ ਬੰਦੇ ਨੂੰ ਸਿੱਧਾ ਸਫ਼ਰ ਨਾਲ ਜੋੜਦਾ ਹੈ। 'ਉਡੀਕ' ਤੋਂ 'ਤਲਾਸ਼', ਭਾਵ 'ਸਥਿਰਤਾ' ਤੋਂ 'ਸਫ਼ਰ' ਦੇ ਇਹ ਨਕਸ਼, 'ਕਵੀ ਬੰਦਾ ਹੀ ਹੁੰਦਾ' ਕਵਿਤਾ ਵਿਚ *'ਕਵੀ ਹਰ ਵੇਲੇ / ਕਵੀ ਨਹੀਂ ਹੋ ਸਕਦਾ'* ਵਾਲੇ ਕਰਤਾਰੀ ਪਲਾਂ ਦੀ ਦਾਸਤਾਨ ਛੋਂਹਦੇ ਹਨ। ਇਹੀ ਲੜੀ ਫਿਰ 'ਬੱਚਿਆਂ ਲਈ' ਕਵਿਤਾ ਨਾਲ ਜੁੜਦੀ ਹੈ ਜਿਸ ਵਿਚ ਦਰਜ ਫ਼ਿਕਰ ਅਤੇ ਬੇਵਸੀ ਆਖ਼ਿਰਕਾਰ ਆਸ ਨੂੰ 'ਛਾਤੇ' ਆਖਦੀ ਹੈ।

ਫ਼ਿਕਰ ਅਤੇ ਬੇਵਸੀ ਦਾ ਆਸ ਵੱਲ ਜਾਂਦਾ ਇਹ ਸਫ਼ਰ ਜਦੋਂ 'ਬੇਦਖ਼ਲ ਪਰਿੰਦੇ' ਦੇ ਰੂਪ ਵਿਚ ਉਜਾਗਰ ਹੁੰਦਾ ਹੈ ਤਾਂ ਦਰਦ ਦੇ ਵਗ ਰਹੇ ਦਰਿਆ ਦਾ ਅਹਿਸਾਸ ਜਾਗਦਾ ਹੈ। ਇਸ ਕਵਿਤਾ ਵਿਚਲੇ ਕਬੂਤਰ ਸਿਰਫ਼ ਕਬੂਤਰ ਨਹੀਂ ਰਹਿੰਦੇ ਜਿਹੜੇ ਘਰ ਦੇ ਮੱਥੇ ਨੂੰ 'ਦਾਗ਼ਦਾਰ' ਕਰ ਰਹੇ ਹਨ। ਇਸ ਤਣਾਅ/ਹਾਲਤ ਨਾਲ ਘੁਲਦਿਆਂ ਹੀ ਸ਼ਾਇਰ 'ਇਤਿਹਾਸ ਆਪੋ ਆਪਣਾ' ਵਾਲਾ ਬੰਦ ਲਿਖ ਸਕਿਆ ਹੈ:

*ਇਹੋ ਜਿਹੇ ਬੰਦੇ ਦਾ*
*ਜਿਸ ਦਾ ਪਿੰਡ ਦੇ / ਚੌਕੀਦਾਰ ਤੋਂ ਲੈ ਕੇ*
*ਸ਼ਹਿਰ ਦੇ ਜੰਮਣ ਮਰਨ / ਰਜਿਸਟਰ ਵਿਚੋਂ ਵੀ*
*ਕੋਈ ਪਤਾ ਨਾ ਲੱਗੇ*
*ਧਰਮ ਰਾਜ ਕੀ ਕਰੇਗਾ ਲੇਖ*
*ਚਿਤਰ ਗੁਪਤ ਕੀ ਕਰੂ ਹਿਸਾਬ*

ਫਿਰ ਵੀ 'ਇੰਦਰ ਧਨੁਸ਼' ਵਿਚ ਸ਼ਾਇਰ ਦਾ ਹਿਸਾਬ ਮੱਲੋ-ਮੱਲੀ ਧਿਆਨ ਖਿੱਚਦਾ ਹੈ। ਇਹ ਹਿਸਾਬ ਅਸਲ ਵਿਚ ਰਿਸ਼ਤਿਆਂ ਦਾ ਹੈ। ਲਹੂ ਅਤੇ ਦੋਸਤੀ ਦੇ ਇਨ੍ਹਾਂ ਰਿਸ਼ਤਿਆਂ ਬਾਰੇ ਕਾਗ਼ਜ਼ ਉਤੇ ਕਵਿਤਾ ਕਰਦਿਆਂ ਸ਼ਾਇਰ ਦੇ ਨਹੁੰਆਂ ਵਿਚੋਂ ਸਮਝੋ ਲਹੂ ਸਿੰਮਦਾ ਹੈ। ਇਨ੍ਹਾਂ ਰਿਸ਼ਤਿਆਂ ਬਾਰੇ ਸ਼ਾਇਰ ਦਾ ਮੁਕਾਬਲਾ ਦੇਖੋ:

*ਮਿੱਤਰਤਾ ਦਾ ਰਿਸ਼ਤਾ*
*ਬੇਰਸ ਜੀਵਨ ਵਿਚ /ਰੰਗ ਰਸ ਭਰ ਦੇਵੇ*
*ਇਹ ਕੋਈ ਬੋਝ ਨਾ ਹੋਵੇ*
*ਜਦ ਚਾਹੇ ਨੇੜੇ ਆ ਜਾਵੇ / ਜਦ ਚਾਹੇ ਪਾਸੇ ਹੋ ਜਾਵੇ*

ਜ਼ਾਹਿਰ ਹੈ ਕਿ ਸ਼ਾਇਰ ਪਰਿਭਾਸ਼ਾ ਤਾਂ ਮਿੱਤਰਤਾ ਦੀ ਬੰਨ੍ਹਦਾ ਹੈ ਪਰ ਨਿਸ਼ਾਨਾ ਲਹੂ ਦੇ ਰਿਸ਼ਤੇ ਬਣਦੇ ਹਨ ਪਰ 'ਮਾਂ ਤੂੰ ਸਮਝਦੀ ਕਿਉਂ ਨਹੀਂ' ਦੀ ਬਿਸਾਤ ਕੁਝ ਹੋਰ ਕਹਿੰਦੀ ਹੈ।

ਪਤਾ ਨਹੀਂ ਇਹ ਇਤਫ਼ਾਕ ਹੈ ਜਾਂ ਪੁਸਤਕ ਦੀ ਸੰਪਾਦਨਾ ਵੇਲੇ ਅਹੁੜਿਆ ਨੁਕਤਾ ਹੈ, ਪਾਠਕ ਜਦੋਂ ਪੁਸਤਕ ਵਿਚ ਚਿਣੇ ਸ਼ਬਦਾਂ ਦੇ ਭਵ-ਸਾਗਰ ਦੇ ਐਨ ਵਿਚਕਾਰ ਪੁੱਜਦਾ ਹੈ ਤਾਂ ਕਵਿਤਾ ਬਾਰੇ ਵੱਖ-ਵੱਖ ਰੰਗ ਖਿੜਨੇ ਆਰੰਭ ਹੋ ਜਾਂਦੇ ਹਨ। ਕਵਿਤਾ ਬਾਰੇ ਲਗਾਤਾਰ ਕਵਿਤਾਵਾਂ! ਇਨ੍ਹਾਂ ਰੰਗਾਂ ਅੰਦਰ 'ਕਵਿਤਾ-ਕਾਰੋਬਾਰ' ਦੇ ਰੰਗ ਬਹੁਤ ਗੂੜ੍ਹੇ ਹਨ। *'ਕਵੀ ਨਾਗ਼ਾ ਨਹੀਂ ਹੁੰਦਾ / ਫਿਰ ਵੀ ਉਹ ਕਦੀ ਕਦੀ / ਆਪਣੀ ਕੁੰਜ ਬਦਲਣੀ ਚਾਹੁੰਦਾ'* ਲਿਖ ਕੇ ਡਾ. ਰਵਿੰਦਰ ਸਦਾ ਸਲਾਮਤ ਸ਼ਾਇਰੀ ਦਾ ਰੰਗ ਬੰਨ੍ਹਦਾ ਹੈ। ਇਹ ਸਤਰਾਂ ਮੌਲਦੇ ਬਿਰਖ਼ਾਂ ਵਰਗਾ ਅਹਿਸਾਸ ਕਰਵਾਉਂਦੀਆਂ ਹਨ।

'ਸਾਜ਼ ਤਾਂ ਬੇਵੱਸ ਹੁੰਦੇ' ਵਿਚ ਇਹ ਅਹਿਸਾਸ ਵਿਚਾਰਾਂ ਦੇ ਲਿਬਾਸ ਵਿਚ ਆਣ ਬਹਿੰਦੇ ਹਨ। ਇਉਂ *'ਮੇਰਾ ਮੁਕਾਬਲਾ ਆਪਣੇ ਆਪ ਨਾਲ ਹੈ'* ਨਾਲ ਉਤਰਦੀ ਕਵਿਤਾ ਨੂੰ ਵਿਚਾਰਾਂ ਦਾ ਰੰਗ ਚੜ੍ਹਦਾ ਪ੍ਰਤੀਤ ਹੁੰਦਾ ਹੈ। 'ਬੇਗਾਨੀ ਅਸੀਸ' ਚੀਸ ਬਣ ਕੇ ਪਾਠਕ ਦਾ ਬੂਹਾ ਠਕੋਰਦੀ ਹੈ।



'ਪੂਰਾ ਨਹੀਂ ਅਧੂਰਾ' ਹੋਣ ਦਾ ਅਹਿਸਾਸ ਜਦੋਂ ਜ਼ਿਹਨ ਦੀਆਂ ਪਰਤਾਂ ਫਰੋਲਦਾ ਹੈ ਤਾਂ ਸ਼ਾਇਦ ਪਤਾ ਹੀ ਨਹੀਂ ਲਗਦਾ, ਸ਼ਾਇਰ ਦੇ ਮਨ-ਮਸਤਕ ਅੰਦਰ *'ਅਜੇ ਸਮਾਂ ਨਹੀਂ / ਵਸੀਅਤ ਕਰਨ ਦਾ / ਅਜੇ ਤਾਂ ਸਮਾਂ ਹੈ / ਵਸੀਅਤ ਦੇ ਵਾਰਿਸ ਬਣੇ ਰਹਿਣ ਦਾ'* ਵਰਗਾ ਸਵਾਲ ਪੈਰ ਪਸਾਰਨ ਲਗਦਾ ਹੈ। ਇਸ ਦਾ ਪਾਠ ਜੇ 'ਘਰ ਦਾ ਜਿੰਦਰਾ' ਕਵਿਤਾ ਨਾਲ ਜੋੜ ਕੇ ਕਰੀਏ ਤਾਂ ਪਿਛਲੇ ਪਹਿਰ ਵੱਲ ਧਾਣ ਦੇ ਤੌਖ਼ਲੇ ਪ੍ਰਗਟ ਹੋਣ ਲਗਦੇ ਹਨ। ਕਿਤਾਬ ਦੀ ਅਖ਼ੀਰਲੀ ਕਵਿਤਾ 'ਵਾਰੀ ਤੋਂ ਪਹਿਲਾਂ' ਵਿਚ ਵੀ ਇਹੀ ਤੌਖ਼ਲਾ ਹੈ। ਸ਼ਾਇਰ ਵਿਰੋਧੀ ਜੁੱਟ ਉਸਾਰ ਕੇ ਸ਼ਬਦਾਂ ਨੂੰ ਤਰਤੀਬ ਦਿੰਦਾ ਹੈ ਅਤੇ ਆਪਣੇ ਲਈ ਕਵਿਤਾ ਦਾ ਕਾਰੋਬਾਰ ਕਰਦਾ ਹੈ। ਵਿਰੋਧੀ ਜੁੱਟ ਵਾਲੀ ਇਹ ਜੁਗਤ ਕਈ ਕਵਿਤਾਵਾਂ ਦਾ ਧੁਰਾ ਬਣਦੀ ਹੈ। 'ਫੁੱਲ ਵੇਚਣ ਵਾਲਾ' ਜੁੱਟ ਰਤਾ ਦੇਖੋ:

*ਐਵੇਂ ਝੂਠ ਹੀ / ਕਿਹਾ ਹੋਏਗਾ ਕਿਸੇ ਸਿਆਣੇ*
*'ਜੇ ਕਿਸੇ ਨੂੰ ਫੁੱਲ ਭੇਟ ਕਰੋਗੇ*
*ਥੋੜ੍ਹੀ ਮਹਿਕ ਤੁਹਾਡੇ ਹੱਥਾਂ 'ਚ ਵੀ ਰਹਿ ਜਾਏਗੀ'*

ਕਵਿਤਾ ਨਾਲ ਅਜਿਹੀ ਮੁਲਾਕਾਤ ਕਦੀ ਮੁਲਤਵੀ ਨਹੀਂ ਹੁੰਦੀ। ਇਹ ਲਗਾਤਾਰ ਲੰਮੀ ਮੁਲਾਕਾਤ ਡਾ. ਰਵਿੰਦਰ ਦੀ ਕਵਿਤਾ ਦਾ ਹਾਸਲ ਹੈ। ਉਹਦੇ 'ਸ਼ਬਦਾਂ ਦੀ ਚੁੱਪ' ਬੋਲਣ ਨਾਲੋਂ ਕਿਤੇ ਵੱਧ ਅਸਰ ਕਰਦੀ ਹੈ। **-ਜਸਬੀਰ**

## ਪੇਜ ਨੰਬਰ ਦੋ ਸੌ ਛਪੰਜਾ (ਕਹਾਣੀ ਸੰਗ੍ਰਿਹ) ਦਵਿੰਦਰ ਮੰਡ

ਦਵਿੰਦਰ ਮੰਡ ਸਮਕਾਲੀ ਪੰਜਾਬੀ ਕਹਾਣੀ ਦੇ ਉਨ੍ਹਾਂ ਹਸਤਾਖਰਾਂ ਵਿਚੋਂ ਹੈ ਜਿਨ੍ਹਾਂ ਨੇ ਕਥਾ ਬਿਰਤਾਂਤ ਨੂੰ ਗੁੰਝਲਦਾਰ ਕਥਾ ਜੁਗਤਾਂ ਵਿਚ ਪੇਸ਼ ਕਰਨ ਦੀ ਥਾਂ ਪਰੰਪਰਕ ਬਿਰਤਾਂਤ ਵਾਂਗ ਲਕੀਰੀ ਅਤੇ ਸਪਾਟ ਕਥਾ ਵੇਰਵਿਆਂ ਵਿਚ ਪੇਸ਼ ਕੀਤਾ ਹੈ। ਉਸਦੀ ਕਹਾਣੀ ਮੱਧਵਰਗੀ ਜੀਵਨ ਵਿਹਾਰ ਦੀਆਂ ਮਾਨਸਿਕ ਗੁੰਝਲਾਂ ਨੂੰ ਉਭਰਵੇਂ ਰੂਪ ਵਿਚ ਪੇਸ਼ ਕਰਦੀ ਰਹੀ ਹੈ। ਉਹ ਜਾਤੀ ਜਮਾਤੀ ਵਿਸੰਗਤੀਆਂ ਵਾਲੇ ਸਮਾਜ ਦੀਆਂ ਹਕੀਕਤਾਂ ਨੂੰ ਲਕੀਰੀ ਬਿਰਤਾਂਤ ਦੁਆਰਾ ਪੇਸ਼ ਕਰਕੇ ਆਪਣੀ ਮਾਨਵਵਾਦੀ ਅਤੇ ਅਗਾਂਹਵਧੂ ਕਥਾ ਦ੍ਰਿਸ਼ਟੀ ਦਾ ਪ੍ਰਸਾਰ ਕਰਦਾ ਰਿਹਾ ਹੈ। ਹੱਥਲੀ ਪੁਸਤਕ 'ਪੇਜ ਨੰਬਰ ਦੋ ਸੌ ਛਪੰਜਾ' (ਪਰਵਾਸ ਪ੍ਰਕਾਸ਼ਨ, ਜਲੰਧਰ, ਪੰਨੇ 96, ਮੁੱਲ 160 ਰੁਪਏ) ਉਸ ਵੱਲੋਂ ਲਿਖਤ 12 ਕਹਾਣੀਆਂ ਦਾ ਸੰਗ੍ਰਿਹ ਹੈ। ਇਹ ਕਹਾਣੀਆਂ ਸ਼ਹਿਰੀ ਅਤੇ ਪੇਂਡੂ ਜੀਵਨ ਦੇ ਯਥਾਰਥ ਨੂੰ ਪੇਸ਼ ਕਰਦੀਆਂ ਮੱਧ ਵਰਗੀ ਸਮਾਜ ਦੀਆਂ ਬੇਤਰਤੀਬੀਆਂ ਨੂੰ ਚਿਤਰਦੀਆਂ ਹਨ। ਉਹ ਸਮਾਜਕ ਅਤੇ ਆਰਥਿਕ ਭੇਦਭਾਵ ਵਿਚ ਮੌਨ ਕਰਾ ਦਿੱਤੀਆਂ ਜਾਂਦੀਆਂ ਧਿਰਾਂ ਦੀ ਸੰਵੇਦਨਾ ਪੇਸ਼ ਕਰਨ ਵਾਲਾ ਕਥਾਕਾਰ ਹੈ। ਉਸਦੀਆਂ ਕਹਾਣੀਆਂ ਵਿਚ ਔਰਤ ਦੀ ਹਾਸ਼ੀਅਤ ਹੋਂਦ, ਰਿਸ਼ਤਿਆਂ ਦੇ ਸੰਕਟ, ਜਾਤੀ ਜਮਾਤੀ ਵਿਤਕਰੇ ਅਤੇ ਕੁਲ ਮਿਲਾ ਕੇ ਪਿੱਤਰ ਸੱਤਾ ਵਿਚ ਨਪੀੜੀ ਜਾਂਦੇ ਵਰਗਾਂ ਦੇ ਸੰਤਾਪ ਪੇਸ਼ ਹੋਏ ਹਨ। ਇਸ ਤੋਂ ਇਲਾਵਾ ਉਹ ਮੱਧਵਰਗੀ ਮਨੁੱਖ ਦੀ ਸਿਧਾਂਤਕ ਅਤੇ ਹਕੀਕੀ ਵਿੱਥ ਨੂੰ ਖ਼ੂਬਸੂਰਤੀ ਨਾਲ ਪੇਸ਼ ਕਰ ਕੇ ਕਹਾਣੀ ਨੂੰ ਉਤਸੁਕਤਾ ਭਰਪੂਰ ਬਣਾ ਦਿੰਦਾ ਹੈ। ਸਹਿਜ ਭਾਸ਼ਾ, ਪਾਤਰਾਂ ਦੀ ਗੋਲਾਈਦਾਰ ਬਣਤਰ ਅਤੇ ਯਥਾਰਥ ਦੀ ਸਤਹੀ ਪੇਸ਼ਕਾਰੀ ਵਰਗੇ ਲੱਛਣਾਂ ਨਾਲ ਬੇਸ਼ੱਕ ਉਹ ਸਮਕਾਲ ਦੀ ਮੁੱਖ ਧਾਰਾ ਕਹਾਣੀ ਤੋਂ ਵਿੱਥ ਰੱਖ ਕੇ ਤੁਰਨ ਵਾਲਾ ਕਹਾਣੀਕਾਰ ਹੈ, ਪਰ ਬਿਰਤਾਂਤ ਦੇ ਪਰੰਪਰਕ ਰਸ ਨੂੰ ਸੁਰਜੀਤ ਕਰਨ ਵਾਲਾ ਕਥਾ ਤੱਤ ਉਸਦੀ ਕਹਾਣੀ ਦਾ ਹਾਸਲ ਹੈ।

ਇਸ ਸੰਗ੍ਰਿਹ ਦੀਆਂ ਕਹਾਣੀਆਂ ਵਿਚ ਪਾਠਕਾਂ ਦਾ ਸਭ ਤੋਂ ਜ਼ਿਆਦਾ ਧਿਆਨ ਆਕਰਸ਼ਤ ਕਰਨ ਵਾਲੀ ਕਹਾਣੀ 'ਪੇਜ ਨੰਬਰ ਦੋ ਸੌ ਛਪੰਜਾ' ਹੈ ਜਿਸ ਵਿਚ ਆਨੰਦਮੂਰਤੀ ਦੇ ਪਰਿਵਾਰਕ ਮਾਹੌਲ ਵਿਚ ਅਧਿਆਤਮਿਕਤਾ ਦੇ ਬੇਲੋੜੇ ਦਖ਼ਲ ਕਾਰਨ ਪਰਿਵਾਰ ਦੀ ਸਮਾਜਕ ਭੂਮਿਕਾ

ਨਦਾਰਦ ਹੋ ਜਾਂਦੀ ਹੈ। ਇੱਥੋਂ ਤਕ ਕਿ ਧਾਰਮਿਕ ਮਾਹੌਲ ਦੇ ਅੰਧਾਧੁੰਦ ਅਨੁਕਰਨ ਨਾਲ ਆਨੰਦਮੂਰਤੀ ਰਿਸ਼ਤਿਆਂ ਦੀ ਬਣਦੀ ਭੂਮਿਕਾ ਤੋਂ ਵੀ ਅਵਾਜ਼ਾਰ ਹੋ ਜਾਂਦਾ ਹੈ। ਪਰ ਇਸ ਬਿਰਤਾਂਤ ਦੇ ਸਮਾਨਅੰਤਰ ਕਹਾਣੀਕਾਰ ਨੇ ਕਬੀਲਾਈ ਪ੍ਰਥਾ ਦੀਆਂ ਉਹ ਕਦਰਾਂ ਸਥਾਪਤ ਕੀਤੀਆਂ ਹਨ ਜਿਨ੍ਹਾਂ ਦੁਆਰਾ ਨਾਰੀ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਿਪੁੰਸਕ ਆਪਣੇ ਪਤੀ ਨੂੰ ਛੱਡਣ ਦਾ ਅਧਿਕਾਰ ਹੁੰਦਾ ਹੈ ਅਤੇ ਇਸ ਅਧਿਕਾਰ ਦੀ ਵਰਤੋਂ ਆਨੰਦਮੂਰਤੀ ਦੀ ਪਤਨੀ ਅਪੂਰਵਾ ਕਰਦੀ ਹੈ। ਉਹ ਸਭਿਅਕ ਸਮਾਜ ਦੀਆਂ ਪਿੱਤਰੀ ਸੱਤਾ ਵੱਲੋਂ ਸਥਾਪਤ ਕੀਤੀਆਂ ਮਾਨਤਾਵਾਂ ਨੂੰ ਰੱਦ ਕਰ ਕੇ ਕਬੀਲੇ ਦੀਆਂ ਨਾਰੀ ਪੱਖੀ ਪਰੰਪਰਾਵਾਂ ਦੇ ਹੱਕ ਵਿਚ ਆਪਣਾ ਫਤਵਾ ਦਿੰਦੀ ਹੈ। ਪੀਐੱਚਡੀ ਦੇ ਜਿਸ ਥੀਸਿਜ ਤੋਂ ਉਸਨੂੰ ਇਹ ਗਿਆਨ ਹੁੰਦਾ ਹੈ ਉਸਦਾ ਸਫਾ ਨੰਬਰ ਦੋ ਸੋ ਛਪੰਜਾ ਉਹ ਤਹਿ ਲਗਾ ਕੇ ਆਨੰਦ ਮੂਰਤੀ ਨੂੰ ਦੇ ਜਾਂਦੀ ਹੈ।

ਔਰਤ ਮਰਦ ਸੰਬੰਧਾਂ ਵਿਚ ਸਰੀਰਕ ਅਸੰਤੁਸ਼ਟੀ ਤੋਂ ਉਪਜਦੇ ਦੁਖਾਂਤ ਨੂੰ ਲੇਖਕ 'ਟੁੱਟੀ ਸ਼ੀਸੀ' ਕਹਾਣੀ ਵਿਚ ਪੇਸ਼ ਕਰਦਾ ਹੈ ਪਰ ਨਾਲ ਹੀ ਸ਼ਹਿਰੀ ਮੱਧਵਰਗੀ ਜੀਵਨ ਭੋਗਦੇ ਪ੍ਰੋਫੈਸਰ ਐਚ.ਐੱਸ. ਵੜੈਚ ਵਰਗੇ ਪਾਤਰਾਂ ਦੇ ਸਿਧਾਂਤ ਤੇ ਵਿਹਾਰ ਦੀ ਵਿੱਥ ਪੇਸ਼ ਕਰਦਾ ਹੈ। ਪ੍ਰੋਫੈਸਰ ਆਪਣੀ ਕਾਮ ਇੱਛਾ ਵਧਾਉਣ ਵਾਲੀ ਦਵਾਈ ਨੂੰ ਰੋਜ਼ਮੱਰਾ ਦੀਆਂ ਖਰੀਦੀਆਂ ਵਸਤਾਂ ਵਾਂਗ ਖਰੀਦਦਾ ਹੈ ਪਰ ਇਸ ਭੇਤ ਦਾ ਜੱਗ ਜ਼ਾਹਰ ਹੋਣਾ ਉਸਦੇ ਲਈ ਨਮੋਸ਼ੀ ਵਾਲਾ ਹੋ ਨਿਬੜਦਾ ਹੈ। ਸ਼ਹਿਰੀ ਜੀਵਨ ਵਿਚ ਜਾਤ ਦਾ ਮਸਲਾ ਜਿਸ ਕਿਸਮ ਦੀਆਂ ਮਨੋ ਗੰਢਾਂ ਲੈ ਕੇ ਪੇਸ਼ ਹੋਇਆ ਹੈ ਉਹ ਪਿੰਡ ਦੀ ਬਿਰਤਾਂਤਕ ਲੋਕੇਲ ਵਾਲੀ ਦਲਿਤ ਕਹਾਣੀ ਤੋਂ ਭਿੰਨ ਰਿਹਾ ਹੈ। 'ਨਸਲ' ਕਹਾਣੀ ਵਿਚ ਦਲਿਤ ਪ੍ਰੋਫੈਸਰ ਦੇ ਕੁੱਤੇ ਨੂੰ ਵੀ ਦਲਿਤ ਸਮਝਿਆ ਜਾਣਾ ਇਸ ਕਹਾਣੀ ਦੇ ਦੁਖਾਂਤ ਨੂੰ ਸੰਘਣਾ ਕਰਨ ਵਾਲਾ ਥੀਮ ਹੈ।

ਲੇਖਕ ਦੀਆਂ ਕੁਝ ਕਹਾਣੀਆਂ ਵਿਚ ਪਰਵਾਸੀ ਜੀਵਨ ਤੋਂ ਉਪਜਦੇ ਸੰਤਾਪ ਪ੍ਰਸਤੁਤ ਹੋਏ ਹਨ। 'ਕੋਠੀ ਦਾ ਸੌਦਾ' ਅਤੇ 'ਆਲ੍ਹਣਾ' ਕਹਾਣੀ ਪਰਵਾਸੀ ਬੰਦੇ ਦੀ ਮਾਨਸਿਕਤਾ ਦਾ ਭਰਪੂਰ ਪ੍ਰਗਟਾਵਾ ਕਰਦੀਆਂ ਹਨ। 'ਆਲ੍ਹਣਾ' ਕਹਾਣੀ ਦੇ ਪਰਵਾਸੀ ਜੋੜੇ ਦੇ ਬੱਚਿਆਂ ਵੱਲੋਂ ਦਿਖਾਈ ਬੇਰੁਖੀ ਉਨ੍ਹਾਂ ਨੂੰ ਵਾਪਸ ਆਪਣੇ ਵਤਨ ਮੁੜਨ ਲਈ ਮਜਬੂਰ ਕਰਦੀ ਹੈ। ਇਸੇ ਤਰ੍ਹਾਂ 'ਕੋਠੀ ਦਾ ਸੌਦਾ' ਕਹਾਣੀ ਪਰਵਾਸੀ ਮਨੁੱਖ ਦੇ ਅਵਚੇਤਨ ਵਿਚ ਵਸੇ ਜਗੀਰੂ ਸੰਸਕਾਰਾਂ ਦੀ ਗੱਲ ਕਰਦੀ ਹੈ ਜਿਹੜੇ ਸੰਸਕਾਰ ਬੰਦੇ ਦੀ ਆਪਣੀ ਜਾਤ ਪ੍ਰਤੀ ਸਵੈ ਉਸਤਤੀ ਅਤੇ ਅਖੌਤੀ ਨੀਵੀਂਆਂ ਜਾਤਾਂ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਰੱਖਦੇ ਹਨ। ਲੇਖਕ ਦੀਆਂ ਕਹਾਣੀਆਂ ਦੇ ਪਾਤਰ ਉਨ੍ਹਾਂ ਦੇ ਆਪਣੇ ਪੇਸ਼ਾਗਤ ਅਨੁਭਵ ਵਿਚੋਂ ਨਿਕਲੇ ਹਨ। ਸ਼ਹਿਰੀ ਜੀਵਨ ਦਾ ਤਜਰਬਾ, ਕਾਲਿਜ ਅਧਿਆਪਨ, ਖੋਜ ਕਾਰਜਾਂ ਅਤੇ ਸਾਹਿਤ ਸੰਸਥਾਵਾਂ ਆਦਿ ਨਾਲ ਜੁੜੇ ਪਾਤਰ ਲੇਖਕ ਦੀਆਂ ਕਹਾਣੀਆਂ ਵਿਚ ਆਮ ਮਿਲਦੇ ਹਨ। 'ਔਲ਼ੇ ਦਾ ਬੂਟਾ' ਕਹਾਣੀ ਸਾਹਿਤਕ ਸੰਸਥਾਵਾਂ ਵੱਲੋਂ ਲੇਖਕਾਂ ਨੂੰ ਸਨਮਾਨਤ ਕਰਨ ਪਿੱਛੇ ਕੰਮ ਕਰਦੀ ਰਾਜਨੀਤੀ ਦਾ ਪਰਦਾ ਫਾਸ਼ ਕਰਦੀ ਹੈ।

ਕਹਾਣੀਆਂ ਦੇ ਅਨੇਕਾਂ ਪਾਤਰ ਪਾਠਕਾਂ ਨੂੰ ਪ੍ਰਭਾਵਤ ਕਰਨ ਦੀ ਯੋਗਤਾ ਰੱਖਦੇ ਹਨ। 'ਆਲ੍ਹਣਾ' ਕਹਾਣੀ ਦਾ ਨੰਦ ਲਾਲ, 'ਔਲ਼ੇ ਦਾ ਬੂਟਾ' ਕਹਾਣੀ ਦੀ ਗਾਇਤਰੀ ਦੇਵੀ, 'ਜਾਤ ਦੀ ਸਾਂਝ' ਕਹਾਣੀ ਦਾ ਉੱਤਮ ਪੁਰਖੀ ਪਾਤਰ, 'ਬੋਝ ਦਾ ਦਰਦ' ਕਹਾਣੀ ਦੀ ਸੀਤੋ, 'ਪੇਜ ਨੰਬਰ ਦੋ ਸੌ ਛਪੰਜਾ' ਦਾ ਆਨੰਦ ਮੂਰਤੀ ਆਦਿ ਇਸਦੀਆਂ ਮਿਸਾਲਾਂ ਹਨ। ਨਾਰੀਵਾਦੀ ਚਿੰਤਨ ਦੇ ਪੱਖੋਂ ਉਸਦੀ ਕਹਾਣੀ ਵਿਚ ਔਰਤ ਦਾ ਪਿੱਤਰੀ ਸੱਤਾ ਵਿਚ ਦਮਨ ਅਤੇ ਮਰਦਾਵੇਂ ਪ੍ਰਬੰਧ ਵਿਚ ਉਸਦੀ ਹਾਸ਼ੀਅਤ ਹੋਂਦ ਦੇ ਕਈ ਪਾਸਾਰ ਦਰਜ ਹੋਏ ਹਨ। ਇਸਦੇ ਬਾਵਜੂਦ ਉਸਦੇ ਨਾਰੀ ਪਾਤਰ ਜ਼ਿੰਦਗੀ ਜਿਉਣ ਦੀਆਂ ਇੱਛਾਵਾਂ ਮਰਨ ਨਹੀਂ ਦਿੰਦੇ ਅਤੇ ਕਈ ਕਹਾਣੀਆਂ ਵਿਚ ਨਾਰੀ ਇਸ ਦਮਨ ਵਿਰੁੱਧ ਸਿੱਧੇ ਤੌਰ 'ਤੇ ਲਾਮਬੰਦ ਹੁੰਦੀ ਹੈ। ਰਿਸ਼ਤਿਆਂ ਦੇ ਸੰਸਾਰ ਵਿਚ ਔਰਤ ਦੀ ਅਜਿਹੀ



ਹੋਂਦ ਜਿਨ੍ਹਾਂ ਚੁਣੌਤੀਆਂ ਵਿਚ ਰਹਿੰਦੀ ਹੈ, ਉਸਦਾ ਪ੍ਰਗਟਾਵਾ ਕਹਾਣੀਆਂ ਦੀ ਵਸਤੂ ਬਣਿਆ ਹੈ। ਲੇਖਕ ਸਮਾਜਕ ਸਮੱਸਿਆ ਦਾ ਇਕਹਿਰਾ ਪਰਿਪੇਖ ਸਿਰਜਣ ਦੇ ਨਾਲ ਨਾਲ ਇਸਦੀਆਂ ਹੋਰ ਤੰਦਾਂ ਵੀ ਫੜਦਾ ਹੈ ਜਿਸ ਨਾਲ ਉਹ ਸਮਾਜਕ ਭੇਦਭਾਵ ਅਤੇ ਆਰਥਿਕ ਪਾੜੇ ਵਰਗੇ ਵਿਸ਼ਿਆਂ ਨੂੰ ਸਿੱਧ ਪੱਧਰੇ ਸੰਦਰਭਾਂ ਵਿਚ ਪੇਸ਼ ਕਰਦਿਆਂ ਇਨ੍ਹਾਂ ਨਾਲ ਜੁੜੀਆਂ ਮਾਨਵੀ ਅਵਚੇਤਨ ਦੀਆਂ ਪਰਤਾਂ ਵੀ ਪੇਸ਼ ਕਰਦਾ ਹੈ। ਦਵਿੰਦਰ ਮੰਡ ਦੀਆਂ ਇਨ੍ਹਾਂ ਕਹਾਣੀਆਂ ਦੇ ਰਚਨਾ ਤੱਤਾਂ ਵਿਚ ਪਾਤਰਾਂ ਦੇ ਚੇਤਨ ਵਿਹਾਰ ਪਿੱਛੇ ਕੰਮ ਕਰਦੇ ਅਵਚੇਤਨੀ ਪਹਿਲੂ, ਘਟਨਾਵਾਂ ਦਾ ਲਕੀਰੀ ਵਰਨਣ ਅਤੇ ਬਿਰਤਾਂਤ ਦੀ ਗੋਲਾਈਦਾਰ ਬਣਤਰ ਹੈ। ਮੰਡ ਦੀ ਇਹ ਕਿਤਾਬ ਉਸਦੀ ਕਹਾਣੀ ਯਾਤਰਾ ਦੇ ਅਹਿਮ ਪੜਾਅ ਦੀ ਸੂਚਕ ਹੈ। ਸਮਕਾਲ ਦੀ ਮੁੱਖ ਧਾਰਾ ਕਹਾਣੀ ਦੇ ਸਮਾਨਅੰਤਰ ਖੜ੍ਹੀ ਦਵਿੰਦਰ ਮੰਡ ਦੀ ਇਸ ਕਥਾ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ। **-ਜੇ.ਬੀ. ਸੇਖੋਂ**

## ਰੰਗ ਦੀ ਬਾਜ਼ੀ (ਕਹਾਣੀ ਸੰਗ੍ਰਹਿ) ਅਜਮੇਰ ਸਿੱਧੂ

'ਰੰਗ ਦੀ ਬਾਜ਼ੀ' (ਪੰਨੇ 144, ਕੀਮਤ 120, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ) ਅਜਮੇਰ ਸਿੱਧੂ ਦਾ ਨਵਾਂ ਕਹਾਣੀ ਸੰਗ੍ਰਹਿ ਹੈ। ਸੰਗ੍ਰਹਿ ਵਿਚਲੀਆਂ ਕਹਾਣੀਆਂ ਪੁਸਤਕ ਰੂਪ ਵਿਚ ਛਪਣ ਤੋਂ ਪਹਿਲਾਂ ਪੰਜਾਬੀ ਦੇ ਚਰਚਿਤ ਰਸਾਲਿਆਂ ਵਿਚ ਛਪਦੀਆਂ ਰਹੀਆਂ ਹਨ ਅਤੇ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਸਿਫ਼ਤੀ ਖਾਕਾ ਇਹਨਾਂ ਕਹਾਣੀਆਂ ਵਿਚ ਵਿਗਿਆਨਕ ਖੋਜਾਂ ਅਤੇ ਸਿਧਾਂਤਾਂ ਨੂੰ ਆਧਾਰ ਬਣਾਉਣਾ ਹੈ। ਪੰਜਾਬੀ ਕਹਾਣੀ ਦੇ ਖੇਤਰ ਵਿਚ ਸ਼ਾਇਦ ਅਜਮੇਰ ਸਿੱਧੂ ਹੀ ਇਕ ਅਜਿਹਾ ਕਹਾਣੀਕਾਰ ਹੈ, ਜਿਹੜਾ ਵਿਗਿਆਨ ਦੇ ਸਿਧਾਂਤਾਂ ਰਾਹੀਂ ਆਪਣੀਆਂ ਕਹਾਣੀਆਂ ਨੂੰ ਵਿਸ਼ਾ-ਵਿਭੂਤ ਕਰਦਾ ਹੈ। ਪੰਜਾਬੀ ਬਿਰਤਾਂਤ ਜਿਹੜਾ ਸ਼ੁਰੂਆਤੀ ਦੌਰ ਵਿਚ ਮੱਧਲੇ ਸ਼ਹਿਰੀ ਵਰਗ ਤਕ ਸੀਮਤ ਰਿਹਾ ਅਤੇ ਫਿਰ ਪੇਂਡੂ ਯਥਾਰਥ ਤੋਂ ਪਾਰ ਨਾ ਜਾ ਸਕਿਆ, ਸਮਕਾਲੀ ਬਿਰਤਾਂਤਕਾਰ ਉਸਨੂੰ ਬਹੁਮੁਖੀ ਸਰੋਕਾਰਾਂ ਨਾਲ ਲਬਰੇਜ਼ ਕਰਨ ਦੇ ਆਹਰ ਵਿਚ ਲੱਗੇ ਹੋਏ ਹਨ।

'ਰੰਗ ਦੀ ਬਾਜ਼ੀ' ਕਹਾਣੀ ਸੰਗ੍ਰਹਿ ਵਿਚ ਅਜਿਹੀਆਂ ਹੀ ਕਹਾਣੀਆਂ ਹਨ, ਜਿਹੜੀਆਂ ਗਲੋਬਲੀ ਪਿੰਡ ਨਾਲ ਜੁੜੀਆਂ ਹਨ। ਜਿਹਨਾਂ ਦਾ ਇਕ ਸਿਰਾ ਵਿਸ਼ਵ ਵੱਲ ਦਾ ਰੁਖ਼ ਕਰਦਾ ਹੈ ਅਤੇ ਦੂਸਰਾ ਪਿੰਡ ਵੱਲ ਮੂੰਹ ਕਰੀ ਖੜ੍ਹਾ ਹੈ। 'ਅੰਨ੍ਹੇ ਸੁਜਾਖੇ' ਇਕ ਅਜਿਹੀ ਹੀ ਕਹਾਣੀ ਹੈ ਜਿਸ ਵਿਚ ਪੰਜਾਬ ਦੇ ਇਕ ਪਿੰਡ ਤੋਂ ਉੱਠ ਕੇ ਵਿਗਿਆਨੀ ਬਣਿਆ ਪਾਤਰ, ਜਿਹੜਾ ਡੌਲੀ ਭੇਡ ਦੇ ਕਲੋਨ ਬਣਾਉਣ ਵਾਲੇ ਵਿਗਿਆਨਕਾਂ ਵਿਚ ਸ਼ਾਮਲ ਸੀ, ਹੁਣ ਪਿੰਡ ਆ ਕੇ ਪਿੰਡ ਦੇ ਹੋਰਨਾਂ ਲੋਕਾਂ ਵਿਚ ਵਿਗਿਆਨਕ ਸਮਝ ਦਾ ਪ੍ਰਸਾਰ ਕਰਨਾ ਚਾਹੁੰਦਾ ਹੈ। ਇਸ ਲਈ ਉਹ ਪਿੰਡ ਆ ਕੇ ਵਿਗਿਆਨਕ ਲੈਬ ਬਣਾਉਂਦਾ ਹੈ। ਏਥੇ ਕਹਾਣੀ ਦਾ ਸਿਖਰ ਇਸ ਗੱਲ ਵਿਚ ਹੈ ਕਿ ਕਹਾਣੀਕਾਰ ਸੁਚੇਤ ਰੂਪ ਵਿਚ ਆਧੁਨਿਕਤਾ ਅਤੇ ਪਰੰਪਰਾ ਦਾ ਟਕਰਾਅ ਸਿਰਜਦਾ ਹੈ। ਪਿੰਡ ਦੇ ਲੋਕ ਜਿਹੜੇ ਪੀੜ੍ਹੀਆਂ ਤੋਂ ਅੰਧ-ਵਿਸ਼ਵਾਸਾਂ ਅਤੇ ਭਰਮਾਂ ਨਾਲ ਜੀਵਨ ਜਿਉਣ ਦੇ ਆਦੀ ਨੇ, ਉਹ ਵਿਗਿਆਨੀ ਨੂੰ ਪਾਗਲ ਸਮਝਦੇ ਹਨ ਅਤੇ ਉਸ 'ਤੇ ਯਕੀਨ ਨਹੀਂ ਕਰਦੇ। ਇਹਨਾਂ ਲੋਕਾਂ ਦੀ ਵਿਗਿਆਨ ਵੱਲ ਰੁਚੀ ਨਾ ਹੋਣ ਦਾ ਕਾਰਨ ਇਹ ਹੈ ਕਿ ਇਹ ਤਾਰਕਿਕਤਾ ਤੋਂ ਬਹੁਤ ਦੂਰ ਵਿਚਰਦੇ ਹਨ। ਪਰ ਇਸ ਦੇ ਸੰਭਾਵੀ ਕਾਰਨਾਂ ਨੂੰ ਲੱਭਣਾ ਹੀ ਪਾਠਕ ਦਾ ਜ਼ਿੰਮਾ ਹੈ ਜੋ ਕਹਾਣੀਕਾਰ ਪਾਠਕ ਨੂੰ ਇਸ ਕਹਾਣੀ ਦਿੰਦਾ ਹੈ।

'ਕਿਊਟਾ ਕਿਊਟਾ ਤਾਰੇ ਤਾਰੇ' ਕਹਾਣੀ ਫਿਜ਼ਿਕਸ ਦੇ ਨਿਯਮ ਲਾਅ ਆਫ ਇਨਰਸ਼ੀਆ ਦੁਆਲ਼ੇ ਕੇਂਦਰਤ ਹੈ। ਕਹਾਣੀ ਵਿਚਲਾ ਵਿਗਿਆਨੀ ਘਰ ਦੇ ਪਾਲਤੂ ਜਾਨਵਰਾਂ ਬਿੱਲੀ ਅਤੇ ਕੁੱਤੇ ਦੇ ਦੁੱਧ ਪੀਣ ਦੇ ਅੰਦਾਜ਼ ਤੋਂ ਹੀ ਵਿਗਿਆਨ ਦੇ ਮਹੱਤਵਪੂਰਨ ਨਿਯਮ ਨੂੰ ਲੱਭ ਲੈਂਦਾ ਹੈ ਜਿਸਨੇ

ਆਉਣ ਵਾਲੇ ਸਮੇਂ ਵਿਚ ਵਿਗਿਆਨ ਦੇ ਖੇਤਰ ਵਿਚ ਅਹਿਮ ਭੂਮਿਕਾ ਅਦਾ ਕਰਨੀ ਹੈ। ਇਹ ਕਹਾਣੀ ਜਿੰਨੀ ਸਾਧਾਰਨ ਅਤੇ ਨਾਟਕੀਅਤਾ ਤੋਂ ਦੂਰ ਜਾਪਦੀ ਹੈ, ਓਨੀ ਹੀ ਅਹਿਮ ਵੀ ਹੈ। ਵਿਗਿਆਨ ਕੋਈ ਦਿਸਦੇ ਸੰਸਾਰ ਤੋਂ ਬਾਹਰ ਨਹੀਂ ਬਲਕਿ ਸਾਡੇ ਵੇਖਣ ਦੇ ਨਜ਼ਰੀਏ ਵਿਚ ਹੈ ਕਿ ਕੀ ਅਸੀਂ ਵਿਗਿਆਨਕ ਨਜ਼ਰੀਆ ਰੱਖਦੇ ਹਾਂ ਕਿ ਨਹੀਂ? ਜੇਕਰ ਇਸ ਤਰ੍ਹਾਂ ਹੈ ਤਾਂ ਵਿਗਿਆਨ ਦੇ ਨਿਯਮ ਸਾਡੇ ਆਸ ਪਾਸ ਹੀ ਹਨ। ਪਰ ਜੇਕਰ ਨਹੀਂ ਤਾਂ ਵਿਗਿਆਨਕ ਨਿਯਮ ਹੋਣ ਦੇ ਬਾਵਜੂਦ ਵੀ ਅਸੀਂ ਅਤਾਰਕਿਕ ਬਣੇ ਰਹਿੰਦੇ ਹਾਂ। ਇਹ ਕਹਾਣੀ 'ਅੰਨ੍ਹੇ ਸੁਜਾਖੇ' ਕਹਾਣੀ ਦੁਆਰਾ ਸਿਰਜੇ ਸਵਾਲ ਦਾ ਜਵਾਬ ਵੀ ਹੈ।

'ਲੈਨਿਨ ਫਰੌਮ ਦੀ ਕਲੋਨ ਵੈਲੀ' ਅਤੇ 'ਮੈਂ ਮਾਂ...' ਦੋਵੇਂ ਕਹਾਣੀਆਂ ਵੀ ਵਿਗਿਆਨ ਦੀਆਂ ਅੱਜੋਕੀਆਂ ਲੱਭਤਾਂ ਦੁਆਲੇ ਕੇਂਦਰਤ ਹਨ। ਇਹ ਕਹਾਣੀਆਂ ਆਪਣੇ ਵਿਚਾਰਕ ਸੂਤਰ ਵਜੋਂ ਜਿੱਥੇ ਵਿਗਿਆਨਕ ਲੱਭਤਾਂ ਦੇ ਮਾਨਵੀ ਜੀਵਨ ਵਿਚ ਕ੍ਰਾਂਤੀਕਾਰੀ ਯੋਗਦਾਨ ਦੀ ਵਿਸ਼ੇਸ਼ਤਾ ਵੱਲ ਰੁਚਿਤ ਹਨ, ਓਥੇ ਹੀ ਮਨੁੱਖ ਦੇ ਬਣਨ ਵਿਚ ਉਸਦੇ ਸਮਾਜਕ, ਇਤਿਹਾਸਕ ਵਿਕਾਸ ਦੀ ਭੂਮਿਕਾ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਦੀਆਂ। ਖਾਸਕਰ 'ਲੈਨਿਨ ਫਰੌਮ ਦੀ ਕਲੋਨ ਵੈਲੀ' ਕਹਾਣੀ ਵਿਚ ਕੁਝ ਵਿਗਿਆਨੀ ਲੈਨਿਨ ਦਾ ਕਲੋਨ ਬਣਾ ਕੇ ਲੈਨਿਨ ਜਿਹੇ ਹੋਰ ਵਿਅਕਤੀ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਲੈਨਿਨ ਦੇ ਤਿੰਨ ਕਲੋਨ ਤਿਆਰ ਕਰਦੇ ਹਨ। ਪਰ ਲੈਨਿਨ ਇਸ ਕਰਕੇ ਲੈਨਿਨ ਨਹੀਂ ਸੀ ਕਿ ਉਹ ਲੈਨਿਨ ਸੀ, ਬਲਕਿ ਲੈਨਿਨ ਉਸ ਸਮੇਂ ਦੇ ਯਥਾਰਥ, ਇਤਿਹਾਸਕ ਹਾਲਤਾਂ, ਉਸ ਸਮੇਂ ਦੀਆਂ ਸਮਾਜਕ-ਰਾਜਨੀਤਿਕ ਹਾਲਤਾਂ ਦੀ ਦੇਣ ਸੀ। ਕਿਉਂਕਿ ਹੁਣ ਉਹ ਹਾਲਤ ਨਹੀਂ ਇਸ ਲਈ ਲੈਨਿਨ ਦੇ ਕਲੋਨ ਵਿਚਾਰਧਾਰਕ ਤੌਰ 'ਤੇ ਲੈਨਿਨ ਤੋਂ ਕੋਹਾਂ ਦੂਰ ਰਹਿ ਜਾਂਦੇ ਹਨ। ਸੰਕੇਤਕ ਰੂਪ ਵਿਚ ਇਹ ਕਹਾਣੀ ਵਿਸ਼ਵ-ਪੱਧਰ ਉੱਤੇ ਅੱਜੋਕੇ ਮਨੁੱਖ ਦੀ ਸਥਿਤੀ ਨੂੰ ਬਿਆਨ ਕਰਦੀ ਹੈ। ਜਿਸ ਵਿਚ ਸਾਰਿਆਂ ਸਾਹਮਣੇ ਇਹ ਸਵਾਲ ਉਭਰਦਾ ਹੈ ਕਿ ਕੀ ਉਹ ਲੈਨਿਨ ਬਣ ਸਕਦਾ ਹੈ? ਜਿਹਨਾਂ ਉਪਰ ਅੱਜ ਅਸੀਂ ਮਾਣ ਕਰਦੇ ਹਾਂ ਪਰ ਉਹਨਾਂ ਵਰਗੇ ਬਣਨ ਲਈ ਜਿਸ ਕਿਸਮ ਦੇ ਸਮਰਪਣ ਅਤੇ ਤਿਆਗ ਦੀ ਲੋੜ ਹੈ ਉਸ ਤੋਂ ਬਚਣਾ ਚਾਹੁੰਦੇ ਹਾਂ। ਅਸੀਂ ਨਾਇਕ ਬਣਨ ਦੀ ਥਾਵੇਂ ਨਾਇਕਾਂ ਦੇ ਕਲੋਨ ਲੱਭਦੇ ਫਿਰ ਰਹੇ ਹਾਂ। 'ਮੈਂ ਮਾਂ...' ਕਹਾਣੀ ਪੈਸੇ ਦੀ ਦੌੜ ਵਿਚ ਪਏ ਲੋਕਾਂ ਦੇ ਮਾਨਵੀ ਸੰਵੇਦਨਾ ਨੂੰ ਅੱਖੋਂ ਪਰੋਖੇ ਕਰਦਿਆਂ ਅਤੇ ਫਿਰ ਵਕਤ ਖੁੰਝ ਜਾਣ 'ਤੇ ਉਹਨਾਂ ਲਈ ਤਰਸਦੇ-ਸਹਿਕਦੇ ਵਿਖਾਇਆ ਗਿਆ ਹੈ। 'ਕੁਰੂਕੁਸ਼ੇਤਰ ਤੋਂ ਪਾਰ' ਕਹਾਣੀ ਮਨੁੱਖੀ ਰਿਸ਼ਤਿਆਂ ਵਿਚ ਆ ਰਹੀ ਵਿਸ਼ਵਾਸੀ ਗਿਰਾਵਟ ਦਾ ਬਿਰਤਾਂਤ ਹੈ। ਰਿਸ਼ਤਿਆਂ ਦੀ ਬੁਨਿਆਦ ਆਪਸੀ ਵਿਸ਼ਵਾਸ 'ਤੇ ਉਸਰੀ ਹੁੰਦੀ ਹੈ, ਪਰ ਮਨੁੱਖ ਕਿਸੇ ਹੋਰ ਦੀ ਸੁਣੀ-ਸੁਣਾਈ 'ਤੇ ਵਿਸ਼ਵਾਸ ਕਰ ਕੇ ਆਪਣੇ ਰਿਸ਼ਤਿਆਂ ਨੂੰ ਵਿਗਾੜ ਲੈਂਦਾ ਹੈ। ਕਹਾਣੀ ਵਿਚਲਾ ਪਾਤਰ ਵੀ ਆਪਣੀ ਪਤਨੀ ਬਾਰੇ ਸ਼ੱਕ ਕਰਦਾ ਹੈ ਅਤੇ ਉਸਨੂੰ ਮਾਰ ਦੇਣ ਦੇ ਇਰਾਦੇ ਨਾਲ ਘਰ ਆਉਂਦਾ ਹੈ, ਪਰ ਜਦ ਉਸਨੂੰ ਸੱਚਾਈ ਦਾ ਪਤਾ ਲੱਗਦਾ ਹੈ ਤਾਂ ਉਹ ਨਾਮੋਸ਼ੀ/ਆਤਮ-ਗਿਲਾਨੀ ਨਾਲ ਭਰ ਜਾਂਦਾ ਹੈ। ਇਹ ਉਹ ਤ੍ਰਾਸਦੀ ਹੈ ਜੋ ਹੁਣ ਉਸਨੂੰ ਸਾਰੀ ਉਮਰ ਭੋਗਣੀ ਪੈਣੀ ਹੈ।

'ਕੰਡੇ ਦਾ ਜਖ਼ਮ', 'ਜ਼ਖ਼ਮੀ ਖੰਭਾਂ ਦੀ ਫੜਫੜਾਹਟ', 'ਝਨਾਂ ਦੀਆਂ ਛੱਲਾਂ' ਕਹਾਣੀਆਂ ਵੀ ਆਧੁਨਿਕ ਸਮੇਂ ਵਿਚ ਵਿਚਾਰਧਾਰਕ ਅਤੇ ਵਿਹਾਰਕ ਪੱਖੋਂ ਹੀਣੇ ਹੋਏ ਮਨੁੱਖ ਦਾ ਬਿਰਤਾਂਤ ਹਨ। ਅੱਜ ਦੇ ਤੇਜ਼ ਰਫ਼ਤਾਰ ਜੀਵਨ ਵਿਚ ਮਨੁੱਖ ਆਪਣੇ ਨਿੱਜ ਤਕ ਸੀਮਤ ਹੁੰਦਾ ਜਾ ਰਿਹਾ ਹੈ, ਦੂਸਰਿਆਂ ਨੂੰ ਅਪਨਾਉਣ ਦੀ ਥਾਵੇਂ ਜਦੋਂ ਉਹ ਇਕੱਲ ਨੂੰ ਬਿਹਤਰ ਸਮਝਣ ਲੱਗਦਾ ਹੈ ਤਾਂ ਇਹੀ ਇਕੱਲਤਾ ਇਕ ਦਿਨ ਉਸ ਲਈ ਸਰਾਪ ਬਣ ਜਾਂਦੀ ਹੈ। ਇਸ ਤੋਂ ਪਾਰ ਲੰਘ ਜਾਣ ਦਾ ਉਸ ਕੋਲ ਕੋਈ ਰਸਤਾ ਨਹੀਂ ਰਹਿੰਦਾ। 'ਜ਼ਖ਼ਮੀ ਖੰਭਾਂ ਦੀ ਫੜਫੜਾਹਟ' ਵਿਚਲਾ ਪਾਤਰ ਆਪਣੇ ਮਾਂ-ਬਾਪ ਅਤੇ ਭਰਾ ਦੇ ਪਰਿਵਾਰ ਤੋਂ ਦੂਰ ਸ਼ਹਿਰ ਵਿਚ ਆਪਣੀ ਪਤਨੀ ਨਾਲ ਰਹਿੰਦਾ ਹੈ। ਐਕਸੀਡੈਂਟ ਹੋਣ ਤੋਂ ਬਾਅਦ ਉਸਦੀ ਪਤਨੀ ਹੀ ਉਸ ਨੂੰ ਸੰਭਾਲਦੀ ਹੈ। ਪਰ ਇਕ ਦਿਨ



ਜਦ ਉਸਦੀ ਪਤਨੀ ਨੂੰ ਆਪਣੇ ਪੇਕੇ ਪਿੰਡ ਜਾਣਾ ਪੈਂਦਾ ਹੈ ਤਾਂ ਉਸ ਕੋਲ਼ ਰਾਤ ਨੂੰ ਕੋਈ ਵੀ ਨਹੀਂ ਜੋ ਉਸਨੂੰ ਵੇਖ ਸਕੇ। ਬੱਤੀ ਬਾਲਣ ਲਈ ਉਸ ਕੋਲ਼ ਇਕ ਸੋਟੀ ਰੱਖੀ ਹੈ, ਜਿਸ ਦੇ ਸਹਾਰੇ ਉਹ ਬੱਤੀ ਬਾਲਣ ਦਾ ਯਤਨ ਕਰਦਾ ਹੈ। ਕਹਾਣੀਕਾਰ ਸੋਟੀ ਦੇ ਪ੍ਰਤੀਕ ਰਾਹੀਂ ਇਹ ਸਾਬਤ ਕਰਦਾ ਹੈ ਕਿ ਇਕੱਲਾ ਰਹਿ ਰਿਹਾ ਮਨੁੱਖ ਅਜਿਹੇ ਸਹਾਰੇ ਤਲਾਸ਼ ਰਿਹਾ ਹੈ ਜਿਹਨਾਂ ਨਾਲ ਇਕੱਲਤਾ ਵੀ ਬਣੀ ਰਹੇ ਅਤੇ ਕਾਰਜ ਸਿੱਧੀ ਵੀ ਹੋ ਸਕੇ। ਪਰ ਇਹੀ ਰੁਚੀ ਉਸਦੇ ਦੁਖਾਂਤ ਦਾ ਕਾਰਨ ਵੀ ਬਣਦੀ ਹੈ। 'ਕੰਡੇ ਦਾ ਜ਼ਖ਼ਮ' ਕਹਾਣੀ ਪਾਸ਼ ਦੀ ਇਸੇ ਨਾਮ ਵਾਲੀ ਕਵਿਤਾ 'ਤੇ ਆਧਾਰਤ ਹੈ। ਕਹਾਣੀ ਦਾ ਅਧਾਰ ਇਹ ਕਵਿਤਾ ਅਤੇ ਏਂਗਲਜ਼ ਦੀ ਪੁਸਤਕ 'ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦਾ ਸਿਧਾਂਤ' ਹੈ। ਕਹਾਣੀਕਾਰ ਜਿੱਥੇ ਪਾਸ਼ ਦੀ ਕਵਿਤਾ ਦੇ ਪਾਤਰ ਤੋਂ ਅਗਾਂਹ ਦਾ ਪਾਤਰ ਸਿਰਜਦਾ ਹੈ, ਓਥੇ ਹੀ ਇਸ ਕਹਾਣੀ ਰਾਹੀਂ ਸਥਿਰ ਹੋ ਚੁੱਕੇ ਉਹਨਾਂ ਸਵਾਲਾਂ ਨੂੰ ਵੀ ਤੋੜਦਾ ਹੈ ਜਿਹੜੇ ਜੁਝਾਰੂ ਲਹਿਰ ਦੇ ਪਤਨ ਵੱਲ ਚਲੇ ਜਾਣ ਤੋਂ ਬਾਅਦ ਪੈਦਾ ਹੋਏ ਹਨ। ਜਿੱਥੇ ਸਮਾਜਵਾਦ ਲਈ ਲੜ ਰਹੀ ਧਿਰ ਹਾਰ ਕੇ ਪੂੰਜੀਵਾਦੀ ਮੁਲਕਾਂ ਵੱਲ ਪਲਾਇਨ ਕਰ ਗਈ ਹੈ, ਓਥੇ ਹੀ ਮੁਸ਼ਤਾਕ ਜਿਹੇ ਕੁਝ ਲੋਕ ਅਜੇ ਵੀ ਆਪਣੇ ਹੱਕਾਂ ਅਤੇ ਆਪਣੀ ਧਿਰ ਲਈ ਨੰਗੇ ਪਿੰਡੇ ਲੜ ਰਹੇ ਹਨ। ਮੁਸ਼ਤਾਕ ਕੰਡੇ ਦੇ ਜ਼ਖ਼ਮ ਸਮੇਤ ਮੈਦਾਨ ਵਿਚ ਡਟਿਆ ਹੋਇਆ ਹੈ। 'ਰੰਗ ਦੀ ਬਾਜ਼ੀ' ਕਹਾਣੀ ਮਨੁੱਖ ਦੇ ਸਵਾਰਥੀ ਵਿਹਾਰ ਦੀ ਪੇਸ਼ਕਾਰੀ ਕਰਦੀ ਹੈ। ਕਹਾਣੀ ਸਕੂਲ ਅਧਿਆਪਕਾਂ ਦੀ ਹੈ। ਜਿਸ ਵਿਚ ਸਟੇਟ ਅਵਾਰਡ ਲੈਣ ਲਈ ਵਰਤੇ ਜਾਂਦੇ ਹੱਥਕੰਡੇ ਅਤੇ ਜਾਇਜ਼ ਨਾਜਾਇਜ਼ ਸਾਧਨਾਂ ਨੂੰ ਨੰਗਾ ਕੀਤਾ ਗਿਆ ਹੈ। ਯੋਗਤਾ-ਅਯੋਗਤਾ ਵੇਖਣ ਦੀ ਥਾਂ ਇਹਨਾਂ ਅਵਾਰਡਾਂ ਵਿਚ ਚੱਲ ਰਿਹਾ ਭ੍ਰਿਸ਼ਟਾਚਾਰ ਸਾਹਮਣੇ ਆਉਂਦਾ ਹੈ।

ਇਹ ਕਹਾਣੀਆਂ ਪੰਜਾਬੀ ਵਿਚ ਲਿਖੀ ਜਾ ਰਹੀ ਲੰਮੀ ਕਹਾਣੀ ਦੀ ਸਥਿਰ ਹੋ ਚੁੱਕੀ ਪਿਰਤ ਨੂੰ ਤੋੜਦੀਆਂ ਵੀ ਨਜ਼ਰ ਆਉਂਦੀਆਂ ਹਨ ਅਤੇ ਪਰੰਪਰਾਗਤ ਵਿਸ਼ਿਆਂ ਦੀ ਥਾਂ ਨਵੇਂ ਵਿਸ਼ੇ ਅਤੇ ਨਵੀਂ ਤਰ੍ਹਾਂ ਦੀ ਸੰਰਚਨਾ ਨੂੰ ਪੇਸ਼ ਕਰਦੀਆਂ ਹਨ। ਅਜਮੇਰ ਸਿੱਧੂ ਦਾ ਇਹ ਨਵਾਂ ਕਹਾਣੀ ਸੰਗ੍ਰਹਿ ਸਮਕਾਲ ਵਿਚ ਲਿਖੀ ਜਾ ਰਹੀ ਕਹਾਣੀ ਵਿਚ ਜ਼ਿਕਰਯੋਗ ਵਾਧਾ ਹੈ। **-ਹਰਵਿੰਦਰ ਸਿੰਘ**

## ਸੁਪਨਿਆਂ ਦਾ ਪਿੱਛਾ ਕਰਦਿਆਂ (ਕਾਵਿ ਸੰਗ੍ਰਹਿ) ਮਲਵਿੰਦਰ

ਮਲਵਿੰਦਰ ਪੰਜਾਬੀ ਕਵਿਤਾ ਵਿਚ ਜਾਣਿਆ-ਪਛਾਣਿਆ ਨਾਮ ਹੈ। 'ਸੁਪਨਿਆਂ ਦੇ ਪਿੱਛਾ ਕਰਦਿਆਂ' ( ਪੰਨੇ 132, ਮੁੱਲ 390 ਰੁਪਏ, ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਾਲੋਨੀ, ਦਿੱਲੀ) ਉਸਦਾ ਨਵਾਂ ਕਾਵਿ ਸੰਗ੍ਰਹਿ ਹੈ। ਇਸ ਕਾਵਿ-ਸੰਗ੍ਰਹਿ ਵਿਚ ਮਲਵਿੰਦਰ ਦੀ ਕਵਿਤਾ ਦੇਸ ਦੇ ਮੌਜੂਦਾ ਹਾਲਾਤ ਦੀ ਤਰਜਮਾਨੀ ਕਰਦੀ ਹੈ। ਦੇਸ ਅੰਦਰ ਪਿਛਲੇ ਕੁਝ ਸਾਲਾਂ ਤੋਂ ਰਾਜਨੀਤਿਕ ਗੰਧਲਚੌਂਧ ਦੇ ਚਲਦਿਆਂ ਜਿਸ ਕਿਸਮ ਦਾ ਮਾਹੌਲ ਬਣਿਆ ਹੈ, ਇਹ ਕਵਿਤਾਵਾਂ ਉਸ ਮਾਹੌਲ ਦੇ ਡਰ/ਤੌਖਲੇ ਆਦਿ ਦਾ ਵਿਵਰਨ ਹਨ। ਇਹ ਅਜਿਹਾ ਡਰ ਹੈ ਜਿਹੜਾ ਹਰੇਕ ਸੰਵੇਦਨਸ਼ੀਲ ਵਿਅਕਤੀ ਦੇ ਮਨ ਦੀਆਂ ਤੈਹਾਂ ਅੰਦਰ ਦੁਬਕ ਕੇ ਬੈਠ ਗਿਆ ਹੈ। ਜਿਸ ਤੋਂ ਭੈਭੀਤ ਹੋਇਆ ਉਹ ਆਪਣੇ-ਆਪ ਨੂੰ ਅਸਰੁੱਖਿਅਤ ਸਮਝ ਕੇ ਆਪਣੇ ਅੰਦਰਲੇ ਵਿਚਾਰਾਂ ਦੀ ਕਸ਼ਮਕਸ਼ ਦੀ ਬੁਣਤੀ ਕਰਨ ਵੱਲ ਅਗਰਸਰ ਹੋਇਆ ਪ੍ਰਤੀਤ ਹੁੰਦਾ ਹੈ। ਪਰ ਇਹਨਾਂ ਦੀ ਤੰਦ ਦਾ ਕੋਈ ਸਿਰਾ ਉਸਦੇ ਹੱਥ ਨਹੀਂ ਆਉਂਦਾ ਅਤੇ ਉਹ ਇਸਨੂੰ ਇਸਦੇ ਇਤਿਹਾਸਕ ਪਰਿਪੇਖ ਵਿਚ ਸਮਝਣ ਦੀ ਥਾਂ ਤਤਕਾਲੀ ਟਿੱਪਣੀਆਂ ਕਰਨ ਤਕ ਮਹਿਦੂਦ ਹੋ ਕੇ ਰਹਿ ਜਾਂਦਾ ਹੈ। ਇਸ ਸੂਰਤ ਵਿਚ ਮਲਵਿੰਦਰ ਦੀ ਕਵਿਤਾ ਵੀ ਇਸੇ ਕਸ਼ਮਕਸ਼ ਦਾ ਕੋਈ ਸਿਰਾ ਤਲਾਸ਼ਣ ਲਈ ਆਪਣੇ ਸੁਪਨਿਆਂ ਦਾ ਪਿੱਛਾ ਕਰ ਰਹੀ ਹੈ। ਕਾਵਿ ਸੰਗ੍ਰਹਿ ਦੀ ਪਹਿਲੀ ਹੀ ਕਵਿਤਾ ਵਿਚ ਕਵੀ ਪਾਠਕਾਂ ਨੂੰ ਉਸ ਕਾਵਿ ਪ੍ਰਵਚਨ ਨਾਲ ਜੋੜ ਲੈਂਦਾ ਹੈ ਜਿਹੜਾ ਉਸਨੇ ਅਗਲੇ ਸਮੇਂ ਵਿਚ ਉਸਾਰਨਾ ਹੈ। ਚੁੱਪ ਅਤੇ ਭੋਲ਼ੇ-ਭਾਲ਼ੇ

ਅਵਾਮ ਨੂੰ ਕਵੀ ਦਾ ਇਕ ਵੱਡਾ ਸਵਾਲ ਹੈ ਕਿ ਜੇ ਸਾਰੇ ਝੂਠ ਬੋਲਕੇ ਵੀ ਮੈਂ ਦੇਸਾਂ ਦਾ ਰਾਜਾ ਤਾਂ ਤੁਸੀਂ ਕੌਣ?... ਮੈਂ ਖੁਰਦਰੇ ਵਰਤਾਰੇ ਦਾ ਵਿਗੜਿਆ ਬਿੰਬ ਹਾਂ ਤੇ ਤੁਹਾਡੀ ਜੈ ਜੈ ਕਾਰ ਵਿਚ ਦੇਸ਼ਾਂ ਦਾ ਰਾਜਾ, ਤੁਸੀਂ ਕੌਣ? ਤੁਸੀਂ ਕੌਣ ਦੀ ਹੋਣੀ ਹੰਢਾ ਰਿਹਾ ਅਵਾਮ ਕੋਈ ਵੀ ਨਹੀਂ ਰਹਿ ਜਾਂਦਾ। ਜੇਕਰ ਇਸ ਵਹਿਸ਼ਤ ਅਤੇ ਦਹਿਸ਼ਤ ਭਰੇ ਮਾਹੌਲ ਅੰਦਰ ਵੀ ਅਵਾਮ ਦੀ ਕੋਈ ਭੂਮਿਕਾ ਜਾਂ ਕੋਈ ਪ੍ਰਤੀਕਿਰਿਆ ਨਹੀਂ ਤਾਂ ਉਸ ਨੂੰ ਕੀਤਾ ਇਹ ਸਵਾਲ ਉਸਦੀ ਹੋਂਦ ਪ੍ਰਤੀ ਸ਼ੰਕੇ ਖੜ੍ਹੇ ਕਰਦਾ ਹੈ। ਅਜਿਹੀ ਹੋਂਦ ਜਿਹੜੀ ਸਭ ਕੁਝ ਸਹਿੰਦੀ ਹੋਈ ਵੀ ਕੁਝ ਨਹੀਂ ਉਭਾਸਰ ਰਹੀ ਅਤੇ ਸੱਤਾ ਦੇ ਪਾਏ ਭਰਮ ਭਰੇ ਗਲਬਿਆਂ ਹੇਠ ਦਬੀ ਹੋਈ ਆਪਣਾ ਗੁਜ਼ਰ-ਬਸਰ ਕਰ ਰਹੀ ਹੈ। ਇਹੋ ਕਾਵਿ ਕਰਮ ਹੈ, ਇਹੋ ਕਾਵਿ ਧਰਮ ਹੈ ਕਿ ਕਵਿਤਾ ਇਸ ਦਬਾਈ ਜਾ ਰਹੀ ਧਿਰ ਦੀ ਢਾਲ ਬਣਕੇ ਉਸਦੇ ਨਾਲ ਖੜ੍ਹੀ ਹੋ ਜਾਵੇ ਅਤੇ ਇਸ ਅਵਾਮ ਨੂੰ ਕੋਈ ਰਾਹ ਦਿਖਾਏ। ਮਲਵਿੰਦਰ ਇਸ ਪ੍ਰਤੀ ਸੁਚੇਤ ਹੁੰਦਾ ਹੋਇਆ ਪਹਿਲੀ ਕਵਿਤਾ ਰਾਹੀਂ ਹੀ ਆਪਣੀ ਦਿਸ਼ਾ ਨਿਰਧਾਰਤ ਕਰ ਲੈਂਦਾ ਹੈ ਅਤੇ ਫਿਰ ਕਵਿਤਾ-ਦਰ-ਕਵਿਤਾ ਸਮਕਾਲੀ ਹਾਲਤਾਂ ਨੂੰ ਬਿਆਨ ਕਰਦਿਆਂ ਇਹੋ ਜਿਹੇ ਅਨੇਕਾਂ ਸਵਾਲਾਂ ਨੂੰ ਪਾਠਕਾਂ ਦੇ ਮਨਾਂ ਅੰਦਰ ਬੀਜਦਾ ਤੁਰਿਆ ਜਾਂਦਾ ਹੈ ਜਿਹਨਾਂ ਵਿਚੋਂ ਉਮੀਦ ਦਾ ਅੰਕੁਰ ਫੁੱਟਣਾ ਹੈ:

*ਘਪਲਿਆਂ ਦਾ ਚਰਚਾ ਹੈ, ਪਾਰਲੀਮੈਂਟ 'ਚ ਰੌਲਾ ਹੈ*
*ਪਰ ਤੁਸੀਂ ਚੁੱਪ ਬਣਨਾ ਹੈ, ਸਾਹ ਸੱਤ ਹੀਣੀ ਚੁੱਪ*
*ਤੁਹਾਡੇ ਠੰਢੇ ਚੁੱਲ੍ਹਿਆਂ ਨੂੰ ਧੁਖਾਉਣ ਜੋਗੀ ਅੱਗ, ਅਸੀਂ ਤੁਹਾਨੂੰ ਦਿੰਦੇ ਰਹਾਂਗੇ*
*ਤੁਸੀਂ ਬੱਸ ਵੋਟ ਬਣੇ ਰਹਿਣਾ*

ਸਥਾਪਤ ਧਿਰ ਦਾ ਆਪਣੀ ਸਥਾਪਤੀ ਨੂੰ ਬਣਾਈ ਰੱਖਣ ਦਾ ਇਕ ਸਾਧਨ ਇਹ ਹੁੰਦਾ ਹੈ ਕਿ ਉਹ ਵਿਕਾਸ ਦਾ ਭਰਮ ਉਸਾਰਦੀ ਹੈ। ਪਰ ਇਸ ਅਖੌਤੀ ਵਿਕਾਸ ਦੇ ਨਾਂ 'ਤੇ ਜਿਹੜੇ ਮਾਅਰਕੇ ਮਾਰਨ ਦਾ ਭਰਮ ਸਿਰਜਿਆ ਜਾ ਰਿਹਾ ਹੁੰਦਾ ਹੈ, ਉਹਨਾਂ ਦੀ ਹਕੀਕਤ ਕੀ ਹੁੰਦੀ ਹੈ, ਕਵੀ ਇਸਦਾ ਪਰਦਾਫ਼ਾਸ਼ ਕਰਦਾ ਹੈ ਅਤੇ ਇਸ ਭਰਮ ਦਾ ਚਿਹਰਾ ਨੰਗਾ ਕਰਦਾ ਹੋਇਆ ਅਵਾਮ ਨੂੰ ਹਕੀਕਤਾਂ ਦੇ ਸਨਮੁੱਖ ਲਿਆ ਖੜ੍ਹਾ ਕਰਦਾ ਹੈ। ਸੱਚ ਦਾ ਨੰਗਾ ਚਿਹਰਾ ਵੇਖਦਿਆਂ ਪਹਿਲਾਂ ਤੋਂ ਚਿੰਤਤ ਮਨੁੱਖ ਸਾਹਵੇਂ ਚੇਤੰਨ ਹੋਣ ਬਗ਼ੈਰ ਕੋਈ ਦੂਸਰਾ ਰਸਤਾ ਨਹੀਂ ਹੁੰਦਾ, ਇਸੇ ਰਸਤੇ ਦੀ ਨਿਸ਼ਾਨਦੇਹੀ ਕਰਵਾਉਣਾ ਕਵੀ ਦਾ ਕਾਵਿ ਕਰਮ ਹੁੰਦਾ ਹੈ। ਮਲਵਿੰਦਰ ਦੀ ਕਵਿਤਾ ਇਸ ਅਖੌਤੀ ਵਿਕਾਸ ਦਾ ਪਰਦਾ ਇਉਂ ਪਰ੍ਹਾਂ ਕਰਦੀ ਹੈ:

*ਸਵਾ ਸੌ ਕਰੋੜ ਲੋਕਾਂ ਚੋਂ ਭੁੱਖੇ ਢਿੱਡ ਸੌਂਦਿਆਂ ਨੂੰ, ਵੱਖ ਕਰ ਲਵੋ*
*ਬਾਕੀਆਂ 'ਚੋਂ ਚੁਣੋ, ਇਕ ਡੰਗ ਰੋਟੀ ਖਾਂਦਿਆਂ ਨੂੰ ... ...*
*ਹੁਣ ਇਕ ਵਾਰ ਫਿਰ ਸੁਣੋ, ਮੋਦੀ ਦਾ ਭਾਸ਼ਣ*
*ਵਿਕਾਸ ਦੇ ਅਰਥ, ਸਮਝ ਆ ਜਾਣਗੇ।*

ਇਹ ਉਹ ਸੱਚਾਈ ਹੈ ਜਿਸਤੋਂ ਨਜ਼ਰਾਂ ਨਹੀਂ ਫੇਰੀਆਂ ਜਾ ਸਕਦੀਆਂ। ਪਰ ਇਸ ਸੱਚਾਈ 'ਤੇ ਪਰਦਾ ਪਾਉਣ ਲਈ ਦੇਸ਼-ਭਗਤੀ ਦਾ ਭਰਮ ਪਾਲਿਆ ਜਾਂਦਾ ਹੈ ਜਿਸ ਦੇ ਚਲਦਿਆਂ ਸਿਨੇਮਾ ਹਾਲ 'ਚ ਫ਼ਿਲਮ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਅੰਦਰਲੀ ਸਾਰੀ ਦੇਸ਼-ਭਗਤੀ ਨੂੰ ਖਿਝ ਦੀਆਂ ਨਹੁੰਦਰਾਂ ਨਾਲ ਨੋਚ ਰਿਹਾ ਹੁੰਦਾ ਦੇਸ਼ ਵਾਸੀ ਵਿਸ਼ਵਾਸ ਕਰਨ ਦਾ ਯਤਨ ਕਰਦਾ ਕਿ ਉਹ ਆਜ਼ਾਦ ਹੈ ਅਤੇ ਜਿਉਂਦਾ ਹੈ, ਜਦਕਿ ਜ਼ਿੰਦਗੀ ਦੇ ਅਰਥ ਸਲੀਬ 'ਤੇ ਪੁੱਠੇ ਲਟਕ ਜਾਂਦੇ ਹਨ ਅਤੇ ਆਜ਼ਾਦੀ ਪੀੜਾਂ, ਚੀਸਾਂ ਨਾਲ ਵਿੰਨ੍ਹੀ ਡਰ ਦੇ ਖੋਲ 'ਚ ਦੁਬਕੀ ਬੈਠੀ ਗ਼ੁਲਾਮੀ ਦੇ ਗਲ ਲੱਗ ਕੇ ਰੋ ਰਹੀ ਹੁੰਦੀ ਹੈ। ਇਸ ਤਰ੍ਹਾਂ ਦੇ ਦੌਰ ਵਿਚ ਮਨੁੱਖ ਦੀਆਂ ਮੁੱਢਲੀਆਂ ਲੋੜਾਂ/ਥੋੜਾਂ ਨੂੰ ਤਿਲਾਂਜਲੀ ਦੇ ਦਿੱਤੀ ਜਾਂਦੀ ਹੈ ਅਤੇ ਆਮ ਲੋਕਾਂ ਲਈ ਕਰਨ ਨੂੰ ਕੁਝ ਨਹੀਂ ਬਚਦਾ ਸਿਵਾਏ ਇਸ ਦੇ ਕਿ:

*ਚਲੋ ਜੰਗ ਲੜੀਏ, ਜੰਗ ਨੂੰ ਦਾਅਵਤ ਦਿੰਦੇ ਕਾਰਨਾਂ ਖ਼ਿਲਾਫ਼*
*ਚਲੋ ਜੰਗ ਲੜੀਏ, ਸੱਤਾ ਨੂੰ ਹਰਾਈਏ, ਲੋਕਾਂ ਨੂੰ ਜਿਤਾਈਏ... ...*



'ਗੁੰਡਾਗਰਦੀ', 'ਠਹਿਰੋ-ਠਹਿਰ', 'ਇੰਝ ਕਰ' ਆਦਿ ਕਵਿਤਾਵਾਂ ਦਾ ਕਾਵਿ ਪ੍ਰਵਚਨ ਇਹਨਾਂ ਹੀ ਹਾਲਤਾਂ ਦੇ ਸਨਮੁੱਖ ਹੈ। ਕਵੀ ਜਿੱਥੇ ਇਹਨਾਂ ਕਵਿਤਾਵਾਂ ਰਾਹੀਂ ਹਾਲਾਤ ਦੀ ਝਾਤ ਪਵਾਉਂਦਾ ਹੈ, ਓਥੇ ਹੀ ਉਸ ਕੋਲ ਪਾਠਕਾਂ ਤੀਕ ਲਿਜਾਣ ਲਈ ਇਕ ਸੁਨੇਹਾ ਹੈ ਜਿਸ ਦੀ ਧੀਮੀ ਪਰ ਨਾਹਰਾ ਨੁਮਾ ਸੁਰ ਲਗਪਗ ਹਰੇਕ ਅਗਲੀ ਕਵਿਤਾ ਵਿਚ ਵਿਦਮਾਨ ਹੈ:

*ਜਾਗਦੇ ਦੇਸ਼ ਵਾਸੀਓ*
*ਹਰ ਸ਼ਹਿਰ ਦੇ ਚੌਕ-ਚੁਰਾਹੇ ਚ, ਰਾਜੇ ਦੀਆਂ ਮੂਰਤੀਆਂ ਸਜਾ ਦਿਓ*
*ਜਿੱਥੋਂ ਲੰਘਦੇ, ਹਜ਼ਾਰਾਂ, ਲੱਖਾਂ, ਕਰੋੜਾਂ ਲੋਕ*
*ਆਪਣੀ ਸਾਰੀ ਨਫ਼ਰਤ, ਉਸਨੂੰ ਭੇਟ ਕਰ ਸਕਣ*

ਪਾਸ਼ ਆਪਣੀ ਲੰਮੀ ਕਵਿਤਾ 'ਕਾਮਰੇਡ ਨਾਲ ਗੱਲਬਾਤ' ਵਿਚ ਕਹਿੰਦਾ ਹੈ ਕਿ ਕਾਮਰੇਡ ਤੂੰ ਸਿਰਫ ਹਾਰ ਗਿਆਂ ਨੂੰ ਨਫ਼ਰਤ ਕਰਨੀ ਸਿੱਖੀ ਹੈ, ਤੂੰ ਉਹਨਾਂ ਨੂੰ ਨਹੀਂ ਜਾਣਦਾ ਜੋ ਸਿਰਫ਼ ਜਿੱਤ ਨਹੀਂ ਸਕੇ। ਇਹ ਲੜ ਰਹੀ ਧਿਰ ਦਾ ਅਜਿਹਾ ਜਜ਼ਬਾ ਹੈ ਜਿਹੜਾ ਉਸਨੂੰ ਹਾਰਨ ਤੇ ਵੀ ਹਾਰਨ ਨਹੀਂ ਦਿੰਦਾ, ਇਸੇ ਜਜ਼ਬੇ ਦੀ ਕਦਰ ਕਰਨੀ ਹੀ ਲੜ ਰਹੀ ਧਿਰ ਨਾਲ ਖੜ੍ਹਨ ਦੇ ਤੁਲ ਹੁੰਦਾ ਹੈ। ਇਹ ਧਿਰ ਹੀ ਅਜਿਹੀ ਧਿਰ ਹੈ ਜਿਹੜੀ ਸਥਿਤੀਆਂ ਦੇ ਬਦਲਾਅ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਹੈ। ਮਲਵਿੰਦਰ ਇਸੇ ਧਿਰ ਦਾ ਵਾਹਕ ਬਣਦਾ ਹੈ:

*ਅਸੀਂ ਜਿੱਤੇ ਨਹੀਂ ਹਾਂ*
*ਅਸੀਂ ਹਾਰੇ ਵੀ ਨਹੀਂ ਹਾਂ, ਅਸੀਂ ਲੜੇ ਹਾਂ ... ...*
*ਜਦ ਤਕ ਸਾਡੇ ਕੋਲ, ਲੜਨ ਦਾ ਸਾਹਸ ਹੈ*
*ਤੁਹਾਡੀ ਜਿੱਤ ਜਸ਼ਨ ਨਹੀਂ, ਸੋਗ 'ਚ ਡੁੱਬਾ ਭੈਅ ਹੋਵੇਗੀ। ... ...*

ਮਲਵਿੰਦਰ ਦੀ ਕਵਿਤਾ ਮਰ ਮਿਟਣ ਤੋਂ ਪਹਿਲਾਂ ਜਿਉਂ ਕੇ ਵੇਖਣ ਦੀ ਚਾਹ ਹੈ। ਸਿਰਜਣਾ ਦੇ ਪਲਾਂ ਦੀ ਉਡੀਕ ਕਰਦਾ ਕਵੀ ਇਸ ਦੌਰ ਦੀ ਗੁਆਚ ਗਈ ਮਾਸੂਮੀਅਤ ਲੱਭਣ ਦਾ ਆਹਰ ਕਰ ਰਿਹਾ ਹੈ। 'ਜਾਗਦੇ ਰਹੀਏ' ਕਵਿਤਾ ਦਾ ਹੋਕਾ ਉਹਨਾਂ ਸੁਪਨਿਆਂ ਲਈ ਹੈ, ਸੌਣ ਵੇਲੇ ਜਿਨ੍ਹਾਂ ਦਸਤਕ ਦਿੱਤੀ ਸੀ। ਇਹਨਾਂ ਹੀ ਸੁਪਨਿਆਂ ਦਾ ਪਿੱਛਾ ਕਰਦਿਆਂ ਮਲਵਿੰਦਰ ਫ਼ਿਕਰ ਦੇ ਨਕਸ਼ ਉਲੀਕਦਿਆਂ ਪੰਜਾਬ ਦੀ ਫਿਜ਼ਾ 'ਚ ਫੈਲ ਗਏ ਫ਼ਿਕਰਾਂ ਨੂੰ ਕਵਿਤਾ ਦੇ ਚਿੱਤਰਪਟ 'ਤੇ ਗੂੜ੍ਹਾ ਕਰਦਾ ਹੈ।

ਇਸ ਕਾਵਿ ਸੰਗ੍ਰਹਿ ਵਿਚ ਸੂਖ਼ਮ ਸੰਵੇਦਨਾ ਨਾਲ ਲਬਰੇਜ਼ ਕਵਿਤਾਵਾਂ ਦਾ ਵੀ ਆਪਣਾ ਇਕ ਖ਼ਾਸਾ ਹੈ। ਜਿੱਥੇ ਕਵੀ ਮਨ ਦੇ ਅੰਦਰਲੇ ਵਲਵਲਿਆਂ ਦੀ ਸੁਹਜਾਤਮਕ ਪੇਸ਼ਕਾਰੀ ਦਾ ਮਾਧਿਅਮ 'ਬਚਪਨ', 'ਤੇਰੇ ਬਾਰੇ', 'ਸੱਖਣੇ ਪਲ', 'ਪੰਛੀਆਂ ਦੀ ਭਾਸ਼ਾ', 'ਪਿਆਰ ਦੀ ਗੱਲ' ਆਦਿ ਕਵਿਤਾਵਾਂ ਬਣਦੀਆਂ ਹਨ। ਇਹ ਮਲਵਿੰਦਰ ਦੀ ਕਵੀ ਅੱਖ ਹੈ ਕਿ ਉਹ 'ਕਬਾੜ' ਵਿਚੋਂ ਵੀ ਕਵਿਤਾ ਤਲਾਸ਼ ਲੈਂਦਾ ਹੈ ਅਤੇ ਚੁੱਪ ਦੇ ਅਰਥ ਕਰਦਾ ਜੰਗਲ ਦੀ ਇਕੱਲ-ਏਕਾਂਤ ਦੀ ਬਾਤ ਪਾਉਂਦਾ ਮੰਡੀ 'ਚ ਕਵਿਤਾ ਲੈ ਜਾਂਦਾ ਹੈ। ਮੰਡੀ ਜਿਹੜੀ ਮੁਨਾਫਾ ਜਾਣਦੀ ਹੈ ਅਤੇ ਨਹੀਂ ਜਾਣਦੀ ਬੰਦ ਬੂਹੇ ਪਿੱਛੇ ਖ਼ਾਹਿਸ਼ ਜੀਣ ਦੀ; ਜੋ ਦਮ ਤੋੜ ਰਹੀ ਹੈ।

ਕਵਿਤਾ ਦੀ ਛੇਵੀਂ ਕਿਤਾਬ ਤੀਕ ਪਹੁੰਚਦਿਆਂ ਜਿੱਥੇ ਕਾਵਿਕ ਜੁਗਤਕਾਰੀ ਦੇ ਪੱਖ ਤੋਂ ਉਸ ਕੋਲ ਪਕਿਆਈ ਆਈ ਹੈ, ਓਥੇ ਹੀ ਵਿਸ਼ਿਆਂ ਦੀ ਮੌਲਿਕਤਾ ਅਤੇ ਉਹਨਾਂ ਦੇ ਅੰਦਰਲੀ ਤਹਿ ਤਕ ਕਵਿਤਾ ਨੂੰ ਲੈ ਕੇ ਜਾਣ ਤਕ ਮਲਵਿੰਦਰ ਦੀਆਂ ਇਹਨਾਂ ਕਵਿਤਾਵਾਂ ਵਿਚ ਕਚਿਆਈ ਦਿਖਦੀ ਹੈ। ਆਲੋਚਕੀ ਨੁਕਤਾ ਨਿਗਾਹ ਤੋਂ ਵੇਖਿਆਂ ਇਹਨਾਂ ਕਵਿਤਾਵਾਂ ਦੀ ਵਿਚਾਰਧਾਰਕ ਪਹੁੰਚ ਕਮਜ਼ੋਰ ਦਿਖਦੀ ਹੈ ਪਰ ਇਹਨਾਂ ਪਿਛਲੀ ਸ਼ਿੱਦਤ ਵਿਚ ਕਿਧਰੇ ਕਮੀ ਨਹੀਂ। ਪਰ ਬਾਵਜੂਦ ਇਸਦੇ ਇਸ ਕਵਿਤਾ ਵਿਚ ਕੁਝ ਅਜਿਹੇ ਜ਼ਰੂਰੀ ਪੱਖ ਹਨ ਜੋ ਪਾਠਕ ਦਾ ਧਿਆਨ ਖਿੱਚਦੇ ਹਨ ਅਤੇ ਇਸ ਕਾਵਿ-ਸੰਗ੍ਰਹਿ ਦੀ ਪੜ੍ਹਤ ਵੱਲ ਪ੍ਰੇਰਦੇ ਹਨ। **-ਹਰਵਿੰਦਰ ਸਿੰਘ**

## ਅਰਥ ਬਦਲਦੇ ਰਿਸ਼ਤੇ (ਕਹਾਣੀ ਸੰਗ੍ਰਹਿ) ਹਰਜਿੰਦਰ ਸੂਰੇਵਾਲੀਆ

ਪਿਛਲੇ ਕੁਝ ਸਮੇਂ ਤੋਂ 'ਸਿਰਜਣਾ' ਦੇ ਪੰਨਿਆਂ ਉੱਤੇ ਪੰਜਾਬੀ ਲੇਖਕਾਂ ਬਾਰੇ ਹਰਜਿੰਦਰ ਸੂਰੇਵਾਲੀਆ ਦੇ ਲਿਖੇ ਰੇਖਾ ਚਿੱਤਰਾਂ ਨੂੰ ਪੜ੍ਹਨ ਦਾ ਮੌਕਾ ਮਿਲਿਆ। ਇਹਨਾਂ ਵਿਚਲੀ ਕਲਾਤਮਕ ਪਕਿਆਈ ਦਾ ਕਾਰਨ ਸ਼ਾਇਦ ਉਸਦੀ ਗਲਪ ਦੀ ਕਲਾ ਉੱਤੇ ਪੱਕੀ ਪੀਡੀ ਪਕੜ ਦਾ ਹੋਣਾ ਹੋਵੇ। ਉਸਦੇ ਪਹਿਲੇ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਵੀ ਸੂਰੇਵਾਲੀਆ ਦੀ ਚੰਗੇ ਕਹਾਣੀਕਾਰ ਵਜੋਂ ਪਛਾਣ ਸਥਾਪਤ ਕਰਦੀਆਂ ਹਨ। ਪਰ ਉਸਦਾ ਸੱਜਰਾ ਕਹਾਣੀ ਸੰਗ੍ਰਹਿ, 'ਅਰਥ ਬਦਲਦੇ ਰਿਸ਼ਤੇ'(ਪੰਨੇ 112, ਮੁੱਲ 200 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ) ਤਾਂ ਉਸਦੀ ਅਜਿਹੀ ਪਛਾਣ ਨੂੰ ਹੋਰ ਵੀ ਪੁਖਤਾ ਕਰ ਦਿੰਦਾ ਹੈ।

ਹੱਥਲੇ ਸੰਗ੍ਰਹਿ ਵਿਚ ਕੁੱਲ ਦਸ ਕਹਾਣੀਆਂ ਹਨ। ਇਹ ਦਸੇ ਕਹਾਣੀਆਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਹਨ। ਸੂਰੇਵਾਲੀਆ ਦੀ ਦ੍ਰਿਸ਼ਟੀ ਵਰਤਮਾਨ ਸਮੇਂ ਦੇ ਵਿਭਿੰਨ ਸੰਕਟਾਂ ਉੱਤੇ ਟਿਕੀ ਹੋਈ ਹੈ, ਇਸ ਦ੍ਰਿਸ਼ਟੀ ਰਾਹੀਂ ਉਹ ਛੋਟੀ ਤੋਂ ਛੋਟੀ ਘਟਨਾ ਨੂੰ ਆਧਾਰ ਬਣਾ ਕੇ ਰਸ ਭਰਪੂਰ ਕਹਾਣੀਆਂ ਦੀ ਸਿਰਜਣਾ ਕਰਦਾ ਹੈ। ਔਰਤ-ਮਰਦ ਸੰਬੰਧਾਂ ਦੀ ਪੇਸ਼ਕਾਰੀ ਉਸਦੀ ਮਨਭਾਉਂਦੀ ਕਲਾ-ਜੁਗਤ ਹੈ। ਕਹਾਣੀ ਦੇ ਪਾਤਰਾਂ ਦੇ ਧੁਰ-ਮਸਤਕ ਵਿਚ ਲਹਿ ਜਾਣ ਦੀ ਕਲਾ ਉਸਨੂੰ ਮਾਨਸਿਕ ਚਿਤਰਨ ਵਾਲਾ ਕਹਾਣੀਕਾਰ ਬਣਾ ਦਿੰਦੀ ਹੈ। ਜਿਵੇਂ ਬਾਲ-ਮਨ ਉਪਰ ਖੁਣੇ ਗਏ ਗਹਿਰੇ ਪ੍ਰਭਾਵ 'ਚੋਂ ਉੱਠੇ ਜਵਾਰਭਾਟਾ-ਰੂਪੀ ਪ੍ਰਵਾਹ ਦੀ ਵਿਉਂਤ ਰਾਹੀਂ ਗੁੰਦੀ ਗਈ 'ਰੋਸ਼ਨਦਾਨ' ਨਾਂ ਦੀ ਕਹਾਣੀ ਪੰਜਾਬ ਦੀ ਜੱਟ ਕਿਸਾਨੀ ਦੇ ਨਿਵੇਕਲੇ ਸਮਾਜਕ, ਸਭਿਆਚਾਰਕ ਤੇ ਆਰਥਿਕ ਪਹਿਲੂਆਂ ਦੀ ਪੁਣ-ਛਾਣ ਕਰਦੀ ਹੈ।

ਦ੍ਰਿਸ਼ ਵਰਣਨੀ ਜੁਗਤ ਦੀ ਵਰਤੋਂ ਵਿਚ ਮੁਹਾਰਤ ਹਾਸਲ ਕਰ ਚੁੱਕਿਆ ਕਹਾਣੀਕਾਰ ਹਰਜਿੰਦਰ ਸੂਰੇਵਾਲੀਆ ਇਸ ਕਹਾਣੀ ਵਿਚ ਸੁਹਾਗ ਰਾਤ ਦੇ ਸਮੇਂ ਜਗਦੇਵ ਦੀ ਨਿਗਾਹ ਨੂੰ ਕਮਰੇ ਦੇ ਰੋਸ਼ਨਦਾਨ ਉੱਤੇ ਟਿਕਾ ਕੇ ਉਸਦੀ ਸੋਚ ਨੂੰ ਉਸਦੇ ਅਤੀਤ ਨਾਲ ਜੋੜ ਦਿੰਦਾ ਹੈ। ਆਪਣੇ ਗੁਆਚੇ ਅਤੀਤ ਵਿਚੋਂ ਜਿੱਥੇ ਜਗਦੇਵ ਆਪਣੀ ਦਾਦੀ, ਮਾਂ ਤੇ ਪਿਉ ਨੂੰ ਯਾਦ ਕਰਦਾ ਹੈ, ਉੱਥੇ ਉਹ ਇਹਨਾਂ ਰਿਸ਼ਤਿਆਂ ਉੱਤੇ ਮਾਣ ਵੀ ਕਰਦਾ ਹੈ। ਮਾਂ ਦਾ ਪਿਆਰ ਤੇ ਭੋਲਾਪਨ, ਪਿਉ ਦਾ ਲਾਡ ਤੇ ਡਰ, ਦਾਦੀ ਤੇ ਭੂਆ ਦਾ ਪਿਆਰ, ਮਾਮਾ-ਮਾਮੀ ਦੀ ਅਪਣੱਤ, ਭੂਆ ਦੇ ਪੁੱਤ ਨਾਲ ਨਿਭਦੇ ਉਸਦੇ ਚੰਗੇ ਸੰਬੰਧ ਤੇ ਇਹਨਾਂ ਚੰਗੇ ਸੰਬੰਧਾਂ ਕਰਕੇ ਜਗਦੇਵ ਦਾ ਵਿਆਹ ਹੋਣਾ ਆਦਿ... ਕਿੰਨਾ ਕੁਝ ਇਹ ਕਹਾਣੀ ਸਾਂਭੀ ਬੈਠੀ ਹੈ।

ਕਹਾਣੀ ਵਿਚ ਪੰਜਾਬ ਦੇ ਜੱਟ ਦਾ ਇਕ ਰੂਪ ਜਗਦੇਵ ਦੇ ਪਿਉ ਵਾਲਾ ਵੀ ਸਿਰਜਿਆ ਗਿਆ ਹੈ। ਜਗਦੇਵ ਦਾ ਟਰੱਕ ਡਰਾਈਵਰ ਬਾਪ ਸ਼ੌਕੀਨ ਜੱਟ ਹੈ। ਪਹਿਲਾਂ ਤਾਂ ਉਹ ਇਕ ਸੇਠ ਦੇ ਟਰੱਕ ਚਲਾਉਂਦਾ ਹੈ ਤੇ ਫਿਰ ਆਪਣੀ ਜ਼ਮੀਨ ਵਿਚੋਂ ਕੁਝ ਜ਼ਮੀਨ ਬੈਅ ਕਰਕੇ ਇਕ ਟਰੱਕ ਖਰੀਦ ਕੇ ਟਰੱਕਾਂ ਦੇ ਕੰਮ 'ਚ ਪੈ ਜਾਂਦਾ ਹੈ। ਘਰ ਉਹ ਕਈ ਕਈ ਦਿਨਾਂ ਪਿੱਛੋਂ ਪਰਤਦਾ ਹੈ। ਉਹ ਆਪਣੀ ਪਤਨੀ ਤੇ ਪੁੱਤਰ ਜਗਦੇਵ ਨੂੰ ਪਿਆਰ ਕਰਦਾ ਹੈ। ਵਿਡੰਬਨਾ ਕਹਾਣੀ ਦੀ ਇਹਨਾਂ ਦੋ ਸਥਿਤੀਆਂ ਵਿਚ ਪਈ ਹੈ। ਇਕ ਸਥਿਤੀ ਜਗਦੇਵ ਦੇ ਪਿਉ ਦੀ ਕਾਮ-ਤ੍ਰਿਪਤੀ ਦੀ ਪੂਰਤੀ ਲਈ ਪਤੀ ਤੇ ਪਤਨੀ ਦੇ ਆਪਸੀ ਕਾਮੁਕ ਰਿਸ਼ਤੇ 'ਚੋਂ ਉਪਜਦੀ ਹੈ ਤੇ ਦੂਸਰੀ ਸਥਿਤੀ ਬਾਲਕ ਜਗਦੇਵ ਦੀ ਪੇਟ ਦੀ ਭੁੱਖ ਮਿਟਾਉਣ ਲਈ ਮਾਂ ਤੇ ਪੁੱਤਰ ਦੇ ਅਪਣੱਤ ਭਰੇ ਰਿਸ਼ਤੇ ਦੀ। ਇਕ ਤੀਸਰੀ ਸਥਿਤੀ ਅਛੋਪਲੇ ਹੀ ਰੂਪਮਾਨ ਹੋ ਜਾਂਦੀ ਹੈ ਜਦੋਂ ਜਗਦੇਵ ਸਕੂਲ ਜਾਣ ਦੀ ਬਜਾਇ ਰੋਸ਼ਨਦਾਨ ਵਿਚੋਂ ਕਮਰੇ ਅੰਦਰਲਾ ਦ੍ਰਿਸ਼ ਵੇਖਦਾ ਹੈ। ਇਸ ਦ੍ਰਿਸ਼ ਦੀ ਯਾਦ ਜਗਦੇਵ ਨੂੰ ਆਪਣੀ ਸੁਹਾਗ ਰਾਤ ਵੇਲੇ ਆਉਂਦੀ ਹੈ ਤੇ ਉਸਦਾ ਮਨ ਉਚਾਟ ਹੋ ਜਾਂਦਾ ਹੈ। ਜਗਦੇਵ ਦੇ ਮਨ ਉਪਰ ਉੱਕਰੇ ਏਸੇ ਦ੍ਰਿਸ਼ ਦੇ ਸਿਰਜਣ ਵਿਚ ਜਿੱਥੇ ਕਹਾਣੀ ਦੀ ਕਲਾ ਸਮਾਈ ਹੈ, ਉੱਥੇ ਜਗਦੇਵ ਦੇ ਪਿਉ ਦੀ ਮਾਨਸਿਕਤਾ ਵਰਗੀ ਜੱਟ-ਸ਼੍ਰੇਣੀ ਦੀ ਮਾਨਸਿਕ ਸਥਿਤੀ ਵੀ ਆਪ-ਮੁਹਾਰੇ ਸਾਕਾਰ ਹੋ ਜਾਂਦੀ ਹੈ।



ਅਜਿਹੀ ਸਥਿਤੀ ਤੋਂ ਐਨ ਉਲਟ ਚੰਦ ਸਿੰਘ ਦੇ ਰੂਪ ਵਿਚ ਇਕ ਖਾਂਦੇ-ਪੀਂਦੇ ਜੱਟ ਦੀ ਮਨੋ-ਸਥਿਤੀ 'ਅਟਕੀ ਹੋਈ ਜਾਨ' ਨਾਂ ਦੀ ਕਹਾਣੀ 'ਚੋਂ ਸਾਕਾਰ ਹੁੰਦੀ ਹੈ। ਚਾਲੀ ਕਿੱਲਿਆਂ ਦਾ ਮਾਲਕ ਚੰਦ ਸਿੰਘ ਪਿੰਡ ਹੀ ਨਹੀਂ ਸਗੋਂ ਆਪਣੇ ਇਲਾਕੇ ਵਿਚ ਵੀ ਮੰਨਿਆ ਪ੍ਰਮੰਨਿਆ ਬੰਦਾ ਹੈ। ਸੁੰਦਰ ਔਰਤਾਂ ਦਾ ਰਸੀਆ ਹੈ। ਦਾਨੀ ਲੁਹਾਰਨ ਦਾ ਪੱਕਾ ਆਸ਼ਕ ਹੈ। ਮਰਨ ਕੰਢੇ ਪਏ ਚੰਦ ਸਿੰਘ ਦੀ ਸੁਰਤੀ ਵੀ ਦਾਨੀ ਲੁਹਾਰਨ ਵਿਚ ਟਿਕੀ ਪਈ ਹੈ। ਸਾਰੀ ਕਹਾਣੀ ਉਸਦੇ ਮਰਨ ਬਿਰਤਾਂਤ ਨਾਲ ਹੀ ਸੰਬੰਧਤ ਹੈ। ਇਸ ਬਿਰਤਾਂਤ 'ਚੋਂ ਸਾਫ ਸਾਫ ਦਿਖਾਈ ਦਿੰਦਾ ਹੈ ਕਿ ਚੰਦ ਸਿੰਘ ਦੀ ਪਤਨੀ ਗਿਆਨ ਕੌਰ ਨੂੰ ਚੰਦ ਸਿੰਘ ਦੇ ਮੰਜੇ ਉੱਤੇ ਪਏ ਹੋਣ ਦਾ ਭੋਰਾ ਦੁੱਖ ਨਹੀਂ ਹੈ। ਉਸਦਾ ਚਿਹਰਾ ਕਰੁਣਾ ਦੇ ਭਾਵਾਂ ਤੋਂ ਨਿਰਲੇਪ ਹੈ। ਗਿਆਨ ਕੌਰ ਤਾਂ ਚੰਦ ਸਿੰਘ ਬਾਰੇ ਏਥੋਂ ਤਕ ਵੀ ਕਹਿ ਦਿੰਦੀ ਹੈ ਕਿ "ਥੋੜ੍ਹੇ ਪਾਪ ਕੀਤੇ ਐ ਇਹਨੇ? ਪਾਪੀ ਸੀ, ਪਾਪੀ। ਏਹੋ ਜਿਹੇ ਬੰਦੇ ਐਂ ਹੀ ਅੱਡੀਆਂ ਗੋਡੇ ਰਗੜ ਕੇ ਮਰਦੇ ਹੁੰਦੇ ਐ"। ਜੱਟ ਕਿਸਾਨੀ ਸਮਾਜ 'ਚ ਦੰਪਤੀ ਸੰਬੰਧਾਂ ਦਾ ਇਕ ਅਜਿਹਾ ਨਮੂਨਾ ਜੇ ਚੰਦ ਸਿੰਘ ਤੇ ਗਿਆਨ ਕੌਰ ਦਾ 'ਅਟਕੀ ਹੋਈ ਜਾਨ' ਨਾਂ ਦੀ ਕਹਾਣੀ 'ਚ ਵਿਦਮਾਨ ਹੈ ਤਾਂ ਦੂਸਰਾ ਨਮੂਨਾ 'ਰੋਸ਼ਨਦਾਨ' ਨਾਂ ਦੀ ਕਹਾਣੀ 'ਚ ਜਗਦੇਵ ਦੇ ਮਾਂ ਤੇ ਪਿਉ ਦਾ ਵੀ ਹੈ। ਜਗਦੇਵ ਦੇ ਪਿਉ ਤੇ ਚੰਦ ਸਿੰਘ ਦੇ ਸਿਰਜੇ ਕਾਮੁਕ ਸੰਬੰਧਾਂ 'ਚ ਅੰਤਰ ਹੈ। ਇਕ ਆਪਣੀ ਲੋੜ ਦੀ ਪੂਰਤੀ ਕਰਦਾ ਹੈ ਤੇ ਦੂਸਰਾ ਆਪਣੇ ਐਬ ਦੀ। ਦੋਹਾਂ ਦੀ ਮੌਤ ਹੁੰਦੀ ਹੈ। ਜਗਦੇਵ ਦੇ ਪਿਉ ਦੀ ਚੰਦਰੀ ਬਿਮਾਰੀ (ਏਡਜ਼) ਉਸਦੀ ਮੌਤ ਦਾ ਕਾਰਨ ਬਣਦੀ ਹੈ।ਤੇ ਚੰਦ ਸਿੰਘ ਦਾ ਐਬ ਏਨਾ ਪੱਕਾ ਹੈ ਕਿ ਉਹ ਮੌਤ ਦੇ ਮੂੰਹ 'ਚ ਪਿਆ ਵੀ ਦਾਨੀ ਲੁਹਾਰਨ ਨੂੰ ਨਹੀਂ ਛੱਡਦਾ।

ਪੁਸਤਕ ਦੀ ਸਿਰਲੇਖਕ ਕਹਾਣੀ 'ਅਰਥ ਬਦਲਦੇ ਰਿਸ਼ਤੇ' ਵਿਚ ਔਰਤ-ਮਰਦ ਸੰਬੰਧਾਂ ਦੀ ਲੁਕਵੀਂ ਪਰਤ ਨੂੰ ਬੜੇ ਹੀ ਮਾਰਮਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਕਹਾਣੀ ਸ਼ੁਰੂ ਹੀ ਮੁੱਖ ਪਾਤਰ ਰਾਜਬੀਰ ਸਿੰਘ ਨਾਲ ਅਜਿਹੀ 'ਗੱਲ' ਵਾਪਰ ਜਾਣ ਤੋਂ ਹੁੰਦੀ ਹੈ ਜਿਸਦਾ ਉਸਨੂੰ ਚਿੱਤ-ਚੇਤਾ ਵੀ ਨਹੀਂ ਹੁੰਦਾ। ਉਹ ਗੱਲ ਰਾਜਬੀਰ ਤੇ ਉਸਦੇ ਘਰਾਂ 'ਚੋਂ ਲਗਦੀ ਉਸਦੀ ਹਮਉਮਰ ਚਾਚੀ ਨਾਲ ਕਾਮ-ਸੰਬੰਧ ਦੀ ਹੈ। ਕਹਾਣੀ ਵਿਚ ਵਾਪਰੇ ਇਕ ਵਾਕਿਆ ਤੋਂ ਬਿਨਾਂ ਕਿਧਰੇ ਵੀ ਉਹਨਾਂ ਦੇ ਅਜਿਹੇ ਸੰਬੰਧ ਦੀ ਝਲਕ ਨਹੀਂ ਮਿਲਦੀ। ਅਜਿਹੇ ਸੰਬੰਧ ਅਰਥ ਬਦਲਦੇ ਗੁੰਮਨਾਮ ਰਿਸ਼ਤੇ ਦੀ ਸ਼ਨਾਖਤ ਹੈ। ਪੰਜਾਬੀ ਸਭਿਆਚਾਰ ਵਿਚਲੇ ਅਜਿਹੇ ਰਿਸ਼ਤਿਆਂ ਨੂੰ ਦਰਸਾਉਣ ਲਈ ਇਕ ਲੋਕ ਬੋਲੀ ਦੀ ਸਿਰਜਣਾ ਇਉਂ ਵੀ ਕੀਤੀ ਗਈ ਹੈ: ਮੇਰੇ ਜੇਠ ਦਾ ਮੁੰਡਾ ਨੀ ਬੜਾ ਪਾਪੀ / ਨਾਲੇ ਮਾਰੇ ਅੱਖੀਆਂ ਨਾਲੇ ਕਹੇ ਚਾਚੀ। ਐਪਰ ਕਹਾਣੀ ਦੀ ਖੂਬਸੂਰਤੀ ਇਸਦੀ ਇਸ ਕਲਾਤਮਕਤਾ 'ਚ ਪਈ ਹੈ ਕਿ ਕਹਾਣੀਕਾਰ ਨੇ ਅਜਿਹੇ ਲੁਕਵੇਂ ਸੰਬੰਧ ਦੇ ਨਾਮਕਰਨ ਦਾ ਸਵਾਲ ਪਾਠਕਾਂ ਦੀ ਸੋਚ ਉਪਰ ਛੱਡ ਦਿੱਤਾ ਹੈ। ਉਸਨੇ ਇਹ ਕੁਝ ਸਭਿਆਚਾਰਕ ਦ੍ਰਿਸ਼ਟੀ ਨੂੰ ਸੰਕੇਤਕ ਭਾਸ਼ਾ ਰਾਹੀਂ ਸਿਰਜ ਕੇ ਕੀਤਾ ਹੈ।

'ਬੀਮਾ ਏਜੰਟ', 'ਹੀਰੀ ਦਾ ਦੁਖਾਂਤ' ਤੇ 'ਉਹ ਕੌਣ ਸੀ' ਨਾਮਕ ਕਹਾਣੀਆਂ ਦੀ ਕਾਇਆ ਨੂੰ ਔਰਤ-ਮਰਦ ਸੰਬੰਧਾਂ ਦੀਆਂ ਕਲਾਤਮਕ ਛੋਹਾਂ ਦੇ ਦੇ ਕੇ ਸ਼ਿੰਗਾਰਿਆ ਹੈ। 'ਉਹ ਕੌਣ ਸੀ' ਕਹਾਣੀ ਵਿਚ ਯਾਸਮੀਨ ਨਾਂ ਦੀ ਇਕ ਨੌਜਵਾਨ ਖੂਬਸੂਰਤ ਲੜਕੀ ਕਸ਼ਮੀਰ ਘਾਟੀ ਦੀ ਖੂਬਸੂਰਤ ਵਾਦੀ ਵਿਚ ਸੱਤ ਨੌਜਵਾਨ ਆਦਮੀਆਂ ਦੇ ਨਾਲ ਟਾਟਾ ਸੂਮੋ ਗੱਡੀ ਵਿਚ ਗੁਲਮਰਗ ਤੋਂ ਸ੍ਰੀਨਗਰ ਤਕ ਦੀ ਯਾਤਰਾ ਕਰਦੀ ਹੈ। ਸਾਰੀ ਕਹਾਣੀ ਵਿਚ ਯਾਸਮੀਨ ਰਹੱਸ ਦੀ ਪਾਤਰ ਬਣੀ ਰਹਿੰਦੀ ਹੈ ਕਿ ਕੀ ਉਹ ਕਸ਼ਮੀਰੀ ਅੱਤਵਾਦੀਆਂ ਦੇ ਕਿਸੇ ਗਰੋਹ ਦੀ ਮੈਂਬਰ ਹੈ? ਸਹਿਮ ਦੇ ਸਾਏ ਹੇਠ ਕਸ਼ਮੀਰ ਦੀ ਸੈਰ ਕਰਦੇ ਇਹਨਾਂ ਨੌਜਵਾਨਾਂ ਨੂੰ ਜਾਪਦਾ ਹੈ ਕਿ ਕਸ਼ਮੀਰ ਘਾਟੀ ਵਿਚ ਚੱਪੇ-ਚੱਪੇ ਉੱਤੇ ਸੁਰੱਖਿਆ ਕਰਮੀਆਂ ਦੀ ਤਾਇਨਾਤੀ ਕਸ਼ਮੀਰ ਘਾਟੀ ਵਿਚ ਅਸੁਰੱਖਿਆ ਦਾ ਭਰਮ ਸਿਰਜਦੀ ਹੈ। ਘਾਟੀ ਵਿਚ ਯਾਸਮੀਨ ਵਰਗੀ ਖੂਬਸੂਰਤ ਨੌਜਵਾਨ ਕੁੜੀ ਦਾ ਇਕੱਲਿਆਂ ਹੀ

ਆਪਣੇ ਘਰ ਨੂੰ ਜਾਣ ਵਾਲਾ ਬਿਰਤਾਂਤ ਅਜਿਹੇ ਭਰਮ ਨੂੰ ਤੋੜਨ ਦਾ ਸੰਕੇਤ ਹੈ। ਇਹ ਸੰਕੇਤ ਇਸ ਵਿਚਾਰ ਦੀ ਪੁਸ਼ਟੀ ਹੈ ਕਿ ਸੱਤਾ ਹਥਿਆਉਣ ਲਈ ਦੇਸ਼ ਦੇ ਹੁਕਮਰਾਨ ਕਿਵੇਂ ਦੇਸ਼ ਅੰਦਰ ਦਹਿਸ਼ਤਗਰਦੀ ਦਾ ਮਾਹੌਲ ਪੈਦਾ ਕਰਦੇ ਹਨ।'ਹੀਰੀ ਦਾ ਦੁਖਾਂਤ' ਨਾਮਕ ਕਹਾਣੀ ਇਹ ਵਿਵੇਕ ਉਸਾਰਦੀ ਹੈ ਕਿ ਤਕਨਾਲੋਜੀ ਦੇ ਮਾੜੇ ਪ੍ਰਭਾਵ ਕਬੂਲ ਕੇ ਪਿੰਡਾਂ ਦੇ ਨੌਜਵਾਨ ਮੁੰਡੇ-ਕੁੜੀਆਂ ਭੈਣ-ਭਰਾ ਦੇ ਰਿਸ਼ਤੇ ਦੀ ਪ੍ਰਵਾਹ ਕੀਤੇ ਬਿਨਾਂ ਹੀ ਇਕ ਦੂਸਰੇ ਨਾਲ ਪ੍ਰੇਮ ਸੰਬੰਧ ਬਣਾਉਣ ਲੱਗ ਪਏ ਹਨ। ਅਜਿਹੇ ਸੰਬੰਧਾਂ ਉਪਰੰਤ ਵਿਆਹ ਕਰਵਾ ਕੇ ਉਸੇ ਹੀ ਪਿੰਡ ਲਈ ਸਭਿਆਚਾਰਕ ਸੰਕਟ ਖੜ੍ਹਾ ਕਰ ਦਿੰਦੇ ਹਨ। ਕੀ ਅਜਿਹੇ ਸੰਕਟ ਦਾ ਹੱਲ ਹੀਰੀ ਦੇ ਕਤਲ ਨਾਲ ਸੰਭਵ ਹੈ? ਮਲਟੀ ਨੈਸ਼ਨਲ ਕੰਪਨੀਆਂ ਨੂੰ ਬੀਮਾ ਏਜੰਟਾਂ ਦੀ ਲੋੜ ਹੈ। ਤੇ ਬੀਮਾ ਏਜੰਟਾਂ ਨੂੰ ਬੀਮਾ ਕਰਨ ਲਈ ਨਵੇਂ ਨਵੇਂ ਕੇਸਾਂ ਦੀ ਲੋੜ ਹੈ। ਇਸ ਕਹਾਣੀ ਦਾ ਸਤੀਸ਼ ਨਾਮੀ ਪਾਤਰ ਮੈਂ-ਪਾਤਰ ਦੀ ਨਿਗਾਹ'ਚ ਵਿਚਾਰਾ ਜਿਹਾ ਹੈ। ਕਾਰਨ ਇਸਦਾ ਕਹਾਣੀਕਾਰ ਨੇ ਸਤੀਸ਼ ਦੀ ਪਤਨੀ ਤੇ ਮੈਂ-ਪਾਤਰ ਦੇ ਪ੍ਰੇਮ-ਸੰਬੰਧਾਂ ਨੂੰ ਬਣਾਇਆ ਹੈ। ਸਮਾਜ ਵਿਚ ਕਾਰਜਸ਼ੀਲ ਔਰਤ-ਮਰਦ ਸੰਬੰਧਾਂ ਦੀ ਅਜਿਹੀ ਲੁਕਵੀਂ ਪਰਤ ਨੂੰ ਸੂਰੇਵਾਲੀਆ ਨੇ ਕਹਾਣੀ ਵਿਚ ਸਾਕਾਰ ਕਰ ਕੇ ਲੁਕੀ ਨਹੀਂ ਰਹਿਣ ਦਿੱਤਾ। ਪੰਜਾਬੀਆਂ ਦੀ ਵਿਦੇਸ਼ਾਂ 'ਚ ਜਾਣ ਦੀ ਲੱਗੀ ਦੌੜ ਦੇ ਪ੍ਰਸੰਗ 'ਚ ਪੰਜਾਬੀ ਸਮਾਜ ਵਿਚ 'ਨਕਲੀ ਵਿਆਹ' ਕਰਾਉਣ ਦੀ ਪ੍ਰਚੱਲਤ ਹੋ ਰਹੀ ਰੀਤ ਨੂੰ 'ਇਹ ਤਾਂ ਡਰਾਮਾ ਹੀ ਸੀ' ਵਿਚ ਬੜੇ ਹੀ ਮਾਰਮਿਕ ਢੰਗ ਨਾਲ ਪੇਸ਼ ਕੀਤਾ ਹੈ।'ਬਾਪ' ਕਹਾਣੀ ਵੀ ਵਿਦੇਸ਼ਾਂ ਨੂੰ ਜਾਣ ਵਾਲੇ ਨੌਜਵਾਨਾਂ ਦੀ ਮਾਨਸਿਕਤਾ ਨੂੰ ਦੇਸ਼ ਦੇ ਰਾਜਸੀ ਤੇ ਆਰਥਿਕ ਤੰਤਰਾਂ ਦੇ ਸੰਦਰਭਾਂ ਵਿਚ ਪਛਾਣਦੀ ਹੈ।

ਪੰਜਾਬ ਦੀ ਜੱਟ ਮਾਨਸਿਕਤਾ ਨੂੰ ਪੇਸ਼ ਕਰਨ ਵਾਲੀਆਂ ਤਿੰਨ ਧਿਰਾਂ 'ਸਾਨੂੰ ਰੱਬ ਨੇ ਬਣਾਇਆ' ਨਾਂ ਦੀ ਕਹਾਣੀ 'ਚੋਂ ਲੱਭਦੀਆਂ ਹਨ। ਇਕ, ਛੋਟੀ ਧਿਰ ਦੀ ਪ੍ਰਤੀਨਿਧਤਾ ਗੁਰਜੀਤ, ਪੀਤੂ, ਮੋਹਨਾ ਆਦਿ ਪਾਤਰ ਕਰਦੇ ਹਨ ਤੇ ਵੱਡੀ ਧਿਰ ਦੀ ਚੀਨਿਆਂ ਦਾ ਬੀਰਦਵਿੰਦਰ। ਤੀਸਰੀ ਧਿਰ ਸ਼ਹਿਰ 'ਚ ਰਹਿਣ ਵਾਲੇ ਮੈਂ-ਪਾਤਰ ਦੀ ਵੀ ਹੈ। ਇਹ ਤਿੰਨੇ ਧਿਰਾਂ ਪਰਤਾਂ ਵਿਚ ਵੰਡੇ ਜੱਟ-ਸਮਾਜ ਦੀ ਸਮਝ ਪ੍ਰਦਾਨ ਕਰਦੀਆਂ ਹਨ। ਕਹਾਣੀ 'ਮੁਸ਼ਕੀਆਂ ਜੁਰਾਬਾਂ' ਵਿਚ ਵੀ ਜੱਟਾਂ ਦੀ ਮਾਨਸਿਕਤਾ ਵੇਖਣ ਨੂੰ ਮਿਲਦੀ ਹੈ। ਇਕ, ਮਾਸਟਰ ਬਰਾੜ ਦੀ ਮਾਨਸਿਕਤਾ ਹੈ ਜੋ ਦਲਿਤ ਵਰਗ ਦੇ ਮਾਸਟਰ ਚਰਨ ਦਾਸ ਨਾਲ ਖਾਰ ਨਹੀਂ ਖਾਂਦੀ। ਦੂਸਰੀ, ਮਾਸਟਰ ਗਿੱਲ ਦੀ ਹੈ ਜੋ ਚਰਨ ਦਾਸ ਨੂੰ ਵੇਖ ਕੇ ਰਾਜ਼ੀ ਨਹੀਂ ਹੈ। ਮਨੁੱਖੀ ਸੁਭਾਅ ਦੇ ਤਕਾਜ਼ੇ ਮੁਤਾਬਕ ਮਾਸਟਰ ਚਰਨ ਦਾਸ ਮਾਸਟਰ ਬਰਾੜ ਨਾਲ ਨਰਮਾਈ ਨਾਲ ਪੇਸ਼ ਆਉਂਦਾ ਹੈ ਤੇ ਮਾਸਟਰ ਗਿੱਲ ਨਾਲ ਤੰਗਦਿਲੀ ਨਾਲ। ਜਦੋਂ ਮਾਸਟਰ ਗਿੱਲ ਦੀ ਤੰਗਦਿਲੀ ਤੇ ਮਾਸਟਰ ਚਰਨ ਦਾਸ ਦੀ ਤੰਗਦਿਲੀ ਆਪਸ ਵਿਚ ਭਿੜਦੀਆਂ ਹਨ ਤਾਂ ਪੰਜਾਬੀ ਸਮਾਜ ਵਿਚਲੇ ਜਾਤੀ ਅਭਿਮਾਨ ਦੀਆਂ ਦੋ ਸੁਰਾਂ (ਜੱਟ ਤੇ ਚਮਾਰ) ਤਿੱਖੀਆਂ ਹੋ ਜਾਂਦੀਆਂ ਹਨ। ਜਾਤੀ ਅਭਿਮਾਨ ਤੋਂ ਰਹਿਤ ਇਕ ਸੁਰ ਮਾਸਟਰ ਬਰਾੜ ਦੀ ਵੀ ਹੈ ਜੋ ਜਾਤੀ ਰਹਿਤ ਸਮਾਜ ਦਾ ਅਹਿਸਾਸ ਕਰਵਾਉਂਦੀ ਹੈ। ਇੰਝ ਇਸ ਸੰਗ੍ਰਹਿ ਵਿਚ ਜਾਗਦੇ ਅਹਿਸਾਸਾਂ ਵਾਲੇ ਵਿਅਕਤੀਆਂ ਦੇ ਦਰਸ਼ਨ ਵੀ ਹੁੰਦੇ ਹਨ। **–ਚੰਦਰ ਮੋਹਨ**

## ਯੁਗੇ ਯੁਗੇ ਨਾਰੀ (ਵਾਰਤਕ) ਕਰਮਜੀਤ ਕੌਰ ਕਿਸ਼ਾਂਵਲ

ਕਰਮਜੀਤ ਕੌਰ ਕਿਸ਼ਾਂਵਲ ਸਮਕਾਲੀ ਪੰਜਾਬੀ ਕਵਿਤਾ ਵਿਚ ਉਭਰਵਾਂ ਨਾਂ ਹੈ, ਜੋ ਹੁਣ ਤਕ ਦੋ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੀ ਹੈ।'ਯੁਗੇ ਯੁਗੇ ਨਾਰੀ'(ਪੰਨੇ 88, ਮੁੱਲ 220 ਰੁਪਏ, ਗੋਸਲ ਪ੍ਰਕਾਸ਼ਨ, ਲੁਧਿਆਣਾ) ਉਸਦੀ ਪਲੇਠੀ ਵਾਰਤਕ ਪੁਸਤਕ ਹੈ, ਜਿਸ ਵਿਚਲੀ ਸਾਰੀ ਹੀ ਸਮੱਗਰੀ ਨਾਰੀ ਕੇਂਦਰਤ ਹੈ। ਨਾਰੀ ਆਪਣੀ ਵੱਖਰੀ ਜੀਵ-ਵਿਗਿਆਨਕ ਹੋਂਦ ਕਾਰਨ ਮਰਦ ਦੇ ਅਧੀਨ ਰਹੀ ਹੈ। ਪੁਸਤਕ ਇਸ ਆਸ਼ੇ ਨਾਲ ਲਿਖੀ ਗਈ ਹੈ ਕਿ ਨਾਰੀ



ਪ੍ਰਤਿ ਸਮਾਜ ਦੀ ਯੁਗਾਂ ਪੁਰਾਣੀ ਮਾਨਸਿਕਤਾ ਨੂੰ ਬਦਲਿਆ ਜਾਣਾ ਚਾਹੀਦਾ ਹੈ। ਲੇਖਿਕਾ ਅਨੁਸਾਰ ਨਾਰੀ ਸਮਾਜ ਦੇ ਮਸਲੇ ਸਿਰਫ ਨਾਰੀ ਦੇ ਸੰਘਰਸ਼ ਦੇ ਰਾਹ ਉੱਤੇ ਤੁਰ ਕੇ ਅਤੇ ਨਰ-ਵਿਰੋਧੀ ਰਵੱਈਆ ਅਪਨਾ ਕੇ ਹੱਲ ਨਹੀਂ ਹੋ ਸਕਦੇ, ਬਲਕਿ ਉਸਦੀ ਇਹ ਪੁਸਤਕ ਤਾਂ ਨਰ ਤੇ ਨਾਰੀ ਦੇ ਸਿਹਤਮੰਦ ਸੰਵਾਦ ਦੀ ਲੋੜ ਨੂੰ ਪੁਸ਼ਟ ਕਰਦੀ ਹੈ।

ਪੁਸਤਕ ਵਿਚ ਦਸ ਲੇਖ ਸ਼ਾਮਲ ਕੀਤੇ ਗਏ ਹਨ।'ਵਸਤੂ ਅਰਥਾਂ ਤਕ ਸਿਮਟੀ ਨਾਰੀ -ਹੋਂਦ' ਅਤੇ 'ਪੈਰ ਕੰਡਿਆਂ ਤੇ ਵੀ ਨੱਚਦੇ ਰਹੇ' ਲੇਖਾਂ ਵਿਚ ਭਾਰਤੀ ਸਾਹਿਤ, ਸਮਾਜ ਤੇ ਸਭਿਆਚਾਰ ਦੇ ਇਤਿਹਾਸ ਵਿਚੋਂ ਮਿਲਣ ਵਾਲੇ ਨਾਰੀ ਗੁਲਾਮੀ ਦੇ ਅਣਗਿਣਤ ਹਵਾਲਿਆਂ ਦਾ ਜ਼ਿਕਰ ਕੀਤਾ ਗਿਆ ਹੈ।ਜਿਨ੍ਹਾਂ ਵਿਚ ਪਰਿਵਾਰਕ ਤੇ ਸਮਾਜਕ ਪੱਖੋਂ ਨਾਰੀ ਦੀ ਸਥਿਤੀ ਸਿੱਖਿਆ ਤੋਂ ਵਾਂਝੀ ਅਤੇ ਨਰ ਦੇ ਅਧੀਨਗੀ ਵਾਲੀ ਰਹੀ ਹੈ। ਨਾਰੀ ਦੀ ਲਿੰਗਕ ਆਧਾਰ 'ਤੇ ਪਛਾਣ ਲਈ ਵਰਤਿਆ ਗਿਆ ਸ਼ਬਦ ਫਾਰਸੀ ਮੂਲ ਦਾ ਸ਼ਬਦ'ਔਰਤ' ਵੀ ਆਪਣੇ ਆਪ ਵਿਚ ਨੀਚਤਾ ਤੇ ਕਮਜ਼ੋਰੀ ਦਾ ਪ੍ਰਤੀਕ ਹੈ।ਇਹ ਸ਼ਬਦ 'ਅਵਰਾਹ'ਤੋਂ ਬਣਿਆ ਹੈ।'ਅਵਰਾਹ' ਉਹ ਸਥਾਨ ਹੁੰਦਾ ਹੈ ਜਿਸਨੂੰ ਕੋਈ ਕੰਧ ਨਹੀਂ ਹੁੰਦੀ; ਉਸ ਉੱਪਰ ਕੋਈ ਵੀ ਕਬਜ਼ਾ ਕਰ ਸਕਦਾ ਹੈ।ਇਸ ਪ੍ਰਕਾਰ 'ਔਰਤ' ਸ਼ਬਦ ਵਿਚ ਵਸਤੂ ਜਾਂ ਜਾਇਦਾਦ ਦੇ ਅਰਥ ਸਮਾਏ ਹੋਏ ਹਨ। ਤਥਾ-ਕਥਿਤ 'ਸਤਿਯੁਗ' ਵਿਚ ਨਾਰੀ ਨੂੰ ਜਾਇਦਾਦ ਸਮਝਿਆ ਜਾਂਦਾ ਸੀ ਤੇ ਉਸ ਨਾਲ ਵਿਤਕਰਾ ਤੇ ਸ਼ੋਸ਼ਣ ਹੁੰਦਾ ਸੀ। ਰਮਾਇਣ, ਮਹਾਂਭਾਰਤ, ਪੁਰਾਣ ਤੇ ਸਿਮ੍ਰਿਤੀਆਂ, ਨਾਰੀ ਨੂੰ ਸੁਤੰਤਰ ਵਿਅਕਤੀ ਦੇ ਰੂਪ ਵਿਚ ਮਾਨਤਾ ਨਹੀਂ ਦਿੰਦੇ। ਨਾਰੀ ਦੇ ਰੂਪ ਵਿਚ ਸੀਤਾ ਨੂੰ ਅਗਨੀ ਪਰੀਖਿਆ ਦੇਣੀ ਪੈਂਦੀ ਹੈ, ਦਰੋਪਤੀ ਨੂੰ ਵਸਤੂ ਦੇ ਰੂਪ ਵਿਚ ਜੁਏ ਵਿਚ ਦਾਅ 'ਤੇ ਲਗਾਇਆ ਜਾਂਦਾ ਹੈ, ਅਹੱਲਿਆ ਨਾਲ ਇੰਦਰ ਛਲ ਕਰਦਾ ਹੈ ਤੇ ਬਦਲੇ ਵਿਚ ਉਸਨੂੰ ਆਪਣੇ ਪਤੀ ਦੇ ਸਰਾਪ ਦੀ ਸਜ਼ਾ ਭੋਗਣੀ ਪੈਂਦੀ ਹੈ। ਆਰੀਅਨ ਕਾਲ ਵਿਚ ਨਾਰੀ ਦੀ ਸਥਿਤੀ ਗੁਲਾਮਾਂ ਵਾਲੀ ਸੀ, ਜਿੱਥੇ ਉਹ ਪੜ੍ਹਨ-ਲਿਖਣ, ਨਿੱਜੀ ਆਜ਼ਾਦੀ ਅਤੇ ਮੌਲਿਕ ਅਧਿਕਾਰਾਂ ਤੋਂ ਵਾਂਝੀ ਸੀ। ਨਾਰੀ ਨੂੰ ਗੁਲਾਮ ਬਣਾਉਣ ਲਈ 'ਮਨੂੰ ਸਿਮਰਤੀ' ਦਾ ਵੀ ਚੋਖਾ ਪ੍ਰਭਾਵ ਰਿਹਾ ਹੈ। ਚੰਦਰਗੁਪਤ ਮੋਰੀਆ ਦੇ ਰਾਜ, ਜਿਸਨੂੰ 'ਸੁਨਹਿਰੀ ਯੁਗ' ਵੀ ਕਿਹਾ ਜਾਂਦਾ ਹੈ, ਵਿਚ ਵੀ ਨਾਰੀ ਦੀ ਸਥਿਤੀ ਨਰ ਤੋਂ ਦੂਜੈਲੀ ਥਾਂ ਵਾਲੀ ਤੇ ਗੁਲਾਮਾਂ ਵਰਗੀ ਰਹੀ ਹੈ। ਜੈਨ ਤੇ ਬੁੱਧ ਧਰਮ ਵੱਲੋਂ ਨਾਰੀ ਦੇ ਮਾਂ ਰੂਪ,ਪਤੀਤਵ ਧਰਮ ਅਤੇ ਸਤੀਤਵ ਧਰਮ ਉੱਪਰ ਬਲ ਦਿੱਤਾ ਗਿਆ ਹੈ। ਪਰ ਇਹਨਾਂ ਧਰਮਾਂ ਵਿਚ ਵੀ ਨਾਰੀ ਨੂੰ ਕਾਮ-ਵਾਸ਼ਨਾ ਦਾ ਕੇਂਦਰ ਮੰਨ ਕੇ ਇਸਨੂੰ ਤਿਆਗਣ ਦਾ ਉਪਦੇਸ਼ ਦਿੱਤਾ ਗਿਆ ਹੈ। ਸਿੱਖ ਧਰਮ ਦੇ ਪ੍ਰਵੇਸ਼ ਨਾਲ ਨਾਰੀ ਦੀ ਦਸ਼ਾ ਅਤੇ ਮਰਦ ਬਰਾਬਰ ਸਥਿਤੀ ਦੇ ਮਹੱਤਵ ਨੂੰ ਪਛਾਣਿਆ ਗਿਆ। ਨਾਰੀ ਚਿੰਤਨ, ਜਾਗ੍ਰਿਤੀ, ਬਰਾਬਰੀ ਤੇ ਸੁਤੰਤਰਤਾ ਦੀ ਗੱਲ ਗੁਰਮਤਿ ਕਾਵਿ ਰਾਹੀਂ ਤੁਰੀ। ਗੁਰਬਾਣੀ ਵਿਚ ਗ੍ਰਿਹਸਥ ਜੀਵਨ ਦੀ ਮਹਾਨਤਾ ਨੂੰ ਦ੍ਰਿੜ ਕਰਵਾਇਆ ਗਿਆ।

ਮੁਗ਼ਲ ਕਾਲ ਵੇਲੇ ਵੀ ਨਾਰੀ 'ਤੇ ਹਰ ਤਰ੍ਹਾਂ ਦੀਆਂ ਪਾਬੰਦੀਆਂ ਸਨ। 'ਇਸਲਾਮੀ ਮੁਲਕਾਂ ਵਿਚ ਨਾਰੀ' ਨਾਂ ਦੇ ਲੇਖ ਵਿਚ ਪਾਕਿਸਤਾਨ, ਬੰਗਲਾਦੇਸ਼, ਅਫ਼ਗ਼ਾਨਿਸਤਾਨ, ਸਊਦੀ ਅਰਬ, ਇਰਾਨ ਤੇ ਇਰਾਕ ਜਿਹੇ ਇਸਲਾਮੀ ਮੁਲਕਾਂ ਵਿਚ ਨਾਰੀ ਦੀ ਅੱਜੋਕੀ ਸਥਿਤੀ ਸੰਬੰਧੀ ਜਾਣਕਾਰੀ ਭਰਪੂਰ ਵੇਰਵੇ ਮਿਲਦੇ ਹਨ, ਜਿਹਨਾਂ ਤੋਂ ਪਤਾ ਚੱਲਦਾ ਹੈ ਕਿ ਇਹਨਾਂ ਮੁਲਕਾਂ ਵਿਚ ਨਾਰੀ ਹਾਸ਼ੀਏ 'ਤੇ ਹੀ ਰਹੀ ਹੈ। ਧਰਮ, ਸਮਾਜ, ਸਭਿਆਚਾਰ ਤੇ ਰਾਜ ਦੇ ਕਾਨੂੰਨ ਤੇ ਰਵਾਇਤਾਂ ਨਾਰੀ ਨਾਲ ਪੱਖਪਾਤ ਕਰਦੇ ਆਏ ਹਨ ਅਤੇ ਉਹ ਮਾਨਸਿਕ ਤੇ ਸਰੀਰਕ ਦਮਨ ਦਾ ਸ਼ਿਕਾਰ ਹੋ ਕੇ ਗੁਲਾਮੀ ਭਰਿਆ ਜੀਵਨ ਜਿਉਂਦੀ ਆ ਰਹੀ ਹੈ। ਸਮਾਜ ਦੇ ਇਤਿਹਾਸਕ ਵਿਕਾਸ ਦੀ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਚੱਲਦਾ ਹੈ ਕਿ ਸਾਮੰਤਵਾਦੀ ਦੌਰ ਵਿਚ ਨਾਰੀ ਦਾ ਉਤਪਾਦਨ ਸਾਧਨਾਂ ਉੱਪਰ ਕੋਈ ਅਧਿਕਾਰ ਨਾ ਹੋਣ ਕਰਕੇ ਉਹ ਮਹਿਜ਼ ਭੋਗ-ਵਿਲਾਸ ਦੀ ਵਸਤੂ ਬਣ ਕੇ ਘਰ ਦੀ

ਚਾਰਦੀਵਾਰੀ ਤਕ ਸੀਮਤ ਰਹਿ ਗਈ ਹੈ। ਪਰ ਪੂੰਜੀਵਾਦ ਨੇ ਨਾਰੀ ਅੰਦਰ ਬਰਾਬਰੀ, ਆਜ਼ਾਦੀ ਅਤੇ ਮਾਨਵੀ ਅਧਿਕਾਰਾਂ ਦੀ ਪੂਰਤੀ ਦੀ ਇੱਛਾ ਜਗਾਈ ਅਤੇ ਇਹਨਾਂ ਦੀ ਪ੍ਰਾਪਤੀ ਲਈ ਨਾਰੀ ਵਾਸਤੇ ਸੰਘਰਸ਼ ਦੇ ਰਾਹ ਵੀ ਖੋਲ੍ਹੇ, ਜਿਸ ਕਰਕੇ ਉਹ ਮਨੁੱਖੀ ਸਮਾਜ ਦੀ ਸਿਰਜਣਾ ਤੇ ਵਿਕਾਸ ਵਿਚ ਹਿੱਸਾ ਪਾਉਣ ਦੇ ਯੋਗ ਹੋ ਗਈ। ਪਰ ਅਜਿਹੇ ਸਮਾਜ ਵਿਚ ਵੀ ਉਹ ਪੂਰੀ ਸੁਰੱਖਿਅਤ ਨਹੀਂ ਹੈ। ਇਸ ਦਾ ਇਕ ਵੇਰਵਾ 'ਜਿਉਂਦੀ ਲਾਸ਼ ਦੀ ਕਥਾ' ਵਾਲੇ ਲੇਖ ਵਿਚੋਂ ਅਰੁਣਾ ਰਾਮਚੰਦਰਨ-ਸ਼ਾਨਬਾਗ ਦੀ ਜ਼ਿੰਦਗੀ ਵਿਚ ਵਾਪਰੀ ਦਰਦਨਾਕ ਘਟਨਾ ਤੋਂ ਮਿਲਦਾ ਹੈ।

ਵਿਸ਼ਵ ਵਿਚ ਨਾਰੀ ਉੱਤੇ ਹੁੰਦੇ ਨਿਵੇਕਲੀ ਤਰ੍ਹਾਂ ਦੇ ਸਰੀਰਕ ਤਸ਼ੱਦਦਾਂ ਬਾਰੇ ਭਾਵਪੂਰਤ ਤੱਥਾਤਮਕ ਜਾਣਕਾਰੀ ਦੇਣ ਵਾਲੇ ਦੋ ਲੇਖ ਹਨ: ਪਹਿਲਾ,'ਖਤਨਾ: ਇਕ ਅਮਾਨਵੀ ਵਰਤਾਰਾ' ਅਤੇ ਦੂਸਰਾ, 'ਕੌਲ ਫੁੱਲਾਂ ਜਿਹੇ ਪੈਰ'। ਪਹਿਲੇ ਲੇਖ ਵਿਚ 'ਖਤਨਾ' ਭਾਵ ਨਾਰੀ 'ਜਣਨ ਅੰਗ ਛੇਦਣ' ਜਿਸਨੂੰ ਨਾਰੀ ਦੀ ਸੁੰਨਤ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਬਾਰੇ ਜਾਣਕਾਰੀ ਮਿਲਦੀ ਹੈ। ਇਹ ਅਮਾਨਵੀ ਵਰਤਾਰਾ ਜ਼ਿਆਦਾਤਰ ਅਫਰੀਕਾ, ਏਸ਼ੀਆ ਅਤੇ ਮੱਧ ਪੂਰਬ ਵਿਚ ਮਿਲਦਾ ਹੈ। ਭਾਰਤ ਵੀ ਇਸ ਜ਼ਾਲਮ ਪ੍ਰਥਾ ਤੋਂ ਬਚ ਨਹੀਂ ਸਕਿਆ। ਮੁੰਬਈ ਮਹਾਂਨਗਰ ਵਿਚ ਵਸਦੀਆਂ 'ਬੋਹਰਾ' ਅਤੇ 'ਸ਼ੀਆ' ਜਾਤੀਆਂ ਵਿਚ ਇਹ ਪ੍ਰਥਾ ਵੇਖਣ ਨੂੰ ਮਿਲਦੀ ਹੈ। ਇਸ ਖਿਲਾਫ ਇਨ੍ਹਾਂ ਜਾਤੀ ਦੀਆਂ ਔਰਤਾਂ ਨੇ ਆਵਾਜ਼ ਵੀ ਉਠਾਈ ਹੈ। ਦੂਸਰੇ ਲੇਖ ਵਿਚ ਚੀਨ ਵਿਚ ਪੈਰ ਬੰਨ੍ਹਣ ਵਾਲੀ ਇਕ ਹੋਰ ਅਮਾਨਵੀ ਪ੍ਰਥਾ ਦਾ ਜ਼ਿਕਰ ਮਿਲਦਾ ਹੈ। ਇਸ ਅਮਾਨਵੀ ਪ੍ਰਥਾ ਅਨੁਸਾਰ ਨੌਜਵਾਨ ਕੁੜੀਆਂ ਦੇ ਪੈਰਾਂ ਦੀ ਸ਼ਕਲ ਅਤੇ ਆਕਾਰ ਨੂੰ ਸੁੰਦਰ ਬਣਾਉਣ ਲਈ ਉਹਨਾਂ ਨੂੰ ਬਹੁਤ ਕੱਸ ਕੇ ਬੰਨ੍ਹ ਦਿੱਤਾ ਜਾਂਦਾ ਸੀ, ਜਿਸ ਕਾਰਨ ਜ਼ਿਆਦਾਤਰ ਕੁੜੀਆਂ ਉਮਰ ਭਰ ਲਈ ਅਪਾਹਜ ਹੋ ਜਾਂਦੀਆ ਸਨ।

ਉਂਝ ਤਾਂ ਪੁਰਾਤਨ ਸਮਿਆਂ ਤੋਂ ਹੀ ਦੇਹ ਵਪਾਰ ਵਰਗਾ ਘਿਨਾਉਣਾ ਵਰਤਾਰਾ 'ਦੇਵਦਾਸੀ ਪ੍ਰਥਾ' ਦੇ ਰੂਪ ਵਿਚ ਭਾਰਤੀ ਸਮਾਜ ਦਾ ਹਿੱਸਾ ਰਿਹਾ ਹੈ। ਪਰ ਸਰਮਾਏਦਾਰੀ ਪ੍ਰਬੰਧ ਦੇ ਆਉਣ ਨਾਲ ਦੇਹ ਵਪਾਰ ਵਿਆਪਕ ਤੇ ਪ੍ਰਤੱਖ ਰੂਪ 'ਚ ਸਾਹਮਣੇ ਆਇਆ ਹੈ ਜਿਸ ਬਾਰੇ ਜਾਣਕਾਰੀ 'ਮੈਂ ਦਰਦ ਕਹਾਣੀ ਰਾਤਾਂ ਦੀ' ਲੇਖ ਵਿਚੋਂ ਮਿਲਦੀ ਹੈ। ਭਾਰਤ ਦੇ ਵੱਡੇ ਸ਼ਹਿਰਾਂ ਵਿਚ ਤੇਜ਼ੀ ਨਾਲ ਹੋਂਦ ਵਿਚ ਆਏ ਦੇਹ ਵਪਾਰ ਦੇ ਅੱਡਿਆਂ ਬਾਰੇ ਜੋ ਤੱਥ ਇਸ ਲੇਖ ਰਾਹੀਂ ਪੇਸ਼ ਹੋਏ ਹਨ, ਉਹ ਬਹੁਤ ਹੀ ਹੈਰਾਨੀਜਨਕ ਤੇ ਚਿੰਤਾਜਨਕ ਹਨ। 'ਡੇਰਾਵਾਦ ਤੇ ਨਾਰੀ' ਲੇਖ ਨਾ ਸਿਰਫ ਪੰਜਾਬ ਵਿਚ ਡੇਰਾਵਾਦ ਤੇ ਇਸਦੀ ਕਾਰਜ-ਸ਼ੈਲੀ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ, ਸਗੋਂ ਅਜਿਹੇ ਅਨੇਕਾਂ ਕਾਰਨਾਂ ਦੀ ਸੋਝੀ ਵੀ ਕਰਵਾਉਂਦਾ ਹੈ ਕਿ ਡੇਰਿਆਂ ਵਿਚ ਹੋ ਰਹੇ ਨਾਰੀ ਦੇ ਸਰੀਰਕ ਸ਼ੋਸ਼ਣ ਦੇ ਬਾਵਜੂਦ ਨਾਰੀ ਅਜਿਹੇ ਡੇਰਿਆਂ ਉੱਤੇ ਜਾਣ ਵੱਲ ਰੁਚਿਤ ਕਿਉਂ ਰਹਿੰਦੀ ਹੈ। 'ਵਿਚ ਬਾਜ਼ਾਰੀਂ ਵਿਕਦੀ ਨਾਰੀ' ਨਾਮਕ ਲੇਖ ਵਿਚ ਸੰਸਾਰੀਕਰਨ ਦੇ ਅੱਜੋਕੇ ਯੁੱਗ ਵਿਚ ਕਾਰਪੋਰੇਟ ਜਗਤ ਦੁਆਰਾ ਆਪਣੀਆਂ ਵਸਤਾਂ ਤੇ ਗਾਹਕਾਂ ਨੂੰ ਲੁਭਾਉਣ ਲਈ ਨਾਰੀ ਦੇਹ ਦੀ ਕੀਤੀ ਜਾਂਦੀ ਵਰਤੋਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਲੇਖ ਵਿਚ ਨਾਰੀ ਨੂੰ ਉਪਭੋਗਤਾਵਾਦੀ ਸਭਿਆਚਾਰ ਵੱਲੋਂ ਉਸ ਵਿਰੁੱਧ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਬਾਰੇ ਸੁਚੇਤ ਕੀਤਾ ਗਿਆ ਹੈ ਅਤੇ ਉਸਨੂੰ ਆਪਣੀ ਸੋਚ ਨੂੰ ਤੀਖਣ ਕਰਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਸਾਮੰਤਵਾਦੀ ਦਿੱਖ ਤੇ ਵਿਸ਼ਵੀਕਰਨ ਦੇ ਵਰਤਾਰਿਆਂ ਨਾਲ ਜੂਝਣ ਵਾਲੀ ਨਾਰੀ ਦਾ ਕਲਾਤਮਕ ਬਿੰਬ 'ਕਵਿਤਾ ਦੇ ਪਰਾਂ 'ਤੇ ਉੱਡਦੀ ਨਾਰੀ' ਲੇਖ ਵਿਚ ਪੇਸ਼ ਕੀਤਾ ਗਿਆ ਹੈ।

ਯੁਗਾਂ ਤੋਂ ਨਾਰੀ ਦੇ ਮਾਨਸਿਕ ਤੇ ਸਰੀਰਕ ਸ਼ੋਸ਼ਣ ਦੇ ਖਿਲਾਫ ਸਮਾਜ ਦੀ ਚੁੱਪ ਨੂੰ ਤੋੜਨ ਲਈ ਹੱਥਲੀ ਪੁਸਤਕ ਵਿਚ ਇਕ ਪੁਰਜ਼ੋਰ ਅਪੀਲ ਹੈ ਜੋ ਸਾਹਿਤ, ਸੰਵਾਦ ਤੇ ਅਮਲ ਰਾਹੀਂ ਸਮਾਜ ਨੂੰ ਜਾਗ੍ਰਿਤ ਕਰਨ ਦੀ ਲੋੜ ਉੱਤੇ ਜ਼ੋਰ ਦਿੰਦੀ ਹੈ। ਅਜਿਹੀ ਸਾਰਥਕ ਪਹੁੰਚ ਵਾਲੀ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ।

**-ਗੁਰਦੀਪ ਕੌਰ**



## ਮਾਨਸ ਕੀ ਜਾਤਿ (ਨਾਵਲ) ਸੁਰਿੰਦਰ ਸਿੰਘ ਨੇਕੀ

'ਮਾਨਸ ਕੀ ਜਾਤਿ' ਸੁਰਿੰਦਰ ਸਿੰਘ ਨੇਕੀ ਦੀ ਨੌਵੀਂ ਨਾਵਲ ਰਚਨਾ ਹੈ। ਇਸ ਤੋਂ ਪਹਿਲਾਂ ਉਹ 'ਚੰਨੀ' (1990) ਤੋਂ ਲੈ ਕੇ 'ਪੋਰਸ' (2014) ਤਕ ਅੱਠ ਕਿਰਤਾਂ ਪਾਠਕਾਂ ਦੀ ਕਚਹਿਰੀ 'ਚ ਭੇਜ ਚੁੱਕਾ ਹੈ। ਉਸਦੇ ਨਾਵਲਾਂ ਵਿਚ ਇਤਿਹਾਸਕ-ਸਮਾਜਕ ਵਿਸ਼ਿਆਂ ਦੀ ਵੰਨ-ਸੁਵੰਨਤਾ ਤੋਂ ਉਸਦੀ ਸਮਕਾਲੀ ਸਮਾਜ ਨੂੰ ਕਈ ਕੋਨਾਂ ਤੋਂ ਘੋਖਣ-ਨਾਪਣ ਦੀ ਉਤਸੁਕਤਾ ਦੀ ਨਿਸ਼ਾਨਦਹੀ ਵੀ ਹੁੰਦੀ ਹੈ ਅਤੇ ਉਸਦੇ ਸਿਰੜ-ਲਗਨ ਦੀ ਵੀ। ਇਹੀ ਸਿਰੜ ਉਸਨੂੰ ਹੱਥਲੀ ਕਿਰਤ 'ਮਾਨਸ ਕੀ ਜਾਤਿ (ਪੰਨੇ 104, ਮੁੱਲ 120 ਰੁਪਏ, 5ਆਬ ਪ੍ਰਕਾਸ਼ਨ, ਜਲੰਧਰ) ਵਿਚ ਮਨੁੱਖ ਦੇ ਜੀਵਨੀ ਵਿਹਾਰ ਦੇ ਇਕ ਅਹਿਮ ਵਰਤਾਰੇ, ਸ਼ਾਇਦ ਸਭ ਤੋਂ ਅਹਿਮ ਵਰਤਾਰੇ, ਜਿਸਨੂੰ ਸ਼ਾਦੀ- ਵਿਆਹ ਦੇ ਨਾਮਰਕਨ ਨਾਲ ਯਾਦ ਕੀਤਾ ਜਾਂਦਾ, ਤਕ ਅੱਪੜਦਾ ਕਰ ਲਿਆਈ ਹੈ।

ਸੁਰਿੰਦਰ ਸਿੰਘ ਨੇਕੀ ਦੀ ਚਾਹਤ ਹੈ ਕਿ ਇਸਤਰੀ ਮਰਦ ਦੇ ਜੋਬਨੀ ਮੇਲ-ਮਿਲਾਪ ਵਿਚ ਦੋਨਾਂ ਧਿਰਾਂ ਦੀ ਆਪਸੀ ਸਹਿਮਤੀ ਤੇ ਸੂਝ-ਬੂਝ ਤਾਂ ਭਾਗੀਦਾਰ ਹੋਣੀ ਹੀ ਚਾਹੀਦੀ ਹੈ, ਨਾਲ ਦੀ ਨਾਲ ਇਸ ਭਾਗੀਦਾਰੀ ਵਿਚ ਜਾਤ-ਪਾਤ, ਊਚ-ਨੀਚ, ਅਮੀਰੀ-ਗ਼ਰੀਬੀ ਵਰਗੇ ਤੱਤਾਂ ਦੀ ਦਖਲ ਅੰਦਾਜ਼ੀ ਬਿਲਕੁਲ ਵੀ ਨਹੀਂ ਹੋਣੀ ਚਾਹੀਦੀ। ਪਰ ਅੜਚਨ ਇਹ ਹੈ ਕਿ ਭਾਰਤੀ/ਪੰਜਾਬੀ ਸਮਾਜ ਅੰਦਰ ਕਈ ਤੱਤਾਂ, ਵਿਸ਼ੇਸ਼ ਕਰਕੇ ਧਾਰਮਿਕ ਗਿਣੇ ਜਾਂਦੇ ਤੱਤਾਂ ਵੱਲੋਂ ਪ੍ਰਚੱਲਤ ਕੀਤੀਆਂ ਤੇ ਹੁਣ ਤਕ ਮੌਜੂਦ ਬਨਾਵਟੀ ਪਰਤਾਂ ਨੇ ਨੇਕੀ ਦੀ ਚਾਹਤ ਨੂੰ ਇਕ ਤਰ੍ਹਾਂ ਨਾਲ ਵਿਚਲਤ ਕੀਤੀ ਰਖਿਆ ਹੈ। ਉਸਨੂੰ ਹਿਰਖ ਹੈ ਕਿ ਉਸਦੀ ਨਾਇਕਾ ਦੀਪੀ ਨੂੰ ਉਪਰੋਕਤ ਦੋਨੋਂ ਸੰਤਾਪ ਭੋਗਣੇ ਪੈ ਰਹੇ ਹਨ। ਇਕ ਤਾਂ ਉਸਦੀ ਸ਼ਾਦੀ ਸਮਾਜਕ ਰੁਤਬੇ ਨੂੰ ਧਿਆਨ ਵਿਚ ਰੱਖਦਿਆਂ, ਖਾਂਦੇ-ਪੀਂਦੇ ਘਰ ਦੇ ਇਕ ਐਬੀ-ਸ਼ਰਾਬੀ ਨਾਲ ਕਰ ਦਿੱਤੀ ਗਈ, ਜਿਸਨੇ ਉਸਦੀ ਜੁਆਨੀ ਨੂੰ ਵੀ ਕਲੰਕਤ ਕੀਤਾ ਤੇ ਆਪਣੀ ਜੀਵਨ ਲੀਲ੍ਹਾ ਤੋਂ ਵੀ ਛੇਤੀ ਹੀ ਰੁਖਸਤ ਹੋ ਗਿਆ। ਦੂਜਾ ਸੰਤਾਪ, ਵਿਧਵਾ ਹੋਈ ਦੀਪੀ ਨੂੰ ਉਸਦੀ ਕਿਸ਼ੋਰ ਵਰ੍ਹਿਆਂ ਦੀ ਚਾਹਤ, ਆਦਿਧਰਮੀ ਗਿਣ ਹੁੰਦੀ ਚਾਹਤ ਨਾਲ ਸੰਬੰਧਤ ਹੀਰਾ ਲਾਲ ਦੇ ਨਾਲ ਜੁੜਨ ਦੇ ਰਾਹ ਵਿਚ ਵੀ ਅਨੇਕਾਂ ਅੜਚਨਾਂ ਕਾਰਜਸ਼ੀਲ ਹਨ। ਇਹ ਤਾਂ ਸੁਰਿੰਦਰ ਸਿੰਘ ਨੇਕੀ ਦੀ ਨਾਵਲੀ ਕੁਮਿਟਮੈਂਟ ਨੇ ਹੀਰਾ ਲਾਲ ਤੇ ਦੀਪੀ ਨੂੰ ਪ੍ਰੌਢ-ਉਮਰੀ ਪੜਾਅ 'ਤੇ ਇਕੱਠੇ ਵਿਚਰਨ ਤਕ ਪੁੱਜਦੇ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ, ਭਾਵੇਂ ਦਰਿਆਈ ਹੜ੍ਹ ਕਾਰਨ ਦੋ ਵਾਰ ਲੱਗੀਆਂ ਸਿਰ ਦੀਆਂ ਸੱਟਾਂ ਦੀ ਮੌਕਾ-ਮੇਲ ਦੀ ਵਿਧੀ ਰਾਹੀਂ ਹੀ ਸਹੀ। ਨਾਵਲੀ ਪ੍ਰਸੰਗ ਵਿਚ ਇਹ ਮੌਕਾ-ਮੇਲ ਵਿਧੀ ਅਣ-ਉਚਿਤ ਨਹੀਂ ਜਾਪਦੀ, ਪਰ ਜੋ ਇਸ ਸਾਰੇ ਪ੍ਰਸੰਗ ਵਿਚ ਅਣ-ਉਚਿਤ ਜਾਪਦਾ, ਉਹ ਹੈ ਦੀਪੀ ਤੇ ਹੀਰਾ ਲਾਲ ਵਰਗੇ ਇਕਸਾਰ ਜੀਵਾਂ ਨੂੰ ਸਮਾਜਕ, ਆਰਥਿਕ, ਸਭਿਆਚਾਰਕ ਢਕਵੰਜਾਂ ਰਾਹੀਂ ਪਰਤਾਂ-ਵਰਗਾਂ ਵਿਚ ਵੰਡਣ-ਨਿਖੇੜਨ ਵਾਲੀਆਂ ਰਾਜਸੀ ਧਿਰਾਂ ਵੱਲ ਉਂਗਲੀ ਨਾ ਕਰ ਸਕਣ ਦੀ ਰਹਿ ਗਈ ਉਕਾਈ। ਇਸ ਨਾਵਲ ਵਿਚਲੇ ਬਾਬਾ ਦਰਬਾਰਾ ਸਿੰਘ ਵਰਗੇ ਸਮਾਜ ਸੁਧਾਰਕ ਅਤੇ ਬਾਬਾ ਬੀਰ ਸਿੰਘ ਵਰਗੇ ਯੁੱਧ ਨਾਇਕ ਦੀ ਯਾਦ ਵਿਚ ਜੁੜਦੇ ਇਕੱਠਾਂ ਨੂੰ ਇਸ ਕੰਮ ਲਈ ਸੌਖਿਆਂ ਹੀ ਵਰਤਿਆ ਜਾ ਸਕਦਾ ਸੀ। ਪਰ ਇਹ ਨਾਵਲ ਇਸ ਪਾਸੇ ਵੱਲ ਤੁਰਿਆ ਨਹੀਂ। ਇਸ ਅੰਦਰਲੀ ਵਾਰਤਾ ਇਹਨਾਂ ਸ਼ਖਸੀਅਤਾਂ ਦੀਆਂ ਸਮਾਧਾਂ 'ਤੇ ਲਗਦੇ ਸਾਲਾਨਾ ਮੇਲਿਆਂ ਸਮੇਂ ਦੀਆਂ ਰੌਣਕਾਂ, ਖੇਡਾਂ, ਮੈਚਾਂ ਦੇ ਮਨ ਪਰਚਾਵੇ ਰਾਹੀਂ ਆਂਸ਼ਕ ਰੂਪ ਵਿਚ ਪੰਜਾਬੀ ਸਭਿਆਚਾਰ ਦਾ ਵਰਨਣ ਤਾਂ ਭਾਵੇਂ ਕਰਦੀ ਜਾਪਦੀ ਹੈ, ਇਹਨਾਂ ਰਾਹੀਂ ਪੰਜਾਬੀ ਰਹਿਤਲ ਅੰਦਰ ਆ ਰਹੇ ਜਾਂ ਲਿਆਂਦੇ ਜਾ ਸਕੇ ਬਦਲਾਵਾਂ ਦਾ ਜ਼ਿਕਰ ਨਹੀਂ ਛਿੜਦਾ। ਨੇਕੀ ਦੇ ਭੂਮਕਈ ਸ਼ਬਦਾਂ ਵਿਚ ਨਾਵਲ ਅੰਦਰਲੀਆਂ ਇਹਨਾਂ ਦੋਵਾਂ ਸ਼ਖਸੀਅਤਾਂ ਨੂੰ 'ਮਹਾਂਪੁਰਸ਼' ਆਖ ਕੇ ਵਡਿਆਉਂਦਿਆਂ ਸ਼ਰਧਾਵਾਨ ਸ਼ਿਸ਼ ਵਜੋਂ ਉਹਨਾਂ ਦੇ ਜੀਵਨ ਦੀ ਸੰਖੇਪ ਜਿਹੀ ਜਾਣਕਾਰੀ ਵੀ ਦਿੱਤੀ ਮਿਲਦੀ ਹੈ। ਗੁਰਦਵਾਰਾ ਸਮਾਧਾਂ ਦਾ ਜ਼ਿਕਰ ਕਰਦਿਆਂ ਉਹ ਲਿਖਦਾ ਹੈ: 'ਇਹ ਸਥਾਨ ਬ੍ਰਹਮ ਗਿਆਨੀ ਤੇ ਇਲਾਕੇ ਦੀ ਸਿਰਮੌਰ ਧਾਰਮਿਕ

ਸ਼ਖ਼ਸੀਅਤ ਬਾਬਾ ਦਰਬਾਰਾ ਸਿੰਘ ਨਾਲ ਜੁੜਿਆ ਹੋਇਆ... ਆਪ ਨੇ ਆਪਣੀ ਜ਼ਿੰਦਗੀ ਵਿਚ ਇਲਾਕੇ ਵਿਚ ਸਿੱਖੀ ਦਾ ਪਰਚਾਰ ਕੀਤਾ ਤੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਪ੍ਰਤੀ ਇਲਾਕੇ ਦੇ ਲੋਕਾਂ ਨੂੰ ਜਾਗਰੂਪ ਕੀਤਾ'। ਪਰ ਨਾਵਲੀ ਵਿਸਥਾਰ ਵਿਚ ਇਹ ਜ਼ਿਕਰ ਨਾਇਕਾ ਦੀਪੀ ਅਤੇ ਉਸਦੀ ਸਹੇਲੀ ਪ੍ਰੀਤੋ ਦੇ ਵਿਸਾਖੀ ਮੇਲੇ ਦੀ ਭੀੜ ਤੋਂ ਬਚਣ ਲਈ ਜੁੱਤੀਆਂ ਰੱਖਣ ਦੀ ਸੌਖੀ ਥਾਂ ਭਾਲ਼ਦਿਆਂ ਇਕ ਅਜਨਬੀ ਨੌਜਵਾਨ ਵੱਲ ਆਕਰਸ਼ਤ ਹੋ ਜਾਣ ਤਕ ਸੀਮਤ ਹੈ।

ਗੁਰਦਾਸਪੁਰ ਜ਼ਿਲ੍ਹੇ ਤੋਂ ਨੌਕਰੀ ਦੇ ਸੰਬੰਧ ਰਾਹੀਂ ਟਿੱਬਾ ਪਿੰਡ ਵਿਚ ਆਇਆ ਹੀਰਾ ਲਾਲ ਨਾਮੀਂ ਇਹ ਨੌਜਵਾਨ ਕਮਰੇ ਦੀ ਭਾਲ਼ ਕਰਦਾ ਮੁੜ ਦੀਪੀ ਦੇ ਘਰ ਪੁੱਜ ਜਾਂਦਾ ਹੈ। ਏਥੇ ਉਸਨੂੰ ਕਮਰਾ ਵੀ ਲੱਭ ਜਾਂਦਾ ਤੇ ਮੇਲੇ ਵਾਲੇ ਦਿਨ ਉਸ ਵੱਲ ਆਕਰਸ਼ਤ ਹੋਈ ਕੁੜੀ ਵੀ। ਇਉਂ ਦੋਨਾਂ ਦੀ ਬਣੀ ਨੇੜਤਾ ਦੀਪੀ ਦੇ ਮਾਤਾ-ਪਿਤਾ ਦੇ ਸਦਭਾਵੀ ਸੁਭਾਅ ਕਾਰਨ ਹੋਰ ਵੀ ਡੂੰਘੀ ਹੋ ਜਾਂਦੀ ਹੈ। ਕਰੀਬ ਚਾਲ਼ੀ ਕੁ ਸਾਲ ਪਹਿਲਾਂ, ਪੰਜਾਬ ਦੇ ਪਿੰਡ ਸਭਿਆਚਾਰ ਲਈ ਅਜਿਹੀ ਨੇੜਤਾ ਸੱਚਮੁੱਚ ਹੀ ਓਪਰੀ ਨਹੀਂ ਸੀ ਜਾਪਦੀ। ਧੁੱਸੀ ਰਹਿਤ ਦਰਿਆ ਦਾ ਬਰਸਾਤੀ ਪਾਣੀ ਆਸ-ਪਾਸ ਵਸੇ ਪਿੰਡਾਂ ਦੇ ਖੇਤਾਂ-ਖੱਤਿਆਂ ਸਮੇਤ ਘਰਾਂ-ਕੋਠਿਆਂ ਅੰਦਰ ਬਿਨਾਂ ਰੋਕ ਟੋਕ ਦਹਿਸ਼ਤ ਮਚਾਈ ਰੱਖਦਾ ਸੀ। ਅਜਿਹੀਆਂ ਮੁਸੀਬਤਾਂ ਸਮੇਂ ਹੀਰਾ ਲਾਲਾਂ ਦਾ ਬਸੰਤ ਕੌਰਾਂ ਨੂੰ ਡੁੱਬਣੋਂ ਬਚਾਉਣਾ ਬਿਲਕੁਲ ਸਹਿਜ ਵਰਤਾਰਾ ਗਿਣਿਆ ਜਾਂਦਾ ਰਿਹਾ। ਪਰ ਇਹ ਸਹਿਜ ਵਰਤਾਰਾ ਪਿੰਡਾਂ ਅੰਦਰਲੀ ਹਰ ਧਿਰ ਨੂੰ ਇਕਸਾਰ ਪ੍ਰਵਾਨ ਰਿਹਾ ਹੋਵੇ, ਅਜਿਹੀ ਮਾਨਤਾ ਨੂੰ ਸਾਹਿਤ-ਲੇਖਣੀ ਦੇ ਯੂਟੋਪੀਆਈ ਮਾਡਲ ਵੱਲੋਂ ਤਾਂ ਮਾਨਤਾ ਮਿਲ ਸਕਦੀ ਹੈ, ਯਥਾਰਥ ਦੇ ਚਿਤਰਪਟ 'ਤੇ ਅਜਿਹਾ ਸ਼ਾਇਦ ਹੀ ਸੰਭਵ ਹੋਵੇ। ਅਜਿਹੇ ਝਮੇਲੇ ਤੋਂ ਬਚਣ ਲਈ ਹੀ ਸ਼ਾਇਦ ਸੁਰਿੰਦਰ ਸਿੰਘ ਨੇਕੀ ਨੇ ਅੰਤਰ-ਜਾਤੀ ਵਿਆਹ ਦੇ ਮਿਥੇ ਨਾਵਲ ਦੇ ਟੀਚੇ ਦੀ ਪ੍ਰਾਪਤੀ ਲਈ ਹੀਰਾ ਲਾਲ ਨੂੰ ਜੱਟਾਂ ਦੇ ਘੇਰੇ ਅੰਦਰ ਵਲਗਣ ਦਾ ਪ੍ਰਯੋਗ ਕੀਤਾ ਹੈ। ਇਹ ਪ੍ਰਯੋਗ ਇਸ ਸਮੱਸਿਆ ਦੇ ਸਮਾਧਾਨ ਲਈ ਸਹੀ ਦਿਸ਼ਾ ਵੱਲ ਪੁੱਟਿਆ ਸਹੀ ਕਦਮ ਹੈ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਹਾਂ, ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਟਿੱਬਾ ਪਿੰਡ ਵਿਖੇ ਵਰ੍ਹਿਆਂ ਭਰ ਦੀ ਸੁਖਦਾਈ ਠਹਿਰ ਲਈ ਸਹਾਇਕ ਰਹੇ ਪਿੰਡ ਦੇ ਅਨੇਕਾਂ ਵਸਨੀਕਾਂ ਲਈ ਧੰਨਵਾਦੀ ਲਿਖਤ ਵਜੋਂ ਹੋਂਦ ਵਿਚ ਆਏ ਇਸ ਨਾਵਲ ਰਾਹੀਂ ਊਚ-ਨੀਚ ਵਾਲੇ ਸਮਾਜ ਅੰਦਰਲੇ ਪਾੜੇ ਨੂੰ ਘੱਟ ਕਰਨ ਦੇ ਉਪਰਾਲੇ ਵਜੋਂ ਅੰਤਰ-ਜਾਤੀ ਵਿਆਹ ਦੀ ਅਹਿਮੀਅਤ ਨੂੰ ਇਕ ਪ੍ਰਭਾਵੀ ਉਪਾਅ ਵਜੋਂ ਅੰਕਤ ਕਰ ਕੇ ਲੇਖਕ ਨੇ ਕਲਮਕਾਰੀ ਦੇ ਫਰਜ਼ ਦੀ ਪਛਾਣ ਕਰਾਈ ਹੈ।

ਅੱਜੋਕੇ ਦੌਰ ਵਿਚ ਆਪਸੀ ਚਾਹਤ ਕਾਰਨ ਜਾਤ-ਬੰਧਨਾਂ ਨੂੰ ਅਣਗੌਲ਼ਿਆਂ ਕਰ ਕੇ ਵਿਆਹ-ਸ਼ਾਦੀ ਦੇ ਬੰਧਨ ਵਿਚ ਬੱਝਣ ਦੀਆਂ ਨਿੱਤ ਵਾਪਰਦੀਆਂ ਘਟਨਾਵਾਂ ਦੀ ਰੌਸ਼ਨੀ ਵਿਚ ਹੁਣ ਇਹ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿ ਸਾਹਿਤ ਸੰਵੇਦਨਾ, ਸਮਾਜ ਨੂੰ ਗੰਧਲਾ ਕਰਨ ਵਾਲੇ ਤੱਤਾਂ ਦੀ ਤਹਿ 'ਤੇ ਵਿਚਰਦੇ ਕਾਰਕਾਂ ਦੀ ਚੀਰ-ਫਾੜ ਕਰੇ। ਇਹ ਕਾਰਜ ਪੜਤਾਲਵੀਂ ਤਰਕਪੂਰਨ ਦ੍ਰਿਸ਼ਟੀ ਰਾਹੀਂ ਸਫਲਤਾ ਪੂਰਬਕ ਕੀਤਾ ਜਾ ਸਕਦਾ ਹੈ। ਉਂਝ ਪਾਠਕਾਂ ਨੂੰ ਸੁਹਜ-ਸੁਆਦ ਦੇਣ ਦੇ ਨਾਲ ਨਾਲ, ਉਹਨਾਂ ਅੰਦਰ ਸੱਚ ਦੇ ਬੀਜ ਬੀਜਣ ਦਾ ਸੁਰਿੰਦਰ ਸਿੰਘ ਨੇਕੀ ਦਾ ਇਹ ਉਪਰਾਲਾ ਬੇਹੱਦ ਸ਼ਲਾਘਾਯੋਗ ਹੈ।

**–ਲਾਲ ਸਿੰਘ**

## ਬਲ਼ਦੀ ਰੁੱਤ (ਨਾਵਲ) ਭੋਲਾ ਸਿੰਘ ਸੰਘੇੜਾ

'ਜ਼ਹਿਰ ਦਾ ਘੁੱਟ', 'ਰੇਤ ਦੀਆਂ ਕੰਧਾਂ', 'ਹਾਏ ਓਏ ਦੁੱਲਿਆ', 'ਇਹ ਜੰਗ ਕੌਣ ਲੜੇਗਾ' ਚਾਰ ਕਹਾਣੀ ਸੰਗ੍ਰਹਿਾਂ ਦੇ ਯੋਗਦਾਨ ਰਾਹੀਂ ਸਾਹਿਤਕ ਖੇਤਰ ਵਿਚ ਕਹਾਣੀਕਾਰ ਵਜੋਂ ਪਛਾਣ ਬਣਾ ਚੁੱਕੇ ਭੋਲਾ ਸਿੰਘ ਸੰਘੇੜਾ ਦੀ ਹੱਥਲੀ ਕਿਰਤ 'ਬਲ਼ਦੀ ਰੁੱਤ' ਨਾਵਲੀ ਲਿਖਤ ਵਜੋਂ ਹੋਂਦ ਵਿਚ ਆਈ ਹੈ। ਪੁਸਤਕ ਦੇ ਆਰੰਭ ਵਿਚ 'ਗਾਥਾ ਇਸ ਨਾਵਲ ਦੀ' ਨਾਮੀ ਭੂਮਿਕਾਈ ਸ਼ਬਦਾਂ ਰਾਹੀਂ ਉਸਨੇ ਇਸਨੂੰ ਲਿਖੇ ਜਾਣ ਦੇ ਭਾਵੁਕ ਕਾਰਨਾਂ ਦੀ ਚਰਚਾ ਵੀ ਕੀਤੀ ਹੈ।



ਇਸ ਲਿਖਤ ਦਾ ਕੇਂਦਰੀ ਧੁਰਾ ਸ਼ਰਨਜੀਤ ਨਾਂ ਦੀ ਕੁੜੀ ਇਕ ਗ਼ਰੀਬ ਜੱਟ ਪਰਿਵਾਰ ਦੀਆਂ ਚਾਰ ਧੀਆਂ ਵਿਚੋਂ ਤੀਜੇ ਥਾਂ 'ਤੇ ਹੈ। ਵੱਡੀਆਂ ਦੋਨਾਂ ਦੇ ਵਿਆਹ ਪਿਤਾ ਵੱਲੋਂ ਆਪਣੇ ਵਰਗੇ ਗ਼ਰੀਬ ਘਰਾਂ ਵਿਚ ਕੀਤੇ ਹੋਣ ਕਰਕੇ, ਉਸਨੂੰ ਉਹਨਾਂ ਦੀਆਂ ਤੰਗੀਆਂ ਤੁਰਸ਼ੀਆਂ ਦੂਰ ਕਰਨ ਦੀ ਪਰੇਸ਼ਾਨੀ ਘੇਰੀ ਰੱਖਦੀ ਹੈ। ਇਸ ਕਰਕੇ ਉਸਨੇ ਸ਼ਰਨਜੀਤ ਦਾ ਵਿਆਹ ਆਪਣੀ ਚਾਰ ਕਿੱਲੇ ਪੈਲ਼ੀ ਵਿਚੋਂ ਕਿੱਲਾ ਖੰਡ ਵੇਚ ਕੇ ਵੀ ਕਿਸੇ ਚੰਗੇ ਘਰ-ਘਰਾਣੇ 'ਚ ਕਰਨ ਦੀ ਵਿਉਂਤ ਬਣਾ ਲਈ। ਪਰ, ਉਸਦੀ ਹੈਸੀਅਤ ਤੋਂ ਵਾਕਫ ਆਲ਼ਾ-ਦੁਆਲ਼ਾ ਉਸਦੀ ਮਨੋ-ਇੱਛਾ ਨੂੰ ਹੁੰਗਾਰਾ ਨਹੀਂ ਭਰਦਾ। ਆਖਰ ਜਿਸਨੇ ਹੁੰਗਾਰਾ ਭਰਿਆ, ਉਹ ਦਹਾਜੂ ਹੈ। ਉਸਦੀ ਪਹਿਲੀ ਪਤਨੀ ਅਮਰੋ ਦੋ ਮਰ ਚੁੱਕੀਆਂ ਕੁੜੀਆਂ ਨੂੰ ਜਨਮ ਦੇ ਕੇ ਹੁਣ ਗੰਭੀਰ ਕਿਸਮ ਦੀ ਇਕ ਬਿਮਾਰੀ ਦੀ ਗ੍ਰਿਫਤ ਵਿਚ ਜਕੜੀ ਗਈ ਹੈ, ਜਿਸਤੋਂ ਰਾਹਤ ਮਿਲਣ ਦੀ ਉਸਨੂੰ ਕੋਈ ਆਸ-ਉਮੀਦ ਨਹੀਂ। ਸੋ, ਘਰ 'ਚ ਰਹਿ ਗਈ ਵਾਰਿਸ ਦੀ ਘਾਟ ਨੂੰ ਪੂਰਿਆਂ ਕਰਨ ਲਈ ਉਸਨੇ ਆਪਣੇ ਪਤੀ ਉਜਾਗਰ ਸਿੰਘ ਨੂੰ ਦੂਜਾ ਵਿਆਹ ਕਰਵਾਉਣ ਦੀ ਆਗਿਆ ਦੇ ਦਿੱਤੀ ਹੈ। ਸ਼ਰਨਜੀਤ ਦੇ ਮਾਪਿਆਂ ਵੱਲੋਂ ਦਿਲ 'ਤੇ ਪੱਥਰ ਰੱਖ ਕੇ ਕਬੂਲ ਕੀਤੇ ਰਿਸ਼ਤੇ ਪਿੱਛੋਂ ਸਹੁਰੇ ਘਰ ਪੁੱਜੀ ਸ਼ਰਨਜੀਤ ਨੂੰ ਜਿਨ੍ਹਾਂ ਹਾਲਾਤ ਦੇ ਰੂ-ਬ-ਰੂ ਹੋਣਾ ਪਿਆ, ਉਹ ਇਸ ਨਾਵਲੀ ਲਿਖਤ ਦਾ ਮੂਲ ਧੁਰਾ ਹਨ। ਨਾਵਲਕਾਰ ਅਨੁਸਾਰ ਇਸ ਨਾਵਲ ਅੰਦਰ ਅੰਕਤ ਹਾਲਾਤ ਅਸਲ ਵਿਚ ਉਸਦੀ ਨੇੜੇ ਤੋਂ ਜਾਣੂੰ ਇਕ ਇਸਤਰੀ ਦੇ ਹਨ, ਜਿਸਨੇ ਉਸਨੂੰ ਲਿਖਣ ਲਈ ਪ੍ਰੇਰਤ ਇਸ ਲਈ ਕੀਤਾ ਕਿ ਅੰਤਲੀ ਉਮਰੇ ਉਹ ਆਪਣੀ ਦੱਸੀ-ਸੁਣਾਈ ਗਾਥਾ ਨੂੰ ਲਿਖਤ ਰੂਪ ਵਿਚ ਦੇਖਣਾ ਚਾਹੁੰਦੀ ਸੀ। ਨਾਵਲਕਾਰ ਵੱਲੋਂ ਅੰਕਤ ਇਹ ਵਾਰਤਾ ਨਾਨਕ ਸਿੰਘ ਦੇ ਕਈ ਨਾਵਲਾਂ ਦੇ ਭੂਮਿਕਾਈ ਵਿਖਿਆਨਾਂ ਵਾਂਗ ਸੱਚ ਹੈ ਜਾਂ 'ਪੂਰਨ ਸੱਚ', ਇਸਦਾ ਨਾਵਲ ਅੰਦਰ ਛੋਹੇ ਸੰਵੇਦਨਸ਼ੀਲ ਵਿਸ਼ੇ ਨਾਲ ਬਹੁਤਾ ਸੰਬੰਧ ਨਹੀਂ। ਸੰਬੰਧ ਤਾਂ ਨਾਵਲ ਅੰਦਰ ਸ਼ਰਨਜੀਤ ਵੱਲੋਂ ਨਿਭਾਏ ਮਿਸਾਲੀ ਕਿਰਦਾਰ ਦਾ ਹੈ। ਸਹੁਰੇ ਘਰ ਪੁੱਜੀ ਸ਼ਰਨਜੀਤ ਨੇ ਮਨੁੱਖੀ ਹਮਦਰਦੀ ਵਜੋਂ ਅਮਰੋ ਨੂੰ ਬਿਮਾਰੀ ਤੋਂ ਮੁਕਤ ਕਰਨ ਲਈ ਜੋ ਯਤਨ ਕੀਤੇ, ਉਹ ਸੌਕਣ ਗਿਣ ਹੁੰਦੀਆਂ ਇਸਤਰੀਆਂ ਵੱਲੋਂ ਅਕਸਰ ਨਹੀਂ ਕੀਤੇ ਜਾਂਦੇ। ਪਰ, ਤੰਦਰੁਸਤ ਹੋ ਕੇ ਅਮਰੋ ਵੱਲੋਂ ਸ਼ਰਨਜੀਤ ਦੇ ਹੱਕਾਂ 'ਤੇ ਮਾਰਿਆ ਡਾਕਾ ਉਸਤੋਂ ਬਰਦਾਸ਼ਤ ਨਹੀਂ ਹੁੰਦਾ। ਸ਼ਰਨਜੀਤ ਕੁੱਖੋਂ ਦੋ ਧੀਆਂ ਦਾ ਬਾਪ ਬਣਿਆ ਉਜਾਗਰ ਸਿੰਘ ਮੁੜ ਅਮਰੋ ਨੂੰ ਗ੍ਰਹਿਣ ਕਰ ਕੇ ਉਸਦੀ ਕੁੱਖੋਂ ਆਪਣਾ ਵਾਰਿਸ ਪੈਦਾ ਕਰ ਲੈਂਦਾ ਹੈ। ਦੋ ਧੀਆਂ ਸਮੇਤ ਬੇਗਾਨਗੀ ਦਾ ਸ਼ਿਕਾਰ ਹੋਈ ਸ਼ਰਨਜੀਤ ਆਖਰ ਸਹੁਰੇ ਵੱਲੋਂ ਵੰਡ ਦਿੱਤੇ ਗਏ ਅੱਧੇ ਘਰ ਵਿਚ ਰਹਿਣ ਲਈ ਮਜਬੂਰ ਹੁੰਦੀ ਹੈ। ਹਿੱਸੇ ਵਜੋਂ ਮਿਲੀ ਪੰਜ ਕਿੱਲੇ ਪੈਲ਼ੀ ਆਸਰੇ ਮੱਝਾਂ ਗਾਵਾਂ ਰੱਖ ਕੇ ਡੇਅਰੀ ਧੰਦੇ ਰਾਹੀਂ ਗੁਜ਼ਾਰਾ ਚਲਾਉਣ ਵਿਚ ਉਹ ਕੋਈ ਝਿਜਕ ਨਹੀਂ ਮਹਿਸੂਸਦੀ। ਉਸਦੇ ਘਰੋਂ ਦੁੱਧ ਲੈ ਜਾਣ ਵਾਲਾ, ਜ਼ਿੰਦਗੀ ਦੇ ਲਫੇੜਿਆਂ ਦੀ ਮਾਰ ਕਾਰਨ ਇਸ ਪਿੰਡ ਵਿਚ ਆ ਟਿਕਿਆ 'ਕੱਲਾ-ਕਹਿਰਾ ਮਲਕੀਤ ਸਿੰਘ ਸਮਾਂ ਪਾ ਕੇ ਸ਼ਰਨਜੀਤ ਦਾ ਜੀਵਨ ਸਾਥੀ ਬਣਦਾ ਹੈ ਅਤੇ ਉਸਦੀਆਂ ਵਿਆਹਯੋਗ ਧੀਆਂ ਦਾ ਸੱਚਮੁੱਚ ਦਾ ਬਾਪ ਬਣ ਕੇ ਵਿਚਰਦਾ ਹੈ।

ਇਉਂ ਸੁਖਾਂਤਕ ਅੰਤ ਨਾਲ ਸਮਾਪਤ ਹੋਈ ਸ਼ਰਨਜੀਤ ਦੀ ਜੀਵਨ ਗਾਥਾ ਇਹ ਸੰਦੇਸ਼ ਦੇਣ ਵਿਚ ਸਫਲ ਹੋਈ ਹੈ ਕਿ ਅਤਿ ਦੀਆਂ ਵਿਰੋਧੀ ਵਿਵਸਥਾਵਾਂ ਵਿਚ ਵੀ ਹਿੰਮਤ ਤੇ ਹੌਸਲੇ ਨਾਲ ਜੀਵਨ-ਪ੍ਰਵਾਹ ਨਾਲ ਦੋ-ਚਾਰ ਹੁੰਦੇ ਰਹਿਣ ਸਦਕਾ ਹੀ ਮਨੁੱਖ ਅੰਦਰਲੇ ਮਨੁੱਖ ਦੇ ਸਹੀ ਅਰਥ ਨਿਕਲਦੇ ਹਨ। ਉਂਝ, ਸ਼ਰਨਜੀਤ ਦੇ ਹਿੰਮਤ-ਹੌਸਲਾ ਬਣਾਈ ਰੱਖਣ 'ਚ, ਪਿੰਡ ਦੀ ਇਕ ਬਿਰਧ-ਅਵਸਥੀ ਔਰਤ ਸੰਤੀ, ਜਿਸਨੂੰ ਹਰ ਕੋਈ ਅੰਬੋ ਕਹਿ ਕੇ ਬੁਲਾਉਂਦਾ, ਵੱਲੋਂ ਵੇਲੇ ਕੁਵੇਲੇ ਮਿਲਦੀ ਰਹੀ ਹਲਾਸ਼ੇਰੀ ਦਾ ਵਿਸ਼ੇਸ਼ ਯੋਗਦਾਨ ਹੈ। ਸ਼ਰਨਜੀਤ ਜਦ ਵੀ ਕਿਸੇ ਮੁਸ਼ਕਿਲ-ਔਖ ਵਿਚ ਘਿਰਦੀ ਹੈ, ਅੰਬੋ ਝੱਟਪਟ ਉਸਦਾ ਦੁੱਖ ਹਰਨ ਲਈ ਹਾਜ਼ਰ ਹੋ ਜਾਂਦੀ ਹੈ। ਸ਼ਰਨਜੀਤ ਨੂੰ ਪੈਰਾਂ ਸਿਰ ਕਰਨ ਲਈ, ਉਸਨੇ ਉਜਾਗਰ ਸਿੰਘ ਦੇ ਨਕਾਰਾਤਮਕ ਵਿਹਾਰ ਦਾ ਵੀ ਨੋਟਿਸ ਲਿਆ।

ਇਵੇਂ ਹੀ ਆਪਣਾ ਪਿੰਡ, ਘਰ-ਬਾਰ, ਭਰਾ ਭਾਈ ਪਿੱਛੇ ਛੱਡ ਕੇ ਇਸ ਪਿੰਡ 'ਚ ਆ ਟਿਕੇ, ਕੁਰਾਹੇ ਪਏ ਮਨਜੀਤ ਨੂੰ ਵੀ ਇਕ ਤਰ੍ਹਾਂ ਨਾਲ ਅੰਬੋ ਸੰਤੀ ਨੇ ਹੀ ਸਾਂਭਿਆ। ਮਾਈ ਸੰਤੀ ਅਜਿਹਾ ਆਦਰਸ਼ਕ ਪਾਤਰ ਹੈ, ਜਿਸਦੀ ਘਾੜਤ ਲਈ ਸਾਹਿਤ ਦੀ ਕੁਲ ਸੰਵੇਦਨਾ ਤਰਲੋਮੱਛੀ ਹੋਈ ਰਹਿੰਦੀ ਹੈ। ਪਰ ਏਥੇ ਇਕ ਅਹਿਮ ਸਵਾਲ ਵੀ ਖੜ੍ਹਾ ਹੁੰਦਾ ਕਿ ਕੀ ਯਥਾਰਥ ਦੇ ਚਿਤਰਪਟ 'ਤੇ ਅਜਿਹੇ ਪਾਤਰ ਸੱਚਮੁੱਚ ਉਪਲਭਦ ਹਨ ਜਾਂ ਇਹ ਸਾਹਿਤਕ ਲਿਖਤਾਂ ਅੰਦਰਲੇ ਯੂਟੋਪੀਆਈ ਸੰਕਲਪਾਂ ਤਕ ਹੀ ਸੀਮਤ ਹਨ? ਇਸਦਾ ਉੱਤਰ ਸਮਕਾਲ ਦੀਆਂ ਸਮਾਜੀ-ਸਭਿਆਚਾਰਕ ਪਰਿਸਥਿਤੀਆਂ ਅੰਦਰੋਂ ਭਾਲਣਾ ਠੀਕ ਰਹੇਗਾ। ਉਂਝ ਨਾਨਕ ਸਿੰਘੀ ਨਾਵਲਾਂ ਅੰਦਰ ਬੇਹੱਦ ਮਕਬੂਲ ਹੋਇਆ ਇਹ ਸੰਕਲਪ ਹੀ ਅੱਜੋਕੇ ਯੁਗ ਦੀ ਸਾਈਕੀ ਨੂੰ ਪ੍ਰਵਾਨ ਹੋਵੇ, ਇਹ ਕਹਿਣਾ ਉਚਿਤ ਨਹੀਂ। ਹਾਂ, ਅੱਜੋਕੀਆਂ ਪਰਿਸਥਿਤੀਆਂ ਵਿਚ ਸ਼ਰਨਜੀਤ ਦੇ ਦੁਖ-ਸੁਖ ਦੀ ਭਾਈਵਾਲ ਸਿੰਦਰ ਕੌਰ ਬੇਹੱਦ ਮਕਬੂਲ ਪਾਤਰ ਵਜੋਂ ਅੰਕਤ ਹੋ ਸਕਦੀ ਹੈ। ਉਹ ਨਾ ਉਪਦੇਸ਼ਕ ਹੈ, ਨਾ ਗ਼ੈਰ-ਸੁਭਾਵਕ ਕਿਰਦਾਰ। ਸ਼ਰਨਜੀਤ ਨਾਲ ਹਾਸਾ-ਠੱਠਾ ਕਰਦੀ ਵੀ ਉਹ ਉਸਨੂੰ ਮੀਤੇ ਦੀ ਹਮਸਫਰ ਬਣਨ ਲਈ ਤਿਆਰ ਕਰ ਲੈਂਦੀ ਹੈ। ਉਹ ਉਸ ਅੰਦਰ ਅਜਿਹੀ ਦ੍ਰਿੜਤਾ ਵੀ ਭਰ ਦਿੰਦੀ ਹੈ, ਜਿਸ ਸਦਕਾ ਉਸਨੂੰ ਬੇਇਜ਼ਤ ਕਰਨ ਦੇ ਇਰਾਦੇ ਨਾਲ ਉਸਦੇ ਘਰ ਆਏ ਉਜਾਗਰ ਸਿੰਘ ਦੀ ਲਾਹ-ਪਾਹ ਕਰਨ ਤੋਂ ਵੀ ਨਹੀਂ ਝਿਜਕਦੀ।

ਇਕ ਬਿੰਦੂ ਹੋਰ, ਨਾਵਲ 'ਬਲ਼ਦੀ ਰੁੱਤ' ਦਾ ਚਿਤਰਪਟ ਗ਼ਰੀਬ ਨਿਮਤ ਤੇ ਦਰਮਿਆਨੇ ਕਿਸਾਨੀ ਘਰਾਂ ਤਕ ਹੀ ਸੀਮਤ ਹੈ। ਸ਼ਰਨਜੀਤ ਦੇ ਪਿਤਾ ਦੀ ਮਾਲਕੀ ਕੇਵਲ ਚਾਰ ਕਿੱਲਿਆਂ ਦੀ ਹੈ। ਉਹ ਵੱਡੀਆਂ ਦੋਨਾਂ ਕੁੜੀਆਂ ਦੇ ਵਿਆਹੇ ਜਾਣ ਪਿੱਛੋਂ ਵੀ ਸਮੇਂ ਸਮੇਂ ਉਨ੍ਹਾਂ ਦੀਆਂ ਥੁੜਾਂ-ਲੋੜਾਂ ਪੂਰੀਆਂ ਕਰਦਾ। ਉਂਝ ਵੀ ਮਾਪਿਆਂ ਘਰ ਆਇਆਂ ਧੀਆਂ ਨੂੰ ਖਾਲੀ ਹੱਥ ਤੋਰਨਾ ਪੰਜਾਬੀ ਮਾਨਸਿਕਤਾ ਨੂੰ ਹਰਗਿਜ਼ ਕਬੂਲ ਨਹੀਂ। ਪਰ, ਅਜਿਹਾ ਕਰਦਿਆਂ ਉਸਦੀ ਚਾਰ ਖੇਤਾਂ ਦੀ ਮਾਲਕੀ ਨੂੰ ਤੰਗੀ-ਔਕੜ ਆਈ ਹੋਵੇ, ਅਜਿਹਾ ਕੋਈ ਸੰਕੇਤ ਨਾਵਲ 'ਚ ਦਰਜ ਨਹੀਂ। ਇਸ ਤੋਂ ਇਹ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਕਿ ਚਾਰ ਕਿੱਲੇ ਦੇ ਮਾਲਕ ਕਿਸਾਨ ਦੀ ਆਮਦਨ ਚੋਖੀ ਮਾਅਕੂਲ ਹੈ। ਉਹ ਏਨੇ ਕੁ ਖੇਤਾਂ ਦੇ ਆਸਰੇ ਤਰ੍ਹਾਂ-ਤਰ੍ਹਾਂ ਦੇ ਵੈਲ ਵੀ ਕਰ ਸਕਦਾ। ਮੀਤਾ ਬਣ ਕੇ ਉਹ ਕਬੂਤਰ ਵੀ ਰੱਖ ਸਕਦਾ, ਘੋੜੀ ਵੀ ਪਾਲ਼ ਸਕਦਾ, ਦੌੜਾਕ ਕੁੱਤੇ ਵੀ ਰੱਖ ਸਕਦਾ, ਮੋਢੇ 'ਤੇ ਟਕੂਆ ਗੰਡਾਸੀ ਰੱਖ ਕੇ ਵੈਲੀਆਂ ਵਾਂਗ ਘੁੰਮ ਫਿਰ ਸਕਦਾ। ਹੋਰ ਤਾਂ ਹੋਰ ਘਰ ਵਸਦਾ ਕਰਨ ਲਈ ਮੁੱਲ ਦੀ ਤੀਵੀਂ ਵੀ ਲਿਆ ਸਕਦਾ। ਉਜਾਗਰ ਸਿੰਘ, ਅਮਰੋ, ਸ਼ਰਨਜੀਤ ਦੀ ਘਰ-ਗ੍ਰਿਹਸਤੀ ਨੂੰ ਵੀ ਆਰਥਿਕ ਮਜਬੂਰੀ ਕੋਈ ਨਹੀਂ ਜਾਪਦੀ। ਅੱਜੋਕੇ ਹਾਲਾਤ ਅੰਦਰ ਖੁਦਕੁਸ਼ੀਆਂ ਲਈ ਮਜਬੂਰ ਕਰਨ ਤਕ ਪੁੱਜੇ ਕਿਸਾਨੀ ਸੰਕਟ ਬਾਰੇ ਇਸ ਨਾਵਲ ਦੀ ਚੁੱਪ ਸੰਵੇਦਨਸ਼ੀਲ ਪਾਠਕਾਂ ਨੂੰ ਸ਼ਾਇਦ ਸੁਖਾਵੀਂ ਨਾ ਲੱਗੇ।

ਤਾਂ ਵੀ 'ਬਲਦੀ ਰੁੱਤ' (ਲੋਕ ਰੰਗ ਪ੍ਰਕਾਸ਼ਨ,ਬਰਨਾਲਾ, ਪੰਨੇ 144, ਮੁੱਲ 200 ਰੁਪਏ) ਨਾਵਲ ਅੰਦਰ ਛੋਹਿਆ ਵਿਸ਼ਾ ਪੰਜਾਬ ਦੇ ਹਰ ਘਰ ਦਾ ਵਰਤਾਰਾ ਨਾ ਹੋ ਕੇ ਵੀ ਇਕ ਅਜਿਹੀ ਸਮੱਸਿਆ ਹੈ, ਜਿਸਨੂੰ ਕਲਮਬੰਦ ਕਰਨ ਦੇ ਯਤਨਾਂ ਦੀ ਸ਼ਲਾਘਾ ਤਾਂ ਕਰਨੀ ਹੀ ਬਣਦੀ ਹੈ।

**-ਲਾਲ ਸਿੰਘ**

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਕਤੂਬਰ, 2019



ਗੁਲਜ਼ਾਰ ਸਿੰਘ ਸੰਧੂ ਦੇ ਚਾਰ ਨਿੱਕੇ ਨਾਵਲਾਂ ਦਾ ਸੰਗ੍ਰਹਿ




ਉਮਰ ਦੀ ਪ੍ਰੌਢ ਅਵਸਥਾ ਵਿਚ ਪਹੁੰਚਕੇ ਵੀ ਨਾਮਵਰ ਤੇ ਬਹੁ-ਸਤਿਕਾਰਤ ਲੇਖਕ ਗੁਲਜ਼ਾਰ ਸਿੰਘ ਸੰਧੂ ਦੀ ਸਿਰਜਣਸ਼ੀਲਤਾ ਦੀ ਗਤੀ ਤੇ ਵੇਗ ਵਿਚ ਕੋਈ ਕਮੀ ਨਹੀਂ ਆਈ। ਅਖਬਾਰਾਂ ਵਿਚ ਲਗਾਤਾਰ ਛਪਦੇ ਕਾਲਮਾਂ ਰਾਹੀਂ ਪੱਤਰਕਾਰੀ ਕਾਰਜ ਵਿਚ ਜੁਟੇ ਰਹਿਣ ਦੇ ਨਾਲ ਨਾਲ ਉਸਨੇ ਕਹਾਣੀ ਤੇ ਨਾਵਲ-ਰਚਨਾ ਦੇ ਆਪਣੇ ਮੁੱਢਲੇ ਰਚਨਾਤਮਕ ਕਾਰਜ ਨੂੰ ਭੁਲਾਇਆ ਨਹੀਂ। ਹੱਥਲੀ ਪੁਸਤਕ ਵਿਚ ਸ਼ਾਮਲ ਚਾਰ ਨਿੱਕੇ ਨਾਵਲ ਇਹ ਗਵਾਹੀ ਵੀ ਦਿੰਦੇ ਹਨ ਕਿ ਗੁਲਜ਼ਾਰ ਸਿੰਘ ਸੰਧੂ ਦੀ ਕਲਮ ਦਾ ਜ਼ੋਰ ਮੱਧਮ ਨਹੀਂ ਪਿਆ ਅਤੇ ਉਹ ਸਿਰਜਣਾਤਮਕ ਲੇਖਕ ਵਜੋਂ ਹਾਲੇ ਵੀ ਨਵਾਂ ਨਰੋਆ ਹੈ।

ਪੰਨੇ 175 ਸੁੰਦਰ ਦਿੱਖ ਮੁੱਲ 250 ਰੁਪਏ

**ਨਵਯੁਗ ਪਬਲਿਸ਼ਰਜ਼**, ਹੌਜ਼ ਖਾਸ, ਨਵੀਂ ਦਿੱਲੀ

**SIRJANA** Literary Punjabi Quarterly Chandigarh
No. 194 ISSN 2455-1058 October-December 2019
Registered with the Registrar of Newspapers for India vide R.N. 10215/65

ਖੁਸਰਿਆਂ ਵਜੋਂ ਤ੍ਰਿਸਕਾਰੇ ਜਾਂਦੇ ਤੀਜੇ ਜੈਂਡਰ ਦੇ ਸੰਤਾਪੇ ਜਿਉੜਿਆਂ ਦੀ ਬਾਤ ਪਾਉਂਦਾ
ਨਵੀਂ ਉਭਰ ਰਹੀ ਗਲਪਕਾਰ ਹਰਕੀਰਤ ਕੌਰ ਚਹਿਲ ਦਾ ਤੀਜਾ ਤੇ ਸੱਜਰਾ ਨਾਵਲ

ਆਦਮ ਗ੍ਰਹਿਣ




ਇੱਥੇ ਕਬਰ 'ਤੇ ਕਿਹੜਾ ਕੋਈ ਫੁੱਲਾਂ ਦੇ ਗੁਲਦਸਤੇ ਚੜ੍ਹਾਉਣ ਆਉਂਦਾ ਜਾਂ ਵਾਰਿਸ ਯਾਦਾਂ ਦੇ ਚਿਰਾਗ਼ ਬਾਲਦੇ ਨੇ। ਬੱਸ ਭੂਰੇ ਪੱਤਿਆਂ ਦੀ ਪਉਣ ਨਾਲ ਸਰਸਰਾਹਟ ਹੀ ਘੁੰਗਰੂਆਂ ਦੇ ਰੁਦਨ ਦੀ ਬਾਤ ਪਾਉਂਦੀ ਹੈ। ਸਵੇਰੇ ਪਈ ਤ੍ਰੇਲ ਦੀਆਂ ਬੂੰਦਾਂ ਇਉਂ ਲੱਗ ਰਹੀਆਂ ਹੁੰਦੀਆਂ ਹਨ ਜਿਵੇਂ ਕੁਦਰਤ ਆਪਣੇ ਚੰਦ, ਸੂਰਜਾਂ ਦੇ ਗ੍ਰਹਿਣ ਭੁੱਲ ਕੇ ਆਦਮ ਜਿਸਮ ਅਤੇ ਸੋਚ 'ਤੇ ਲੱਗੇ ਗ੍ਰਹਿਣ ਉੱਤੇ ਹੰਝੂ ਵਹਾ ਰਹੀ ਹੋਵੇ। (ਇਸੇ ਨਾਵਲ 'ਚੋਂ)

ਪੰਨੇ 142 ਸੁੰਦਰ ਦਿੱਖ ਮੁੱਲ 250 ਰੁਪਏ

**ਰਹਾਉ ਪਬਲੀਕੇਸ਼ਨ,** ਮਧੇ ਰੋਡ, ਨਿਹਾਲ ਸਿੰਘ ਵਾਲਾ-148 055
ਫੋਨ 78890-06635, 81462-00063